# ਸਚੇ ਦਾ ਸਚਾ ਢੋਆ

## ਗਿਆਨੀ ਸੰਤੋਖ ਸਿੰਘ

SACHE DA SACHA DHOA
*by*

GIANI SANTOKH SINGH
166, ROOTY HILL ROAD, EASTERN CREEK,
SYDNEY, NSW, AUSTRALIA 2766
Mobile: +61 (0) 435 060 970
*E-mail:* gianisantokhsingh@yahoo.com.au

© ਲੇਖਕ

ਪਹਿਲੀ ਵਾਰ ਨਵੰਬਰ 2006
ਦੂਜੀ ਵਾਰ ਫ਼ਰਵਰੀ 2008
ਤੀਜੀ ਵਾਰ ਅਕਤੂਬਰ 2008
ਚੌਥੀ ਵਾਰ ਜਨਵਰੀ 2011
ਪੰਜਵੀਂ ਵਾਰ ਮਈ ੨੦੧੩

***ਸਹਿਯੋਗ ਰਾਸ਼ੀ:*** **150-00 ਰੁਪਏ**
**7-00 ਯੂਰੋ**
**10-00 ਡਾਲਰ**
**7-00 ਪੌਂਡ**

*ਪ੍ਰਕਾਸ਼ਕ:*
ਆਸਟ੍ਰੇਲੀਅਨ ਪੰਜਾਬੀ ਸੱਥ, **ਸਿਡਨੀ**

*ਪ੍ਰਿੰਟਰ :*
ਪ੍ਰਿੰਟਵੈੱਲ, ੧੪੬, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

***ਏਸੇ ਕਲਮ ਤੋਂ:***

- ਸਚੇ ਦਾ ਸਚਾ ਢੋਆ (ਪੰਜ ਸੰਸਕਰਣ)
- ਉਜਲ ਕੈਹਾਂ ਚਿਲਕਣਾ
- ਯਾਦਾਂ ਭਰੀ ਚੰਗੇਰ
- ਬਾਤਾਂ ਬੀਤੇ ਦੀਆਂ
- ਜੋ ਵੇਖਿਆ ਸੋ ਆਖਿਆ (ਦੋ ਸੰਸਕਰਣ)
- ਸਿਧਰੇ ਲੇਖ
- ਸਾਦੇ ਸਿਧਰੇ ਲੇਖ

# ਸਮਰਪਣ

ਰੱਬ ਤੇ ਸਤਿਗੁਰਾਂ ਤੋਂ ਬਾਅਦ,

ਆਪਣੀ ਦਾਦੀ ਮਾਤਾ

**ਮਾਂ ਜੀ ਇੰਦਰ ਕੌਰ ਜੀ**

ਜਨਮਦਾਤੀ ਮਾਤਾ

**ਬੀਬੀ ਜੀ ਜਸਵੰਤ ਕੌਰ ਜੀ**

ਅਤੇ

ਪਿਤਾ ਭਾਈਆ ਜੀ

**ਭਾਈ ਗਿਆਨ ਸਿੰਘ ਜੀ**

ਨੂੰ

ਜਿਨ੍ਹਾਂ ਦੀ ਕਿਰਪਾ ਸਦਕਾ ਮੈਂ ਇਹ
ਅੱਖਰ ਲਿਖਣ ਦੇ ਯੋਗ ਹੋਇਆ।

# ਤਤਕਰਾ


*ਕੁਝ ਆਪਣੇ ਵੱਲੋਂ* ਲੇਖਕ

*ਦੋ ਸ਼ਬਦ* ਡਾ. ਅਜੀਤ ਸਿੰਘ ਔਲਖ

*ਇਸ ਛੇਵੀਂ ਐਡੀਸ਼ਨ ਬਾਰੇ ਕੁਝ ਸ਼ਬਦ* ਲੇਖਕ

ਕਾਮਲ ਮਰਦ ਸ੍ਰੀ ਗੁਰੂ ਨਾਨਕ ਦੇਵ ਜੀ

ਬੇਬੇ ਨਾਨਕੀ ਅਤੇ ਮਾਤਾ ਚੰਦੋ ਰਾਣੀ ਸੰਵਾਦ

ਗੁਰ ਅੰਗਦ ਦੀ ਦੋਹੀ ਫਿਰੀ

ਤੇਰੀ ਉਪਮਾ ਤੋਹਿ ਬਨਿ ਆਵੈ

ਧੰਨੁ ਧੰਨੁ ਰਾਮਦਾਸ ਗੁਰੁ
ਸ੍ਰੀ ਗੁਰੂ ਅਰਜਨ ਦੇਵ ਜੀ
ਬਾਬਾ ਦਾਤੂ ਦਾ ਦਰਦ ਨਿਵਾਰਨਾ
ਭੱਟਾਂ ਦਾ ਗੁਰੂ ਦਰਬਾਰ ਵਿਚ ਆਉਣਾ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਇਤਿਹਾਸ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈਆਂ ਬਾਣੀ ਦੀਆਂ ਤੁਕਾਂ --
ਜੋ ਅਖਾਣਾਂ ਦਾ ਰੂਪ ਧਾਰ ਗਈਆਂ
ਦਲ ਭੰਜਨ ਗੁਰ ਸੂਰਮਾ
ਸਿਮਰੌ ਸ੍ਰੀ ਹਰਿ ਰਾਇ
ਸ੍ਰੀ ਹਰਿ ਕ੍ਰਿਸ਼ਨ ਧਿਆਈਐ
ਸ਼ਹੀਦੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਸਰਬ ਸਾਂਝਾ ਸਤਿਗੁਰੂ
ਕਥਾ ਕੀਰਤਨੁ ਸੁਖਦਾਈ
ਸ਼ਰਧਾ ਸਹਿਤ ਲੰਗਰ ਛਕਣਾ
ਵੈਸਾਖੁ ਭਲਾ...
ਵੈਸਾਖੀ ਦੀ ਸਾਖੀ
ਦਸਮੇਸ਼ ਜੀ ਵੱਲੋਂ ਇਕ ਸੱਯਦ ਨੂੰ ਕਰਾਮਾਤਿ ਦਾ ਉਤਰ
ਦਸਮ ਗ੍ਰੰਥ ਬਾਰੇ ਮੱਤਭੇਦ
ਸਿਰੋਪਾ
ਜਾਂ ਕੁਆਰੀ ਤਾ ਚਾਉ
ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਅਨੁਸਾਰ ਪੰਜ ਠੱਗ
ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਅਨੁਸਾਰ ਪੰਜ ਚੋਰ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਥਾਨ ਬਾਰੇ ਸ਼ੰਕਾ
ਕੁਦਰਤ ਦਾ ਕਹਿਰ
ਗੁਰੂ ਘਰਾਂ ਵਿਚ ਫ਼ਾਲਤੂ ਰੁਮਾਲਿਆਂ ਦੀ ਸਮੱਸਿਆ
ਮਸਲਾ ਕ੍ਰਿਪਾਨ ਦਾ
ਗੁਰਦੁਆਰੇ ਦੀ ਲਾਇਬ੍ਰੇਰੀ
ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ
ਗੋਤਕਨਾ.ਲਾ
ਕੁੜੀਮਾਰ ਨਾਲ ਸਿੱਖ ਨੇ ਨਹੀਂ ਵਰਤਣਾ
ਮਰਯਾਦਾ ਦਾ ਵਖਰੇਵਾਂ
ਗੁਰਦੁਆਰਾ ਪ੍ਰਬੰਧ ਅਤੇ ਚੋਣਾਂ

ਦਾਨ

ਵਕਤੇ ਅਤੇ ਸਰੋਤੇ ਦੇ ਚੌਦਾਂ ਗੁਣ

ਚਰਚਾ ਚਾਰ ਪ੍ਰਕਾਰ ਦੀ

ਸਚੇ ਦਾ ਸਚਾ ਢੋਆ

*ਇਸ ਛੇਵੀਂ ਐਡੀਸ਼ਨ ਬਾਰੇ*

# ਕੁਝ ਸ਼ਬਦ ਆਪਣੇ ਵੱਲੋਂ

ਕਈ ਸਾਲਾਂ ਤੋਂ "ਦੂਨੀ ਸੁਹਾਵਾ ਬਾਗੁ" ਵਿਚ ਵੱਸ ਰਹੇ ਗੁਰੂ ਕੇ ਸਿੱਖ, ਮੇਰੇ ਭਾਸ਼ਨਾਂ ਦੇ ਸ੍ਰੋਤੇ ਤੇ ਪੰਜਾਬੀ ਪੱਤਰਕਾਵਾਂ ਦੇ ਪਾਠਕ ਮੁੜ ਮੁੜ ਜ਼ੋਰ ਦਿੰਦੇ ਰਹਿੰਦੇ ਸਨ ਕਿ ਜੋ ਕੁਝ ਮੈਂ ਆਪਣੇ ਭਾਸ਼ਨਾਂ ਵਿਚ ਬੋਲਦਾ ਹਾਂ ਇਸ ਸਾਰੇ ਕੁਝ ਨੂੰ, ਪਾਠਕਾਂ ਦੇ ਲਾਭ ਹਿਤ, ਕਿਤਾਬੀ ਰੂਪ ਵੀ ਦਿਆਂ ਪਰ ਇਸ ਪਾਸੇ ਦਾ ਕੋਈ ਗਿਆਨ ਨਾ ਹੋਣ ਕਰਕੇ ਤੇ ਕੁਝ ਹੋਰ ਕਾਰਨਾਂ ਕਰਕੇ, ਦਿਲੋਂ ਚਾਹੁਣ ਦੇ ਬਾਵਜੂਦ ਵੀ ਇਹ ਉਦਮ ਨਾ ਹੋ ਸਕਿਆ। ਨਵੰਬਰ ੨੦੦੬ ਵਿਚ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ ਐਵੇਂ ਸਹਿਜ ਸੁਭਾ ਹੀ ਇਸ ਨੂੰ ਕਿਤਾਬੀ ਰੂਪ ਦੇਣ ਦੀ ਵਿਚਾਰ ਬਣੀ। ਆਪਣੇ ਚਿਰਕਾਲੀ ਮਿੱਤਰ ਸ. ਕੁਲਜੀਤ ਸਿੰਘ ਤਲਵਾੜ ਜੀ (ਰਿਟਾ.) ਆਈ.ਆਰ.ਐਸ. ਵੱਲੋਂ ਪ੍ਰਾਪਤ ਹਲਾਸ਼ੇਰੀ ਨੇ ਇਸ ਪਾਸੇ ਤੋਰ ਹੀ ਲਿਆ। ਏਹੀ ਸੋਚ ਕੇ ਇਸ ਪਾਸੇ ਨਹੀਂ ਸੀ ਕਦਮ ਪੁੱਟਣ ਦਾ ਹੌਸਲਾ ਕਰਦਾ ਕਿ ਕਿਸ ਪਾਸ ਸਮਾ ਹੈ ਪੰਜਾਬੀ ਦੀ ਕਿਤਾਬ ਪੜ੍ਹਨ ਦਾ! ਫਿਰ ਉਹ ਵੀ ਮੇਰੀ; ਜਿਸ ਵਿਚ ਨਾ ਰੋਮਾਂਸ, ਨਾ ਸਸਪੈਂਸ, ਨਾ ਇਸ਼ਕ, ਨਾ ਕਾਮੁਕਤਾ, ਨਾ ਹਿੰਸਾ, ਨਾ ਕਹਾਣੀ; ਨਾ ਪਾਪ ਤੋਂ ਰੋਕਣ ਦੀ ਪ੍ਰੇਰਨਾ, ਨਾ ਪੁੰਨ ਕਰਨ ਦਾ ਉਤਸ਼ਾਹ, ਨਾ ਸਵਰਗ ਦਾ ਲਾਲਚ, ਨਾ ਨਰਕ ਦਾ ਡਰ; ਧਰਮ, ਅਰਥ, ਕਾਮ, ਮੋਖ ਬਾਰੇ ਕੁਝ ਵੀ ਪੜ੍ਹਨ ਲਾਇਕ ਨਹੀਂ ਜਿਸ ਨੂੰ ਪਾਠਕ ਪੜ੍ਹਨਾ ਚਾਹੇ! ਨਾ ਹੀ ਰਹੱਸ ਤੇ ਧਰਮ ਦੀ ਕੋਈ ਡੂੰਘੀ ਬਾਤ; ਇਸ ਨੂੰ ਕੌਣ ਪੜ੍ਹੇਗਾ! ਇਹ ਤਾਂ ਵਾਕਫ਼ ਸੱਜਣਾਂ ਦੇ ਘਰੀਂ ਜਾ ਕੇ ਉਹਨਾਂ ਨੂੰ ਬਦੋ ਬਦੀ ਭੇਟ ਸਰੂਪ ਹੀ ਅਰਪਣ ਕਰਨੀ ਪਵੇਗੀ, ਜਿਵੇਂ ਕਿ ਏਥੇ ਆਪਣੇ ਘਰ ਦੇ ਪਿਛਵਾੜੇ ਉਗਾਈ ਸਬਜ਼ੀ ਮੁਫ਼ਤ ਵੰਡਣ ਲਈ ਵਾਕਫ਼ਾਂ ਦੇ ਘਰੀਂ ਜਾਇਆ ਕਰਦਾ ਸਾਂ। ਕੋਈ ਆਸ ਨਹੀਂ ਸੀ ਕਿ ਉਹਨਾਂ ਪ੍ਰਾਪਤ ਕਰਨ ਵਾਲੇ ਸੱਜਣਾਂ ਪਾਸ ਵੀ ਇਸ ਭੇਟ ਸਰੂਪ ਮੁਫ਼ਤ ਆਈ ਕਿਤਾਬ ਨੂੰ ਪੜ੍ਹਨ ਦਾ ਵੇਹਲ ਤੇ ਉਤਸ਼ਾਹ ਹੋਵੇ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਇਸ ਦੀ ਪਹਿਲੀ ਐਡੀਸ਼ਨ ਹੱਥੋ ਹੱਥੀ ਪਾਠਕਾਂ ਦੇ ਹੱਥਾਂ ਵਿਚ ਅੱਪੜ ਗਈ ਅਤੇ ਜ਼ਬਾਨੀ ਤੇ ਲਿਖਤੀ ਏਨੀ ਪ੍ਰਸੰਸਾ ਪ੍ਰਾਪਤ ਹੋਈ ਕਿ ਦਿਲ ਪਾਠਕਾਂ ਦੀ ਉਦਾਰਤਾ ਦੇ ਸ਼ੁਕਰਾਨੇ ਦੇ ਭਾਰ ਨਾਲ ਹੀ ਝੁਕ ਗਿਆ।

ਕਈ ਪਾਠਕਾਂ ਨੇ ਦੱਸਿਆ ਕਿ ਉਹਨਾਂ ਨੇ ਇਕੋ ਬੈਠਕ ਵਿਚ ਹੀ ਇਹ ਮੁਕਾ ਦਿੱਤੀ ਤੇ ਕਈਆਂ ਨੇ ਧਿਆਨ ਨਾਲ ਇਸ ਨੂੰ ਦੁਬਾਰਾ ਪੜ੍ਹਨ ਬਾਰੇ ਵੀ ਦੱਸਿਆ। ਇਕ ਚੰਗੇ ਸੱਜਣ ਨੇ ਤਾਂ ਇਸ ਨੂੰ ਛੇ ਵਾਰ ਪੜ੍ਹਨ ਬਾਰੇ ਵੀ ਦੱਸਿਆ। ਜਿਨ੍ਹਾਂ ਨੂੰ ਇਹ ਪ੍ਰਾਪਤ ਨਹੀਂ ਹੋ ਸਕੀ, ਉਹਨਾਂ ਨੇ ਇਸ ਨੂੰ ਫਿਰ ਛਾਪਣ ਲਈ ਜ਼ੋਰ ਦਿੱਤਾ। ਇਸ ਦੀ ਹਰੇਕ ਐਡੀਸ਼ਨ ਵਿਚੋਂ ਕੁਝ ਲੇਖ ਮੈ ਛਾਂਗ ਦਿੰਦਾ ਹਾਂ ਤੇ ਉਹਨਾਂ ਦੀ ਥਾਂ ਲੋੜੀਂਦੇ ਨਵੇਂ ਲੇਖ ਸ਼ਾਮਲ ਕਰ ਦਿੰਦਾ ਹਾਂ। ਇਸ ਤਰ੍ਹਾਂ ਹਰੇਕ ਐਡੀਸ਼ਨ ਹੀ ਵਾਧਿਆਂ ਸਹਿਤ ਹੁੰਦੀ ਹੈ। ਫਿਰ ਸੁਘੜ ਵਿਦਵਾਨ ਡਾ. ਅਜੀਤ ਸਿੰਘ ਔਲਖ ਹੋਰਾਂ ਨੇ ਇਸ ਦਾ ਨਾਂ ਜੋ ਚੁਣਿਆ ਸੀ, ਸੁਝਵਾਨ ਪਾਠਕ ਘਟ ਤੋਂ ਘਟ ਇਸ ਨਾਂ ਦਾ ਇਕ ਲੇਖ ਇਸ ਵਿਚ ਵੇਖਣਾ ਚਾਹੁੰਦੇ ਸਨ। ਉਹ ਵੀ ਸ਼ਾਮਲ ਕਰ ਦਿੱਤਾ ਹੈ। ਇਹ ਨਵੀਂ, ਵਾਧਾਂ ਤੇ ਸੋਧਾਂ ਸਹਿਤ ਛੇਵੀਂ ਐਡੀਸ਼ਨ ਧਰਮ, ਸਾਹਿਤ, ਇਤਿਹਾਸ ਅਤੇ ਪੰਜਾਬੀ ਪ੍ਰੇਮੀ ਪਾਠਕਾਂ ਦੀ ਸੇਵਾ ਵਿਖੇ ਫਿਰ ਪੇਸ਼ ਹੈ। ਆਸ ਹੈ ਇਸ ਦੀਆਂ ਪਹਿਲੀਆਂ ਪੰਜ ਐਡੀਸ਼ਨਾਂ ਵਾਂਙ ਹੀ ਪਾਠਕ ਇਸ ਨੂੰ ਵੀ ਗਰਮ ਜੋਸ਼ੀ ਨਾਲ 'ਜੀ ਆਇਆਂ' ਆਖਣਗੇ।

ਲੇਖਕ

# ਦੋ ਸ਼ਬਦ

ਗਿਆਨੀ ਸੰਤੋਖ ਸਿੰਘ ਜੀ ਇਕ ਐਸੇ ਲਿਖਾਰੀ ਹਨ ਜਿਹੜੇ ਥੋਹੜੇ ਸ਼ਬਦਾਂ ਵਿਚ ਹੀ ਬੜੀ ਵੱਡੀ ਗੱਲ ਕਹਿ ਜਾਂਦੇ ਹਨ। ਇਸ ਪੁਸਤਕ ਵਿਚ ਉਹਨਾਂ ਨੇ ਗਾਗਰ ਵਿਚ ਸਾਗਰ ਪਾਉਣ ਵਾਲੀ ਗੱਲ ਕੀਤੀ ਹੈ। ਇਸ ਪੁਸਤਕ ਵਿਚਲੇ ਸਾਰੇ ਲੇਖ ਬਹੁਤ ਛੋਟੇ ਛੋਟੇ ਹਨ, ਪਰ ਉਹਨਾਂ ਵਿਚਲਾ ਸੰਦੇਸ਼ ਖੁਲ੍ਹਾ ਹੈ। ਇਸ ਵਿਚ ਉਹਨਾਂ ਨੇ ਦਸ ਗੁਰੂ ਸਾਹਿਬਾਨ ਬਾਰੇ ਸੰਖੇਪ ਲੇਖ ਦਿੱਤੇ ਹਨ, ਪਰ ਜੋ ਉਹਨਾਂ ਨੇ ਸਿੱਖ ਜਗਤ ਨਾਲ ਸਬੰਧਤ ਮਸਲਿਆਂ ਬਾਰੇ ਲੇਖ ਦਿੱਤੇ ਹਨ, ਉਹਨਾਂ ਵਿਚ ਕਮਾਲ ਦੀਆਂ ਦਲੀਲਾਂ ਪੇਸ਼ ਕਰ ਕੇ, ਮਸਲਿਆਂ ਦੇ ਹੱਲ ਬਾਰੇ ਆਪਣੀ ਦੁਰਲਭ ਰਾਏ ਵੀ ਪੇਸ਼ ਕੀਤੀ ਹੈ। ਕੁਝ ਐਸੇ ਲੇਖ ਵੀ ਦਿੱਤੇ ਹਨ, ਜਿਨ੍ਹਾਂ ਬਾਰੇ ਲਿਖਣ ਦੀ ਕਿਸੇ ਲਿਖਾਰੀ ਨੇ ਪਹਿਲੀ ਵਾਰ ਦਲੇਰੀ ਕੀਤੀ ਹੈ। ਜਦ ਕਿਸੇ ਨੂੰ ਸਿਰੋਪਾ ਦਿੱਤਾ ਜਾਂਦਾ ਹੈ ਤਾਂ ਆਮ ਤੌਰ 'ਤੇ ਪ੍ਰਬੰਧਕ, ਗ੍ਰੰਥੀ ਸਿੰਘ ਅਤੇ ਅਖ਼ਬਾਰਾਂ ਵਾਲੇ ਇਹੋ ਹੀ ਲਿਖਦੇ ਜਾਂ ਕਹਿੰਦੇ

ਹਨ ਕਿ ਫਲਾਣੇ ਨੂੰ ਸਿਰੋਪਾ ਭੇਟ ਕੀਤਾ ਗਿਆ। ਇਸ ਬਾਰੇ ਆਪ ਜੀ ਨੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਕੋਈ ਚੀਜ਼ ਜਦ ਕਿਸੇ ਨੂੰ ਭੇਟ ਕੀਤੀ ਜਾਂਦੀ ਹੈ ਤਾਂ ਉਹ ਇਕ ਸੇਵਕ ਵਲੋਂ ਗੁਰੂ ਜੀ ਨੂੰ ਭੇਟ ਕੀਤੀ ਜਾਂਦੀ ਹੈ, ਪਰ ਜੋ ਕੁਝ ਗੁਰੂ ਜੀ ਵਲੋਂ ਦਿੱਤਾ ਜਾਂਦਾ ਹੈ, ਉਹ ਗੁਰੂ ਜੀ ਵਲੋਂ ਬਖ਼ਸ਼ਿਸ਼ ਹੁੰਦੀ ਹੈ।

ਇਕ ਹੋਰ ਲੇਖ ਵਿਚ, ਗੁਰੂ ਘਰਾਂ ਵਿਚ ਫ਼ਾਲਤੂ ਰੁਮਾਲਿਆਂ ਦੀ ਸਮੱਸਿਆ ਨੂੰ ਉਹਨਾਂ ਨੇ ਵਿਸਥਾਰ ਪੂਰਬਕ ਵਰਨਣ ਕਰ ਕੇ, ਉਸ ਦਾ ਸਾਰਥਕ ਹੱਲ ਵੀ ਸੁਝਾਇਆ ਹੈ। ਅਸੀਂ ਰੋਜ਼ ਦਰਬਾਰ ਸਾਹਿਬ ਵੇਖਦੇ ਹਾਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਰੁਮਾਲੇ ਚੜ੍ਹਾਉਂਦੀਆਂ ਹਨ। ਇਹ ਸਾਰੇ ਰੁਮਾਲੇ ਕਿਥੇ ਜਾਂਦੇ ਹਨ! ਜੇ ਇਹ ਕਿਸੇ ਸਟੋਰ ਵਿਚ ਰੱਖੇ ਵੀ ਜਾਣਗੇ ਤਾਂ ਇਹ ਚੂਹਿਆਂ ਦੇ ਬਿਸਤਰੇ ਹੀ ਬਣਨਗੇ! ਲੇਖਕ ਨੇ ਇਸ ਦੇ ਹੱਲ ਵਾਸਤੇ ਬਹੁਤ ਦਲੀਲਾਂ ਦਿੱਤੀਆਂ ਹਨ, ਜਿਨ੍ਹਾਂ ਉਤੇ ਜ਼ਰੂਰ ਵਿਚਾਰ ਹੋਣੀ ਚਾਹੀਦੀ ਹੈ। ਅਸਲ ਵਿਚ ਤਾਂ ਇਹ ਚਾਹੀਦਾ ਹੈ ਕਿ ਜੇਹੜਾ ਸਿੱਖ ਵੀ ਇਕ ਨਵਾਂ ਰੁਮਾਲਾ ਚੜ੍ਹਾਵੇ, ਉਸ ਨੂੰ ਸਿਰੋਪੇ ਵਜੋਂ ਇਕ ਪੁਰਾਣਾ ਰੁਮਾਲਾ ਦਿੱਤਾ ਜਾਵੇ, ਜਿਸ ਨੂੰ ਉਹ ਮਾਣ ਨਾਲ ਆਪਣੇ ਘਰ ਵਿਚ ਲੈ ਜਾਵੇ ਤੇ ਸਤਿਗੁਰਾਂ ਵੱਲੋਂ ਬਖ਼ਸ਼ੀ ਗਈ ਇਸ ਦਾਤ ਦੀ ਸੂਝ ਸਹਿਤ ਯੋਗ ਵਰਤੋਂ ਕਰੇ।

'ਗੋਤਕਨਾ.ਲਾ' ਲੇਖ ਵਿਚ ਉਹਨਾਂ ਨੇ ਆਪਣੇ ਨਾਮ ਨਾਲ ਗੋਤ ਲਾਉਣ ਦੀ ਸਮੱਸਿਆ ਨੂੰ ਸਾਡੇ ਨਾਲ ਇਸ ਪ੍ਰਕਾਰ ਸਾਂਝਿਆਂ ਕੀਤਾ ਹੈ ਕਿ ਜਿਸ ਨੂੰ ਪੜ੍ਹ ਕੇ ਕੁਝ ਹਾਸਾ ਵੀ ਆਉਂਦਾ ਹੈ ਤੇ ਕੁਝ ਤਰਕ ਵੀ ਉਤਪਨ ਹੁੰਦਾ ਹੈ। ਉਹ ਲਿਖਦੇ ਹਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਸੁਝਾ ਦਿੱਤਾ ਜਾਂਦਾ ਹੈ ਕਿ ਸਿੱਖ ਆਪਣੇ ਨਾਂ ਨਾਲ ਗੋਤ ਨਾ ਵਰਤਣ, ਪਰ ਹੁਣ ਤਕ ਹੋਏ ਜਥੇਦਾਰ ਸਾਹਿਬਾਨਾਂ ਵਿਚੋਂ ਵੀ ਕੁਝ ਜਥੇਦਾਰ, ਆਪਣੇ ਨਾਂਵਾਂ ਨਾਲ, ਕੋਈ ਨਾ ਕੋਈ ਉਪਨਾਮ ਲਗਾਉਂਦੇ ਰਹੇ ਹਨ।

ਸਿੱਖ ਰੈਫ਼ਰੈਂਸ ਲਾਇਬ੍ਰੇਰੀ ਬਾਰੇ ਵੀ ਉਹਨਾਂ ਨੇ ਕਈ ਨਵੇਂ ਤੱਥ ਸਾਹਮਣੇ ਲਿਆਂਦੇ ਹਨ। ਅਨੰਦ ਮੈਰਿਜ ਐਕਟ, ਜਿਹੜਾ ੧੯੦੯ ਤੋਂ ਪਾਸ ਹੋ ਕੇ ਲਾਗੂ ਹੋਇਆ ਹੈ, ਤੇ ਉਸ ਸਮੇ ਤੋਂ ਸਿੱਖਾਂ ਦੇ ਵਿਆਹ ਅਨੰਦ ਰੀਤੀ ਅਨੁਸਾਰ ਹੀ ਹੁੰਦੇ ਹਨ ਅਤੇ ਇਸ ਰੀਤੀ ਅਨੁਸਾਰ ਕੀਤੇ ਗਏ ਵਿਆਹ ਉਪਰ ਦੁਨੀਆ ਭਰ ਵਿਚ ਕਿਸੇ ਵੀ ਦੇਸ਼ ਵਿਚ 'ਕਿੰਤੂ ਪ੍ਰੰਤੂ' ਨਹੀਂ ਕੀਤਾ ਜਾਂਦਾ, ਪਰ ਇਸ ਵਿਆਹ ਦੇ ਸਰਟੀਫ਼ਿਕੇਟ ਉਤੇ ਹਾਲੇ ਵੀ ਹਿੰਦੂ ਰੀਤੀ ਨਾਲ ਵਿਆਹ ਹੋਇਆ ਲਿਖਿਆ ਜਾਂਦਾ ਹੈ। ਲੇਖਕ ਨੇ ਇਸ ਬਾਰੇ ਵੀ ਵਿਸਥਾਰ ਭਰਪੂਰ ਜਾਣਕਾਰੀ ਦਿੱਤੀ ਹੈ। ਲੇਖਕ ਵੱਲੋਂ ਕਹੀਆਂ ਸੱਚੀਆਂ ਗੱਲਾਂ 'ਤੇ ਕੌਣ ਇਤਰਾਜ਼ ਕਰ ਸਕਦਾ ਹੈ! ਇਹਨਾਂ ਵਿਚਲੀ ਸਚਾਈ ਨੂੰ ਝੁਠਲਾਇਆ ਨਹੀਂ ਜਾ ਸਕਦਾ। ਇਹ ਇਕ ਐਸੀ ਪੁਸਤਕ ਹੈ ਜਿਹੜੀ ਹਰ ਸਿਆਣੇ ਵਿਅਕਤੀ ਨੂੰ ਪੜ੍ਹਨੀ ਚਾਹੀਦੀ ਹੈ।

ਅਜੀਤ ਸਿੰਘ ਔਲਖ (ਡਾ.)

**ਕਾਮਲ ਮਰਦ**

# ਸ੍ਰੀ ਗੁਰੂ ਨਾਨਕ ਦੇਵ ਜੀ

ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ **ਇਕ** ਮਰਦਿ-ਕਾਮਲ ਨੇ ਜਗਾਇਆ ਖ਼ਵਾਬ ਸੇ।

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੂੰ ਕਿਸੇ ਨੇ ਰੱਬ ਦਾ ਅਵਤਾਰ ਤੇ ਕਿਸੇ ਨੇ ਰਾਜਾ ਜਨਕ ਦਾ ਅਵਤਾਰ ਚਿਤਵਿਆ, ਕਿਸੇ ਨੇ ਨਿਰੰਕਾਰੀ, ਕਿਸੇ ਨੇ ਕੁਰਾਹੀਆ, ਕਿਸੇ ਨੇ ਉਹਨਾਂ ਨੂੰ ਧਰਮ-ਵਿਰੋਧੀ ਹੋਣ ਦਾ ਫ਼ਤਵਾ ਦਿੱਤਾ ਅਤੇ ਖ਼ੁਦ ਨੂੰ ਖ਼ੁਦ ਉਹਨਾਂ ਨੇ ਸ਼ਾਇਰ ਤੇ ਆਦਮੀ ਹੀ ਆਖਿਆ; ਪਰ ਪੂਰਬ ਦੇ ਸ਼ਾਇਰ, ਡਾਕਟਰ ਸਰ ਮੁਹੰਮਦ ਇਕਬਾਲ, ਨੇ ਉਹਨਾਂ ਦੇ ਸਰੂਪ ਵਿਚ ਇਕ ਕਾਮਲ ਮਰਦ ਦੀ ਝਲਕ ਵੇਖੀ ਅਤੇ ਉਹਨਾਂ ਨੂੰ ਭਰਮਾਂ ਦੀ ਨੀਂਦ ਵਿਚ ਸੁੱਤੀ ਹੋਈ ਮਨੁੱਖਤਾ ਨੂੰ ਜਗਾਉਣ ਵਾਲੇ ਦੇ ਰੂਪ ਵਿਚ ਵੇਖਿਆ; ਦਾ ਆਗਮਨ, ਸੰਨ ੧੪੬੯ ਵਿਚ, ਪਿਤਾ ਮਹਿਤਾ ਕਲਿਆਣ ਚੰਦ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਗ੍ਰਿਹ ਵਿਖੇ, ਰਾਇ ਭੋਇ ਦੀ ਤਲਵੰਡੀ, ਸ੍ਰੀ ਨਨਕਾਣਾ ਸਾਹਿਬ ਵਿਖੇ ਹੋਇਆ।

ਬਚਪਨ ਵਿਚ ਹੀ ਆਪ ਜੀ ਬਾਕੀ ਬਾਲਕਾਂ ਵਰਗੇ ਵਿਹਾਰ ਤੋਂ ਉਲਟ, ਸਾਧੂਆਂ ਵਾਂਗ ਵਿਚਰਦੇ ਸਨ। ਸੱਤ ਸਾਲ ਦੇ ਹੋਏ ਤਾਂ ਪਿਤਾ ਕਾਲੂ ਜੀ ਨੇ, ਆਪ ਜੀ ਨੂੰ ਪਾਂਧੇ ਪਾਸ ਪੜ੍ਹਨੇ ਪਾਇਆ। ਉਸ ਸਮੇ ਆਪ ਜੀ ਨੇ 'ਪਟੀ' ਨਾਮ ਦੀ ਬਾਣੀ ਉਚਾਰ ਕੇ ਪਾਂਧੇ ਨੂੰ ਉਪਦੇਸ਼ ਦਿੱਤਾ। ਉਸ ਬਾਣੀ ਵਿਚ ਅੱਜ ਪੰਜਾਬੀ ਬੋਲੀ ਲਿਖੇ ਜਾਣ ਵਾਲੇ ਅੱਖਰਾਂ ਦੇ ਨਾਮ ਦੀ ਸਾਨੂੰ ਬਖ਼ਸ਼ਿਸ਼ ਕੀਤੀ। ਨੌਂ ਸਾਲ ਦੀ ਅਵਸਥਾ ਵਿਚ ਗੁਰੂ ਜੀ ਨੇ ਪਰਵਾਰਕ ਧਾਰਮਕ ਰਸਮ ਅਨੁਸਾਰ ਜਨੇਊ ਪਾਉਣ ਤੋਂ ਇਨਕਾਰ ਕਰ ਕੇ, ਪਾਂਡੇ ਨੂੰ ਸੱਚਾ ਜਨੇਊ ਪਾਉਣ ਲਈ ਕਿਹਾ ਜੋ ਕਿ ਇਸ ਦੁਨੀਆ ਤੋਂ ਅੱਗੇ ਵੀ ਮਨੁੱਖ ਦੇ ਨਾਲ ਜਾਵੇ।

ਹਰੇਕ ਸਹੀ ਸੋਚ ਵਾਲੇ ਪਿਤਾ ਵਾਂਗ, ਆਪ ਜੀ ਦੇ ਪਿਤਾ, ਮਹਿਤਾ ਕਲਿਆਣ ਚੰਦ ਜੀ ਨੇ, ਆਪ ਜੀ ਨੂੰ ਵੀ ਸੰਸਾਰਕ ਕਾਰਜਾਂ ਵਿਚ ਪਾਉਣਾ ਚਾਹਿਆ ਪਰ ਆਪ ਜੀ ਪ੍ਰਭੂ ਦੀ ਭਗਤੀ ਵਿਚ ਸਦਾ ਹੀ ਲੀਨ ਰਹਿਣ ਸਦਕਾ, ਸੰਸਾਰਕ ਬੰਧਨਾਂ, ਦੁਨਿਆਵੀ ਵਿਹਾਰਾਂ ਤੋਂ ਨਿਰਲੇਪ ਰਹਿੰਦੇ ਸਨ। ਇਸ ਕਰਕੇ ਪਿਤਾ ਕਾਲੂ ਜੀ ਸੁਭਾਵਕ ਤੌਰ 'ਤੇ ਹੀ ਗੁਰੂ ਜੀ ਨਾਲ ਨਾਰਾਜ਼ ਰਹਿੰਦੇ ਸਨ ਤੇ ਪਿਤਾ ਜੀ ਦੀ ਨਾਰਾਜ਼ਗੀ ਦਾ ਸਦਕਾ ਘਰ ਵਿਚ ਸੁਭਾਵਕ ਹੀ ਤਣਾ ਰਹਿੰਦਾ ਸੀ। ਇਹ ਵੇਖ ਕੇ ਗੁਰੂ ਜੀ ਦੀ ਭੈਣ, ਬੇਬੇ ਨਾਨਕੀ ਜੀ, ਆਪਣੇ ਪਾਸ ਸੁਲਤਾਨਪੁਰ ਲੋਧੀ, ਆਪ ਜੀ ਨੂੰ ਲੈ ਗਏ। ਬੇਬੇ ਨਾਨਕੀ ਜੀ ਦੇ ਪਤੀ, ਭਾਈਆ ਜੈ ਰਾਮ ਜੀ, ਏਥੋਂ ਦੇ ਨਵਾਬ, ਦੌਲਤ ਖ਼ਾਂ ਲੋਧੀ, ਪਾਸ ਇਜ਼ਤ ਇਤਬਾਰ ਵਾਲੀ ਨੌਕਰੀ ਕਰ ਰਹੇ ਸਨ। ਭਾਈਆ ਜੀ ਨੇ ਗੁਰੂ ਜੀ ਨੂੰ ਨਵਾਬ ਪਾਸ ਮੋਦੀ ਲਗਵਾ ਦਿੱਤਾ। ਏਥੇ ਹੀ ਬਟਾਲਾ ਨਿਵਾਸੀ, ਭਾਈ ਮੂਲ ਚੰਦ ਪਟਵਾਰੀ ਦੀ ਸਪੁੱਤਰੀ, ਮਾਤਾ ਸੁਲੱਖਣੀ ਜੀ, ਨਾਲ ਆਪ ਜੀ ਦਾ ਵਿਆਹ ਹੋਇਆ। ਆਪ ਜੀ ਦੇ ਗ੍ਰਿਹ ਵਿਖੇ ਇਸ ਸਥਾਨ 'ਤੇ ਹੀ ਦੋ ਸਾਹਿਬਜ਼ਾਦੇ, ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ, ਪੈਦਾ ਹੋਏ।

ਭਰ ਜਵਾਨੀ ਦੀ ਉਮਰ ਵਿਚ ਆਪ ਜੀ ਜਗਤ ਜਲੰਦੇ ਨੂੰ ਤਾਰਨ ਵਾਸਤੇ, 'ਉਦਾਸੀਆਂ' ਉਪਰ ਚੱਲ ਪਏ। ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ, ਇਹਨਾਂ ਉਦਾਸੀਆਂ, ਅਰਥਾਤ ਯਾਤਰਾਵਾਂ ਦੌਰਾਨ ਆਪ ਜੀ ਦੇ ਸਾਥੀ ਸਨ। ਦੂਰ ਦੁਰਾਡੇ ਦੇਸ਼ਾਂ ਦਾ ਰਟਨ ਕੀਤਾ ਅਤੇ ਇਕ ਸੱਚੇ ਰੱਬ ਨੂੰ ਭੁਲਾ ਕੇ ਭਰਮਾਂ ਵਿਚ ਫਸੀ ਬੈਠੀ ਲੋਕਾਈ ਨੂੰ ਸੱਚ ਦਾ ਮਾਰਗ ਦਰਸਾਇਆ। ਹਿੰਦੂਆਂ, ਮੁਸਲਮਾਨਾਂ ਅਤੇ ਸਿਧਾਂ ਦੇ ਧਾਰਮਿਕ ਸਥਾਨਾਂ 'ਤੇ ਜਾ ਕੇ, ਮਨੁੱਖਤਾ ਨੂੰ ਇਕ ਨਿਰੰਕਾਰ ਦੇ ਪੁਜਾਰੀ ਬਣਨ ਦੀ ਪ੍ਰੇਰਨਾ ਕੀਤੀ।

ਅੰਤ ਸਮੇ ਰਾਵੀ ਕਿਨਾਰੇ, ਕਰਤਾਰ ਦੇ ਨਾਂ 'ਤੇ ਕਰਤਾਰਪੁਰ ਨਾਮੀ ਨਗਰ ਵਸਾ ਕੇ ਨਿਵਾਸ ਕੀਤਾ। ਸਾਰਾ ਪਰਵਾਰ, ਸਮੇਤ ਮਾਤਾ ਤੇ ਪਿਤਾ ਦੇ ਏਥੇ ਲਿਆ ਕੇ ਸੱਚੇ ਸਪੁੱਤਰਾਂ ਵਾਂਗ ਉਹਨਾਂ ਦੀ ਸੇਵਾ ਕੀਤੀ ਤੇ ਸਤਿਕਾਰ ਦਿੱਤਾ। ਸੰਸਾਰ ਵਾਸੀਆਂ ਨੂੰ ਜਿਸ ਤਰ੍ਹਾਂ ਕਿਰਤ ਕਰਨ, ਨਾਮ ਜਪਣ ਤੇ ਵੰਡ ਕੇ ਛਕਣ ਦਾ ਉਪਦੇਸ਼, ਆਪ ਜੀ ਨੇ ਦਿੱਤਾ ਸੀ, ਉਸ ਦਾ ਅਸਲੀ ਨਮੂਨਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ, ਅਮਲ ਕਰ ਕੇ ਦੱਸਿਆ। ਦਰਸਾਇਆ ਦੁਨੀਆ ਵਾਲਿਆਂ ਨੂੰ ਕਿ ਧਰਮ ਕੋਈ ਫੋਕਾ ਕਿਤਾਬੀ ਫ਼ਲਸਫ਼ਾ ਨਹੀਂ ਹੈ ਜਿਸ ਉਪਰ ਅਮਲ ਨਾ ਕੀਤਾ ਜਾ ਸਕਦਾ ਹੋਵੇ ਤੇ ਸਿਰਫ਼ ਲਿਖਣ, ਪੜ੍ਹਨ, ਬੋਲਣ ਤੱਕ ਹੀ ਸੀਮਤ ਹੋਵੇ; ਇਸਦੇ ਉਲਟ ਧਰਮ ਇਕ ਜੀਵਨ-ਜਾਚ ਹੈ। ਧਰਮ ਦੇ ਅਸੂਲਾਂ ਉਪਰ ਅਮਲ ਕਰ ਕੇ ਅਸੀਂ ਇਸ ਸੰਸਾਰ ਵਿਚ ਖ਼ੁਦ ਸੁਖੀ ਜੀਵਨ ਬਿਤਾ ਸਕਦੇ ਹਾਂ; ਬਾਕੀ ਸਾਥੀਆਂ ਦਾ ਵੀ ਭਲਾ ਕਰ ਸਕਦੇ ਹਾਂ; ਅਤੇ ਅੰਤ ਵਿਚ ਪ੍ਰਭੂ ਦੀ ਦਰਗਾਹ ਵਿਚ ਵੀ ਸੁਰਖ਼ਰੂ ਹੋ ਕੇ ਜਾ ਸਕਦੇ ਹਾਂ।

ਇਸ ਤਰ੍ਹਾਂ ਸਤਿਗੁਰੂ ਜੀ, ਤਕਰੀਬਨ ਸੱਤਰ ਕੁ ਸਾਲ ਇਸ ਸੰਸਾਰ ਦੇ ਵਾਸੀਆਂ ਨੂੰ 'ਨਿਰਮਲ ਪੰਥ' ਦੀ ਮਰਯਾਦਾ ਦੀ ਪਾਲਣਾ ਕਰ ਕੇ ਦੋਹਾਂ ਦੁਨੀਆ ਨੂੰ ਸਫਲ ਕਰਨ ਦੀ ਜਾਚ ਦੱਸਦੇ ਹੋਏ, ਆਪਣੇ ਸੇਵਕ ਭਾਈ ਲਹਿਣਾ ਜੀ ਨੂੰ ਅੰਗਦ (ਸ੍ਰੀ ਗੁਰੂ ਅੰਗਦ ਦੇਵ ਜੀ) ਬਣਾ ਕੇ, ੧੫੩੯ ਵਿਚ, ਜੋਤੀ ਜੋਤਿ ਸਮਾ ਗਏ।

ਅੰਤ ਸਮੇ ਉਹਨਾਂ ਦਾ ਅੰਤਮ ਸੰਸਕਾਰ ਆਪਣੀ ਆਪਣੀ ਮਰਯਾਦਾ ਅਨੁਸਾਰ ਕਰਨ ਲਈ ਹਿੰਦੂਆਂ ਤੇ ਮੁਸਲਮਾਨਾਂ ਤੋਂ ਬਣੇ ਸ਼ਰਧਾਲੂਆਂ ਵਿਚ ਝਗੜੇ ਦਾ ਹੋਣਾ ਜਿਥੇ ਇਹ ਗੱਲ ਦੱਸਦਾ ਹੈ ਕਿ ਅਸੀਂ ਪੰਜਾਬੀ ਉਹਨਾਂ ਦੀ ਸਹੀ ਸਿਖਿਆ ਸਮਝਣ ਤੋਂ ਅਸਮਰਥ ਰਹੇ ਹਾਂ, ਓਥੇ ਇਹ ਵੀ ਪਤਾ ਲੱਗਦਾ ਹੈ ਕਿ ਹਰ ਕੋਈ ਉਹਨਾਂ ਨੂੰ ਆਪਣਾ ਸਮਝਦਾ ਸੀ। ਇਕ ਲੋਕੋਕਤੀ ਵੀ ਹੈ ਇਸ ਬਾਰੇ:

ਬਾਬਾ ਨਾਨਕ ਸ਼ਾਹ ਫ਼ਕੀਰ।
ਹਿੰਦੂ ਦਾ ਗੁਰੂ, ਮੁਸਲਮਾਨ ਦਾ ਪੀਰ।

ਇਸਲਾਮੀਆ ਕਾਲਜ ਲਾਹੌਰ ਦੇ ਪ੍ਰਿੰਸੀਪਲ ਖ਼ਵਾਜਾ ਦਿਲ ਮੁਹੰਮਦ ਨੇ ਇਉਂ ਲਿਖਿਆ ਸੀ:

ਪੰਜਾਬ ਕੇ ਜਾਗੇ ਭਾਗ ਮਿਲੇ ਜਬ ਨਾਨਕ ਸੇ ਆਗਾਹ ਗੁਰੂ।
ਸਭ ਸੀਸ ਨਿਵਾ ਅਰਦਾਸ ਕਰੋ ਔਰ ਹਰ ਦਮ ਬੋਲੋ ਵਾਹਗੁਰੂ।

# ਬੇਬੇ ਨਾਨਕੀ ਅਤੇ ਮਾਤਾ ਚੰਦੋ ਰਾਣੀ ਸੰਵਾਦ

(ਜਨਮਸਾਖੀ ’ਤੇ ਆਧਾਰਤ)

ਸਤਿਗੁਰ ਨਾਨਕ ਦੇਵ ਜੀ ਦੇ ਸੰਸਾਰਕ ਜੀਵਨ ਵਿਚ ਇਹਨਾਂ ਛੇ ਬੀਬੀਆਂ ਦਾ ਮਹੱਤਵਪੂਰਣ ਹਿੱਸਾ ਹੈ: ਸਤਿਕਾਰਯੋਗ ਮਾਤਾ ਤ੍ਰਿਪਤਾ ਜੀ, ਵੱਡੀ ਭੈਣ ਬੇਬੇ ਨਾਨਕੀ ਜੀ, ਦਾਈ ਦੌਲਤਾਂ, ਜਿਸ ਨੇ ਗੁਰੂ ਜੀ ਦੇ ਸਰੀਰ ਨੂੰ ਸੰਸਾਰ ਵਿਚ ਲਿਆਉਣ ਸਮੇ ਦਾਈ ਦਾ ਕਰਤੱਵ ਨਿਭਾਇਆ, ਘਰ ਦੀ ਨੌਕਰਾਣੀ ਤੁਲਸਾਂ, ਗੁਰੂ ਜੀ ਦੇ ਮਹਿਲ ਸਤਿਕਾਰਯੋਗ ਮਾਤਾ ਸੁਲੱਖਣੀ ਜੀ ਤੇ ਗੁਰੂ ਜੀ ਦੀ ਸੱਸ ਮਾਤਾ ਚੰਦੋ ਰਾਣੀ ਜੀ। ਇਹਨਾਂ ਵਿਚੋਂ ਤਿੰਨ ਤਾਂ ਗੁਰੂ ਜੀ ਨੂੰ ਨਿਰੰਕਾਰ ਦੀ ਜੋਤਿ ਸਮਝ ਕੇ ਸਤਿਕਾਰ ਕਰਦੀਆਂ ਰਹੀਆਂ ਪਰ ਤਿੰਨਾਂ ਨੇ ਗੁਰੂ ਜੀ ਨੂੰ ਦੁਨਿਆਵੀ ਰਿਸ਼ਤੇ ਦੇ ਰੂਪ ਵਿਚ ਹੀ ਵੇਖਿਆ। ਏਥੇ ਕੇਵਲ ਦੋ ਬੀਬੀਆਂ ਦੀ ਆਪਸੀ ਵਾਰਤਾਲਾਪ ਹੀ ਲਿਖੀ ਜਾ ਰਹੀ ਹੈ।

ਰਿਵਾਜ ਅਨੁਸਾਰ ਗੁਰੂ ਜੀ ਵਿਆਹ ਪਿੱਛੋਂ, ਸਾਰਿਆਂ ਦੇ ਜ਼ੋਰ ਦੇਣ ’ਤੇ ਇਕ ਮਹੀਨਾ ਤਲਵੰਡੀ ਜਾ ਕੇ ਰਹੇ। ਪਿੱਛੋਂ ਮੋਦੀਖ਼ਾਨੇ ਦਾ ਕੰਮ ਭਾਈ ਬਾਲਾ ਜੀ ਚਲਾਉਂਦੇ ਰਹੇ। ਤਲਵੰਡੀਉਂ ਮੁੜ ਕੇ ਭੈਣ ਨਾਨਕੀ ਜੀ ਦੇ ਘਰ ਮੁੜ ਆਏ। ਅਗਲੇ ਦਿਨ ਮੋਦੀਖ਼ਾਨਾ ਸੰਭਾਲ ਲਿਆ। ਭਾਈ ਮੂਲ ਚੰਦ ਜੀ ਆਪਣੀ ਸਪੁੱਤਰੀ ਸੁਲੱਖਣੀ ਜੀ ਨੂੰ ਆ ਕੇ ਆਪਣੇ ਘਰ ਲੈ ਗਏ। ਪਤਨੀ ਦੇ ਪੇਕਿਆਂ ਤੋਂ ਮੁੜ ਆਉਣ ਪਿੱਛੋਂ ਗੁਰੂ ਜੀ ਨੇ ਆਪਣੀ ਰਿਹਾਇਸ਼ ਵੀ ਭੈਣ ਨਾਨਕੀ ਨਾਲੋਂ ਵਖਰੀ ਕਰ ਲਈ ਪਰ ਗੁਰੂ ਜੀ ਦਾ ਵਰਤ ਵਿਹਾਰ ਪਹਿਲਾਂ ਜੈਸਾ ਹੀ, ਭਗਤੀ, ਦਾਨ, ਪੁੰਨ ਆਦਿ ਵਾਲਾ ਰਿਹਾ। ਗੁਰੂ ਜੀ ਦੇ ਦਾਨ ਪੁੰਨ ਵਾਲੀ ਚਾਲੀ ਨੂੰ ਵੇਖ ਕੇ ਭਾਈ ਮੂਲ ਚੰਦ ਜੀ, ਪਿਤਾ ਕਲਿਆਣ ਚੰਦ ਜੀ ਵਾਂਗ ਹੀ ਕੌੜੇ ਸੁਭਾ ਦੇ ਸਾਬਤ ਹੋਏ।

ਬਾਬਾ ਜੀ ਨੇ ਘਰ ਵਿਚ ਹਰ ਲੋੜੀਂਦੀ ਵਸਤ ਮੰਗਵਾ ਕੇ ਰੱਖਣੀ। ਬਸਤਰ, ਗਹਿਣੇ ਆਦਿ ਨਿਤ ਨਵੇਂ ਬਣਵਾ ਕੇ ਘਰ ਦੇਣ। ਹੋਰ ਹਰ ਪ੍ਰਕਾਰ ਦੇ ਸੁਖਾਂ ਦਾ ਧਿਆਨ ਰੱਖਣ ਪਰ ਕਬੀਲੇ ਨਾਲ ਮੋਹ ਜ਼ਰਾ ਘਟ ਕਰਨ। ਇਸ ਵਾਸਤੇ ਸੁਲੱਖਣੀ ਜੀ ਜਦੋਂ ਵੀ ਬੇਬੇ ਨਾਨਕੀ ਜੀ ਪਾਸ ਜਾਵੇ ਤਾਂ ਮੂੰਹ ਫੁਲਾਈ ਰੱਖੇ। ਬੇਬੇ ਜੀ ਛੋਟੀ ਭਰਜਾਈ ਜਾਣ ਕੇ ਹਰ ਪ੍ਰਕਾਰ ਦਾ ਚਾ ਮਲ੍ਹਾਰ ਕਰੇ ਤੇ ਖ਼ੁਸ਼ਾਮਦ ਵੀ ਕਰਦੀ ਰਹੇ। ਉਸ ਨੂੰ ਹਰ ਤਰ੍ਹਾਂ ਖ਼ੁਸ਼ ਰੱਖਣ ਦਾ ਯਤਨ ਕਰੇ, ਪਰ ਚੋਣੀ ਹਰ ਸਮੇ ਛਿੱਥੀ ਹੀ ਪੈਂਦੀ ਰਹੇ ਤੇ ‘ਬੁੜ ਬੁੜ’ ਕਰਦੀ ਰਹੇ। ਗੁਰੂ ਜੀ, ਜੀ ਕਰੇ ਤਾਂ ਘਰ ਜਾਣ, ਨਹੀਂ ਤਾਂ ਕਈ ਕਈ ਦਿਨ ਘਰ ਹੀ ਨਾ ਵੜਨ।

ਜਦੋਂ ਵੀ ਪਿਤਾ ਭਾਈ ਮੂਲ ਚੰਦ ਤੇ ਮਾਤਾ ਚੰਦੋ ਰਾਣੀ ਧੀ ਨੂੰ ਮਿਲਣ ਆਉਣ ਤਾਂ ਧੀ ਉਹਨਾਂ ਨੂੰ ਆਖੇ, “ਮੈਨੂੰ ਤੁਸਾਂ ਕਿਥੇ ਦੇ ਦਿੱਤਾ। ਉਹ ਤੇ ਨਾ ਘਰ ਵੜੇ, ਨਾ ਮੇਰੇ ਨਾਲ ਬੋਲੇ।” ਭਾਈ ਮੂਲ ਚੰਦ, ਭਾਈਆ ਜੈ ਰਾਮ ਜੀ ਪਾਸ ਜਾ ਕੇ ਉਚੀ ਬੋਲੇ। ਕਹੇ, “ਮੇਰੀ ਧੀ ਨੂੰ ਤੁਸਾਂ ਥਾਇ ਬੋੜਿਆ ਜੇ।” ਗੁਰੂ ਨਾਨਕ ਜੀ ਨੂੰ ਆਖੇ, “ਅਵੇ, ਤੂੰ ਕੀ ਕਰਦਾ ਹੈਂ?” ਨਾਨਕ ਜੀ ਅੱਗੋਂ ਕੁਝ ਨਾ ਬੋਲੇ। ਆਪੇ ਝਖ ਮਾਰ ਕੇ ਉਠ ਜਾਣ।

ਮੂਲ ਚੰਦ ਤੇ ਚੰਦੋ ਰਾਣੀ ਮਹੀਨੇ ਦੋ ਮਹੀਨੇ ਪਿੱਛੋਂ ਆਉਣ ਤੇ ਆਪਣਾ ਝੱਲ ਖਲਾਰ ਕੇ ਚਲੇ ਜਾਣ। ਇਕ ਦਿਨ ਗ਼ੁੱਸੇ ਵਿਚ ਭਰੀ-ਪੀਤੀ, ਗੁਰੂ ਜੀ ਦੀ ਸੱਸ ਚੰਦੋ ਰਾਣੀ, ਬੇਬੇ ਨਾਨਕੀ ਜੀ ਪਾਸ ਆ ਕੇ ਝਗੜਨ ਲੱਗੀ। ਕਹੇ, “ਕਿਉਂ ਅਜਿਹੀਆਂ ਹਕੂਮਤਾਂ ਕਰਨ ਲੱਗੇ ਹੋ! ਤੁਹਾਨੂੰ ਰੱਬ ਦਾ ਡਰ ਨਹੀਂ! ਨਾ ਭਰਾ ਨੂੰ ਕੁਝ ਸਮਝਾਉਂਦੀ ਏਂ ਤੇ ਨਾ ਭਰਜਾਈ ਨੂੰ ਕੁਝ ਗਿਣਦੀ ਏਂ! ਭਣਵਈਆ ਵੀ ਸਾਲੇ ਨੂੰ ਕੁਝ ਅਕਲ ਦੀ ਗੱਲ ਨਹੀਂ ਦੱਸਦਾ।“

ਬੇਬੇ ਜੀ ਨੇ ਆਖਿਆ, “ਸੁਣ ਮਾਸੀ, ਮੈਂ ਭਰਾ ਨੂੰ ਸਮਝਾਵਾਂ ਤੇ ਕੀ ਸਮਝਾਵਾਂ! ਭਰਾ ਮੇਰਾ ਚੋਰ ਨਹੀਂ, ਜਾਰ ਨਹੀਂ, ਜੁਆਰੀਆ ਨਹੀਂ। ਹੋਰ ਕੋਈ ਵੀ ਬੁਰਾ ਕੰਮ ਨਹੀਂ ਕਰਦਾ। ਦੱਸ ਕਿਹੜੀ ਗੱਲ ਤੋਂ ਮੈਂ ਉਸ ਨੂੰ ਸਮਝਾਵਾਂ! ਜੇ ਉਹ ਆਪਣੀ ਨੇਕ ਕਮਾਈ ਵਿਚੋਂ ਲੋੜਵੰਦਾਂ ਨਾਲ ਕੁਝ ਵੰਡ ਕੇ ਖਾਂਦਾ ਹੈ ਤਾਂ ਇਸ ਭਲੇ ਕੰਮ ਤੋਂ ਮੈਂ ਉਸ ਨੂੰ ਕਿਵੇਂ ਰੋਕਾਂ! ਇਹਨਾਂ ਕੰਮਾਂ ਤੋਂ ਕਿਸੇ ਨੂੰ ਰੋਕਣਾ ਭਲਾ ਨਹੀਂ। ਬਾਕੀ ਮਾਸੀ ਜੀ, ਤੁਸੀਂ ਉਲਾਹਮੇ ਤਾਂ ਦਿਉ ਜੇ ਤੁਹਾਡੀ ਧੀ ਕਿਸੇ ਗੱਲੋਂ ਵਿਰਵੀ ਰਹਿੰਦੀ ਹੋਵੇ। ਚੰਗੇ ਖਾਣ ਪੀਣ ਦੀ ਘਰ ਵਿਚ ਕੋਈ ਕਮੀ ਨਹੀਂ ਤੇ ਗਹਿਣਾ ਕੱਪੜਾ, ਮਾਸੀ ਜੀ, ਤੇਰੀ ਧੀ ਨੂੰ ਨਿਤ ਨਵਾਂ ਬਣ ਕੇ ਮਿਲਦਾ ਰਹਿੰਦਾ ਹੈ। ਚੰਗੇ ਭਲੇ ਖਾਂਦਿਆਂ ਪੀਂਦਿਆਂ ਜੇ ਤੁਸੀਂ ਸਾਨੂੰ ਖ਼ੁਆਰ ਕਰੋ ਤਾਂ ਤੁਸੀਂ ਜਾਣੋ। ਸਾਡਾ ਮੂੰਹ ਸੁਆਦ ਨਹੀਂ ਦਿੰਦਾ, ਜੇਕਰ ਅਸੀਂ ਆਪਣੇ ਮੂੰਹੋਂ ਤੁਹਾਨੂੰ ਕੁਝ ਮੰਦਾ-ਚੰਗਾ ਆਖੀਏ। ਗਹਿਣੇ ਦੀ ਜਗ੍ਹਾ ਗਹਿਣਾ, ਕੱਪੜੇ ਦੀ ਜਗ੍ਹਾ ਕੱਪੜਾ; ਰਿਜ਼ਕ ਦੀ ਕੋਈ ਤੋਟ ਨਹੀਂ। ਮੈਂ ਅੱਗੇ ਪਿੱਛੇ ‘ਭਾਬੀ, ਭਾਬੀ’ ਪਈ ਕਰਦੀ ਫਿਰਦੀ ਹਾਂ। ਭਾਬੀ ਤੋਂ

ਬਿਨਾ ਕਦੀ ਹੋਰ ਇਸ ਨੂੰ ਕੁਝ ਬੋਲਿਆ ਨਹੀਂ। ਜੇਕਰ ਫੇਰ ਵੀ ਤੁਸੀਂ ਖੱਤਰੀ ਦੇ ਪੁੱਤ ਦੀ ਬਦਨਾਮੀ ਤੇ ਸਾਡੀ ਖ਼ੁਆਰੀ ਕਰਦੇ ਫਿਰੋ ਤਾਂ ਫੇਰ ਸਾਡਾ ਕੀ ਵੱਸ ਹੈ! ਤੁਸੀਂ ਜਾਣੋ, ਤੁਹਾਡੀ ਖ਼ੁਸ਼ੀ; ਅਸੀਂ ਕੁਝ ਨਹੀਂ ਆਖਦੇ।"

ਏਨੀਆਂ ਗੱਲਾਂ ਸੁਣਨ ਪਿੱਛੋਂ ਚੰਦੋ ਰਾਣੀ ਚੁੱਪ ਕਰ ਕੇ ਸ਼ਰਮਿੰਦੀ ਹੋ ਕੇ ਉਠ ਕੇ ਤੁਰ ਗਈ। ਧੀ ਦੇ ਘਰ ਆ ਕੇ ਧੀ ਨੂੰ ਆਖਣ ਲੱਗੀ, "ਸੁਣ ਬੇਟੀ ਸੁਲੱਖਣੀ, ਤੇਰੀ ਨਣਾਨ ਨੇ ਤਾਂ ਮੇਰੇ ਪੱਲੇ ਕੱਖ ਨਹੀਂ ਛੱਡਿਆ। ਉਸ ਨੇ ਮੈਨੂੰ ਸ਼ਰਮਿੰਦਿਆਂ ਕਰ ਛੱਡਿਆ, ਤੇ ਮੈਨੂੰ ਅੱਗੋਂ ਜਵਾਬ ਵੀ ਕੋਈ ਨਹੀਂ ਆਇਆ। ਸੁਣ ਬੇਟੀ ਸੁਲੱਖਣੀ, ਤੂੰ ਵੀ ਕੁਝ ਨਿਉਂ ਕੇ ਚੱਲਿਆ ਕਰ।" ਅੱਗੋਂ ਸੁਲੱਖਣੀ ਜੀ ਨੇ ਆਖਿਆ, "ਅੰਮਾ ਜੀ, ਮੈਂ ਕੋਈ ਨੰਗੀ ਭੁੱਖੀ ਤਾਂ ਰਹਿੰਦੀ ਨਹੀਂ। ਖਾਣ ਪੀਣ ਨੂੰ ਤਾਂ ਸਭ ਕੁਝ ਹੈ। ਗਹਿਣੇ ਕੱਪੜੇ ਵੀ ਬਹੁਤ ਹਨ।" ਇਹ ਸੁਣ ਕੇ ਚੰਦੋ ਰਾਣੀ ਨੇ ਆਖਿਆ, "ਬੇਟੀ ਜੇ ਤੈਨੂੰ ਕਿਸੇ ਗੱਲ ਦੀ ਤੋਟ ਨਹੀਂ ਤਾਂ ਫੇਰ ਉਸ ਖੱਤਰੀ ਦੇ ਪੁੱਤ ਨੂੰ ਕਿਉਂ ਖ਼ੁਆਰ ਕਰਦੀ ਏਂ!" ਸੁਲੱਖਣੀ ਜੀ ਨੇ ਅੱਗੋਂ ਕਿਹਾ, "ਅੰਮਾ ਜੀ, ਮੈਂ ਕੀ ਕਰਾਂ! ਮੈਨੂੰ ਮੂੰਹ ਨਹੀਂ ਲਾਉਂਦਾ। ਸਿੱਧੇ ਮੂੰਹ ਮੇਰੇ ਨਾਲ ਬੋਲਦਾ ਨਹੀਂ। ਮੈਂ ਆਪਣੀ ਵੇਦਨਾ ਕਿਸ ਨੂੰ ਸੁਣਾਵਾਂ!"

ਆਪਣੀ ਧੀ ਦੀਆਂ ਸ਼ਕਾਇਤਾਂ ਸੁਣ ਕੇ ਚੰਦੋ ਰਾਣੀ ਫੇਰ ਬੇਬੇ ਨਾਨਕੀ ਪਾਸ ਆਈ ਤੇ ਆ ਕੇ ਆਖਣ ਲੱਗੀ, "ਸੁਣ ਬੀਬੀ, ਤੇਰੀ ਭਰਜਾਈ ਆਖਦੀ ਹੈ ਕਿ ਪਦਾਰਥਾਂ ਵੱਲੋਂ ਉਸ ਨੂੰ ਕੋਈ ਕਮੀ ਨਹੀਂ। ਘਰ ਵਿਚ ਹਰੇਕ ਲੋੜੀਂਦੀ ਸ਼ੈ ਮੌਜੂਦ ਹੈ ਪਰ ਨੀਂਗਰ ਉਸ ਨਾਲ ਸਿੱਧੇ ਮੂੰਹ ਨਹੀਂ ਬੋਲਦਾ। ਪਹਿਲਾਂ ਤਾਂ ਘਰ ਵੜਦਾ ਹੀ ਨਹੀਂ; ਜੇ ਕਿਤੇ ਮਹੀਨੇ ਦੋ ਮਹੀਨੇ ਪਿੱਛੋਂ ਆ ਵੀ ਜਾਵੇ ਤਾਂ ਕੋਈ ਗੱਲ ਹੀ ਨਹੀਂ ਕਰਦਾ।"

ਬੇਬੇ ਨਾਨਕੀ ਜੀ ਨੇ ਆਖਿਆ, "ਸੁਣੋ ਮਾਸੀ ਜੀ, ਭਾਬੀ ਦਾ ਸੁਭਾ ਵੀ ਬੜਾ ਕਰੜਾ ਹੈ। ਕਈ ਵਾਰ ਸੱਦ ਘਲਦੀ ਹਾਂ ਤਾਂ ਆਉਂਦੀ ਹੀ ਨਹੀਂ। ਜੇ ਕਦੀ ਆਵੇ ਵੀ ਤਾਂ ਕੇਹੀ ਆਉਂਦੀ ਹੈ ਜੋ ਲੋਹੇ ਲਾਖੀ ਹੋ ਕੇ ਆਉਂਦੀ ਹੈ। ਮੈਂ ਫੇਰ ਵੀ ਸੋਚਦੀ ਹਾਂ ਕਿ ਇਹ ਮੇਰੀ ਛੋਟੀ ਭਰਜਾਈ ਹੈ; ਜਿਵੇਂ ਇਹ ਰਾਜ਼ੀ ਰਹੇ ਓਸੇ ਤਰ੍ਹਾਂ ਹੀ ਸਹੀ। ਅਸੀਂ ਖੱਤਰੀਆਂ ਦੀ ਧੀ ਝੋਲ਼ੀ ਪਾ ਕੇ ਆਂਦੀ ਹੈ। ਆਪੇ ਹੀ ਸਿਆਣੀ ਹੋ ਕੇ ਸਮਝ ਜਾਵੇਗੀ। ਇਹ ਕੁਝ ਸੋਚ ਕੇ ਮੈਂ 'ਭਾਬੀ ਭਾਬੀ' ਆਖਦੀ ਇਸ ਦੇ ਮੂੰਹ ਵੱਲ ਵੇਖਦੀ ਰਹਿੰਦੀ ਹਾਂ। ਇਸ ਦਾ ਸੁਭਾ ਬਹੁਤਾ ਡਾਹਡਾ ਹੈ।"

ਇਹ ਸੁਣ ਕੇ ਚੰਦੋ ਰਾਣੀ ਨੇ ਆਖਿਆ, "ਹੇ ਬੱਚੀ ਨਾਨਕੀ, ਘਰ ਵਿਚ ਕਮੀ ਤਾਂ ਕਿਸੇ ਗੱਲ ਦੀ ਨਹੀਂ, ਪ੍ਰੰਤੂ ਤੂੰ ਖ਼ੁਦ ਸਿਆਣੀ ਹੈਂ। ਤ੍ਰੀਮਤ ਨੂੰ ਦਿਲਾਸਾ ਬਹੁਤ ਲੋੜੀਂਦਾ ਹੈ।" ਬੇਬੇ ਨਾਨਕੀ ਜੀ ਨੇ ਕਿਹਾ, "ਭਲਾ ਮਾਸੀ ਜੀ ਤੂੰ ਵੀ ਸੱਚੀ ਹੈਂ। ਪਰਮੇਸ਼ਰ ਭਲੀ ਕਰਸੀ ਪਰ ਤੂੰ ਵੀ ਧੀ ਦਾ ਦਿਲਾਸਾ ਕਰ ਤੇ ਉਸ ਨੂੰ ਸਮਝਾ ਵੀ ਭਈ ਤੀਵੀਂ ਦਾ ਸੁਭਾ ਏਨਾ ਸਖ਼ਤ ਨਹੀਂ ਹੋਣਾ ਚਾਹੀਦਾ। ਘਰ ਆਏ ਮਰਦ ਨਾਲ ਹੱਸ ਕੇ ਗੱਲ ਨਾ ਕਰੀਏ ਤਾਂ ਉਸ ਦਾ ਚਿੱਤ ਖ਼ੁਸ਼ ਨਹੀਂ ਹੁੰਦਾ। ਤੂੰ ਮਾਸੀ ਸਮਝਦੀ ਹੋਵੇਂਗੀ ਕਿ ਮੈਂ ਭਰਾ ਦੀ ਰਈ ਪਈ ਕਰਦੀ ਹਾਂ ਪਰ ਮੈਂ ਤਾਂ ਨਾਨਕ ਜੀ ਨੂੰ ਪਰਮੇਸ਼ਰ ਕਰਕੇ ਹੀ ਜਾਣਦੀ ਹਾਂ। ਤੂੰ ਸੱਚ ਕਰਕੇ ਜਾਣ ਇਸ ਵਿਚ ਰਤਾ ਵੀ ਫ਼ਰਕ ਵਾਲੀ ਗੱਲ ਨਹੀਂ। ਭਲਾ ਹੁਣ ਮਾਸੀ ਜੀ ਤੁਸੀਂ ਆਪਣੇ ਘਰ ਜਾਉ। ਪਰਮੇਸ਼ਰ ਨੂੰ ਭਾਇਆ ਤਾਂ ਮੈਂ ਭਾਬੀ ਨੂੰ ਦਿਲਾਸਾ ਦਿਵਾਵਾਂਗੀ।" ਇਸ ਵਾਰਤਾਲਾਪ ਪਿੱਛੋਂ ਚੰਦੋ ਰਾਣੀ ਆਪਣੇ ਘਰ ਨੂੰ ਚਲੀ ਗਈ।

ਇਕ ਦਿਨ ਸਤਿਗੁਰੂ ਜੀ ਭਾਈਆ ਜੈ ਰਾਮ ਜੀ ਨੂੰ ਮਿਲਣ ਆਏ, ਬੇਬੇ ਜੀ ਨੂੰ ਆ ਮਿਲੇ ਤਾਂ ਬੇਬੇ ਨਾਨਕੀ ਅੱਗੋਂ ਉਠ ਕੇ ਮਿਲੇ ਤੇ ਬੜਾ ਆਦਰ ਕੀਤਾ। ਬੇਬੇ ਜੀ ਨੇ ਆਖਿਆ, "ਭਾਈ ਜੀ, ਅੱਜ ਮੇਰੇ ਉਪਰ ਪਰਮੇਸ਼ਰ ਬਹੁਤ ਹੀ ਮੇਹਰਬਾਨ ਹੋਇਆ ਹੈ ਜੋ ਤੁਸਾਂ ਮੈਨੂੰ ਦਰਸ਼ਨ ਦਿੱਤਾ ਹੈ।" ਅੱਗੋਂ ਗੁਰੂ ਜੀ ਨੇ ਕਿਹਾ, "ਬੇਬੇ ਜੀ, ਮੈਂ ਤੁਹਾਡਾ ਗ਼ੁਲਾਮ ਹਾਂ।" ਤਾਂ ਬੇਬੇ ਜੀ ਨੇ ਆਖਿਆ, "ਭਾਈ ਜੀ, ਇਹ ਗੱਲ ਤੂੰ ਮੇਰੇ ਤਾਈਂ ਮਤ ਆਖਿਆ ਕਰੋ ਜੀ।" ਤਾਂ ਗੁਰੂ ਜੀ ਨੇ ਆਖਿਆ, "ਬੇਬੇ ਜੀ, ਤੂੰ ਵੱਡੀ ਹੈਂ।" ਤਾਂ ਬੇਬੇ ਜੀ ਨੇ ਕਿਹਾ, "ਭਾਈ ਜੀ, ਦਿਨਾਂ ਵਿਚ ਤਾਂ ਮੈਂ ਜ਼ਰੂਰ ਵੱਡੀ ਹਾਂ ਪਰ ਕਰਮਾਂ ਵਿਚ ਨਹੀਂ ਵੱਡੀ। ਭਾਈ ਜੀ ਵੱਡਾ ਓਹੀ ਹੈ ਜੋ ਕਰਮਾਂ ਵਿਚ ਵੱਡਾ ਹੋਵੇ।"

ਗੁਰੂ ਜੀ ਨੇ ਕਿਹਾ, "ਬੇਬੇ ਜੀ, ਇਹ ਬਾਤ ਨਿਰੰਕਾਰ ਨੇ ਤੁਧ ਨੂੰ ਬੁਝਾਈ ਹੈ ਅਤੇ ਪਰਮੇਸ਼ਰ ਤੇਰੇ ਉਪਰ ਮੇਹਰਬਾਨ ਹੈ।" ਬੇਬੇ ਜੀ ਆਖਣ ਲੱਗੇ, "ਸੁਣੋ ਭਾਈ ਜੀ, ਪਰਮੇਸ਼ਰ ਦੀ ਮੇਹਰਬਾਨੀ ਮੈਂ ਆਪਣੇ ਉਪਰ ਤਾਂ ਜਾਣਾਂਗੀ ਜੇ ਤੂੰ ਮੇਰਾ ਕਿਹਾ ਮੰਨੇ।" ਗੁਰੂ ਜੀ ਨੇ ਖ਼ੁਸ਼ ਹੋ ਕੇ ਆਖਿਆ, "ਆਖੋ ਬੇਬੇ ਜੀ! ਜੋ ਕੁਝ ਤੂੰ ਆਖੇਂਗੀ, ਮੈਂ ਮੰਨਾਂਗਾ। ਤੂੰ ਮੇਰੀ ਵੱਡੀ ਭੈਣ ਹੈਂ। ਤੇਰਾ ਤੇ ਮੇਰਾ ਪਿਛਲੇ ਜਨਮਾਂ ਵਿਚ ਵੀ ਭੈਣ ਤੇ ਭਰਾ ਦਾ ਸੰਬੰਧ ਹੁੰਦਾ ਆਇਆ ਹੈ। ਤੂੰ ਸਾਡੀ ਬਹੁਤ ਭਾਰੀ ਸੇਵਾ ਕੀਤੀ ਹੈ। ਤੇਰਾ ਭਾਰ ਸਾਡੇ ਸਿਰ 'ਤੇ ਹੈ। ਜੋ ਤੂੰ ਆਖੇਂਗੀ ਸੋ ਮੰਨਾਂਗਾ।" ਅਜਿਹੇ ਬਚਨ ਨਿੱਕੇ ਭਰਾ ਨਾਨਕ ਜੀ ਦੇ ਮੂੰਹੋਂ ਸੁਣ ਕੇ ਬੇਬੇ ਨਾਨਕੀ ਜੀ ਨੇ ਆਖਿਆ, "ਅਸੀਂ ਇਸ ਗੱਲੋਂ ਭਾਈ ਜੀ ਬਹੁਤ ਸ਼ਰਮਿੰਦੇ ਹੁੰਦੇ ਹਾਂ ਕਿ ਤੂੰ ਭਾਬੀ ਨੂੰ ਦਿਲਾਸਾ ਨਹੀਂ ਦਿੰਦਾ। ਤ੍ਰੀਮਤਾਂ ਨੂੰ ਦਿਲਾਸਾ ਨਾ ਮਿਲੇ ਤਾਂ ਬਹੁਤ ਸ਼ਰਮਿੰਦੇ ਹੋਈਦਾ ਹੈ ਅਤੇ ਤੂੰ ਤਾਂ ਭਾਈ ਜੀ ਸਾਧ ਹੈਂ। ਆਪਣੇ ਜੀ ਵਿਚ ਵਿਚਾਰ ਕੇ ਵੇਖ।"

ਗੁਰੂ ਜੀ ਨੇ ਕਿਹਾ, "ਭੈਣ ਜੀ, ਕੀ ਤੁਹਾਡੀ ਭਰਜਾਈ ਕਿਸੇ ਗੱਲੋਂ ਵਿਰਵੀ ਰਹਿੰਦੀ ਹੈ?" ਬੇਬੇ ਜੀ ਨੇ ਆਖਿਆ, "ਵਿਰਵੀ ਕਿਉਂ ਰਹੇ ਭਾਈ ਜੀ! ਪਰਮੇਸ਼ਰ ਦਾ ਦਿੱਤਾ ਸਭ ਕੁਝ ਘਰ ਵਿਚ ਹੈ ਪਰ ਇਕ ਮੂੰਹ ਦਾ ਦਿਲਾਸਾ ਸਾਰੀਆਂ ਗੱਲਾਂ ਤੋਂ, ਤ੍ਰੀਮਤ ਜਾਤ ਲਈ ਵੱਡਾ

ਹੈ।" ਬਾਬਾ ਜੀ ਨੇ ਆਖਿਆ, "ਤੂੰ ਇਸ ਗੱਲ ਦਾ ਕਾਈ ਫ਼ਿਕਰ ਨਾ ਕਰ ਭੈਣ। ਜੋ ਤੂੰ ਆਖੇਂਗੀ ਮੈਂ ਸੋਈ ਕਰਾਂਗਾ। ਮਨ ਵਿਚ ਸੰਤੋਖ ਰੱਖ। ਇਸ ਗੱਲ ਨੂੰ ਹੁਣ ਛੱਡ ਤੇ ਕੋਈ ਹੋਰ ਗੱਲ ਕਰ।"

ਬੇਬੇ ਜੀ ਨੇ ਆਖਿਆ, "ਮੇਰੇ ਮਨ ਵਿਚ ਤਾਂ ਇਉਂ ਹੈ ਭਾਈ ਜੀ ਕਿ ਮੈਂ ਤੇਰੀ ਸੰਤਾਨ ਖੇਡਦੀ ਵੇਖਾਂ। ਆਪਣੇ ਭਤੀਜਿਆਂ ਨੂੰ ਕੁੱਛੜ ਚੁੱਕ ਕੇ ਖਿਡਾਵਾਂ। ਲੋਰੀਆਂ ਦੇਵਾਂ। ਮੇਰੇ ਵੇਹੜੇ ਵਿਚ ਵੀ ਬਾਲਕ ਕਿਲਕਾਰੀਆਂ ਮਾਰਨ। ਰੌਣਕ ਹੋਵੇ।" ਗੁਰੂ ਜੀ ਨੇ ਆਖਿਆ, "ਜੋ ਤੂੰ ਮੰਗਦੀ ਹੈਂ ਭੈਣ, ਕਰਤਾਰ ਤੇਰੀ ਇੱਛਾ ਪੂਰੀ ਕਰੇਗਾ। ਇਹ ਵੀ ਹੋ ਜਾਵੇਗਾ।" ਇਹ ਆਖ ਕੇ ਗੁਰੂ ਜੀ ਚਲਦੇ ਰਹੇ ਤੇ ਆਪਣੇ ਘਰ ਵਿਚ ਵਾਸਾ ਕਰਨ ਲੱਗ ਪਏ।

ਸਮਾ ਪਾ ਕੇ, ਸੰਨ ੧੪੯੧ ਵਿਚ, ਜਦੋਂ ਗੁਰੂ ਜੀ ਦੀ ਬਾਈ ਸਾਲ ਦੀ ਉਮਰ ਸੀ ਤਾਂ, ਗੁਰੂ ਜੀ ਦੇ ਗ੍ਰਿਹ ਵਿਖੇ, ਮਾਤਾ ਸੁਲੱਖਣੀ ਜੀ ਦੀ ਗੋਦ ਵਿਚ, ਬਾਬਾ ਸ੍ਰੀ ਚੰਦ ਜੀ ਪਰਗਟ ਹੋਏ। ਯਾਦ ਰਹੇ ਕਿ ਬੇਬੇ ਨਾਨਕੀ ਜੀ ਦੀ ਆਪਣੀ ਸੰਤਾਨ ਕੋਈ ਨਹੀਂ ਸੀ ਤੇ ਬਾਲ ਬ੍ਰਹਮਚਾਰੀ, ਸਿਧ ਪੁਰਸ਼, ਉਦਾਸੀ ਪੰਥ ਦੇ ਪਰਗਟ ਕਰਨ ਵਾਲੇ, ਬਾਬਾ ਸ੍ਰੀ ਚੰਦ ਜੀ ਦੀ ਪਾਲਣਾ ਬੇਬੇ ਨਾਨਕੀ ਜੀ ਨੇ ਹੀ ਕੀਤੀ ਸੀ।

## ਗੁਰ ਅੰਗਦ ਦੀ ਦੋਹੀ ਫਿਰੀ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ, ਪਿਤਾ ਫੇਰੂ ਮੱਲ ਜੀ ਦੇ ਘਰ, ੩੧ ਮਾਰਚ, ੧੫੦੪ ਨੂੰ ਪਿੰਡ ਨਾਂਗੇ ਦੀ ਸਰਾਂ (ਨੇੜੇ ਮੁਕਤਸਰ) ਵਿਖੇ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਗੁਰਗੱਦੀ ਦੀ ਬਖ਼ਸ਼ਿਸ਼ ਹੋਣ ਤੋਂ ਪਹਿਲਾਂ ਆਪ ਜੀ ਦਾ ਨਾਂ ਭਾਈ ਲਹਿਣਾ ਸੀ।

"ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ॥" (੯੬੭), ਦੀ ਗਵਾਹੀ ਅਨੁਸਾਰ, ਆਪ ਜੀ ਦੇ ਪਿਤਾ ਜੀ ਨੇ, ਮਤੇ ਦੀ ਸਰਾਂ ਪਿੰਡ ਦੀ ਹਮਲਾਵਰਾਂ ਹੱਥੋਂ ਤਬਾਹੀ ਹੋ ਜਾਣ 'ਤੇ, ਪਿੰਡ ਖਡੂਰ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਆ ਕੇ ਰਿਹਾਇਸ਼ ਰੱਖ ਲਈ। ਖਡੂਰ ਵਿਚ ਆਪਣੇ ਪਿਤਾ ਜੀ ਦੇ ਨਾਲ ਹੀ ਆਪ ਜੀ ਦੁਕਾਨਦਾਰੀ ਦੀ ਕਿਰਤ ਕਰਦੇ ਸਨ। ਆਪ ਜੀ ਦੇ ਪਿਤਾ ਜੀ ਦੇਵੀ ਭਗਤ ਸਨ ਤੇ ਹਰ ਸਾਲ ਸ਼ਰਧਾਲੂਆਂ ਦੇ ਸੰਗ ਨੂੰ ਨਾਲ ਲੈ ਕੇ ਵੈਸ਼ਨੋ ਦੇਵੀ ਦੀ ਯਾਤਰਾ 'ਤੇ ਜਾਇਆ ਕਰਦੇ ਸਨ। ਪਿਤਾ ਜੀ ਦੇ ਅਕਾਲ ਚਲਾਣੇ ਉਪ੍ਰੰਤ ਪਰਵਾਰਕ ਕਾਰੋਬਾਰ ਦੇ ਨਾਲ ਨਾਲ ਸੰਗ ਦੀ ਅਗਵਾਈ ਕਰਨ ਦੀ ਜ਼ੁੰਮੇਵਾਰੀ ਵੀ ਆਪ ਜੀ ਨੇ ਨਿਭਾਉਣੀ ਸ਼ੁਰੂ ਕਰ ਦਿੱਤੀ। ਭਾਈ ਲਹਿਣਾ ਜੀ ਆਪਣੇ ਪਿੰਡ ਦੇ ਇਕ ਸਿੱਖ ਭਾਈ ਜੋਧ ਜੀ ਪਾਸੋਂ ਆਦਿ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਰਵਣ ਕਰ ਕੇ, ਗੁਰੂ ਜੀ ਦੀ ਮਹਾਨਤਾ ਤੋਂ ਜਾਣੂ ਹੋ ਚੁੱਕੇ ਸਨ। ਇਕ ਵਾਰੀ ਵੈਸ਼ਨੋ ਦੇਵੀ ਦੇ ਮੰਦਰ ਦੀ ਯਾਤਰਾ 'ਤੇ ਜਾਣ ਸਮੇ ਕਰਤਾਰਪੁਰ ਨੇੜਿਉਂ ਲੰਘ ਰਹੇ ਸਨ ਕਿ ਦਿਲ ਅੰਦਰ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਚਾਹ ਪੈਦਾ ਹੋਈ। ਘੋੜੀ 'ਤੇ ਸਵਾਰ ਹੋ ਕੇ ਜਦ ਧਰਮਸਾਲਾ ਦੇ ਬਾਹਰਵਾਰ ਪੁੱਜੇ ਤਾਂ ਸਤਿਗੁਰੂ ਜੀ ਖ਼ੁਦ ਹੀ ਅੱਗੇ ਖਲੋਤੇ ਹੋਏ ਸਨ। ਭਾਈ ਲਹਿਣਾ ਜੀ ਦੇ ਪੁੱਛਣ 'ਤੇ ਕਿ ਉਹਨਾਂ ਨੇ ਨਾਨਕ ਨਿਰੰਕਾਰੀ ਦੇ ਦਰਸ਼ਨ ਕਰਨੇ ਹਨ; ਸਤਿਗੁਰੂ ਜੀ ਆਪਣੇ ਪਿੱਛੇ ਆਉਣ ਲਈ ਆਖ ਕੇ ਆਪ ਅੱਗੇ ਲੱਗ ਕੇ ਤੁਰ ਪਏ। ਭਾਈ ਲਹਿਣਾ ਜੀ ਦੇ ਘੋੜੀ ਕਿੱਲੇ 'ਤੇ ਬੰਨ੍ਹਦਿਆਂ ਕਰਦਿਆਂ ਸਤਿਗੁਰੂ ਜੀ ਆਪ ਧਰਮਸਾਲ ਦੇ ਅੰਦਰ ਜਾ ਕੇ ਆਪਣੇ ਸਥਾਨ 'ਤੇ ਸਜ ਗਏ। ਅੰਦਰ ਪ੍ਰਵੇਸ਼ ਕਰਨ 'ਤੇ ਜਦੋਂ ਭਾਈ ਲਹਿਣਾ ਜੀ ਨੂੰ ਦਰਸ਼ਨ ਹੋਏ ਤਾਂ ਪ੍ਰਭਾਵਤ ਹੋਣ ਦੇ ਨਾਲ ਨਾਲ ਭਾਈ ਲਹਿਣਾ ਜੀ ਨੂੰ ਇਸ ਗੱਲ ਦਾ ਅਫ਼ਸੋਸ ਵੀ ਹੋਇਆ ਕਿ ਉਹਨਾਂ ਕੋਲੋਂ ਸਤਿਗੁਰੂ ਜੀ ਦਾ ਸਤਿਕਾਰ ਨਹੀਂ ਹੋਇਆ; ਕਿਉਂ ਉਹ ਖ਼ੁਦ ਘੋੜੀ 'ਤੇ ਸਵਾਰ ਰਹੇ ਜਦੋਂ ਕਿ ਸਤਿਗੁਰੂ ਜੀ ਉਹਨਾਂ ਦੇ ਅੱਗੇ ਅੱਗੇ ਪੈਦਲ ਤੁਰ ਰਹੇ ਸਨ!

ਤਕਰੀਬਨ ਸੱਤ ਸਾਲ ਦਾ ਸਮਾ ਸਤਿਗੁਰੂ ਜੀ ਦੇ ਦਰਬਾਰ, ਸ੍ਰੀ ਕਰਤਾਰਪੁਰ ਸਾਹਿਬ, ਵਿਖੇ ਰਹਿ ਕੇ, ਗਾਖੜੀ ਸੇਵਾ ਕਰਨ ਉਪ੍ਰੰਤ, "ਸੰਤਨ ਸੰਗਿ ਕਬੀਰਾ ਬਿਗਰਿਓ॥ ਸੋ ਕਬੀਰੁ ਰਾਮੈ ਹੋਇ ਨਿਬਰਿਓ॥" (੧੧੫੮) ਦੇ ਮਹਾਂ ਵਾਕ ਅਨੁਸਾਰ, ਗੁਰੂ ਜੀ ਦੇ ਬਰਾਬਰ ਹੀ ਪਹੁੰਚ ਗਏ।

ਜਿਥੇ ਸਤਿਗੁਰੂ ਜੀ ਦੇ ਸਾਹਿਬਜ਼ਾਦਿਆਂ ਨੇ ਸਤਿਗੁਰੂ ਜੀ ਨੂੰ ਕੇਵਲ ਸੰਸਾਰਕ ਪਿਤਾ ਹੀ ਸਮਝਿਆ, ਓਥੇ ਭਾਈ ਲਹਿਣਾ ਜੀ ਨੇ ਗੁਰੂ ਜੀ ਨੂੰ ਸਾਖਿਆਤ ਨਿਰੰਕਾਰ ਦਾ ਰੂਪ ਜਾਣ ਕੇ ਸੇਵਾ ਕੀਤੀ। "ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥" (੪੭੧) ਦੇ ਉਪਦੇਸ਼ ਅਨੁਸਾਰ, ਹੁਕਮ ਦੇ ਅੰਦਰ ਵਿਚਰਦਿਆਂ ਹੋਇਆਂ, ਗੁਰੂ ਜੀ ਦੀ ਮੁਕੰਮਲ ਖ਼ੁਸ਼ੀ ਦੇ ਪਾਤਰ ਬਣ ਗਏ। "ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥" (੯੬੭) ਇਸ ਗੱਲ ਦੀ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸਾਨੂੰ ਮਿਲਦੀ ਹੈ ਕਿ ਜਦੋਂ

ਸਾਹਿਬਜ਼ਾਦੇ ਹੁਕਮ ਨਹੀਂ ਸਨ ਮੰਨਦੇ ਤਾਂ ਭਾਈ ਲਹਿਣਾ ਜੀ ਹਰ ਸਮੇ ਹੁਕਮ ਮੰਨਣ ਲਈ ਤੱਤਪਰ ਰਹਿੰਦੇ ਸਨ। ਇਸ ਪ੍ਰਕਾਰ ਦੀਆਂ ਸਿੱਖ ਇਤਿਹਾਸ ਵਿਚ ਕਈ ਸਾਖੀਆਂ ਆਉਂਦੀਆਂ ਹਨ: ਰਾਤ ਸਮੇ ਧਰਮਸਾਲਾ ਦੀ ਕੰਧ ਉਸਾਰਨ ਲਈ ਹੁਕਮ ਹੋਣ ਤੇ ਬਾਕੀਆਂ ਦੇ ਆਲਾ ਟਾਲਾ ਕਰ ਜਾਣ 'ਤੇ, ਆਪ ਜੀ ਨੇ ਓਸੇ ਸਮੇ ਉਸਾਰੀ ਵਿਚ ਜੁੱਟ ਜਾਣਾ, ਗੰਦੇ ਚਲ੍ਹੇ ਵਿਚੋਂ ਕੌਲਾ ਕੱਢਣਾ, ਕਿੱਕਰ ਤੋਂ ਹਲੂਣੇ ਨਾਲ ਮਿਠਿਆਈ ਝਾੜਨੀ, ਰਾਤ ਨੂੰ ਬਸਤਰ ਸਾਫ਼ ਕਰਨ ਰਾਵੀ ਦਰਿਆ 'ਤੇ ਚਲੇ ਜਾਣਾ ਆਦਿ ਸੰਕੇਤ ਹਨ ਇਸ ਗੱਲ ਦੇ ਕਿ ਆਪ ਜੀ ਨੇ ਮੁਕੰਮਲ ਤੌਰ 'ਤੇ, "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥" (੯੧੮) ਵਾਲੇ ਉਪਦੇਸ਼ ਉਪਰ ਪੂਰੀ ਤਰ੍ਹਾਂ ਅਮਲ ਕੀਤਾ।

ਅੰਤ ਸਮੇ ਮੁਰਦਾ ਖਾਣ ਦਾ ਹੁਕਮ ਹੋਣ 'ਤੇ ਵੀ ਅਡੋਲ ਰਹੇ, ਜਦੋਂ ਕਿ ਬਾਕੀ ਦੇ ਮੁਖੀ ਸਿੱਖ ਵੀ ਡੋਲ ਗਏ ਸਨ। ਸਾਹਿਬਜ਼ਾਦੇ ਤਾਂ ਗੁਰੂ ਜੀ ਨੂੰ ਬਿਰਧ ਹੋਣ ਕਰਕੇ ਇਕ ਕਿਸਮ ਦਾ ਝੱਲਾ ਜਿਹਾ ਹੋ ਗਿਆ ਹੀ ਸਮਝਦੇ ਸਨ ਪਰ ਭਾਈ ਲਹਿਣਾ ਜੀ ਵਾਸਤੇ ਉਹ ਪ੍ਰਤੱਖ ਨਿਰੰਕਾਰ ਸਨ।

ਅਖ਼ੀਰ ਹਰ ਤਰ੍ਹਾਂ ਦੀ ਪਰਖ ਪਿੱਛੋਂ,

ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ *(੯੬੭)*

ਗੁਰੂ ਜੀ ਨੇ ਲਹਿਣਾ ਜੀ ਨੂੰ ਆਪਣਾ ਅਧਿਆਤਮਿਕ ਉਤਰਾਧਿਕਾਰੀ ਥਾਪ ਦਿੱਤਾ।

ਥਾਪਿਆ ਲਹਿਣਾ ਜੀਵਦੇ *(੧/੪੫)*

ਗੁਰੂ ਜੀ ਦਾ ਹੁਕਮ ਮੰਨ ਕੇ, "ਬੈਠਿ ਖਡੂਰੇ ਜੋਤਿ ਜਗਾਈ" ਅਨੁਸਾਰ ਆਪਣੇ ਪਿੰਡ ਖਡੂਰ ਸਾਹਿਬ ਵਿਖੇ ਆ ਕੇ ਗੁਰੂ ਨਾਨਕ ਜੀ ਦੇ ਮਿਸ਼ਨ ਨੂੰ ਅੱਗੇ ਤੋਰਿਆ। ਲੰਗਰ ਦੀ ਮਰਯਾਦਾ ਨੂੰ ਆਪ ਜੀ ਨੇ ਹੋਰ ਅਗੇਰੇ ਵਧਾਇਆ। ਲੰਗਰ ਦੀ ਮੁਖ ਤੌਰ 'ਤੇ ਸੇਵਾ ਆਪ ਜੀ ਦੇ ਮਹਿਲ ਮਾਤਾ ਖੀਵੀ ਜੀ ਦੀ ਅਗਵਾਈ ਵਿਚ ਹੀ ਹੋਇਆ ਕਰਦੀ ਸੀ। "ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ" ਵਾਲੀ ਤੁਕ ਸਾਨੂੰ ਦੱਸਦੀ ਹੈ ਕਿ ਉਸ ਸਮੇ ਕਿੰਨਾ ਉਚ ਪਾਏ ਦਾ ਲੰਗਰ, ਮਾਤਾ ਖੀਵੀ ਜੀ ਦੀ ਸੁਚੱਜੀ ਅਗਵਾਈ ਹੇਠ ਸੰਗਤਾਂ ਨੂੰ ਪ੍ਰਾਪਤ ਹੁੰਦਾ ਸੀ।

ਸਤਿਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਆਦਿ ਸਤਿਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਹੋਰ ਅੱਗੇ ਵਧਾਇਆ ਤੇ ਉਹਨਾਂ ਦੇ 'ਉਦਾਸੀ' ਮੱਤ ਦੇ ਧਾਰਨੀ ਹੋ ਚੁੱਕੇ, ਸਾਹਿਬਜ਼ਾਦਾ ਬਾਬਾ ਸ੍ਰੀ ਚੰਦ ਜੀ ਦੇ ਵਿਚਾਰਾਂ ਤੋਂ ਬਚਾ ਕੇ, ਸਿੱਖ ਸੰਗਤਾਂ ਨੂੰ ਗੁਰੂ ਜੀ ਦੇ "ਗੁਰਮੁਖ ਗਾਡੀ ਰਾਹ" ਉਪਰ ਚੱਲਣ ਲਈ ਸਹੀ ਸੇਧ ਬਖ਼ਸ਼ੀ।

ਭਾਵੇਂ ਕਿ ਗੁਰੂ ਨਾਨਕ ਜੀ ਨਾਲ ਕਈ ਵਾਰ ਬਹਿਸਾਂ ਕਰ ਕੇ, ਕੰਨ ਪਾਟੇ ਯੋਗੀ, ਮੂੰਹ ਦੀ ਖਾ ਚੁੱਕੇ ਸਨ ਪਰ ਉਹ ਫਿਰ ਵੀ ਲੋਕਾਈ ਨੂੰ ਆਪਣੇ ਮੰਗ ਖਾਣੇ ਪੰਥ ਵਾਸਤੇ ਪ੍ਰੇਰਤ ਕਰਨ ਤੋਂ ਨਹੀਂ ਸਨ ਹਟੇ ਤੇ ਗੁਰੂ ਜੀ ਦੇ ਮਿਸ਼ਨ ਨੂੰ ਆਪਣੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਸਮਝਦੇ ਹੋਏ, ਗੁਰੂ ਘਰ ਦਾ ਵਿਰੋਧ ਹੀ ਕਰਦੇ ਰਹੇ। ਉਹਨਾਂ ਦੇ ਸਿੱਖੀ ਤੋਂ ਉਲਟ ਪ੍ਰਚਾਰ ਤੋਂ ਵੀ ਗੁਰੂ ਨਾਨਕ ਦੀ ਸਿੱਖੀ ਰੂਪੀ ਫੁਲਵਾੜੀ ਨੂੰ ਗੁਰੂ ਅੰਗਦ ਜੀ ਨੇ ਬਚਾਇਆ ਵੀ ਤੇ ਇਸ ਨੂੰ ਅੱਗੇ ਵਧਾਇਆ ਵੀ। ਸਿੱਖ ਬੱਚਿਆਂ ਨੂੰ ਵਿੱਦਿਆ ਦੇ ਨਾਲ ਨਾਲ ਸਰੀਰਕ ਪੱਖੋਂ ਵੀ ਤੰਦਰੁਸਤ ਰੱਖਣ ਵਾਸਤੇ ਗੁਰੂ ਜੀ ਉਹਨਾਂ ਦੀਆਂ ਖੇਡਾਂ ਵਿਚ ਦਿਲਚਸਪੀ ਖ਼ੁਦ ਲਿਆ ਕਰਦੇ ਸਨ। ਇਸ ਗੱਲ ਦੀ ਯਾਦ, ਖਡੂਰ ਸਾਹਿਬ ਵਿਖੇ ਸੁਸ਼ੋਭਤ, ਗੁਰਦੁਆਰਾ ਮੱਲ ਅਖਾੜਾ ਸਾਹਿਬ ਸਾਨੂੰ ਦਿਵਾ ਰਿਹਾ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਅਤੇ ਸਾਖੀਆਂ ਦੀ ਸੰਭਾਲ ਗੁਰਮੁਖੀ ਅੱਖਰਾਂ ਵਿਚ ਲਿਖਵਾ ਕੇ ਸੰਭਾਲੀ। ਮੌਜੂਦਾ ਸਰੂਪ ਵਾਲੀ ਪੰਜਾਬੀ ਲਿੱਪੀ ਦੀ ਸੁਧਾਈ ਤੇ ਤਰਤੀਬ ਆਪ ਜੀ ਨੇ ਕਾਇਮ ਕਰ ਕੇ ਇਸ ਦਾ ਪ੍ਰਚਾਰ ਕੀਤਾ। ਗੁਰਮੁਖੀ ਲਿੱਪੀ ਜੋ ਕਿ ਪੰਜਾਬੀ ਭਾਸ਼ਾ ਨੂੰ ਲਿਖਣ ਵਾਸਤੇ ਸਭ ਤੋਂ ਢੁਕਵੀਂ ਸੀ ਤੇ ਹੈ, ਦਾ ਪ੍ਰਚਾਰ ਤੇ ਪ੍ਰਸਾਰ ਆਪ ਜੀ ਨੇ ਕੀਤਾ। ਇਸ ਤੋਂ ਕੁਝ ਸ਼ਰਧਾਵਾਨ ਇਤਿਹਾਸਕਾਰ ਇਹ ਭੁਲੇਖਾ ਵੀ ਖਾ ਗਏ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਜੀ ਨੇ ਬਣਾਏ ਹਨ ਜੋ ਕਿ ਸਹੀ ਨਹੀਂ ਤੇ ਇਸ ਦੀ ਗਵਾਹੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵੀ ਮਿਲਦੀ ਹੈ। ਹਾਂ, ਗੁਰੂ ਜੀ ਨੇ ਇਹਨਾਂ ਦਾ ਸੁਧਾਰ ਤੇ ਪ੍ਰਚਾਰ ਜ਼ਰੂਰ ਕੀਤਾ ਹੈ। ਫਿਰ ਇਸ ਲਿੱਪੀ ਵਿਚ ਗੁਰੂਆਂ ਦੀ ਬਾਣੀ ਤੇ ਇਤਿਹਾਸ ਅੰਕਤ ਹੋਣ ਕਰਕੇ ਹੀ ਸ਼ਾਇਦ ਇਸ ਦਾ ਨਾਂ ਲੋਕਾਂ ਵਿਚ ਗੁਰਮੁਖੀ ਪ੍ਰਚੱਲਤ ਹੋ ਗਿਆ ਹੋਵੇ!

ਇਸ ਤਰ੍ਹਾਂ ਗੁਰੂ ਜੀ, ਗੁਰੂ ਨਾਨਕ ਜੀ ਦੀ ਗੁਰਗੱਦੀ ਉਪਰ ੧੨ ਸਾਲ, ਨੌਂ ਮਹੀਨੇ, ੧੭ ਦਿਨ ਬਿਰਾਜ ਕੇ, ਦੁਨੀਆ ਦੀ ਸਰਬਪੱਖੀ ਭਲਾਈ ਦੇ ਯੋਗ ਉਪਰਾਲੇ, ਗੁਰੂ ਨਾਨਕ ਜੀ ਦੀ ਸਿਖਿਆ ਅਨੁਸਾਰ, ਕਰਦੇ ਹੋਏ, ੪੭ ਸਾਲ, ੧੧ ਮਹੀਨੇ, ੨੯ ਦਿਨ ਇਸ "ਦੁਨੀ ਸੁਹਾਵਾ ਬਾਗ" ਦੀ ਪ੍ਰਤਿਪਾਲਣਾ ਕਰਦੇ ਹੋਏ, ਆਪਣੀ ਥਾਂ ਭਾਈ ਅਮਰ ਦਾਸ ਜੀ ਨੂੰ ਗੁਰੂ ਸਥਾਪਨ ਕਰਨ ਉਪ੍ਰੰਤ, ੨੯ ਮਾਰਚ, ਸੰਨ ੧੫੫੨ ਵਾਲੇ ਦਿਨ, ਜੋਤੀ ਜੋਤਿ ਸਮਾ ਗਏ।

ਭਾਈ ਸਤੇ ਤੇ ਬਲਵੰਡਿ ਰਾਇ ਨੇ ਤਾਂ ਹੀ ਤਾਂ ਆਖਿਆ:

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥ *(੯੬੭)*

# ਤੇਰੀ ਉਪਮਾ ਤੋਹਿ ਬਨਿ ਆਵੈ

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥

ਜਗਤ ਗੁਰੂ ਬਾਬਾ ਨਾਨਕ ਜੀ ਦੀ ਤੀਜੀ ਜੋਤਿ, ਸ੍ਰੀ ਗੁਰੂ ਅਮਰ ਦਾਸ ਜੀ ਦਾ ਆਗਮਨ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ, ੫ ਮਈ ਸੰਨ ੧੪੭੯ ਨੂੰ, ਪਿਤਾ ਸ੍ਰੀ ਤੇਜ ਭਾਨ ਅਤੇ ਮਾਤਾ ਲਖਮੀ ਜੀ ਦੇ ਗ੍ਰਿਹ ਵਿਖੇ ਹੋਇਆ। ਚੌਵੀ ਕੁ ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਬੀਬੀ ਰਾਮ ਕੌਰ ਜੀ, ਨਾਲ ਹੋਇਆ ਤੇ ਆਪ ਜੀ ਦੇ ਗ੍ਰਹਿ ਵਿਖੇ ਦੋ ਸਾਹਿਬਜ਼ਾਦੇ, ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਅਤੇ ਦੋ ਸਪੁੱਤਰੀਆਂ, ਦਾਨੀ ਜੀ ਤੇ ਭਾਨੀ ਜੀ ਦੇ ਰੂਪ ਵਿਚ ਸੰਤਾਨ ਪੈਦਾ ਹੋਈ।

ਧਾਰਮਿਕ ਬਿਰਤੀ, ਤੀਰਥ ਇਸ਼ਨਾਨ, ਸੰਤਾਂ, ਮਹਾਂ ਪੁਰਸ਼ਾਂ ਦੀ ਸੰਗਤ, ਸੇਵਾ ਆਦਿ ਸ਼ੁਭ ਕਰਮਾਂ ਦੀ ਪ੍ਰੇਰਨਾ ਆਪ ਜੀ ਨੂੰ ਆਪਣੇ ਪਿਤਾ ਸ੍ਰੀ ਤੇਜ ਭਾਨ ਜੀ ਤੋਂ ਵਿਰਸੇ ਵਿਚ ਹੀ ਪ੍ਰਾਪਤ ਹੋਈ ਸੀ ਜਿਸ ਦੇ ਅਧੀਨ ਆਪ ਜੀ ਸਾਧੂਆਂ ਦੀ ਸੰਗਤ, ਤੀਰਥ ਯਾਤਰਾ, ਦਾਨ, ਪੁੰਨ ਆਦਿ ਸ਼ੁਭ ਕਰਮ ਕਰਿਆ ਕਰਦੇ ਸਨ। ੬੧ ਸਾਲ ਦੀ ਉਮਰ ਵਿਚ ਆਪ ਜੀ ਜਦੋਂ ਗੰਗਾ ਦੀ ਵੀਹਵੀਂ ਯਾਤਰਾ ਤੋਂ ਵਾਪਸ ਆ ਰਹੇ ਸਨ ਤਾਂ ਇਕ ਬ੍ਰਹਮਚਾਰੀ ਸਾਧੂ ਦੀ ਸੰਗਤ ਤੋਂ ਆਪ ਜੀ ਨੂੰ ਪਤਾ ਲੱਗਾ ਕਿ ਗੁਰੂ ਧਾਰਨ ਤੋਂ ਬਿਨਾ ਸ਼ੁਭ ਕਰਮ ਨਹੀਂ ਫਲਦੇ। ਉਸ ਸਾਧੂ ਦੇ ਬਚਨਾਂ ਉਪ੍ਰੰਤ ਆਪ ਜੀ ਬੇਚੈਨੀ ਮਹਿਸੂਸ ਕਰਨ ਲੱਗ ਪਏ ਤੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਸੱਚੇ ਗੁਰੂ ਦੀ ਭਾਲ ਕਿਵੇਂ ਕੀਤੀ ਜਾਵੇ! ਕਈ ਸਾਧੂ ਸੰਤਾਂ ਦੀ ਸੰਗਤ ਕੀਤੀ ਪਰ ਕਿਤਿਉਂ ਵੀ ਤਸੱਲੀ ਨਾ ਮਿਲੀ; ਮਾਨਸਿਕ ਸ਼ਾਂਤੀ ਨਾ ਪ੍ਰਾਪਤ ਹੋਈ। ਸਮਾ ਇਸ ਬੇਚੈਨੀ ਜਿਹੀ ਵਿਚ ਹੀ ਬੀਤ ਰਿਹਾ ਸੀ ਕਿ ਇਕ ਦਿਨ ਅੰਮ੍ਰਿਤ ਵੇਲੇ ਆਪਣੇ ਛੋਟੇ ਭਰਾ ਦੇ ਘਰੋਂ ਆਪ ਜੀ ਦੇ ਕੰਨਾਂ ਵਿਚ ਇਲਾਹੀ ਬਾਣੀ ਦੀ ਆਵਾਜ਼ ਪਈ। ਆਪ ਜੀ ਦੀ ਭਤੀਜ ਨੂੰਹ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ, ਬੀਬੀ ਅਮਰੋ ਜੀ, ਦੁਧ ਰਿੜਕਣ ਸਮੇ ਇਸ ਸ਼ਬਦ ਦਾ ਪਾਠ ਕਰ ਰਹੇ ਸਨ:

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ। *(੯੯੦)*

ਇਹ ਸ਼ਬਦ ਸੁਣ ਕੇ ਆਪ ਜੀ ਦੇ ਹਿਰਦੇ ਨੂੰ ਇਸ ਬਾਣੀ ਦੁਆਰਾ ਖਿੱਚ ਪਈ। ਦਿਨ ਚੜ੍ਹੇ ਆਪ ਜੀ ਨੇ ਭਰਾ ਦੇ ਘਰ ਜਾ ਕੇ ਉਹਨਾਂ ਦੀ ਨੂੰਹ, ਬੀਬੀ ਅਮਰੋ ਜੀ, ਪਾਸੋਂ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਉਹ ਆਪ ਤਾਂ ਜੋਤੀ ਜੋਤਿ ਸਮਾ ਗਏ ਹਨ ਪਰ ਉਹਨਾਂ ਦੀ ਥਾਂ ਬੀਬੀ ਜੀ ਦੇ ਪਿਤਾ, ਸ੍ਰੀ ਗੁਰੂ ਅੰਗਦ ਦੇਵ ਜੀ, ਖਡੂਰ ਸਾਹਿਬ ਵਿਖੇ ਬਿਰਾਜਦੇ ਹਨ। ਇਹ ਜਾਣ ਕੇ ਆਪ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਤੇ ਉਹਨਾਂ ਨੂੰ ਗੁਰੂ ਧਾਰਨ ਦਾ ਨਿਰਨਾ ਕਰ ਲਿਆ। ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਬਾਬਾ ਸ੍ਰੀ ਅਮਰ ਦਾਸ ਜੀ ਖਡੂਰ ਸਾਹਿਬ ਗੁਰੂ ਚਰਨਾਂ ਵਿਚ ਪਹੁੰਚ ਗਏ। ਉਸ ਸਮੇ ਆਪ ਜੀ ਦੀ ਆਯੂ ਸਾਢੇ ਕੁ ਇਕਾਹਠ ਸਾਲ ਦੀ ਸੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ੩੬ ਕੁ ਸਾਲ ਦੀ। ਗੁਰੂ ਜੀ ਦੀ ਹਜ਼ੂਰੀ ਅੰਦਰ ਪੁੱਜ ਕੇ ਦਰਸ਼ਨ ਕਰਦਿਆਂ ਹੀ, ਉਮਰ ਤੇ ਰਿਸ਼ਤੇ ਦੀ ਵਿਚਾਰ ਕਰਨ ਤੋਂ ਬਿਨਾ ਹੀ ਆਪ ਜੀ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ। ਅੰਤਰ ਆਤਮੇ ਸ਼ਾਂਤੀ ਪ੍ਰਤੀਤ ਹੋਈ। ਗੁਰੂ ਜੀ ਨੇ ਆਪ ਜੀ ਦੇ ਮੱਥੇ ਹੇਠ ਹੱਥ ਦੇ ਕੇ ਉਪਰ ਉਠਾਇਆ ਤੇ ਪਾਸ ਬੈਠਣ ਲਈ ਆਗਿਆ ਕੀਤੀ।

ਪਹਿਲੇ ਦਿਨ ਹੀ ਹਰ ਪ੍ਰਕਾਰ ਦੇ ਸ਼ੰਕੇ, ਭਰਮਾਂ ਤੇ ਦੁਬਿਧਾਵਾਂ ਦਾ ਨਾਸ ਹੋ ਗਿਆ। ਗੁਰਸਿੱਖੀ ਪ੍ਰਾਪਤ ਕਰ ਕੇ ਆਪ ਜੀ ਫਿਰ ਵਾਪਸ ਆਪਣੇ ਘਰ, ਪਿੰਡ ਬਾਸਰਕੇ ਨਾ ਗਏ ਤੇ ਸਦਾ ਲਈ ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਹੀ ਕਠਿਨ ਸੇਵਾ ਦੀ ਘਾਲਣਾ ਘਾਲਣ ਲੱਗ ਪਏ। ਉਮਰ, ਦੁਨਿਆਵੀ ਰਿਸ਼ਤੇ, ਲੋਕਾਂ ਦੇ ਤਾਹਨੇ ਮੇਹਣੇ, ਗੁਰੂ ਜੀ ਦੇ ਸਪੁੱਤਰਾਂ ਵੱਲੋਂ ਮਿਲਦੇ ਤ੍ਰਿਸਕਾਰ ਆਦਿ ਦੀ ਆਪ ਜੀ ਨੇ ਕੋਈ ਪਰਵਾਹ ਨਾ ਕੀਤੀ। ਸਦਾ ਹੀ ਗੁਰੂ ਜੀ ਤੇ ਗੁਰੂ ਜੀ ਦੀਆਂ ਸੰਗਤਾਂ ਦੀ ਸੇਵਾ ਵਿਚ ਹੀ ਲੀਨ ਰਹੇ। ਹਰ ਪ੍ਰਕਾਰ ਨਾਲ ਗੁਰੂ ਜੀ ਦੇ ਹੁਕਮ ਅੰਦਰ ਰਹਿ ਕੇ ਸੇਵਾ ਕਮਾਈ। ਹਾੜ ਹੋਵੇ ਜਾਂ ਸਿਆਲ; ਕੈਸਾ ਵੀ ਮੌਸਮ ਹੋਵੇ, ਆਪ ਜੀ ਰੋਜ਼ਾਨਾ ਸਵੇਰੇ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ

ਸਿਰ ’ਤੇ ਚੁੱਕ ਕੇ ਲਿਆਉਂਦੇ ਤੇ ਉਸ ਨਾਲ ਗੁਰੂ ਜੀ ਦਾ ਇਸ਼ਨਾਨ ਕਰਵਾਉਂਦੇ। ਬਿਰਧ ਸਰੀਰ ਹੋਣ ’ਤੇ, ਅਤੇ ਨੇੜੇ ਕੋਈ ਗਾਗਰ ਚੁਕਾ ਕੇ ਸਿਰ ’ਤੇ ਰਖਵਾਉਣ ਵਾਲਾ ਨਾ ਹੋਣ ਕਰਕੇ, ਆਪ ਜੀ ਗਾਗਰ ਨੂੰ ਸਿਰ ’ਤੇ ਰੱਖ ਕੇ ਦਰਿਆ ਵਿਚ ਡੁਬਕੀ ਲਾਉਂਦੇ। ਜਦੋਂ ਗਾਗਰ ਭਰ ਜਾਂਦੀ ਤਾਂ ਉਠ ਕੇ ਦਰਿਆ ਵਿਚੋਂ ਬਾਹਰ ਆਉਂਦੇ। ਇਸ ਤਰ੍ਹਾਂ ਗਿੱਲੇ ਬਸਤਰਾਂ ਨਾਲ ਹੀ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਪੁੱਜਦੇ। ਗਰਮੀ ਸਰਦੀ ਦੀ ਕੋਈ ਪਰਵਾਹ ਨਹੀਂ ਸੀ ਕਰਿਆ ਕਰਦੇ। ਲੰਗਰ ਵਿਚ ਵੀ ਜਲ ਦੀ ਸੇਵਾ ਕਰਨ ਦੇ ਨਾਲ ਸਿੱਖਾਂ ਨੂੰ ਖੂਹ ਵਿਚੋਂ ਜਲ ਕੱਢ ਕੇ ਇਸ਼ਨਾਨ ਕਰਵਾਉਂਦੇ। ਸਭ ਤੋਂ ਪਿੱਛੋਂ ਆਪ ਜੀ ਲੰਗਰ ਛਕਦੇ ਤੇ ਇਸ ਤਰ੍ਹਾਂ ਬਿਰਧ ਉਮਰ ਵਿਚ ਵੀ ਗਭਰੂਆਂ ਵਾਂਗ ਨਿਤਾਪ੍ਰਤੀ ਨਿਸ਼ਕਾਮ ਸੇਵਾ ਕਰਦੇ।

ਗੋਇੰਦੇ ਖੱਤਰੀ ਦੀ ਬੇਨਤੀ ’ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰ ਦਾਸ ਜੀ ਨੂੰ ਬਿਆਸ ਦਰਿਆ ਦੇ ਕਿਨਾਰੇ ਜਰਨੈਲੀ ਸੜਕ ਉਪਰ ਗੋਇੰਦਵਾਲ ਨਾਮੀ ਨਗਰ ਵਸਾਉਣ ਦਾ ਹੁਕਮ ਦਿੱਤਾ। ਸ੍ਰੀ ਅਮਰ ਦਾਸ ਜੀ ਨੇ ਇਸ ਸੇਵਾ ਨੂੰ ਵੀ ਸਫਲਤਾ ਸਹਿਤ ਨਿਭਾਇਆ ਤੇ ਬਾਅਦ ਵਿਚ, ਗੁਰੂ ਜੀ ਦੇ ਹੁਕਮ ਅਨੁਸਾਰ, ਆਪਣੇ ਪਰਵਾਰ ਸਮੇਤ ਏਥੇ ਵਾਸਾ ਵੀ ਕਰ ਲਿਆ। ਏਥੇ ਰਹਿੰਦਿਆਂ ਹੋਇਆਂ ਵੀ ਆਪ ਨੇ ਸਵੇਰੇ ਦਰਿਆ ਦੇ ਜਲ ਨਾਲ ਗੁਰੂ ਜੀ ਦਾ ਇਸ਼ਨਾਨ ਕਰਵਾਉਣ ਦੀ ਸੇਵਾ ਵਿਚ ਨਾਗ਼ਾ ਨਾ ਪਾਇਆ। ਅੰਮ੍ਰਿਤ ਵੇਲੇ ਗੋਇੰਦਵਾਲ ਤੋਂ ਜਾ ਕੇ ਬਿਆਸ ਦਰਿਆ ਤੋਂ ਜਲ ਦੀ ਗਾਗਰ ਭਰ ਕੇ ਤੇ ਸ੍ਰੀ ਖਡੂਰ ਸਾਹਿਬ ਵਿਚ ਗੁਰੂ ਜੀ ਦਾ ਇਸ਼ਨਾਨ ਕਰਵਾਉਂਦੇ। ਫਿਰ ਦਿਨੇ ਲੰਗਰ ਦੀ ਸੇਵਾ ਕਰ ਕੇ ਰਾਤ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਆਉਂਦੇ। ਸਵੇਰੇ ਫੇਰ ਏਹੀ ਸੇਵਾ ਦਾ ਕਰਮ ਸ਼ੁਰੂ ਹੋ ਜਾਂਦਾ।

ਸਤਿਗੁਰੂ ਅੰਗਦ ਦੇਵ ਜੀ ਨੇ ਇਹਨਾਂ ਦੀ ਹਰ ਪ੍ਰਕਾਰ ਕੀਤੀ ਗਈ ਤਕਰੀਬਨ ਬਾਰਾਂ ਸਾਲ ਦੀ ਸੇਵਾ ’ਤੇ ਪ੍ਰਸੰਨ ਹੋ ਕੇ ਤੇ ਹਰੇਕ ਤਰ੍ਹਾਂ ਯੋਗ ਜਾਣ ਕੇ ਆਪ ਜੀ ਨੂੰ, ੨੯ ਮਾਰਚ ਸੰਨ ੧੫੫੨ ਵਿਚ, ਗੁਰਗੱਦੀ ’ਤੇ ਸਥਾਪਤ ਕਰ ਦਿੱਤਾ ਤੇ ਪ੍ਰਚਾਰ ਦਾ ਕੇਂਦਰ ਗੋਇੰਦਵਾਲ ਨੂੰ ਬਣਾਉਣ ਦੀ ਆਗਿਆ ਕੀਤੀ। ਗੁਰੂ ਜੀ ਦੇ ਸਪੁੱਤਰਾਂ, ਬਾਬਾ ਦਾਸੂ ਜੀ ਤੇ ਬਾਬਾ ਦਾਤੂ ਜੀ, ਨੇ ਇਸ ਦਾ ਵਿਰੋਧ ਕੀਤਾ ਤੇ ਕੁਝ ਸ਼ਰਾਰਤੀ ਲੋਕਾਂ ਦੀ ਚੁੱਕ ਵਿਚ ਆ ਕੇ ਖ਼ੁਦ ਗੁਰੂ ਬਣਨ ਦੇ ਅਸਫਲ ਯਤਨ ਵੀ ਕੀਤੇ ਪਰ ਗੁਰੂ ਅਮਰ ਦਾਸ ਜੀ ਨੇ ਉਹਨਾਂ ਦੇ ਵਿਰੋਧ ਦਾ ਬੁਰਾ ਨਾ ਮਨਾ ਕੇ, ਆਪਣੇ ਪੂਜ ਗੁਰੂ ਜੀ ਦੇ ਸਾਹਿਬਜ਼ਾਦੇ ਜਾਣ ਕੇ, ਹਰ ਸਮੇ ਉਹਨਾਂ ਦਾ ਸਤਿਕਾਰ ਹੀ ਕੀਤਾ। ਉਹਨਾਂ ਬਾਰੇ ਜ਼ਰਾ ਵੀ ਬੁਰਾ ਨਾ ਸੋਚਿਆ।

ਗੁਰਗੱਦੀ ਦੀ ਜ਼ੁੰਮੇਵਾਰੀ ਸੰਭਾਲਣ ਉਪ੍ਰੰਤ ਆਪ ਜੀ ਨੇ ਗੁਰੂ ਕੀ ਨਗਰੀ ਸ੍ਰੀ ਗੋਇੰਦਵਾਲ ਸਾਹਿਬ ਦੀ ਸਰਬਪੱਖੀ ਉਸਾਰੀ ਕੀਤੀ ਤਾਂ ਕਿ ਸੰਗਤਾਂ, ਯਾਤਰੂਆਂ, ਮੁਸਾਫ਼ਰਾਂ ਆਦਿ ਨੂੰ ਹਰ ਤਰ੍ਹਾਂ ਦੀ ਸਹੂਲਤ ਪ੍ਰਾਪਤ ਹੋ ਸਕੇ। ਗੁਰੂ ਨਾਨਕ ਦੀ ਸਿੱਖੀ ਦੇ ਪ੍ਰਚਾਰ ਹਿਤ ਆਪ ਜੀ ਨੇ ਦੂਰ ਦੁਰਾਡੇ ਇਲਾਕਿਆਂ ਵਿਚ ਯੋਗ ਗੁਰਸਿੱਖਾਂ ਤੇ ਸਿੱਖਣੀਆਂ ਦੀ ਅਗਵਾਈ ਹੇਠ ਪ੍ਰਚਾਰ ਕੇਂਦਰ ਕਾਇਮ ਕੀਤੇ ਤਾਂ ਕਿ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਵਧ ਤੋਂ ਵਧ ਮਨੁੱਖਾਂ ਤੱਕ ਪੁਚਾਇਆ ਜਾ ਸਕੇ।

ਆਦਿ ਸਤਿਗੁਰੂ ਜੀ ਦੀਆਂ ਸਿਖਿਆਵਾਂ ਨੂੰ ਆਪ ਜੀ ਨੇ ਹੋਰ ਵੀ ਸਾਵਧਾਨਤਾ ਸਹਿਤ ਅਮਲੀ ਤੌਰ ’ਤੇ ਸਿੱਖ ਸੰਗਤਾਂ ਉਪਰ ਲਾਗੂ ਕੀਤਾ। ਜਾਤ ਪਾਤ ਦੇ ਵਿਰੁਧ ਨਾ ਕੇਵਲ ਪ੍ਰਚਾਰ ਹੀ ਕੀਤਾ ਬਲਕਿ ਦਰਸ਼ਨਾਂ ਤੋਂ ਪਹਿਲਾਂ ਸਾਂਝੇ ਲੰਗਰ ਦੀ ਪੰਗਤ ਵਿਚ ਬੈਠ ਕੇ ਲੰਗਰ ਛਕਣ ਦੀ ਜ਼ਰੂਰੀ ਹਿਦਾਇਤ ਕਰ ਦਿੱਤੀ ਤਾਂ ਕਿ ਸਿੱਖੀ ਸੋਚ ਵਾਲੇ ਕਿਸੇ ਵਿਅਕਤੀ ਵਿਚ ਉਚੀ ਜਾਤ ਦਾ ਹੰਕਾਰ ਨਾ ਰਹੇ। ਜੀਵਨ ਦੇ ਹਰ ਖੇਤਰ ਵਿਚ ਇਸਤਰੀ ਦੀ ਬਰਾਬਰਤਾ ਦਾ ਆਦਰਸ਼ ਕਾਇਮ ਕੀਤਾ। ਘੁੰਡ ਕੱਢਣ ਦੀ ਗ਼ਲਤ ਪ੍ਰੰਪਰਾ, ਸਤੀ ਦੀ ਰਸਮ, ਜੰਮਣ ਮਰਨ ਆਦਿ ਦੀਆਂ ਫ਼ਜ਼ੂਲ ਤੇ ਮਨੁੱਖੀ ਸਮਾਜ ਲਈ ਹਾਨੀਕਾਰਕ ਰਸਮਾਂ ਨੂੰ ਦੂਰ ਕੀਤਾ। ਗੁਰੂ ਦਰਬਾਰ ਦਾ ਲੰਗਰ ਤੇ ਗੁਰੂ ਜੀ ਵੱਲੋਂ ਰਚੀ ਗਈ ਬਾਉਲੀ ਨੇ ਜਾਤ ਪਾਤ ਤੋੜਨ ਵਿਚ ਅਹਿਮ ਹਿੱਸਾ ਪਾਇਆ। ਸਹਿਣਸ਼ੀਲਤਾ, ਖਿਮਾ ਕਰਨ, ਬੁਰੇ ਦਾ ਭਲਾ ਕਰਨ ਵਾਲੇ ਮਹਾਨ ਗੁਣਾਂ ਨੂੰ ਵਰਤੋਂ ਵਿਚ ਲਿਆ ਕੇ ਆਪ ਜੀ ਨੇ ਆਪਣੇ ਗੁਰਸਿੱਖਾਂ ਵਾਸਤੇ ਮਿਸਾਲਾਂ ਕਾਇਮ ਕੀਤੀਆਂ। ਅਨੰਦੁ ਸਾਹਿਬ ਸਮੇਤ ਬਹੁਤ ਸਾਰੀ ਬਾਣੀ ਉਚਾਰ ਕੇ ਆਪ ਜੀ ਨੇ ਮਨੁੱਖਤਾ ਦੀਆਂ ਆਉਂਦੀਆਂ ਪੀਹੜੀਆਂ ਦੀ ਭਲਾਈ ਵਾਸਤੇ ਗਾਡੀ ਰਾਹ ਕਾਇਮ ਕੀਤੇ। ਗ੍ਰਿਹਸਤੀ ਜੀਵਨ ਨੂੰ ਸੁਖੀ ਤੇ ਸਫਲਤਾ ਸਹਿਤ ਨਿਭਾਉਣ ਲਈ ਮਹਾਨ ਸਿੱਖਿਆਵਾਂ ਦੀ ਬਖ਼ਸ਼ਿਸ਼ ਕੀਤੀ। ਗੁਰੂ ਦਰਬਾਰ ਵਿਚ ਭਾਵੇਂ ਸਮੇ ਦਾ ਸ਼ਹਿਨਸ਼ਾਹ ਅਕਬਰ ਆਵੇ ਤੇ ਭਾਵੇਂ ਕੋਈ ਗ਼ਰੀਬ ਜੁੱਤੀਆਂ ਗੰਢਣ ਵਾਲਾ ਆਵੇ, ਸਭ ਦਾ ਬਰਾਬਰ ਮਾਣ ਕਰਨ ਦੀ ਸਿੱਖਿਆ ਗੁਰੂ ਜੀ ਨੇ ਦਿੱਤੀ। ਉਚੀ ਜਾਤ ਤੇ ਧਰਮ ਦੇ ਠੇਕੇਦਾਰਾਂ ਦੀ ਵਿਰੋਧਤਾ, ਬਾਬਾ ਦਾਸੂ ਜੀ ਤੇ ਬਾਬਾ ਦਾਤੂ ਜੀ ਦੀ ਈਰਖਾ, ਗੋਇੰਦੇ ਮਰਵਾਹੇ ਖੱਤਰੀ ਦੀ ਸੰਤਾਨ ਦਾ ਵਿਰੋਧ, ਗੋਇੰਦਵਾਲ ਦੇ ਵਸਨੀਕ ਖੋਜਿਆਂ ਦੀਆਂ ਸ਼ਰਾਰਤਾਂ ਆਦਿ ਦਾ ਟਾਕਰਾ ਆਪ ਜੀ ਨੇ ਸਹਿਣਸ਼ੀਲਤਾ, ਖਿਮਾ ਸਹਿਤ ਅਤੇ ਉਹਨਾਂ ਦੀਆਂ ਵਧੀਕੀਆਂ ਨੂੰ ਨਜ਼ਰ ਅੰਦਾਜ਼ ਕਰ ਕੇ ਕੀਤਾ। ਇਸ ਤਰ੍ਹਾਂ ਗੁਰਸਿੱਖਾਂ ਨੂੰ ਧੀਰਜ ਅਪਣਾਉਣ ਦਾ ਅਮਲੀ ਉਪਦੇਸ਼ ਦਿੱਤਾ।

ਆਪਣਾ ਸਰੀਰਕ ਅੰਤ ਸਮਾ ਨੇੜੇ ਜਾਣ ਕੇ, ਹਰ ਤਰ੍ਹਾਂ ਦੀ ਪਰਖ ਉਪ੍ਰੰਤ, ਆਪਣੇ ਛੋਟੇ ਦਾਮਾਦ ਭਾਈ ਜੇਠਾ ਜੀ ਨੂੰ ਹਰ ਪ੍ਰਕਾਰ ਇਸ ਪਦਵੀ ਦੇ ਯੋਗ ਜਾਣ ਕੇ, ੧ ਸਤੰਬਰ ਸੰਨ ੧੫੭੪ ਵਾਲੇ ਦਿਨ ਗੁਰਗੱਦੀ ’ਤੇ ਬਿਰਾਜਮਾਨ ਕਰਨ ਦੀ ਰਸਮ ਨੂੰ ਸਰੰਜਾਮ ਦੇ ਦਿੱਤਾ। ਇਹ

ਹੁਕਮ ਵੀ ਕਰ ਦਿੱਤਾ ਕਿ ਹੁਣ ਸ੍ਰੀ ਗੁਰੂ ਰਾਮ ਦਾਸ ਜੀ ਉਹਨਾਂ ਦੀ ਆਗਿਆ ਅਨੁਸਾਰ ਹੀ ਵਸਾਏ ਗਏ ਨਗਰ, ਸ੍ਰੀ ਅੰਮ੍ਰਿਤਸਰ ਜੀ, ਨੂੰ ਆਪਣਾ ਪ੍ਰਚਾਰ ਕੇਂਦਰ ਬਣਾਉਣ ਤੇ ਓਥੇ ਹੀ ਆਪਣਾ ਨਿਵਾਸ ਲੈ ਜਾਣ।

ਭਾਵੇਂ ਕਿ ਗੁਰੂ ਜੀ ਦੇ ਵੱਡੇ ਦਾਮਾਦ ਭਾਈ ਰਾਮਾ ਜੀ ਵੀ ਗੁਰੂ ਘਰ ਦੀ ਸੇਵਾ ਕਰਨ ਵਿਚ ਕਿਸੇ ਪ੍ਰਕਾਰ ਪਿੱਛੇ ਨਹੀਂ ਸਨ ਤੇ ਸੰਗਤਾਂ ਵਿਚ ਵੀ ਦੋਵੇਂ ਸੇਵਕ ਬਰਾਬਰ ਹੀ ਸਮਝੇ ਜਾਂਦੇ ਸਨ ਪਰ ਅੰਤਮ ਪ੍ਰੀਖਿਆ ਵਿਚ ਭਾਈ ਜੇਠਾ ਜੀ ਹੀ ਪੂਰੇ ਉਤਰੇ। ਆਸ ਅਨੁਸਾਰ ਹੀ ਸਾਹਿਬਜ਼ਾਦਿਆਂ ਨੇ ਵਿਰੋਧ ਕੀਤਾ ਪਰ ਸਮਝਾਉਣ ਉਪ੍ਰੰਤ ਛੋਟੇ ਸਾਹਿਬਜ਼ਾਦੇ ਬਾਬਾ ਮੋਹਰੀ ਜੀ ਸਹਿਮਤ ਹੋ ਗਏ ਅਤੇ ਗੁਰੂ-ਪਿਤਾ ਦਾ ਹੁਕਮ ਮੰਨ ਕੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਚਰਨਾਂ 'ਤੇ ਮੱਥਾ ਟੇਕ ਦਿੱਤਾ।

ਇਉਂ ਆਪ ਜੀ ਬਾਈ ਸਾਲ ਦੇ ਕਰੀਬ ਗੁਰੂ ਨਾਨਕ ਜੀ ਦੀ ਫੁਲਵਾੜੀ ਦੀ ਸੰਭਾਲ ਕਰਦੇ ਹੋਏ, ਮਨੁੱਖਤਾ ਦੀ ਸਰਬ ਪੱਖੀ ਭਲਾਈ ਕਰਦੇ ਹੋਏ, ੯੫ ਕੁ ਸਾਲ ਦੀ ਸਰੀਰਕ ਉਮਰ, ਨਿਰੰਕਾਰ ਦੇ ਸਾਜੇ ਇਸ, "ਦੁਨੀ ਸੁਹਾਵਾ ਬਾਗ" ਵਿਚ ਬਿਤਾ ਕੇ, ਆਪਣੇ ਸਥਾਨ 'ਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਰੂਪ ਵਿਚ ਯੋਗ ਗੁਰ ਵਿਅਕਤੀ ਦੀ ਸਥਾਪਨਾ ਕਰ ਕੇ, ੧ ਸਤੰਬਰ ਸੰਨ ੧੫੭੪ ਨੂੰ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪਰਮ ਜੋਤਿ ਵਿਚ ਲੀਨ ਹੋ ਗਏ।

# ਧੰਨੁ ਧੰਨੁ ਰਾਮਦਾਸ ਗੁਰੁ

ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ, ਲਾਹੌਰ 'ਚ, ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਗ੍ਰਿਹ ਵਿਖੇ, ੨੪ ਸਤੰਬਰ ਸੰਨ ੧੫੩੪ ਨੂੰ ਪਰਗਟ ਹੋਏ। ਬਚਪਨ ਵਿਚ ਆਪ ਜੀ ਦਾ ਨਾਂ ਜੇਠਾ ਸੀ।

ਸੁਜਾਨ ਪਾਠਕ ਜਾਣ ਹੀ ਗਏ ਹੋਣਗੇ ਕਿ ਇਸ ਤਰ੍ਹਾਂ ਇਕੋ ਸਮੇ ਸਰੀਰਕ ਤੌਰ 'ਤੇ ਚਾਰੇ ਗੁਰੂ ਸਾਹਿਬਾਨ ਇਸ ਸੰਸਾਰ ਵਿਚ ਵਿਚਰ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ੧੫੩੯ ਵਿਚ ਜੋਤੀ ਜੋਤਿ ਸਮਾਏ, ਸ੍ਰੀ ਗੁਰੂ ਅੰਗਦ ਦੇਵ ਜੀ ਸੰਨ ੧੫੦੪ ਵਿਚ ਪਰਗਟ ਹੋਏ ਤੇ ਸ੍ਰੀ ਗੁਰੂ ਅਮਰ ਦਾਸ ਜੀ ਸੰਨ ੧੪੭੯ ਵਿਚ। ਅਰਥਾਤ ਸ੍ਰੀ ਗੁਰੂ ਨਾਨਕ ਦੇਵ ਜੀ ਨਾਲੋਂ ਕੇਵਲ ਦਸ ਸਾਲ ਹੀ ਛੋਟੇ ਸਨ ਜੋ ਕਿ ਬਾਅਦ ਵਿਚ ਤੀਜੇ ਥਾਂ ਸਤਿਗੁਰਾਂ ਦੇ ਰੂਪ ਵਿਚ ਸਥਾਪਤ ਹੋਏ।

ਅਜੇ ਬਾਲ ਅਵਸਥਾ ਵਿਚ ਹੀ ਸਨ ਕਿ ਆਪ ਜੀ ਦੇ ਮਾਤਾ ਪਿਤਾ ਵਾਰੀ ਵਾਰੀ ਅਕਾਲ ਪੁਰਖ ਦੇ ਭਾਣੇ ਅੰਦਰ ਪਰਲੋਕ ਸਿਧਾਰ ਗਏ ਤੇ ਆਪ ਜੀ ਯਤੀਮ ਹੋ ਗਏ। ਯਤੀਮ ਦੋਹਤੇ ਦਾ ਲਾਹੌਰ ਵਿਚ ਰਹਿਣਾ ਮੁਸ਼ਕਲ ਜਾਣ ਕੇ ਆਪ ਜੀ ਦੇ ਨਾਨੀ ਜੀ ਆਪਣੇ ਪਿੰਡ ਬਾਸਰਕੇ ਲੈ ਆਏ। ਦੇਵ ਨੇਤ ਹੀ ਇਹ ਪਿੰਡ ਸ੍ਰੀ ਗੁਰੂ ਅਮਰ ਦਾਸ ਜੀ ਦਾ ਆਪਣਾ ਜਨਮ ਸਥਾਨ ਦਾ ਪਿੰਡ ਸੀ। ਏਥੇ ਆ ਕੇ ਜੋ ਪੰਜਾਬ ਦੇ ਖੱਤਰੀ ਸਮਾਜ ਦਾ ਕਾਰਜ ਹੁੰਦਾ ਹੈ ਦੁਕਾਨਦਾਰੀ, ਵਾਪਾਰ ਆਦਿ ਖ਼ਾਨਦਾਨੀ ਕਿੱਤਾ, ਸਤਿਕਾਰਯੋਗ ਨਾਨੀ ਜੀ ਨੇ ਬਚਪਨ ਤੋਂ ਹੀ ਜੇਠਾ ਜੀ ਨੂੰ ਸਿਖਾਉਣਾ ਆਰੰਭ ਕਰ ਦਿੱਤਾ ਤਾਂ ਕਿ ਸਮਾ ਆਉਣ 'ਤੇ ਬੱਚਾ ਆਰਥਿਕ ਤੌਰ 'ਤੇ ਆਪਣੇ ਪੈਰਾਂ ਸਿਰ ਖੜ੍ਹਾ ਹੋ ਸਕੇ ਤੇ ਨਾਲੇ ਘਰ ਵਿਚ ਗ਼ਰੀਬੀ ਹੋਣ ਕਰਕੇ ਵੀ ਛੋਟੀ ਉਮਰ ਤੋਂ ਹੀ ਕੁਝ ਕਮਾਉਣ ਲੱਗ ਪਏ। ਨਾਨੀ ਜੀ ਨੇ ਛੋਲਿਆਂ ਨੂੰ ਉਬਾਲ ਕੇ ਉਹਨਾਂ ਦੀਆਂ ਘੁੰਙਣੀਆਂ ਬਣਾ ਕੇ ਇਕ ਛਾਬੇ ਵਿਚ ਸਜਾ ਕੇ ਰੋਜ਼ਾਨਾ ਬਾਲਕ ਜੇਠਾ ਜੀ ਨੂੰ ਵੇਚਣ ਲਈ ਭੇਜਣਾ। ਆਪ ਜੀ ਬਚਪਨ ਤੋਂ ਹੀ ਉਦਾਰ ਚਿੱਤ ਹੋਣ ਕਰਕੇ ਕਿਰਸੀ ਬਿਰਤੀ ਦੇ ਧਾਰਨੀ ਨਹੀਂ ਸਨ ਤੇ ਇਸ ਤਰ੍ਹਾਂ ਲੋੜਵੰਦਾਂ ਨੂੰ ਹੁਦਾਰ ਜਾਂ ਮੁਫ਼ਤ ਵੀ ਘੁੰਙਣੀਆਂ ਖਵਾ ਦੇਣੀਆਂ ਤੇ ਪੈਸਿਆਂ ਦੀ ਕੋਈ ਪਰਵਾਹ ਨਾ ਕਰਨੀ। ਇਹ ਚਾਲੇ ਵੇਖ ਕੇ ਆਪ ਦੇ ਨਾਨਾ ਜੀ ਨੇ ਸਖ਼ਤੀ ਨਾਲ ਵੀ ਦੁਨੀਆਦਾਰੀ ਦੀ ਸਮਝ ਦੇਣ ਦਾ ਯਤਨ ਕਰਨਾ।

ਬਾਸਰਕੇ ਪਿੰਡ ਦੀ ਸੰਗਤ ਸ੍ਰੀ ਗੁਰੂ ਅਮਰ ਦਾਸ ਜੀ ਦੇ ਦਰਸ਼ਨਾਂ ਲਈ ਸ੍ਰੀ ਗੋਇੰਦਵਾਲ ਸਾਹਿਬ ਜਾਇਆ ਕਰਦੀ ਸੀ। ਇਕ ਦਿਨ ਆਪ ਜੀ ਵੀ ਗੁਰੂ ਪ੍ਰੇਮ ਦੀ ਖਿੱਚ ਸਦਕਾ, ਸੰਗਤ ਦੇ ਨਾਲ ਹੀ ਤੁਰ ਪਏ ਤੇ ਗੁਰੂ ਜੀ ਦੇ ਦਰਸ਼ਨਾਂ ਉਪ੍ਰੰਤ ਪ੍ਰੇਮ ਦੇ ਖਿੱਚੇ ਹੋਏ, ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਸਦਾ ਲਈ ਗੁਰੂ ਚਰਨਾਂ ਵਿਚ ਟਿਕ ਗਏ। ਗੁਰੂ ਦਰਬਾਰ ਵਿਚ ਰਾਤ ਦਿਨ ਨਿਸ਼ਕਾਮ ਸੇਵਾ ਦੀ ਕਰੜੀ ਘਾਲ ਕਮਾਈ ਕਰਦੇ ਹੋਏ ਕਬੀਰ ਜੀ ਦੇ ਸ਼ਬਦਾਂ ਵਿਚ, "ਸੰਤਨ ਸੰਗਿ ਕਬੀਰਾ ਬਿਗਰਿਓ। ਸੋ ਕਬੀਰੁ ਰਾਮੈ ਹੋਇ ਨਿਬਰਿਓ।" (੧੧੫੮) ਆਪ ਜੀ ਸੇਵਕ ਤੋਂ ਸੇਵਾ ਕਰਕੇ ਅੰਤ ਵਿਚ ਗੁਰੂ ਦਾ ਰੂਪ ਹੀ ਹੋ ਨਿੱਬੜੇ।

ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਘਰ ਦੀ ਗਾਖੜੀ ਸੇਵਾ ਵਿਚ ਲੀਨ ਸਨ ਕਿ ਇਕ ਖ਼ਾਸ ਘਟਨਾ ਘਟ ਗਈ। ਤੀਜੇ ਗੁਰੂ ਜੀ ਦੇ ਮਹਿਲ ਮਾਤਾ ਰਾਮ ਕੌਰ ਜੀ ਨੇ ਇਕ ਦਿਨ ਆਪਣੇ ਪਤੀ, ਸ੍ਰੀ ਗੁਰੂ ਅਮਰ ਦਾਸ ਜੀ ਨੂੰ ਬੇਨਤੀ ਕੀਤੀ ਕਿ ਉਹਨਾਂ ਦੀ ਛੋਟੀ ਸਾਹਿਬਜ਼ਾਦੀ

ਬੀਬੀ ਭਾਨੀ ਸੁਖ ਨਾਲ ਸਿਆਣੀ ਹੋ ਗਈ ਹੈ ਤੇ ਇਸ ਦੇ ਵਿਆਹ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਹੈ ਵੀ ਠੀਕ ਕਿ ਬੱਚਿਆਂ ਦੇ ਖਾਨ, ਪਾਨ, ਵਿੱਦਿਆ, ਸੇਹਤ, ਪਰਵਰਸ਼ ਆਦਿ ਤੋਂ ਬਾਅਦ ਸਮਾ ਆਉਣ 'ਤੇ ਉਹਨਾਂ ਦੇ ਵਿਆਹ ਦਾ ਵੀ, ਆਪਣੀ ਜੁੰਮੇਵਾਰੀ ਸਮਝ ਕੇ, ਸਿਆਣੇ ਮਾਪਿਆਂ ਨੂੰ ਫ਼ਿਕਰ ਹੁੰਦਾ ਹੈ ਤੇ ਉਹ ਇਸ ਫ਼ਰਜ਼ ਨੂੰ ਅੱਖੋਂ ਓਹਲੇ ਨਹੀਂ ਕਰਦੇ। ਬਹੁਤੀ ਵਾਰੀ ਇਉਂ ਵੀ ਹੁੰਦਾ ਹੈ ਕਿ ਪਿਤਾ ਤਾਂ ਆਪਣੀ ਪੁੱਤਰੀ ਨੂੰ ਪਹਿਲਾਂ ਵਾਂਙ ਬੱਚੀ ਹੀ ਸਮਝਦਾ ਹੈ ਤੇ ਉਸ ਦੇ ਵਿਆਹ ਦੇ ਯੋਗ ਹੋ ਜਾਣ ਬਾਰੇ ਉਸ ਨੂੰ ਕੋਈ ਖ਼ਿਆਲ ਹੀ ਨਹੀਂ ਹੁੰਦਾ ਪਰ ਸਿਆਣੀਆਂ ਮਾਵਾਂ ਸਮੇ ਸਿਰ ਸੁਚੇਤ ਹੋ ਜਾਂਦੀਆਂ ਹਨ ਤੇ ਆਪਣੀਆਂ ਬੱਚੀਆਂ ਦੀ ਸ਼ਾਦੀ ਦਾ ਪ੍ਰਬੰਧ ਕਰਨ ਲਈ ਆਪਣੇ ਪਤੀਆਂ ਨੂੰ ਸੁਚੇਤ ਕਰ ਦਿੰਦੀਆਂ ਹਨ। ਸੋ ਸਮੇ ਦੇ ਰਿਵਾਜ ਅਨੁਸਾਰ ਜਦੋਂ ਲਾਗੀ ਨੂੰ ਆਪਣੀ ਬੱਚੀ ਵਾਸਤੇ ਯੋਗ ਵਰ ਲੱਭਣ ਲਈ ਤੋਰਨ ਲੱਗੇ ਤਾਂ ਅਚਾਨਕ ਮਾਤਾ ਜੀ ਦੀ ਨਿਗਾਹ ਸਾਹਮਣੇ ਆਏ ਭਾਈ ਜੇਠਾ ਜੀ ਉਪਰ ਪੈ ਗਈ। ਮਾਤਾ ਜੀ ਦੇ ਮੂੰਹੋਂ ਅਚਾਨਕ ਬਿਨਾ ਕੁਝ ਵਿਚਾਰੇ ਦੇ ਹੀ ਨਿਕਲ ਗਿਆ, "ਵਰ ਐਸ ਕਾਕੇ ਜਿਹਾ ਹੋਵੇ!" ਆਪਣੇ ਮਹਿਲਾਂ ਦੇ ਮੁਖੋਂ ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਸ ਜੇਹਾ ਤਾਂ ਫਿਰ ਏਹੋ ਹੀ ਹੈ।" ਬਿਨਾ ਭਾਈ ਜੇਠਾ ਜੀ ਦੇ ਪਰਵਾਰਕ ਪਿਛੋਕੜ ਵਿਚਾਰਨ ਦੇ ਗੁਰੂ ਜੀ ਨੇ ਆਪਣੀ ਛੋਟੀ ਬੱਚੀ ਬੀਬੀ ਭਾਨੀ ਜੀ ਦਾ ਮੰਗਣਾ ਭਾਈ ਜੇਠਾ ਜੀ ਨਾਲ ਕਰ ਦਿੱਤਾ ਤੇ ਕੁਝ ਸਮੇ ਬਾਅਦ, ਸੰਨ ੧੫੫੩ ਵਿਚ, ਬੀਬੀ ਭਾਨੀ ਜੀ ਤੇ ਭਾਈ ਜੇਠਾ ਜੀ ਦਾ ਵਿਆਹ ਵੀ ਕਰ ਦਿੱਤਾ ਗਿਆ।

ਵਿਆਹ ਉਪ੍ਰੰਤ ਵੀ ਭਾਈ ਜੇਠਾ ਜੀ ਨੇ ਦੁਨਿਆਵੀ ਰਿਸ਼ਤੇ ਦਾ ਕਦੀ ਕੋਈ ਮਾਣ ਨਾ ਕੀਤਾ ਤੇ ਇਕ ਸੱਚੇ ਸੇਵਕ ਵਾਂਗ ਹੀ ਗੁਰੂ ਘਰ ਵਿਚ ਰਹਿ ਕੇ ਸੇਵਾ ਕਮਾਉਂਦੇ ਰਹੇ। ਗੁਰੂ ਜੀ ਦੇ ਵੱਡੇ ਦਾਮਾਦ, ਬੀਬੀ ਦਾਨੀ ਦੇ ਪਤੀ ਭਾਈ ਰਾਮਾ ਜੀ ਵੀ ਗੁਰੂ ਦਰ 'ਤੇ ਹੀ ਰਹਿ ਕੇ ਸੇਵਾ ਕਮਾ ਰਹੇ ਸਨ। ਏਸੇ ਸਮੇ ਦੌਰਾਨ ਹੀ ਆਪ ਜੀ ਦੇ ਘਰ ਤਿੰਨ ਸਾਹਿਬਜ਼ਾਦਿਆਂ ਨੇ ਜਨਮ ਲਿਆ: ਵੱਡੇ ਬਾਬਾ ਪ੍ਰਿਥੀ ਚੰਦ ਜੀ, ਵਿਚਕਾਰਲੇ ਬਾਬਾ ਮਹਾਂ ਦੇਵ ਜੀ ਤੇ ਛੋਟੇ ਸ੍ਰੀ ਗੁਰੂ ਅਰਜਨ ਦੇਵ ਜੀ। ਸ੍ਰੀ ਗੁਰੂ ਅਮਰ ਦਾਸ ਜੀ ਆਪ ਜੀ ਦੀ ਸੇਵਾ 'ਤੇ ਪ੍ਰਸੰਨ ਹੋ ਕੇ ਆਪ ਜੀ ਨੂੰ 'ਰਾਮ ਦਾਸ' ਨਾਂ ਨਾਲ ਹੀ ਸੰਬੋਧਨ ਕਰਿਆ ਕਰਦੇ ਸਨ। ਇਹਨੀਂ ਦਿਨੀਂ ਹੀ ਲਾਹੌਰ ਤੋਂ, ਭਾਈ ਜੇਠਾ ਜੀ ਦੇ ਸ਼ਰੀਕੇ ਭਾਈਚਾਰੇ ਦੇ ਸੋਢੀ, ਹਰਿਦੁਆਰ ਜਾਂਦੇ ਹੋਏ ਸ੍ਰੀ ਗੋਇੰਦਵਾਲ ਸਾਹਿਬ ਰੁਕੇ। ਉਹਨਾਂ ਦੇ ਵਿਚਾਰ ਵਿਚ ਸੀ ਕਿ ਸਾਡਾ ਮੁੰਡਾ ਗੁਰੂ ਦਾ ਜਵਾਈ ਹੈ ਤੇ ਗੁਰੂ ਘਰ ਦੀ ਵਡਿਆਈ ਸਾਰੇ ਪ੍ਰਸਿੱਧ ਹੀ ਸੀ; ਇਸ ਲਈ ਉਹ ਸੋਚਦੇ ਸਨ ਕਿ ਓਥੇ ਸਾਡੇ ਮੁੰਡੇ ਦੀ ਬੜੀ ਪੁੱਛ ਗਿੱਛ ਹੋਵੇਗੀ। ਸਾਨੂੰ ਕੁੜਮਾਚਾਰੀ ਕਰਕੇ ਉਚੇਚਾ ਆਦਰ ਮਾਣ ਮਿਲੇਗਾ ਤੇ ਸਾਡੀ ਵਿਸ਼ੇਸ਼ ਸੇਵਾ ਹੋਵੇਗੀ ਪਰ ਗੁਰੂ ਘਰ ਵਿਚ ਤਾਂ, "ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ" (੬੪੮) ਵਾਲਾ ਵਰਤਾਰਾ ਹੀ ਵਰਤਦਾ ਸੀ। ਜਦੋਂ ਉਹਨਾਂ ਨੇ ਵੇਖਿਆ ਕਿ ਭਾਈ ਜੇਠਾ ਜੀ ਓਥੇ ਆਮ ਸਿੱਖਾਂ ਵਾਂਗ ਹੀ ਸੇਵਾ ਕਰ ਰਹੇ ਹਨ ਤੇ ਜਵਾਈਆਂ ਭਾਈਆਂ ਵਾਲਾ ਵਰਤਾਰਾ ਕੋਈ ਨਾ ਦਿਸਿਆ ਤਾਂ ਉਹ ਗ਼ੁੱਸੇ ਵਿਚ ਬੁਰਾ ਭਲਾ ਬੋਲਣ ਲੱਗ ਪਏ। ਭਾਈ ਜੇਠਾ ਜੀ ਨੂੰ ਤਾਹਨੇ ਮਾਰਨ ਲੱਗ ਪਏ ਕਿ ਜੇ ਇਸ ਤਰ੍ਹਾਂ ਟੋਕਰੀ ਢੋ ਕੇ ਹੀ ਰੋਟੀ ਖਾਣੀ ਸੀ ਤਾਂ ਸਹੁਰਿਆਂ ਦਾ ਘਰ ਹੀ ਰਹਿ ਗਿਆ ਸੀ! ਕਿਤੇ ਹੋਰ ਮੇਹਨਤ ਮਜ਼ੂਰੀ ਕਰ ਲੈਂਦਾ! ਬੁੜ ਬੁੜ ਕਰਦੇ ਹੀ ਗੁਰੂ ਜੀ ਪਾਸ ਜਾ ਕੇ ਵੀ ਹੰਕਾਰ ਦੇ ਬਚਨ ਕਰਨ ਲੱਗ ਪਏ। ਉਹਨਾਂ ਨੂੰ ਉਲਾਹਮਾ ਦੇ ਕੇ ਆਖਣ ਲੱਗੇ, "ਜੇ ਸਾਡੇ ਮੁੰਡੇ ਨੂੰ ਦੁਨੀਆਦਾਰੀ ਦੀ ਸਮਝ ਨਹੀਂ ਤਾਂ ਤੁਸੀਂ ਤਾਂ ਸਿਆਣੇ ਬਿਆਣੇ ਸੀ। ਤੁਸੀਂ ਘਰ ਜਵਾਈ ਨੂੰ ਇਸ ਤਰ੍ਹਾਂ ਮਜ਼ਦੂਰਾਂ ਵਾਂਗ ਟੋਕਰੀ ਢੋਣ ਲਾਇਆ ਹੋਇਆ ਹੈ। ਤੁਹਾਨੂੰ ਕੁਝ ਵੀ ਲੋਕ ਲਾਜ ਦਾ ਖ਼ਿਆਲ ਨਹੀਂ!" ਗੁਰੂ ਜੀ ਨੇ ਮੁਸਕਰਾ ਕੇ ਆਖਿਆ, "ਪੁਰਖਾ, ਇਹ ਟੋਕਰੀ ਨਹੀਂ, ਭਾਈ ਜੇਠਾ ਜੀ ਦੇ ਸਿਰ 'ਤੇ ਦੀਨ ਦੁਨੀ ਦਾ ਛਤਰ ਹੈ।" ਪਰ ਉਹ ਭੋਲੇ ਦੁਨਿਆਵੀ ਸੋਚ ਵਾਲੇ ਲੋਕ ਕੀ ਜਾਨਣ ਗੁਰੂ ਦੀਆਂ ਰਮਜ਼ਾਂ ਨੂੰ! ਭਾਈ ਜੇਠਾ ਜੀ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਗੁਰੂ ਜੀ ਦੀ ਸੇਵਾ ਵਿਚ ਬੇਨਤੀ ਕਰਦਿਆਂ ਆਖਿਆ ਕਿ ਉਹ ਗੁਰੂ ਦੀ ਮਹਿਮਾ ਨੂੰ ਨਹੀਂ ਜਾਣਦੇ। ਇਸ ਲਈ ਨਿੱਕੀਆਂ ਗੱਲਾਂ ਕਰਦੇ ਹਨ। ਗੁਰੂ ਜੀ ਕਿਰਪਾ ਕਰਕੇ ਉਹਨਾਂ ਨੂੰ ਮੁਆਫ਼ ਕਰ ਦੇਣ। ਭਾਈ ਜੇਠਾ ਜੀ ਦਾ ਲਾਹੌਰੀ ਸ਼ਰੀਕਾ ਰਾਤ ਰਹਿ ਕੇ ਅਗਲੇ ਦਿਨ ਅੱਗੇ ਨੂੰ ਤੁਰ ਗਿਆ।

ਗੁਰੂ ਜੀ ਜਾਣਦੇ ਹੀ ਸਨ ਕਿ ਗੁਰੂ ਨਾਨਕ ਦੀ ਗੱਦੀ ਦਾ ਅਧਿਕਾਰੀ ਅਸਲ ਵਿਚ ਕੌਣ ਹੈ ਪਰ ਸੰਗਤਾਂ ਵਿਚ ਗੁਰੂ ਜੀ ਦੇ ਦੋਵੇਂ ਦਾਮਾਦ ਹੀ ਇਕੋ ਜਿੰਨੇ ਸਤਿਕਾਰ ਦੇ ਪਾਤਰ ਸਨ ਤੇ ਕੋਈ ਨਹੀਂ ਸੀ ਜਾਣਦਾ ਕਿ ਇਹਨਾਂ ਦੋਹਾਂ ਵਿਚੋਂ ਕੌਣ ਇਹ ਮਾਣ ਪ੍ਰਾਪਤ ਕਰੇਗਾ। ਸਾਹਿਬਜ਼ਾਦਿਆਂ ਬਾਰੇ ਤਾਂ ਸੰਗਤਾਂ ਨੂੰ ਪਤਾ ਲੱਗ ਹੀ ਚੁੱਕਿਆ ਸੀ ਕਿ ਉਹਨਾਂ ਦੋਹਾਂ ਵਿਚੋਂ ਕਿਸੇ ਨੂੰ ਇਹ ਮਾਣ ਨਹੀਂ ਪ੍ਰਾਪਤ ਹੋਵੇਗਾ। ਆਪਣਾ ਅੰਤਮ ਸਮਾ ਨੇੜੇ ਜਾਣ ਕੇ ਇਕ ਦਿਨ ਗੁਰੂ ਜੀ ਨੇ ਅੰਤਮ ਪ੍ਰੀਖਿਆ ਲੈਣ ਦਾ ਵਿਚਾਰ ਬਣਾਇਆ। ਦੋਹਾਂ ਜਵਾਈਆਂ ਨੂੰ ਆਖਿਆ ਕਿ ਬਾਉਲੀ ਦੀ ਸੇਵਾ ਹੁੰਦੀ ਵੇਖਣ ਵਾਸਤੇ ਉਹਨਾਂ ਦੇ ਬੈਠਣ ਲਈ ਯੋਗ ਥੜ੍ਹਾ ਬਣਾਇਆ ਜਾਵੇ। ਪੂਰੀ ਜਾਣਕਾਰੀ ਵੀ ਦੇ ਦਿੱਤੀ ਗਈ। ਭਾਈ ਰਾਮਾ ਜੀ ਤੇ ਭਾਈ ਜੇਠਾ ਜੀ ਥੜ੍ਹੇ ਬਣਾ ਦੇਣ ਤੇ ਗੁਰੂ ਜੀ ਵੇਖਣ ਉਪ੍ਰੰਤ ਉਹਨਾਂ ਨੂੰ ਢੁਹਾ ਦੇਣ। ਪੰਜ ਛੇ ਦਿਨ ਇਹ ਖੇਡ ਜਾਰੀ ਰਹੀ। ਅਖ਼ੀਰ ਭਾਈ ਰਾਮਾ ਜੀ ਤਾਂ ਅੱਕ ਕੇ ਥੜ੍ਹਾ ਬਣਾਉਣੋ ਹਟ ਗਏ ਪਰ ਭਾਈ ਜੇਠਾ ਜੀ ਆਗਿਆ ਵਿਚ ਰਹਿ ਕੇ ਬਣਾਉਣੋ ਨਾ ਹਟੇ। ਸੋ ਅੰਤਮ ਪ੍ਰੀਖਿਆ ਵਿਚ ਭਾਈ ਜੇਠਾ ਜੀ ਪਾਸ ਹੋਏ।

ਗੁਰੂ ਜੀ ਨੇ ਰਵਾਇਤ ਅਨੁਸਾਰ ਪੂਰੀ ਰਸਮ ਕਰ ਕੇ ਭਾਈ ਜੇਠਾ ਜੀ ਨੂੰ, ੧ ਸਤੰਬਰ ੧੫੭੪ ਨੂੰ ਗੁਰਗੱਦੀ ਉਪਰ ਸੁਸ਼ੋਭਤ ਕਰ ਦਿੱਤਾ। ਗੁਰੂ ਜੀ ਦਾ ਹੁਕਮ ਮੰਨ ਕੇ ਬਾਕੀ ਪਰਵਾਰ ਤਾਂ ਛੋਟੇ ਸਾਹਿਬਜ਼ਾਦੇ ਬਾਬਾ ਮੋਹਰੀ ਜੀ ਦੀ ਅਗਵਾਈ ਹੇਠ ਸ੍ਰੀ ਗੁਰੂ ਰਾਮ ਦਾਸ ਜੀ ਦੇ ਚਰਨੀਂ ਪੈ ਗਏ ਪਰ ਵੱਡੇ ਸਾਹਿਬਜ਼ਾਦੇ ਬਾਬਾ ਮੋਹਨ ਜੀ ਨਾਰਾਜ਼ ਹੀ ਰਹੇ। ਭਾਈ ਸੁੰਦਰ ਜੀ ਨੇ ਆਪਣੀ ਬਾਣੀ 'ਸਦੁ' ਵਿਚ ਇਸ ਇਤਿਹਾਸਕ ਘਟਨਾ ਨੂੰ ਇਉਂ ਅੰਕਤ ਕੀਤਾ ਹੈ:

ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ। *(੯੨੪)*

ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ, "ਅੰਮ੍ਰਿਤਸਰ ਵਿਚ ਜੋਤਿ ਜਗਾਵੈ" ਅਨੁਸਾਰ ਅੰਤਮ ਸਮੇ ਗੁਰੂ ਜੀ ਦੀ ਆਗਿਆ ਮੰਨ ਕੇ, ਉਹਨਾਂ ਦੀ ਆਗਿਆ ਅਨੁਸਾਰ ਆਪਣੇ ਵਸਾਏ ਨਗਰ ਅੰਮ੍ਰਿਤਸਰ, ਵਿਚ ਆ ਕੇ ਗੁਰੂ ਨਾਨਕ ਦੀ ਸਿੱਖਿਆ ਦੇ ਗੱਫੇ ਵਰਤਾਉਣੇ ਆਰੰਭ ਕਰ ਦਿੱਤੇ। ਸੇਵਾ ਤੇ ਸਿਮਰਨ ਦਾ ਪ੍ਰਵਾਹ ਚਲਾ ਕੇ ਭੁੱਲੀ ਭਟਕੀ ਲੋਕਾਈ ਨੂੰ ਸ਼ਬਦ ਨਾਲ ਜੋੜਿਆ।

ਅੰਮ੍ਰਿਤਸਰ ਨਗਰ ਦੀ ਮੋਹੜੀ, ਆਪ ਜੀ ਨੇ ਸ੍ਰੀ ਗੁਰੂ ਅਮਰ ਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੁਝ ਮਹੀਨੇ ਪਹਿਲਾਂ ਉਹਨਾਂ ਦੀ ਆਗਿਆ ਅਨੁਸਾਰ, ਸੰਨ ੧੫੭੪ ਵਿਚ ਗੱਡੀ ਸੀ। ਗੁਰਗੱਦੀ ਦੀ ਜੁੰਮੇਵਾਰੀ ਸੰਭਾਲਣ ਉਪ੍ਰੰਤ ਆਪ ਜੀ ਨੇ ਪਰਵਾਰ ਸਮੇਤ ਏਥੇ ਵਾਸਾ ਕਰ ਲਿਆ ਤੇ ਸੰਨ ੧੫੭੭ ਵਿਚ ਤੁੰਗ ਪਿੰਡ ਦੇ ਜ਼ਿਮੀਦਾਰਾਂ ਪਾਸੋਂ ੭੦੦ ਅਕਬਰੀ ਰੁਪਏ ਤਾਰ ਕੇ ਪੰਜ ਸੌ ਵਿਘੇ ਜ਼ਮੀਨ ਖ਼ਰੀਦ ਕੇ ਸ਼ਹਿਰ ਵਸਾਉਣਾ ਸ਼ੁਰੂ ਕੀਤਾ। ਤੀਜੇ ਗੁਰੂ ਜੀ ਦੇ ਨਕਸ਼ਿ-ਕਦਮ 'ਤੇ ਚੱਲਦਿਆਂ ਹੋਇਆਂ ਆਪ ਜੀ ਨੇ ਇਸ ਸ਼ਹਿਰ ਨੂੰ ਹਰ ਪੱਖ ਤੋਂ ਸੰਪੂਰਨ ਬਣਾਉਣ ਲਈ ਉਦਮ ਆਰੰਭਿਆ। ਜੀਵਾਂ ਦੀ ਹਰ ਪ੍ਰਕਾਰ ਦੀ ਜਲ ਦੀ ਲੋੜ ਪੂਰੀ ਕਰਨ ਲਈ ਸਰੋਵਰਾਂ ਦੀ ਖੁਦਾਈ ਕਰਵਾਈ। ਗੁਰੂ ਪਰਵਾਰ ਤੇ ਸਿੱਖ ਸੰਗਤਾਂ ਦੀ ਰਿਹਾਇਸ਼ ਵਾਸਤੇ ਭਵਨਾਂ ਦੀ ਉਸਾਰੀ ਆਰੰਭੀ। ਹਰ ਪ੍ਰਕਾਰ ਦੇ ਵਾਪਾਰ, ਕਾਰੀਗਰੀ, ਦਸਤਕਾਰੀ ਆਦਿ ਨੂੰ ਉਤਸ਼ਾਹਤ ਕੀਤਾ। ਸਿੱਖ ਇਤਿਹਾਸ ਅਨੁਸਾਰ ੫੨ ਕਿੱਤਿਆਂ ਦੇ ਲੋਕਾਂ ਨੂੰ ਦੂਰ ਦੁਰਾਡੇ ਇਲਾਕਿਆਂ ਤੋਂ ਪ੍ਰੇਰ ਕੇ ਏਥੇ ਵਸਾਇਆ। ਗੁਰੂ ਕਾ ਬਾਜ਼ਾਰ, ਗੁਰੂ ਕੇ ਮਹਿਲ ਆਦਿ ਦੀ ਉਸਾਰੀ ਕਰਵਾਈ। ਨਵੇਂ ਵੱਸਣ ਵਾਲੇ ਵਿਅਕਤੀਆਂ ਨੂੰ ਬਿਨਾ ਮਜ਼ਹਬ, ਇਲਾਕਾ, ਜਾਤ, ਬੋਲੀ ਆਦਿ ਦੇ ਵਿਤਕਰੇ ਤੋਂ ਹਰ ਸੰਭਵ ਸਹੂਲਤ ਉਸ ਦੇ ਵੱਸਣ ਵਾਸਤੇ ਦਿੱਤੀ ਗਈ। ਦੁਨੀਆ ਸਮਝਦੀ ਹੋਵੇਗੀ ਕਿ ਸ਼ਹਿਰ ਅੰਮ੍ਰਿਤਸਰ ਸਿੱਖਾਂ ਦਾ ਧਾਰਮਿਕ, ਵਿਦਿਅਕ, ਸਮਾਜਕ ਆਦਿ ਪਹਿਲੂਆਂ ਦਾ ਕੇਂਦਰ ਹੋਣ ਕਰਕੇ ਸ਼ਾਇਦ ਏਥੇ ਵੱਸਣ ਵਾਲੇ ਵੀ ਸਾਰੇ ਲੋਕ ਸਿੱਖ ਹੀ ਹੋਣਗੇ, ਪਰ ਹੈਰਾਨੀ ਹੋਵੇਗੀ ਸ਼ਾਇਦ ਪਾਠਕਾਂ ਨੂੰ ਇਹ ਜਾਣ ਕੇ ਕਿ ਸੰਨ ੧੯੪੭ ਤੋਂ ਪਹਿਲਾਂ ਇਸ ਸ਼ਹਿਰ ਵਿਚ ਮੁਸਲਮਾਨਾਂ ਦੀ ਗਿਣਤੀ ਵਧ ਸੀ ਤੇ ਉਸ ਤੋਂ ਪਿੱਛੋਂ ਵੀ ਏਥੇ ਸਿੱਖ ਘੱਟ-ਗਿਣਤੀ ਵਿਚ ਹੀ ਹਨ ਜਿਸ ਦਾ ਸਬੂਤ ਮੈਂ ਸੰਨ ੧੯੫੭ ਤੋਂ ਵੇਖ ਰਿਹਾ ਹਾਂ ਕਿ ਸ਼ਹਿਰ ਦੀਆਂ ਚਾਰ ਅਸੈਂਬਲੀ ਸੀਟਾਂ ਵਿਚੋਂ ਸਿਰਫ਼ ਇਕ 'ਤੇ ਹੀ ਸਿੱਖ ਜਿੱਤਦਾ ਹੈ।

ਗੁਰੂ ਘਰ ਤੇ ਸਿੱਖ ਸੰਗਤਾਂ ਦੀ ਵਿਸ਼ਾਲਤਾ ਕਾਰਨ ਗੁਰੂ ਜੀ ਨੇ ਸ੍ਰੀ ਗੁਰੂ ਅਮਰ ਦਾਸ ਜੀ ਵਾਂਙ ਜਿਵੇਂ ਉਹਨਾਂ ਨੇ ਮੰਜੀਆਂ ਤੇ ਪੀਹੜੀਆਂ ਦੇ ਰੂਪ ਵਿਚ ਯੋਗ ਗੁਰਸਿੱਖਾਂ ਦੀ ਨਿਯੁਕਤੀ ਕੀਤੀ ਸੀ, ਇਸ ਤਰ੍ਹਾਂ ਹੀ ਸ੍ਰੀ ਗੁਰੂ ਰਾਮ ਦਾਸ ਜੀ ਨੇ ਮਸੰਦ ਪ੍ਰਥਾ ਦੀ ਸਥਾਪਨਾ ਕਰ ਕੇ, ਉਹਨਾਂ ਨੂੰ ਦੂਰ ਦੁਰਾਡੇ ਵੱਸ ਰਹੀਆਂ ਸੰਗਤਾਂ ਦੇ ਮੁਖੀਆਂ ਵਜੋਂ ਥਾਪਿਆ ਤਾਂ ਕਿ ਉਹਨਾਂ ਰਾਹੀਂ ਦੂਰ ਦੀਆਂ ਸੰਗਤਾਂ ਨੂੰ ਗੁਰੂ-ਕੇਂਦਰ ਨਾਲ ਜੋੜਨ ਵਿਚ ਸਹੂਲਤ ਰਹੇ। ਮਸੰਦਾਂ ਦਾ ਕਾਰਜ ਹੁੰਦਾ ਸੀ ਕਿ ਆਪਣੇ ਇਲਾਕੇ ਦੀਆਂ ਸੰਗਤਾਂ ਦੀ ਧਾਰਮਿਕ ਅਗਵਾਈ ਕਰਨੀ, ਉਹਨਾਂ ਨੂੰ ਗੁਰੂ ਦਾ ਉਪਦੇਸ਼ ਦ੍ਰਿੜ੍ਹ ਕਰਵਾਉਣਾ, ਗੁਰੂ ਦੇ ਨਮਿਤ ਕਾਰ ਭੇਟ ਪ੍ਰਾਪਤ ਕਰ ਕੇ ਗੁਰੂ ਦਰਬਾਰ ਵਿਚ ਪੁਚਾਉਣੀ, ਵੈਸਾਖੀ ਤੇ ਦੀਵਾਲੀ ਦੇ ਛਿਮਾਹੀ ਪੁਰਬਾਂ ਸਮੇ ਸੰਗਤਾਂ ਨੂੰ ਗੁਰੂ ਦਰਬਾਰ ਵਿਚ ਲੈ ਕੇ ਆਉਣਾ। ਇਹ ਬਹੁਤ ਹੀ ਯੋਗ ਤੇ ਸ਼ਰਧਾਵਾਨ ਸਿੱਖ ਹੋਇਆ ਕਰਦੇ ਸਨ ਜੋ ਕਿ ਸੰਗਤਾਂ ਦੀ ਸਰਬ ਪੱਖੀ ਅਗਵਾਈ ਕਰਿਆ ਕਰਦੇ ਸਨ ਪਰ ਬਹੁਤ ਸਮਾ ਪਿੱਛੋਂ ਜਾ ਕੇ ਇਸ ਸੰਸਥਾ ਵਿਚ ਖ਼ਰਾਬੀਆਂ ਆ ਜਾਣ ਕਰਕੇ ਦਸਵੇਂ ਗੁਰੂ ਜੀ ਨੇ ਇਸ ਸੰਸਥਾ ਨੂੰ ਬੰਦ ਕਰ ਦਿੱਤਾ।

ਬਹੁਤ ਹੀ ਮਹੱਤਵਪੂਰਨ ਵਾਕਿਆ ਇਕ ਇਹਨਾਂ ਦੇ ਸਮੇ ਇਹ ਹੋਇਆ ਕਿ ਪਹਿਲੇ ਗੁਰੂ ਜੀ ਦੇ ਸਮੇ ਤੋਂ ਗੁਰੂ ਘਰ ਨਾਲੋਂ ਵਿਛੜ ਚੁੱਕੇ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ, ਸਿੱਧ ਪੁਰਸ਼, ਬਾਬਾ ਸ੍ਰੀ ਚੰਦ ਜੀ ਗੁਰੂ ਦਰਬਾਰ ਨਾਲ ਜੁੜ ਗਏ। ਇਹ ਵਾਕਿਆ ਸਿੱਖ ਇਤਿਹਾਸ ਵਿਚ ਇਉਂ ਵਰਨਣ ਕੀਤਾ ਗਿਆ ਹੈ:

ਇਕ ਦਿਨ ਬਾਬਾ ਸ੍ਰੀ ਚੰਦ ਜੀ ਗੁਰੂ ਕੇ ਚੱਕ (ਅੰਮ੍ਰਿਤਸਰ) ਵਿਖੇ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਮਿਲਣ ਵਾਸਤੇ ਆਏ। ਪ੍ਰਥਮ ਗੁਰੂ ਜੀ ਦੇ ਸਤਿਕਾਰ ਯੋਗ ਸਾਹਿਬਜ਼ਾਦੇ ਜਾਣ ਕੇ ਗੁਰੂ ਜੀ ਨੇ ਬਣਦਾ ਸਤਿਕਾਰ ਦਿੱਤਾ। ਉਚੇ ਆਸਣ 'ਤੇ ਬਿਰਾਜਮਾਨ ਕਰਵਾਇਆ। ਬਾਬਾ ਜੀ ਗੁਰੂ ਘਰ ਦੀ ਮਹਿਮਾ ਵੇਖ ਕੇ, ਕੀਰਤਨ ਸੁਣ ਕੇ, ਗੁਰੂ ਜੀ ਵੱਲੋਂ ਮਿਲੇ ਸਤਿਕਾਰ ਸਦਕਾ, ਬੜੇ ਪ੍ਰਸੰਨ ਹੋਏ। ਸ੍ਰੀ ਗੁਰੂ ਰਾਮ ਦਾਸ ਜੀ ਦਾ ਦਾਹੜਾ ਬਹੁਤ ਸੁੰਦਰ, ਪ੍ਰਭਾਵਸ਼ਾਲੀ ਤੇ ਵਿਸ਼ਾਲ ਸੀ। ਬਾਬਾ ਜੀ ਗੁਰੂ ਜੀ ਦੇ ਦਾਹੜੇ ਵੱਲ ਵੇਖ ਕੇ ਮੌਜ ਵਿਚ ਆ ਕੇ ਆਖਣ ਲੱਗੇ, "ਪੁਰਖਾ,

ਆਹ ਦਾਹੜਾ ਕਿਉਂ ਏਨਾ ਵਧਾਇਆ ਹੋਇਆ ਹੈ!" ਇਹ ਸੁਣ ਕੇ ਗੁਰੂ ਜੀ ਨੇ ਫ਼ਰਮਾਇਆ, "ਆਪ ਜੀ ਵਰਗੇ ਮਹਾਂ ਪੁਰਸ਼ਾਂ ਦੇ ਚਰਨ ਝਾੜਨ ਲਈ।" ਗੁਰੂ ਜੀ ਦੀ ਅਜਿਹੀ ਨਿਮਰਤਾ ਵੇਖ ਕੇ ਬਾਬਾ ਜੀ ਨੇ ਆਪਣਾ ਚਰਨ ਪਿਛਾਂਹ ਹਟਾਉਂਦਿਆਂ ਆਖਿਆ, "ਧੰਨ ਹੋ ਆਪ, ਧੰਨ ਹੋ! ਤੁਸੀਂ ਪਿਤਾ ਜੀ ਦੀ ਗੁਰਗੱਦੀ ਦੇ ਠੀਕ ਹੀ ਅਧਿਕਾਰੀ ਹੋ। ਇਹਨਾਂ ਗੁਣਾਂ ਕਰਕੇ ਹੀ ਪਹਿਲਾਂ ਗੁਰੂ ਅੰਗਦ ਜੀ ਨੇ ਤੇ ਫਿਰ ਗੁਰੂ ਅਮਰ ਦਾਸ ਜੀ ਨੇ ਗੁਰਿਆਈ ਪ੍ਰਾਪਤ ਕੀਤੀ ਸੀ। ਆਪ ਧੰਨ ਹੋ। ਆਪ ਦੀ ਸਿੱਖੀ ਧੰਨ ਹੈ।"

ਸਤਿਗੁਰੂ ਰਾਮ ਦਾਸ ਜੀ ਨੇ ਉਹਨਾਂ ਦੀ ਬਜ਼ੁਰਗੀ ਤੇ ਆਦਿ ਸਤਿਗੁਰੂ ਜੀ ਦੇ ਸਤਿਕਾਰਤ ਸਾਹਿਬਜ਼ਾਦੇ ਹੋਣ ਕਰਕੇ ਬਣਦਾ ਸਤਿਕਾਰ ਕੀਤਾ ਤੇ ਵਿਦਾਇਗੀ ਸਮੇ ਪੰਜ ਸੌ ਰੁਪਏ ਤੇ ਇਕ ਸੁੰਦਰ ਘੋੜਾ ਆਪ ਜੀ ਦੀ ਭੇਟਾ ਕੀਤਾ।

ਆਪ ਜੀ ਨੇ ਆਪਣੇ ਗੁਰਿਆਈ ਕਾਲ ਸਮੇ ਸਿੱਖ ਸਮਾਜ ਦੀ ਸਰਬਪੱਖੀ ਉਨਤੀ ਕਰਨ ਵਿਚ ਭਰਪੂਰ ਹਿੱਸਾ ਪਾਇਆ। ਵੱਖ ਵੱਖ ਸਮੇ 'ਤੇ ਨਿਰੰਕਾਰੀ ਤੇ ਸੰਸਾਰੀ ਪਹਿਲੂਆਂ ਬਾਰੇ ਆਪ ਜੀ ਨੇ ਬਾਣੀ ਉਚਾਰ ਕੇ ਸੰਗਤਾਂ ਵਾਸਤੇ ਸਿੱਖਿਆ ਬਖ਼ਸ਼ੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਥਾਂ ਪਰ ਥਾਂ ਪੰਜਵੇਂ ਗੁਰੂ ਜੀ ਦੁਆਰਾ ਸਾਡੀ ਅਗਵਾਈ ਹਿਤ ਅੰਕਤ ਕੀਤੀ ਗਈ ਸ਼ੋਭਾ ਪਾ ਰਹੀ ਹੈ।

ਆਪ ਜੀ ਦੇ ਤਿੰਨਾਂ ਸਾਹਿਬਜ਼ਾਦਿਆਂ ਦੇ ਵਿਚਾਰ ਬਿਲਕੁਲ ਵੱਖੋ ਵੱਖਰੇ ਸਨ। ਬਾਬਾ ਪ੍ਰਿਥੀ ਚੰਦ ਜੀ ਮੁਕੰਮਲ ਤੌਰ 'ਤੇ ਸੰਸਾਰੀ ਪੁਰਸ਼ ਸਨ ਤੇ ਰਾਤ ਦਿਨ ਸੰਸਾਰਕ ਪ੍ਰਾਪਤੀਆਂ ਕਰਨਾ ਹੀ ਉਹਨਾਂ ਦਾ ਇਕ ਮਾਤਰ ਉਦੇਸ਼ ਸੀ। ਦੂਜੇ ਬੰਨੇ, ਵਿਚਕਾਰਲੇ ਬਾਬਾ ਮਹਾਂ ਦੇਵ ਜੀ, ਬਿਲਕੁਲ ਹੀ ਸਭ ਕਾਸੇ ਤੋਂ ਉਪਰਾਮ ਹੋ ਕੇ ਵਿਚਰਦੇ ਸਨ। ਸਭ ਤੋਂ ਛੋਟੇ ਸ੍ਰੀ ਗੁਰੂ ਅਰਜਨ ਦੇਵ ਜੀ "ਹੁਕਮਿ ਮੰਨਿਐ ਹੋਵੈ ਪਰਵਾਣੁ" ਦੇ ਸੁਨਹਿਰੀ ਅਸੂਲ ਦੇ ਧਾਰਨੀ ਸਨ ਤੇ ਪਿਤਾ ਗੁਰੂ ਜੀ ਦੀ ਆਗਿਆ ਵਿਚ ਰਹਿੰਦੇ ਸਨ।

ਸ੍ਰੀ ਗੁਰੂ ਰਾਮ ਦਾਸ ਜੀ ਨੇ ਆਪਣਾ ਅੰਤਮ ਸਮਾ ਨੇੜੇ ਜਾਣ ਕੇ ਤੇ ਹਰ ਪ੍ਰਕਾਰ ਦੀ ਪ੍ਰੀਖਿਆ ਉਪ੍ਰੰਤ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਯੋਗ ਜਾਣ ਕੇ ਗੁਰਗੱਦੀ ਦੇਣ ਦਾ ਫ਼ੈਸਲਾ ਕਰ ਲਿਆ। ਇਹ ਪਤਾ ਲੱਗਣ 'ਤੇ ਵੱਡੇ ਸਾਹਿਬਜ਼ਾਦੇ ਬਾਬਾ ਪ੍ਰਿਥੀ ਚੰਦ ਜੀ ਨੇ ਬਹੁਤ ਭਾਰੀ ਵਿਰੋਧ ਕੀਤਾ। ਪਿਤਾ ਗੁਰੂ ਜੀ ਦੇ ਸਮਝਾਉਣ 'ਤੇ ਵੀ ਉਹ ਨਾ ਰੁਕਿਆ। ਝਗੜਾ ਟਾਲਣ ਲਈ ਸ੍ਰੀ ਗੁਰੂ ਰਾਮ ਦਾਸ ਜੀ ਅੰਮ੍ਰਿਤਸਰੋਂ ਗੋਇੰਦਵਾਲ ਚਲੇ ਗਏ ਤੇ ਓਥੇ ਹੀ, ਇਕ ਸਤੰਬਰ ਸੰਨ ੧੫੮੧ ਨੂੰ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਉਪਰ ਸੁਸ਼ੋਭਤ ਕਰ ਕੇ ਆਪ ਜੀ ਜੋਤੀ ਜੋਤਿ ਸਮਾ ਗਏ।

ਇਹਨਾਂ ਦੇ ਸਮੇ ਖ਼ਾਸ ਹੀ ਮਹੱਤਵਪੂਰਣ ਵਰਤਾਰੇ ਵਰਤੇ। ਉਹ ਇਹ ਕਿ ਆਦਿ ਗੁਰੂ ਜੀ ਦੇ ਸਮੇ ਤੋਂ ਗੁਰੂ ਘਰ ਨਾਲੋਂ ਵਿਛੜ ਕੇ ਮਨਮੁਖ ਹੋ ਗਏ ਵਿਅਕਤੀਆਂ ਨੂੰ ਵੀ, ਸ੍ਰੀ ਗੁਰੂ ਰਾਮ ਦਾਸ ਜੀ ਦੇ ਸਮੇ, ਮੁੜ ਗੁਰੂ ਘਰ ਨਾਲ ਜੋੜਿਆ ਗਿਆ। ਇਸ ਪ੍ਰਥਾਇ ਇਤਿਹਾਸਕ ਵਾਕਿਆਤ ਨੂੰ, ਸ੍ਰੀ ਗੁਰੂ ਰਾਮ ਦਾਸ ਜੀ ਦੀ ਆਪਣੀ ਰਸਨਾ ਨਾਲ ਵਰਨਣ ਕੀਤਾ ਗਿਆ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪ੍ਰਕਾਰ ਅੰਕਤ ਹੈ:

ਸਲੋਕ ਮ: ੪॥ ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ॥
ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ॥
ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ॥
ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ॥
ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥
ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥
ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥
ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥
ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰ ਧਾਰੇ॥
ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ॥
ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰਸਿਖ ਮਿਤ ਪਿਆਰੇ॥੧॥ *(੩੦੭)*

# ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼, ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮ ਦਾਸ ਜੀ ਦੇ ਗ੍ਰਿਹ ਅਤੇ ਪਰਮ ਸਤਿਕਾਰਯੋਗ ਮਾਤਾ ਭਾਨੀ ਜੀ ਦੀ ਕੁੱਖੋਂ, ੧੫ ਅਪ੍ਰੈਲ, ਸੰਨ ੧੫੬੩ ਨੂੰ ਹੋਇਆ। ਆਪ ਜੀ ਸ੍ਰੀ ਗੁਰੂ ਰਾਮ ਦਾਸ ਜੀ ਦੇ ਤੀਸਰੇ ਅਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ।

ਹਰ ਪ੍ਰਕਾਰ ਦੀ ਪ੍ਰੀਖਿਆ ਕਰਨ ਉਪ੍ਰੰਤ ਸ੍ਰੀ ਗੁਰੂ ਰਾਮ ਦਾਸ ਜੀ ਨੇ ਆਪ ਨੂੰ ਗੁਰਿਆਈ ਦੇ ਯੋਗ ਜਾਣ ਕੇ, ਆਪਣੇ ਸਥਾਨ ’ਤੇ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਪਰ ਬਿਰਾਜਮਾਨ ਕਰ ਦਿੱਤਾ। ਭਾਵੇਂ ਕਿ ਆਪ ਜੀ ਦੇ ਵੱਡੇ ਭਰਾ, ਬਾਬਾ ਪ੍ਰਿਥੀ ਚੰਦ ਜੀ, ਨੇ ਆਪ ਜੀ ਦੀ ਵਿਰੋਧਤਾ ਕਰਨ ਵਿਚ ਕੋਈ ਵੀ ਕਸਰ ਬਾਕੀ ਨਾ ਰਹਿਣ ਦਿੱਤੀ ਪਰ ਆਪ ਜੀ ਨੇ ਹਮੇਸ਼ਾਂ ਹੀ ਉਹਨਾਂ ਨੂੰ ਵੱਡਾ ਭਰਾ ਜਾਣ ਕੇ ਮਾਣ ਦਿੱਤਾ। ਕਦੀ ਵੀ ਬਦਲੇ ਦੀ ਭਾਵਨਾ ਦਿਲ ਵਿਚ ਨਾ ਲਿਆਂਦੀ। ਪ੍ਰਿਥੀ ਚੰਦ ਸਦਾ ਹੀ ਵਿਰੋਧ ਕਰਦਾ ਰਿਹਾ ਪਰ ਆਪ ਜੀ ਨੇ ਕਦੀ ਵੀ ਜਵਾਬੀ ਕਾਰਵਾਈ ਨਾ ਕੀਤੀ ਅਤੇ ਆਪਣੀ ਸਾਰੀ ਸ਼ਕਤੀ ਲੋਕ-ਭਲਾਈ ਵਾਲੇ ਪਾਸੇ ਹੀ ਲਾਈ ਰੱਖੀ।

ਗੁਰੂ ਘਰ ਦਾ ਮੁਖ ਮਨੋਰਥ ਮਨੁੱਖਤਾ ਦੀ ਸਮੁੱਚੇ ਰੂਪ ਵਿਚ ਭਲਾਈ ਕਰਨਾ ਸੀ, ਤੇ ਹੈ। ਆਪ ਜੀ ਨੇ ਇਸ ਪਾਸੇ ਆਪਣਾ ਤੇ ਸਿੱਖ ਸਮਾਜ ਦਾ ਸਾਰਾ ਯਤਨ ਜਾਰੀ ਰੱਖਿਆ। ਆਤਮਿਕ ਭਲਾਈ ਹਿਤ ਵਾਹਿਗੁਰੂ ਦਾ ਸਿਮਰਨ ਕਰਨ ਦੀ ਪ੍ਰੇਰਨਾ ਕਰਨੀ, ਬੁਰਿਆਈ, ਨਸ਼ਿਆਂ ਆਦਿ ਦੇ ਤਿਆਗ ਦਾ ਉਪਦੇਸ਼, ਸਰਬ ਸਾਂਝੀਵਾਲਤਾ ਦੀ ਸਿਖਿਆ ਦੇ ਕੇ, ਲੋਕਾਂ ਨੂੰ ਨੇਕ ਮਨੁੱਖ ਬਣਨ ਵਾਸਤੇ ਪ੍ਰੇਰਿਆ। ਧਾਰਮਿਕ, ਅੰਧ ਵਿਸ਼ਵਾਸੀ, ਮਜ਼ਹਬੀ ਨਫ਼ਰਤ, ਜਾਤ ਬਿਰਾਦਰੀ, ਊਚ ਨੀਚ ਆਦਿ ਵਿਤਕਰਿਆਂ ਵਿਚ ਵੰਡੀ ਹੋਈ ਮਨੁੱਖਤਾ ਨੂੰ, ਗੁਰਮਤਿ ਗਾਡੀ ਰਾਹ ਦੇ ਪਾਂਧੀ ਬਣਨ ਵੱਲ ਤੋਰਿਆ।

ਲੋਕਾਈ ਦੀ ਦੈਵੀ ਅਤੇ ਦੁਨਿਆਵੀ ਉਨਤੀ ਵਾਸਤੇ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸਥਾਪਨਾ ਕੀਤੀ। ਸਮੁੱਚੀ ਮਨੁੱਖਤਾ ਦੇ ਆਤਮਿਕ ਅਤੇ ਸੰਸਾਰਕ ਲਾਭ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰ ਕੇ, ਬਿਨਾ ਵਿਤਕਰੇ ਦੇ ਸਾਰੀ ਲੋਕਾਈ ਨੂੰ ਪਰਸਪਰ ਪਿਆਰ ਨਾਲ ਰਹਿਣ ਦੀ ਸਿਖਿਆ ਬਖ਼ਸ਼ੀ। ਸਰਬ ਜੀਆਂ ਦੇ ਲਾਭ ਲਈ ਸਰੋਵਰਾਂ ਦੀ ਰਚਨਾ ਕੀਤੀ, ਨਗਰ ਵਸਾਏ, ਖੂਹ ਖੁਦਵਾਏ, ਬਾਉਲੀਆਂ ਬਣਵਾਈਆਂ ਤੇ ਹੋਰ ਸੰਸਥਾਵਾਂ ਦੀ ਵੀ ਸਥਾਪਨਾ ਕੀਤੀ। ਅੰਮ੍ਰਿਤਸਰ ਵਿਚ ਵੱਖ ਵੱਖ ਧਰਮਾਂ, ਬਿਰਾਦਰੀਆਂ ਅਤੇ ਕਿੱਤਿਆਂ ਦੇ ਲੋਕਾਂ ਨੂੰ ਵਸਾ ਕੇ, ਜਿਥੇ ਇਸ ਨੂੰ ਸੇਵਾ ਤੇ ਸਿਮਰਨ ਦਾ ਕੇਂਦਰ ਬਣਾਇਆ, ਓਥੇ ਨਾਲ ਨਾਲ ਵਪਾਰਕ ਪੱਖੋਂ ਵੀ ਵਧਾਇਆ।

ਤਰਨ ਤਾਰਨ, ਕਰਤਾਰਪੁਰ, ਹਰਗੋਬਿੰਦਪੁਰ ਅਤੇ ਛੇਹਰਟਾ ਵਰਗੇ ਨਗਰ ਵੀ ਵਸਾਏ। ਤਰਨ ਤਾਰਨ ਵਿਖੇ, ਸਮਾਜ ਵਿਚੋਂ ਕੱਢੇ ਹੋਏ ਪ੍ਰਾਣੀਆਂ ਅਰਥਾਤ ਕੁਸ਼ਟ ਦੇ ਮਰੀਜ਼ਾਂ ਵਾਸਤੇ, ਆਬਾਦੀ ਤੋਂ ਬਾਹਰ ਆਸ਼੍ਰਮ ਬਣਾ ਕੇ, ਉਹਨਾਂ ਨੂੰ ਵਸਾਇਆ। ਉਹਨਾਂ ਦੇ ਇਲਾਜ ਦਾ ਯੋਗ ਪ੍ਰਬੰਧ ਕੀਤਾ। ਰੋਗੀਆਂ ਦੀ ਆਤਮਿਕ ਸ਼ਾਂਤੀ ਦੇ ਨਾਲ ਨਾਲ ਉਹਨਾਂ ਦੀਆਂ ਸੰਸਾਰਕ ਲੋੜਾਂ, ਜਿਹਾ ਕਿ ਇਲਾਜ, ਅੰਨ, ਬਸਤਰਾਂ ਆਦਿ ਦਾ ਧਿਆਨ ਵੀ ਰੱਖਿਆ। ਛੇਹਰਟੇ ਵਿਖੇ ਛੇ ਹਰਟਾਂ ਵਾਲਾ ਖੂਹ ਲਗਵਾ ਕੇ ਜੀਵਾਂ ਦੀ ਪਾਣੀ ਦੀ ਲੋੜ ਪੂਰੀ ਕੀਤੀ ਕਿਉਂਕਿ ਓਹਨੀਂ ਦਿਨੀਂ ਪੰਜਾਬ ਵਿਚ ਮੀਂਹ ਨਾ ਪੈਣ ਕਰਕੇ ਪਾਣੀ ਦੀ ਬੜੀ ਤੋਟ ਸੀ ਤੇ ਮਨੁੱਖ, ਪਸ਼ੂ, ਪੰਛੀ ਆਦਿ ਪਾਣੀ ਖੁਣੋ ਪਿਆਸੇ ਕਸ਼ਟ ਪਾ ਰਹੇ ਸਨ। ਮੀਂਹ ਨਾ ਪੈਣ ਕਰਕੇ ਪੰਜਾਬ ਵਿਚ ਕਾਲ ਪੈ ਗਿਆ ਤੇ ਨਾਲ ਹੀ ਲਾਹੌਰ ਵਿਚ ਪਲੇਗ ਪੈਣ ਨਾਲ ਲੋਕ ਮਰਨ ਲੱਗੇ। ਜਦੋਂ ਸਕੇ ਸੰਬੰਧੀ ਵੀ ਮਰੀਜ਼ਾਂ ਨੂੰ ਸਹਿਕਦਿਆਂ ਛੱਡ ਕੇ ਘਰਾਂ ਤੋਂ ਭੱਜ ਰਹੇ ਸਨ, ਉਸ ਸਮੇ ਗੁਰੂ ਜੀ ਨੇ ਕੁਝ ਮੁਖੀ ਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਜਾ ਕੇ ਲੋਕਾਂ ਦੀ ਸੰਭਾਲ ਕੀਤੀ। ਲੰਗਰ ਲਗਾਇਆ, ਮਰ ਚੁਕਿਆਂ ਦਾ ਸਸਕਾਰ, ਉਹਨਾਂ ਦੇ ਧਾਰਮਿਕ ਯਕੀਨ ਮੁਤਾਬਕ ਕੀਤਾ। ਰੋਗੀਆਂ ਦੀ ਸੰਭਾਲ ਕੀਤੀ। ਪਾਣੀ ਦੀ ਲੋੜ ਪੂਰੀ ਕਰਨ ਵਾਸਤੇ ਬਾਉਲੀ ਖੁਦਵਾਈ। ਇਹਨੀਂ ਦਿਨੀਂ ਜਦੋਂ ਬਾਦਸ਼ਾਹ ਅਕਬਰ ਪੰਜਾਬ ਆਇਆ ਤਾਂ ਕਿਸਾਨਾਂ ਦੀ, ਕਾਲ ਪੈ ਜਾਣ ਕਰਕੇ, ਹੋ ਗਈ ਮਾੜੀ ਦਸ਼ਾ ਦੱਸ ਕੇ, ਉਹਨਾਂ ਦਾ ਮਾਮਲਾ ਮਾਫ਼ ਕਰਵਾਇਆ।

ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸਰਬੱਤ ਦਾ ਭਲਾ ਚਾਹੁਣ ਵਾਲੇ, ਆਦਰਸ਼ਕ ਸ਼ਹੀਦ, ਮਹਾਨ ਵਿਦਵਾਨ, ਕਵੀ, ਮਨੁੱਖਤਾ ਦੇ ਦਰਦੀ, ਤਿਆਗੀ, ਪ੍ਰਭੂ ਦੇ ਭਗਤ, ਅਣਗਿਣਤ ਮਹਾਨ ਗੁਣਾਂ ਦੇ ਮਾਲਕ ਹੋਣ ਦੇ ਬਾਵਜੂਦ ਵੀ ਆਪ ਜੀ ਨਿਮਰਤਾ ਦੇ ਪੁੰਜ ਸਨ; ਬਲਕਿ ਪ੍ਰਤੱਖ ਹਰੀ ਦਾ ਰੂਪ ਹੀ ਸਨ। ਕਿਉਂਕਿ ਸਮੇ ਦੇ ਹਾਕਮਾਂ ਵੱਲੋਂ ਆਪ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਵਾਲਾ ਕੁਕਰਮ ਏਨਾ ਜ਼ਿਆਦਾ ਭਿਆਨਕ ਸੀ ਤੇ ਸਿੱਖ ਸੰਗਤਾਂ ਦੀ ਚੇਤਨਤਾ ਵਿਚ ਉਹ ਸਭ ਤੋਂ ਵਧ ਘਰ ਕਰ ਗਿਆ ਅਤੇ ਇਸ ਵਾਸਤੇ ਜਦੋਂ ਅਸੀਂ ਉਹਨਾਂ ਦੀ ਯਾਦ ਮਨਾਉਂਦੇ ਹਾਂ ਤਾਂ ਆਮ ਤੌਰ ’ਤੇ ਉਹਨਾਂ ਦੀ ਸ਼ਹੀਦੀ ਦੇ ਪਰਸੰਗ ਨੂੰ ਹੀ ਮਹੱਤਵ ਦਿੱਤਾ ਜਾਂਦਾ ਹੈ ਤੇ ਇਸ ਤਰ੍ਹਾਂ ਉਹਨਾਂ ਦੀਆਂ ਬਾਕੀ ਸਿਫ਼ਤਾਂ ਸਹਿਜੇ ਹੀ ਅੱਖੋਂ ਪ੍ਰੋਖੇ ਹੋ ਜਾਂਦੀਆਂ ਹਨ।

ਆਖ਼ਰ ਘਰੇਲੂ ਵਿਰੋਧੀਆਂ, ਗੁਰੂ ਘਰ ਦੇ ਦੋਖੀਆਂ, ਜਾਤ ਅਭਿਮਾਨੀਆਂ, ਮਜ਼ਹਬੀ ਕੱਟੜਪੰਥੀਆਂ, ਸ਼ੇਖ਼ ਅਹਿਮਦ ਸਰਹੰਦੀ, ਚੰਦੂ ਆਦਿ ਦੀਆਂ ਕੁਚਾਲਾਂ ਰੰਗ ਲਿਆਈਆਂ। ਸੰਨ ੧੬੦੪ ਵਿਚ ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ। ਉਸ ਨੇ ਗੱਦੀ ਦੀ ਪ੍ਰਾਪਤੀ ਵਾਸਤੇ, ਆਪਣੇ ਪਿਤਾ ਅਕਬਰ ਅਤੇ ਪੁੱਤਰ ਖੁਸਰੋ ਦੇ ਮੁਕਾਬਲੇ ’ਤੇ, ਸ਼ੇਖ਼ ਅਹਿਮਦ ਸਰਹੰਦੀ ਦੇ ਪੈਰੋਕਾਰ ਜਰਨੈਲਾਂ ਤੇ ਵਜ਼ੀਰਾਂ ਪਾਸੋਂ ਹਮਾਇਤ ਲੈਣ ਵਾਸਤੇ, ਆਪਣੇ ਪਿਓ ਅਕਬਰ ਦੀ ਉਦਾਰ ਨੀਤੀ ਦੇ ਤਿਆਗ ਦਾ ਇਕਰਾਰ ਕੀਤਾ। ਇਸ ਨਵੀਂ ਤੇ ਕੱਟੜਪੰਥੀ ਨੀਤੀ ਤਹਿਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਕਰ ਕੇ, ਯਾਸਾ ਦੇ ਕਾਨੂੰਨ ਮੁਤਾਬਕ ਸ਼ਹੀਦ ਕਰਨ ਅਤੇ ਘਰ ਬਾਰ ਤੇ ਮਾਲ ਮਤਾ ਜ਼ਬਤ ਕਰਨ ਦਾ ਹੁਕਮ ਦੇ ਦਿੱਤਾ। ਲਾਹੌਰ ਦੇ ਸੂਬੇਦਾਰ ਮੁਰਤਜ਼ਾ ਖ਼ਾਨ ਦੇ ਜ਼ੁੰਮੇ ਇਹ ਕੰਮ ਲਾਇਆ ਗਿਆ। ਉਸ ਨੇ ਗੁਰੂ ਜੀ ਨੂੰ ਕੈਦ ਕਰ ਕੇ ਅਗੋਂ ਤਸੀਹੇ ਤੇ ਸਜ਼ਾ ਦੇਣ ਦਾ ਕੁਕਰਮ, ਗੁਰੂ ਜੀ ਦੇ ਨਿਜੀ ਵਿਰੋਧੀ, ਦੀਵਾਨ ਚੰਦੂ ਲਾਲ, ਨੂੰ ਸੌਂਪ ਦਿੱਤਾ। ਚੰਦੂ ਨੇ ਗੁਰੂ ਜੀ ਨੂੰ ਭਿਆਨਕ ਤਸੀਹੇ ਦਿੱਤੇ। ਤੱਤੀ ਤਵੀ ’ਤੇ ਬਿਠਾਇਆ, ਗਰਮ ਰੇਤਾ ਸੀਸ ’ਤੇ ਪਵਾਇਆ, ਉਬਲਦੀ ਦੇਗ ਵਿਚ ਬਿਠਾਇਆ ਅਤੇ ਅੰਤ ਵਿਚ ਰਾਵੀ ਦਰਿਆ ਦੇ ਪਾਣੀ ਵਿਚ ਡੋਬ ਕੇ ਸ਼ਹੀਦ ਕਰ ਦਿੱਤਾ।

ਇਹ ਸ਼ਹੀਦੀ ੩੦ ਮਈ ਸੰਨ ੧੬੦੬ ਨੂੰ ਹੋਈ।

ਇਉਂ, ਮਨੁੱਖਤਾ ਦੇ ਦਰਦੀ, ਸਾਰੀ ਉਮਰ ਮਨੁੱਖਤਾ ਦੀ ਭਲਾਈ ਦੇ ਲੇਖੇ ਲਾ ਕੇ, ਜਿਸ ਵੈਰ, ਵਿਰੋਧ, ਈਰਖਾ, ਨਫ਼ਰਤ, ਮਜ਼ਹਬੀ ਕੱਟੜਤਾ ਆਦਿ ਦੇ ਵਿਰੁੱਧ ਮਨੁੱਖੀ ਭਾਈਚਾਰੇ ਨੂੰ ਪ੍ਰੇਮ ਪਿਆਰ ਸਹਿਤ ਵੱਸਣ ਦਾ ਸੰਦੇਸ਼ ਦਿੰਦੇ ਰਹੇ; ਉਹਨਾਂ ਹੀ ਬੁਰਾਈਆਂ ਦੇ ਧਾਰਨੀ, ਸੌੜੀ ਸੋਚ ਵਾਲੇ ਲੋਕਾਂ ਦੀ ਭਲਾਈ ਚਿਤਵਦੇ ਤੇ ਕਰਦੇ ਹੋਏ, ਆਦਰਸ਼ਕ ਕੁਰਬਾਨੀ ਕਰ ਗਏ।

ਤਕਰੀਬਨ ਤਰਤਾਲੀ ਸਾਲ ਸਰੀਰਕ ਜਾਮੇ ਵਿਚ ਵਿਚਰ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਸੰਸਾਰ ਵਿਚ, ਮਨੁੱਖਤਾ ਦੀ ਭਲਾਈ ਵਾਸਤੇ ਅਜਿਹੇ ਮਹਾਨ ਕਾਰਜ ਕਰ ਗਏ ਜੋ ਸੰਸਾਰਕ ਜੀਵਾਂ ਦਾ ਚਾਨਣ ਮੁਨਾਰੇ ਵਾਂਗ ਰਾਹ ਰੌਸ਼ਨ ਕਰ ਰਹੇ ਹਨ।

### ਸ੍ਰੀ ਗੁਰੂ ਅਰਜਨ ਦੇਵ ਜੀ ਨੇ

## ਬਾਬਾ ਦਾਤੂ ਜੀ ਦਾ ਦਰਦ ਨਿਵਾਰਨਾ

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੋਇੰਦਵਾਲ ਸਾਹਿਬ ਤੋਂ, ਬਾਬਾ ਮੋਹਨ ਜੀ ਪਾਸੋਂ, ਗੁਰਬਾਣੀ ਦੀਆਂ ਪੋਥੀਆਂ ਲੈ ਕੇ ਵਾਪਸ ਮੁੜੇ ਤਾਂ ਰਸਤੇ ਵਿਚ ਸ੍ਰੀ ਖਡੂਰ ਸਾਹਿਬ ਵਿਖੇ ਰੁਕੇ। ਸ੍ਰੀ ਗੋਇੰਦਵਾਲ ਸਾਹਿਬ ਤੋਂ ਬਾਬਾ ਮੋਹਰੀ ਜੀ ਸਮੇਤ ਬਹੁਤ ਸਾਰੀ ਸੰਗਤ ਗੁਰੂ ਜੀ ਨੂੰ ਤੋਰਨ ਵਾਸਤੇ ਨਾਲ ਤੁਰੀ। ਇਕ ਕੋਹ ਤੱਕ ਸਾਰੇ ਨਾਲ ਗਏ। ਫਿਰ ਗੁਰੂ ਜੀ ਨੇ ਬਾਬਾ ਮੋਹਰੀ ਜੀ ਦੇ ਚਰਨਾਂ ’ਤੇ ਨਮਸਕਾਰ ਕਰ ਕੇ, ਸਨਮਾਨ ਸਹਿਤ ਸਾਰੀ ਸੰਗਤ ਨੂੰ ਵਾਪਸ ਮੋੜ ਦਿੱਤਾ ਅਤੇ ਪੋਥੀਆਂ ਵਾਲੀ ਪਾਲਕੀ ਅਤੇ ਸਿੱਖਾਂ ਸਮੇਤ ਅੱਗੇ ਨੂੰ ਤੁਰ ਪਏ।

ਇਉਂ ਹੌਲੀ ਹੌਲੀ ਆਨੰਦ ਸਹਿਤ ਖਡੂਰ ਪਿੰਡ ਵਿਚ ਪਹੁੰਚ ਗਏ। ਗੁਰੂ ਅੰਗਦ ਜੀ ਦੇ ਦੇਹੁਰੇ ’ਤੇ ਪ੍ਰੇਮ ਸਹਿਤ ਸੀਸ ਨਿਵਾਇਆ। ਦੇਹੁਰੇ ਦੀਆਂ ਚਾਰ ਪ੍ਰਕਰਮਾਂ ਕੀਤੀਆਂ ਤੇ ਸਾਰਿਆਂ ਨੂੰ ਪ੍ਰਸ਼ਾਦ ਵਰਤਾਇਆ। ਗੁਰੂ ਜੀ ਨੇ ਗੁਰੂ ਅੰਗਦ ਜੀ ਦਾ ਧਿਆਨ ਧਰ ਕੇ, ਸੋਹਣਾ ਜਸ ਵਖਾਣਿਆ। ਫਿਰ ਕਰੀਰ ਦੇ ਦਰਸ਼ਨ ਕਰ ਕੇ ਬੰਦਨਾ ਕੀਤੀ ਤੇ ਚਾਰ ਪ੍ਰਕਰਮਾਂ ਕੀਤੀਆਂ। ਗੁਰੂ ਜੀ ਦਾ ਆਉਣਾ ਸੁਣ ਕੇ, ਗੁਰੂ ਅੰਗਦ ਜੀ ਦੇ ਸਾਹਿਬਜ਼ਾਦੇ ਬਾਬਾ ਦਾਤੂ ਜੀ, ਹਿਰਦੇ ਵਿਚ ਵੱਡਾ ਉਨਮਾਦ ਅਨੁਭਵ ਕਰ ਕੇ, ਪ੍ਰੇਮ ਸਹਿਤ ਆ ਕੇ ਗੁਰੂ ਜੀ ਨੂੰ ਮਿਲੇ। ਸਤਿਕਾਰ ਵਜੋਂ ਗੁਰੂ ਜੀ ਉਠ ਕੇ ਅੱਗੋਂ ਮਿਲੇ ਤੇ ਨਮਸਕਾਰ ਕੀਤੀ। ਜਦੋਂ ਦਾਤੂ ਜੀ ਨੇ ਗੁਰੂ ਜੀ ਦੇ ਚਰਨਾਂ ’ਤੇ ਸਿਰ ਧਰਿਆ ਤਾਂ ਗੁਰੂ ਜੀ ਨੇ ਅੱਗੋਂ ਆਪਣੇ ਹੱਥਾਂ ’ਤੇ ਬੋਚ ਲਿਆ। ਆਪ ਨਮਸਕਾਰ ਕਰ ਕੇ ਆਪਣੇ ਪਾਸ ਬਿਠਾਏ ਤੇ ਆਖਿਆ, “ਇਹ ਅਣਉਚਿਤ ਕੰਮ ਤੁਸਾਂ ਕਿਉਂ ਕੀਤਾ? ਸਾਡੇ ਗੁਰੂ ਦੇ, ਗੁਰੂ ਦੇ, ਗੁਰੂ ਦੇ ਪੁੱਤਰ ਹੋ। ਸਾਨੂੰ ਆਪਣਾ ਦਾਸ ਸਮਝੋ। ਤੁਹਾਡੇ ਚਰਨਾਂ ਦੀ ਧੂੜ ਸਾਡੇ ਲਈ ਉਚਿਤ ਹੈ ਤੇ ਅਸੀਂ ਸਦਾ ਤੁਹਾਡੀ ਤਾਬਿਆ ਰਹੀਏ।”

ਇਹ ਸੁਣ ਕਰ ਦਾਤੂ ਨੇ ਹੱਥ ਜੋੜ ਕੇ ਆਖਿਆ:

ਮੇਰੀ ਬੇਨਤੀ ਸੁਣੋ। ਤੁਹਾਡੇ ਆਉਣ ਦੀ ਖ਼ਬਰ ਸੁਣ ਕੇ ਮੇਰਾ ਹੰਕਾਰ ਦੂਰ ਹੋਇਆ ਹੈ। ਜਦੋਂ ਗੁਰੂ ਅਮਰ ਦਾਸ ਜੀ ਨੂੰ ਗੱਦੀ ਮਿਲੀ ਤਾਂ ਮੇਰੇ ਮਨ ਵਿਚ ਬਹੁਤ ਈਰਖਾ ਉਪਜੀ। ਉਹਨਾਂ ਦੀ ਮਹਿਮਾ ਰੂਪ ਅੱਗ ਨੇ ਮੇਰਾ ਹਿਰਦਾ ਸੁਕਾ ਕੇ ਤੀਲਿਆਂ ਦੀ ਤਰ੍ਹਾਂ ਸਾੜ ਦਿੱਤਾ। ਗੁਰੂ ਜੀ ਦੇ ਹਜ਼ੂਰ ਦੇਸ਼ਾਂ ਵਿਦੇਸ਼ਾਂ ਦੀ ਸੰਗਤ, ਨਰ ਨਾਰੀ ਬਹੁਤ ਆਉਂਦੇ ਸਨ। ਅਨੇਕ ਪ੍ਰਕਾਰ ਦੀਆਂ ਵਸਤੂਆਂ ਅਰਪਦੇ ਸਨ ਤੇ ਮਨ ਬਾਂਛਤ ਫਲ ਪਾਉਂਦੇ ਸਨ। ਗੁਰੂ ਜੀ ਮੈਨੂੰ ਦੁਖੀ ਵੇਖ ਕੇ ਏਥੋਂ ਤੁਰ ਗਏ ਤੇ ਗੋਇੰਦਵਾਲ ਜਾ ਵਸੇ। ਓਥੇ ਵੀ ਬਹੁਤ ਭੀੜ ਰਹਿੰਦੀ ਸੀ। ਚੌਹਾਂ ਦਿਸ਼ਾਵਾਂ ਤੋਂ

ਸੰਗਤ ਆਉਂਦੀ ਸੀ। ਇਕ ਮੇਰਾ ਮਿੱਤਰ ਖੱਤਰੀ ਸੀ। ਉਸ ਨੇ ਆ ਕੇ ਮੈਨੂੰ ਆਖਿਆ, "ਤੂੰ ਗੁਰੂ ਦਾ ਪੁੱਤਰ ਹੈਂ ਪਰ ਤੇਰੇ ਪਾਸ ਤਾਂ ਕੋਈ ਰੌਣਕ ਨਹੀਂ। ਨਾ ਕੋਈ ਆ ਕੇ ਭੇਟਾ ਧਰਦਾ ਏ ਤੇ ਨਾ ਹੀ ਕੋਈ ਤੈਨੂੰ ਮੱਥਾ ਟੇਕਦਾ ਹੈ। ਰਾਤ ਦਿਨ ਗ਼ਰੀਬ ਵਾਂਗ ਹੱਥ 'ਤੇ ਹੱਥ ਧਰ ਕੇ ਬੈਠਾ ਰਹਿੰਦਾ ਏਂ ਤੇ ਉਦਮ ਕੁਝ ਨਹੀਂ ਕਰਦਾ। ਕਿਸੇ ਥਾਂ ਦਾ ਕੋਈ ਖੱਤਰੀ ਆ ਕੇ ਗੁਰੂ ਬਣ ਬੈਠਾ ਹੈ ਤੇ ਆਪਣੇ ਪੈਰ ਪੁਜਵਾ ਰਿਹਾ ਹੈ। ਕਿਸੇ ਸਮੇ ਉਹ ਤੁਹਾਡੇ ਘਰ ਦਾ ਸੇਵਾਦਾਰ ਹੁੰਦਾ ਸੀ; ਹੁਣ ਆਪਣੇ ਸ਼ਰਧਾਲੂਆਂ ਨੂੰ ਵਧਾ ਰਿਹਾ ਹੈ। ਤੂੰ ਜੀਂਦਾ ਹੀ ਮਰ ਗਿਆ ਤੇ ਤੇਰਾ ਸੰਸਾਰ ਵਿਚ ਨਾਂ ਵੀ ਨਹੀਂ ਜਾਣਿਆ ਜਾਂਦਾ। ਓਇ ਨਾਲਾਇਕ, ਉਹ ਜੋ ਬੈਠਾ ਧਨ ਖਾ ਰਿਹਾ ਹੈ ਉਸ ਤੋਂ ਤੂੰ ਕਿਉਂ ਨਹੀਂ ਲੈਂਦਾ!" ਇਹ ਵਾਕ ਸੁਣ ਕੇ ਮੇਰਾ ਸੱਪ ਵਾਂਗ ਸੁੱਤਾ ਮਨ ਜਾਗ ਪਿਆ। ਗੁਰੂ ਅਮਰ ਦਾਸ ਜੀ ਨੂੰ ਡੰਗ ਕੇ ਕਸ਼ਟ ਦੇਣ ਵਾਸਤੇ ਮੈਂ ਉਠ ਖਲੋਤਾ। ਤੀਰ ਸਮਾਨ ਮੈਨੂੰ ਇਹ ਵਾਕ ਵੱਜੇ ਜਿਸ ਨਾਲ ਮੇਰਾ ਧੀਰਜ ਜਾਂਦਾ ਰਿਹਾ ਤੇ ਮੇਰਾ ਤੀਲਿਆਂ ਵਰਗਾ ਮਨ, ਜੋ ਕ੍ਰੋਧ ਦੀ ਅੱਗ ਵਿਚ ਸੜ ਰਿਹਾ ਸੀ, ਉਸ ਉਪਰ ਇਹ ਵਾਕ ਘਿਓ ਵਾਂਗ ਪਏ। ਚੰਗਾ ਬੰਦਾ ਵੀ ਖੋਟੇ ਦੀ ਸੰਗਤ ਨਾਲ ਖੋਟ ਵਾਲੇ ਪਾਸੇ ਤੁਰ ਪੈਂਦਾ ਹੈ।

ਗ਼ੁੱਸੇ ਵਿਚ ਆ ਕੇ ਮੈਂ ਗੋਇੰਦਵਾਲ ਪਹੁੰਚ ਗਿਆ ਜਿਥੇ ਗੁਰੂ ਰੂਪੀ ਸੂਰਜ ਸੰਗਤਾਂ ਨੂੰ ਗਿਆਨ ਰੂਪੀ ਪ੍ਰਕਾਸ਼ ਪ੍ਰਦਾਨ ਕਰ ਰਿਹਾ ਸੀ। ਸ੍ਰੇਸ਼ਟ ਗੁਣਾਂ ਵਾਲੀ ਸੰਗਤ ਚਾਰੇ ਪਾਸੇ ਸਜੀ ਹੋਈ ਸੀ। ਓਥੇ ਅਵਗੁਣਾਂ ਦਾ ਨਾਸ ਤੇ ਗੁਣਾਂ ਦਾ ਪ੍ਰਕਾਸ਼ ਸੀ। ਗੁਰੂ ਜੀ ਦਾ ਅਜਿਹਾ ਵੱਡਾ ਪਰਤਾਪ ਵੇਖ ਕੇ ਮੈਂ ਜਰ ਨਾ ਸਕਿਆ ਤੇ ਛੇਤੀ ਨਾਲ ਸਾਰਿਆਂ ਨੂੰ ਲੰਘ ਕੇ, ਮੈਂ ਗੁਰੂ ਜੀ ਨੂੰ ਲੱਤ ਜਾ ਮਾਰੀ। ਬਹੁਤੇ ਹੀ ਦੁਰਬਚਨ ਬੋਲੇ; ਗਾਹਲਾਂ ਕਢੀਆਂ। ਬਿਰਧ ਤੇ ਨਿਰਬਲ ਸਰੀਰ ਕਰਕੇ ਗੁਰੂ ਜੀ ਸਹਾਰ ਨਾ ਸਕੇ ਤੇ ਵੱਖੀ ਵਿਚ ਵੱਜੀ ਲੱਤ ਦੀ ਸੱਟ ਨਾਲ ਗੱਦੀ ਤੋਂ ਧਰਤੀ 'ਤੇ ਜਾ ਪਏ। ਸੰਗਤ ਵਿਚ ਹਾਹਾਕਾਰ ਮਚ ਗਈ। ਸਿੱਖਾਂ ਨੇ ਗੁਰੂ ਜੀ ਨੂੰ ਬਾਹਵਾਂ ਤੋਂ ਫੜ ਕੇ ਗੱਦੀ 'ਤੇ ਬਿਠਾ ਦਿੱਤਾ। ਜਦੋਂ ਸੁਧ ਆਈ ਤਾਂ ਗੁਰੂ ਜੀ ਉਠ ਕੇ, ਹੌਲੀ ਹੌਲੀ ਨਰਮੀ ਨਾਲ ਮੇਰੇ ਪੈਰ ਫੜ ਕੇ ਪਲੋਸਣ ਲੱਗ ਪਏ ਤੇ ਆਖਿਆ:

ਕੰਮ ਕਰਦਿਆਂ ਮੇਰੇ ਅੰਗ ਸਖ਼ਤ ਹੋ ਗਏ ਹਨ। ਤੁਹਾਡੇ ਕੋਮਲ ਚਰਨਾਂ ਨੂੰ ਮੇਰੇ ਸਖ਼ਤ ਅੰਗਾਂ ਨਾਲ ਛੋਹਣ ਕਰਕੇ ਪੀੜ ਹੋਈ ਹੋਵੇਗੀ। ਤੁਹਾਡੇ ਆਰਾਮ ਨਾਲ ਬੈਠਦੇ ਰਹਿਣ ਕਰਕੇ ਕਮਲ ਦੇ ਸਮਾਨ ਕੋਮਲ ਚਰਨ ਹਨ। ਮੇਰੀ ਇਹ ਭੁੱਲ ਹੈ ਕਿ ਤੁਹਾਡੇ ਆਉਣ ਸਮੇ ਮੈਂ ਆਦਰ ਵਜੋਂ ਉਠਿਆ ਨਹੀਂ। ਤੁਸੀਂ ਠੀਕ ਹੀ ਮੈਨੂੰ ਤਾੜਨਾ ਕੀਤੀ ਹੈ। ਤੁਸੀਂ ਗੁਰੂ ਜੀ ਦੇ ਸਾਹਿਬਜ਼ਾਦੇ ਉਤਮ ਸੋਚ ਵਾਲੇ ਹੋ। ਹੁਕਮ ਕਰੋ ਮੈਂ ਤੁਹਾਡੀ ਕੀ ਸੇਵਾ ਕਰਾਂ? ਆਪ ਜੀ ਦੀ ਸੇਵਾ ਕਰ ਕੇ ਮੈਨੂੰ ਪ੍ਰਸੰਨਤਾ ਹੋਵੇਗੀ। ਮੈਂ ਗੁਰੂ ਜੀ ਦਾ ਦਾਸ ਹਾਂ ਤੇ ਇਸ ਲਈ ਗੁਰੂ ਪੁੱਤਰ ਹੋਣ ਕਰਕੇ ਮੈਂ ਆਪ ਜੀ ਨੂੰ ਗੁਰੂ ਸਮਾਨ ਹੀ ਸਮਝਦਾ ਹਾਂ। ਆਪ ਦਾ ਹਿਰਦਾ ਸੁਧ ਹੈ। ਕ੍ਰੋਧ ਤਜੋ ਮੇਰਾ ਅਪਰਾਧ ਖਿਮਾ ਕਰੋ। ਮੈਨੂੰ ਦਾਸਾਂ ਦਾ ਦਾਸ ਜਾਣ ਕੇ ਤੁਸੀਂ ਤਾੜਨਾ ਕਰਕੇ ਮੇਰੇ ਅਵਗੁਣਾਂ ਨੂੰ ਦੂਰ ਕੀਤਾ ਹੈ।

ਇਹ ਸੁਣ ਕੇ ਮੈਂ ਕ੍ਰੋਧ ਵਿਚ ਆਖਿਆ:

ਤੇਰਾ ਭਲਾ ਏਸੇ ਵਿਚ ਹੈ ਕਿ ਇਹ ਪਖੰਡੀ ਵਿਖਾਵਾ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਹ। ਮੇਰੇ ਪਿਤਾ ਦੀ ਸੇਵਾ ਕਰ ਕੇ, ਛਲ ਨਾਲ ਗੁਰਤਾ ਗੱਦੀ ਲੈ ਲਈ। ਭੋਲੇ ਸੁਭਾ ਦੇ ਹੋਣ ਕਰਕੇ ਮੇਰੇ ਪਿਤਾ ਨੇ ਤੇਰਾ ਛਲੀਆ ਸੁਭਾ ਨਹੀਂ ਸਮਝਿਆ। ਅਜ਼ਮਤ ਆਦਿ ਠੱਗ ਕੇ ਲੈ ਆਂਦੀਆਂ ਤੇ ਪਖੰਡ ਰਚ ਕੇ ਬਹੁਤਾ ਧਨ ਬਟੋਰ ਲਿਆ। ਸਾਡੀ ਵਸਤੂ ਤੂੰ ਕਿਵੇਂ ਲੈ ਲਈ! ਇਹ ਜਾਣ ਕੇ ਮੈਨੂੰ ਕ੍ਰੋਧ ਆ ਰਿਹਾ ਹੈ। ਜੇ ਭਲਾ ਚਾਹੁੰਦਾਂ ਤਾਂ ਏਥੋਂ ਤੁਰ ਜਾਹ, ਨਹੀਂ ਤੇ ਬੁਰਾ ਹੋਵੇਗਾ; ਦੁਖ ਪਾਵੇਂਗਾ। ਮੇਰੇ ਕਠੋਰ ਬਚਨ ਸੁਣ ਕੇ, ਸਰਲ ਹਿਰਦੇ ਵਾਲੇ ਗੁਰੂ ਜੀ, ਹਿਤ ਕਰਕੇ ਬੋਲੇ:

ਹੁਣ ਤੋਂ ਮੈਂ ਓਹੀ ਕਰਾਂਗਾ ਜੋ ਤੁਹਾਨੂੰ ਭਾਵੇ। ਦਾਸ ਜਾਣ ਕੇ ਗ਼ੁੱਸਾ ਤਿਆਗੋ ਤੇ ਮੇਰੇ 'ਤੇ ਪ੍ਰਸੰਨ ਹੋਵੋ।

ਇਉਂ ਆਖ ਕੇ ਨਿਮਰਤਾ ਸਹਿਤ ਹੱਥ ਜੋੜ ਦਿੱਤੇ। ਰਾਤ ਪੈਣ 'ਤੇ ਗੁਰੂ ਜੀ ਆਪਣੇ ਆਸਣ 'ਤੇ ਚਲੇ ਗਏ ਤੇ ਹੈਰਾਨ ਹੋਈ ਸੰਗਤ ਵੀ ਚਲੀ ਗਈ। ਅਧੀ ਰਾਤ ਨੂੰ ਸਤਿਗੁਰੂ ਜੀ, ਬਿਨਾ ਕਿਸੇ ਨੂੰ ਦੱਸੇ, ਨੰਗੇ ਪੈਰੀਂ ਤੇ ਖ਼ਾਲੀ ਹੱਥ ਘਰ ਛੱਡ ਕੇ ਤੁਰ ਗਏ। ਮਨ ਵਿਚ ਸੋਚਦੇ ਨੇ, "ਕਿਥੇ ਜਾਈਏ ਤੇ ਕਿਥੇ ਬਹੀਏ; ਜਿਥੇ ਕੋਈ ਬੰਦਾ ਨਾ ਮਿਲੇ ਤੇ ਸਾਡਾ ਧਿਆਨ ਨਾ ਟੁੱਟੇ। ਨਾ ਕੋਈ ਮਿਲੇ ਤੇ ਨਾ ਕਲੇਸ਼ ਕਰਕੇ ਕੋਈ ਵਿਘਨ ਪਾਵੇ। ਇਕਾਂਤ ਵਿਚ ਬੈਠ ਕੇ ਪ੍ਰਭੂ ਨੂੰ ਸਿਮਰੀਏ। ਉਪਾਧੀਆਂ ਨਾਲ ਰੱਬ ਭੁੱਲਦਾ ਹੈ।"

ਇਉਂ ਵਿਚਾਰ ਕੇ ਬਾਸਰਕੇ ਪਿੰਡ ਦੇ ਰਾਹ ਪੈ ਗਏ। ਛੇਤੀ ਹੀ ਓਥੇ ਪਹੁੰਚ ਗਏ ਤੇ ਓਥੇ ਕੁਝ ਦੂਰੀ 'ਤੇ ਇਕ ਦੋਧੀ ਦਾ ਕੋਠਾ ਦਿਸਿਆ। ਉਸ ਦੇ ਦਰਵਾਜ਼ੇ ਉਪਰ ਇਹ ਲਿਖ ਕੇ ਲਾ ਦਿੱਤਾ ਕਿ ਜੋ ਆਣ ਕੇ ਇਹ ਬੂਹਾ ਖੋਹਲੇਗਾ ਉਸ ਨੂੰ ਦੋਸ਼ ਲੱਗੇਗਾ। ਉਹ ਸਾਡਾ ਸਿੱਖ ਨਹੀਂ ਹੋਵੇਗਾ ਤੇ ਅਸੀਂ ਉਸ ਦੇ ਗੁਰੂ ਨਹੀਂ ਹੋਵਾਂਗੇ; ਨਾ ਉਸ ਨੂੰ ਮੁਕਤੀ ਪਰਾਪਤ ਹੋਵੇਗੀ। ਉਸ ਦਾ ਲੋਕ ਪਰਲੋਕ ਵਿਗੜ ਜਾਵੇਗਾ ਤੇ ਅਸੀਂ ਉਸ ਦੀ ਸਹਾਇਤਾ ਨਹੀਂ ਕਰਾਂਗੇ। ਇਉਂ ਅੰਦਰ ਵੜ ਕੇ, ਪਦਮ ਆਸਣ ਲਾ ਕੇ ਬੈਠ ਗਏ। ਇਕ ਰਸ ਸਮਾਧੀ ਲਗ ਗਈ। ਓਧਰ ਗੋਇੰਦਵਾਲ ਵਿਚ ਸਵੇਰ ਹੋਣ 'ਤੇ ਜਦੋਂ ਗੁਰੂ ਜੀ ਨਾ ਦਿਸੇ ਤਾਂ ਭਾਲ ਸ਼ੁਰੂ ਹੋਈ ਪਰ ਗੁਰੂ ਜੀ ਕਿਤੇ ਨਾ ਲਭੇ।

ਗੁਰੂ ਜੀ, ਇਹ ਜਾਣ ਕੇ ਮੈਨੂੰ ਖ਼ੁਸ਼ੀ ਹੋਈ। ਸਾਰੇ ਪਦਾਰਥ ਮੈਂ ਆਪਣੇ ਕਬਜ਼ੇ ਵਿਚ ਕਰ ਲਏ। ਗਹਿਣੇ ਕੱਪੜੇ ਪਹਿਨ ਕੇ ਤੇ ਦਿਲ ਵਿਚ ਆਕੜ ਰੱਖ ਕੇ, ਮੈਂ ਧਨ ਦੇ ਲਾਲਚ ਵਿਚ ਗੱਦੀ ਉਪਰ ਬੈਠ ਗਿਆ। ਸਾਰਾ ਦਿਨ ਬੈਠਾ ਉਡੀਕਦਾ ਰਿਹਾ ਪਰ ਕੋਈ ਮੇਰੇ ਨੇੜੇ ਨਾ ਢੁਕਿਆ। ਕਿਸੇ ਨੇ ਕੋਈ ਭੇਟਾ ਨਾ ਰੱਖੀ। ਜੇ ਕੋਈ ਭੁੱਲ ਕੇ ਆ ਜਾਂਦਾ ਤਾਂ ਅੱਗੇ ਮੈਨੂੰ ਬੈਠਾ ਵੇਖ ਕੇ ਮੁੜ ਜਾਂਦਾ। ਜਦੋਂ ਗੁਰੂ ਜੀ ਨਾ ਦਿਸਣ ਤਾਂ ਮੇਰੇ ਨੇੜੇ ਕੋਈ ਨਾ ਢੁਕੇ। ਦਾਤੂ ਜੀ ਨੇ ਜੋ ਗੁਰੂ ਅਰਜਨ ਦੇਵ ਜੀ ਨੂੰ ਆਖਿਆ, ਭਾਈ ਸੰਤੋਖ ਸਿੰਘ ਜੀ ਨੇ ਉਸ ਨੂੰ ਇਉਂ ਲਿਖਿਆ ਹੈ:

ਗੁਣ ਬਿਹੀਨ ਪੂਜਾ ਕਹਾਂ, ਬਿੱਦਯਾ ਬਿਨ ਮਾਨਾ॥
ਜੀਤ ਕਹਾਂ ਬਿਨ ਸੂਰਤਾ, ਮਨ ਥਿਤ ਬਿਨ ਧਯਾਨਾ॥
ਬਿਨ ਸੰਤੋਖ ਉਰ ਸੁਖ ਕਹਾਂ, ਤਪ ਬਿਨਾ ਨ ਰਾਜੂ॥
ਗਯਾਨ ਕਹਾਂ ਬਿਨ ਸਤਿਗੁਰੂ, ਸ਼ੋਭਾ ਬਿਨ ਲਾਜੂ॥੮॥
ਬਿਨ ਜਹਾਜ ਤਰਿਬੋ ਕਹਾਂ, ਸਾਗਰ ਅਸਗਾਹੂ॥
ਭਗਤਿ ਕਹਾਂ ਬਿਨ ਪ੍ਰੇਮ ਕੇ, ਪਗ ਪੰਕਜ ਮਾਹੂ॥
ਕਵਿਤਾ ਬਿਨ ਕੀਰਤਿ ਕਹਾਂ, ਜਸੁ ਬਿਨਾ ਨ ਦਾਨਾ॥
ਮੁਕਤਿ ਕਹਾਂ ਬਿਨ ਪ੍ਰਭੂ ਕੇ, ਸੁਰ ਬਿਨਾ ਨ ਗਾਨਾ॥੯॥
ਸਦ ਗੁਣ ਬਿਨਾ ਨ ਸ਼੍ਰੇਯ ਹੈ, ਸ਼ਰਧਾ ਬਿਨ ਸੇਵਾ॥
ਮੰਤ੍ਰ ਸਿੱਧਿ ਬਿਨ ਜਪੁ ਕਹਾਂ, ਬਰ ਬਿਨਾ ਨ ਦੇਵਾ॥
ਬਿਨ ਸਿੱਖੀ ਤਰਿਬੋ ਕਹਾਂ, ਜਗ ਸਾਗਰ ਭਾਰਾ॥
ਦਯੋਸ ਕਹਾਂ ਸੂਰਜ ਬਿਨਾ, ਮੈਂ ਏਵ ਬਿਚਾਰਾ॥੧੦॥

*(ਰਾਸਿ ੩, ਅੰਸੂ ੩੮)*

ਭੇਟਾ ਦੇਣੀ ਤਾਂ ਕਿਤੇ ਰਹੀ, ਕਿਸੇ ਸਿੱਖ ਨੇ ਮੈਨੂੰ ਨਮਸਕਾਰ ਵੀ ਨਾ ਕੀਤੀ। ਮੈਂ ਉਹਨਾਂ ਤੋਂ ਕੀ ਲੈ ਸਕਦਾ ਸਾਂ; ਉਹ ਤਾਂ ਮੇਰਾ ਨਾਂ ਸੁਣ ਕੇ ਹੀ ਸਾਰੇ ਖਿਝਦੇ ਸਨ। ਜਿਸ ਪਾਸ ਗੁਰਤਾ ਗੱਦੀ ਹੈ ਉਸ ਦੀ ਹੀ ਪੂਜਾ ਹੁੰਦੀ ਹੈ। ਬਿਨਾ ਸ਼ਕਤੀ ਦੇ ਜੇ ਦੂਜਾ ਬੈਠ ਜਾਵੇ ਤਾਂ ਕਿਵੇਂ ਲੋਕ ਪੂਜਣ!

ਇਹ ਵੇਖ ਕੇ ਮੇਰਾ ਅਹੰਕਾਰ ਟੁੱਟ ਗਿਆ ਤੇ ਗੁਰੂ ਅਮਰ ਦਾਸ ਜੀ ਦੇ ਘਰ ਤੋਂ ਮੈਂ ਸਭ ਕੁਝ ਸਮੇਟ ਲਿਆ ਤੇ ਖਡੂਰ ਦਾ ਰਾਹ ਫੜਿਆ। ਲੋਭ ਧਾਰ ਕੇ ਖੱਚਰਾਂ ਉਪਰ ਸਾਰਾ ਸਾਮਾਨ ਲੱਦ ਕੇ ਤੁਰ ਪਿਆ। ਦੋ ਤਿੰਨ ਸੇਵਕ ਨਾਲ ਸਨ। ਰਾਹ ਵਿਚ ਜਾਂਦਿਆਂ ਜਦੋਂ ਦੋ ਘੜੀ ਦਿਨ ਰਹਿੰਦਾ ਸੀ ਤਾਂ ਛੇਤੀ ਖਡੂਰ ਪਹੁੰਚਣ ਲਈ ਚਾਹਨਾ ਉਪਜੀ। ਧਨ ਪਦਾਰਥ ਮੇਰੇ ਪਾਸ ਸੀ ਤੇ ਸੂਰਜ ਡੁੱਬ ਗਿਆ। ਸਾਰੇ ਪਾਸੇ ਹਨੇਰਾ ਹੀ ਹੋ ਗਿਆ। ਖਡੂਰੋਂ ਅਜੇ ਦੂਰ ਹੀ ਸਾਂ ਕਿ ਵਾਹਵਾ ਡਰਾਉਣੇ ਚੋਰ ਮਿਲ ਗਏ। ਮੈਨੂੰ ਵੇਖਦਿਆਂ ਹੀ ਹਥਿਆਰਾਂ ਨਾਲ ਮਾਰਨ ਲਈ ਮੇਰੇ ਵੱਲ ਦੌੜੇ। ਉਹਨਾਂ ਤੋਂ ਡਰ ਕੇ ਮੇਰੇ ਨੌਕਰ ਪੱਤਰਾ ਵਾਚ ਗਏ। ਮੈਂ ਡਰ ਕੇ ਬੋਲਿਆ, "ਕਿਉਂ ਮੈਨੂੰ ਮਾਰਦੇ ਹੋ? ਧਨ ਵਾਸਤੇ ਹੀ ਮਾਰਦੇ ਹੋ; ਲਉ, ਸਾਰਾ ਲੈ ਲਉ।" ਸਾਰਾ ਕੁਝ ਉਹਨਾਂ ਨੇ ਖੋਹ ਲਿਆ ਤੇ ਮੈਨੂੰ ਬੋਲਣ ਵੀ ਨਾ ਦਿੱਤਾ। ਫਿਰ ਮੇਰੇ ਸਰੀਰੋਂ ਕੱਪੜੇ ਵੀ ਲਾਹ ਲਏ। ਇਸ ਤਰ੍ਹਾਂ ਬਹੁਤ ਕਸ਼ਟ ਪਾ ਕੇ ਮੈਂ ਘਰ ਅਪੜਿਆ। ਸ਼ੋਕ ਸਣੇ ਚਿੰਤਾ ਦੀ ਨਦੀ ਚਿਤ ਵਿਚ ਵਹਿ ਰਹੀ ਸੀ। ਵੱਡਿਆਂ ਦਾ ਅਪਮਾਨ ਕਰ ਕੇ ਕਿਵੇਂ ਸੁਖ ਪਾਇਆ ਜਾ ਸਕਦਾ ਹੈ! ਰੁੱਖ ਨੂੰ ਕੱਟ ਕੇ ਫਲ ਕਿਵੇਂ ਮਿਲੇ! ਪਾਣੀ ਵਿਚ ਬੇੜੀ ਡੋਬ ਲਈਏ ਤਾਂ ਤਰਿਆ ਕਿਵੇਂ ਜਾਵੇ! ਘਰ ਢਾਹ ਕੇ ਵਿਚ ਵੱਸਣਾ ਕਿਵੇਂ ਹੋਏ!

ਇਉਂ ਚਿੰਤਾ ਵਿਚ ਮੈਂ ਡੁੱਬਾ, ਝੂਰਦਾ, ਬੇਸੁਰਤ ਹੋਇਆ ਬੈਠਾ ਰਹਾਂ। ਕਿਸੇ ਨੂੰ ਕੁਝ ਦੱਸਾਂ ਵੀ ਨਾ। ਓਦੋਂ ਤੋਂ ਮੇਰੀ ਲੱਤ 'ਤੇ ਬਹੁਤ ਪੀੜ ਹੋ ਰਹੀ ਹੈ। ਹੱਡੀਆਂ ਨੂੰ ਮਾਨੋ ਚੀਰਦੀ ਹੋਈ ਮਨ ਨੂੰ ਬਹੁਤ ਦੁਖ ਦੇ ਰਹੀ ਹੈ।

ਓਧਰ ਸਿੱਖਾਂ ਨੇ ਕੁਝ ਸਮਾ ਸਾਰੇ ਪਾਸੇ ਗੁਰੂ ਜੀ ਨੂੰ ਖੋਜਿਆ ਪਰ ਗੁਰੂ ਜੀ ਦਾ ਕੋਈ ਪਤਾ ਥਹੁ ਨਾ ਲੱਗੇ। ਅਖ਼ੀਰ ਬਾਬਾ ਬੁੱਢਾ ਜੀ ਨੇ ਗੁਰੂ ਜੀ ਦੀ ਘੋੜੀ ਨੂੰ ਅੱਗੇ ਤੋਰਿਆ ਤੇ ਉਸ ਦੇ ਮਗਰ ਸੰਗਤ ਤੁਰ ਪਈ। ਘੋੜੀ ਤੁਰਦੀ ਤੁਰਦੀ ਉਸ ਕੋਠੇ ਦੇ ਬੂਹੇ ਅੱਗੇ ਜਾ ਰੁਕੀ ਜਿਸ ਦੇ ਅੰਦਰ ਗੁਰੂ ਜੀ ਸਮਾਧੀ ਸਥਿਤ ਸਨ। ਜਦੋਂ ਵੇਖਿਆ ਕਿ ਕੋਠੇ ਦੇ ਬੂਹੇ ਉਪਰ ਨਾ ਖੋਹਲਣ ਲਈ ਗੁਰੂ ਜੀ ਦਾ ਹੁਕਮ ਹੈ, ਤਾਂ ਬਾਬਾ ਜੀ ਨੇ, ਪੇਂਡੂ ਸਿਆਣਪ ਵਰਤਦਿਆਂ ਹੋਇਆਂ, ਕੋਠੇ ਦੇ ਪਿਛਲੇ ਪਾਸਿਉਂ ਕੰਧ ਵਿਚ ਸੰਨ੍ਹ ਲਾ ਲਈ ਤੇ ਇਸ ਤਰ੍ਹਾਂ ਉਸ ਸੰਨ੍ਹ ਰਾਹੀਂ ਗੁਰੂ ਜੀ ਦੇ ਸਨਮੁਖ ਜਾ ਮੱਥਾ ਟੇਕਿਆ। ਉਸ ਸਥਾਨ ਉਪਰ, ਉਸ ਸਾਖੀ ਦੀ ਯਾਦ ਵਜੋਂ, ਗੁਰਦੁਆਰਾ ਸੰਨ੍ਹ ਸਾਹਿਬ ਸੁਸ਼ੋਭਤ ਹੈ।

ਪਹਿਲੀ ਰੀਤ ਵਾਂਗ ਹੀ ਗੁਰੂ ਜੀ ਫਿਰ ਗੁਰਤਾ ਗੱਦੀ ਉਪਰ ਬਿਰਾਜੇ। ਸਾਰਿਆਂ ਨੇ ਮਿਲ ਕੇ ਬਹੁਤ ਖ਼ੁਸ਼ੀ ਮਨਾਈ। ਪਰ ਮੇਰੀ ਲੱਤ ’ਤੇ ਓਦੋਂ ਦੀ ਪੀੜ ਹੋ ਰਹੀ ਹੈ ਤੇ ਮੈਂ ਦੁਖ ਪਾ ਰਿਹਾ ਹਾਂ। ਸ਼ਰਮ ਦੇ ਭਾਰ ਹੇਠ ਦੱਬਿਆ ਮੈਂ ਗੁਰੂ ਜੀ ਦੇ ਨੇੜੇ ਵੀ ਨਹੀਂ ਜਾਂਦਾ। ਖੋਟਾ ਕੰਮ ਕੀਤਿਆਂ ਦੁਖ ਪਾਈਦਾ ਤੇ ਜੱਗ ਵਿਚ ਲੱਜਾਈਦਾ ਹੈ। ਚਿਰ ਕਾਲ ਪੀੜ ਸਹੀ ਪਰ ਮੈਂ ਗੁਰੂ ਜੀ ਦੇ ਪਾਸ ਨਹੀਂ ਗਿਆ। ਜਦੋਂ ਗੁਰੂ ਜੀ ਬੈਕੁੰਠ ਨੂੰ ਜਾਣ ਲੱਗੇ ਤਾਂ ਬੜਾ ਦੁਖੀ ਤੇ ਬੇਸ਼ਰਮ ਹੋ ਕੇ ਮੈਂ ਗੁਰੂ ਜੀ ਪਾਸ ਗਿਆ ਤੇ ਖਲੋ ਕੇ ਹੱਥ ਜੋੜ ਕੇ ਆਖਿਆ, “ਤੁਹਾਡਾ ਅਪਰਾਧੀ ਮੈਂ ਚੱਲ ਕੇ ਆਇਆ ਹਾਂ। ਮੇਰੀ ਅਵੱਗਿਆ ਮੁਆਫ਼ ਕਰੋ; ਮੈਂ ਬਹੁਤ ਦੁਖ ਪਾਇਆ ਹੈ। ਮਹਾਂ ਪੁਰਖਾਂ ਦਾ ਵੈਰ ਪਾਣੀ ’ਤੇ ਲੀਕ ਹੁੰਦਾ ਹੈ। ਪਰ ਪ੍ਰੀਤ ਪੱਥਰ ਦੀ ਲੀਕ ਵਾਂਗ ਪੱਕੀ ਹੁੰਦੀ ਹੈ। ਦੀਨ ਦਿਆਲ, ਮੈਂ ਮੰਦ ਬੁਧੀ ਤੁਹਾਡੀ ਸ਼ਰਨ ਹਾਂ।” ਇਉਂ ਮੇਰੀ ਬੇਨਤੀ ਸੁਣ ਕੇ ਸਤਿਗੁਰੂ ਜੀ ਬੋਲੇ, “ਸੋਢੀ ਕੁਲ ਟੀਕਾ ਸ੍ਰੀ ਗੁਰੂ ਰਾਮ ਦਾਸ ਹੋਣਗੇ। ਉਹਨਾਂ ਦੇ ਸਪੁੱਤਰ, ਗੁਣਾਂ ਦੇ ਖ਼ਜ਼ਾਨੇ ਅਰਜਨ ਜੀ, ਜਦੋਂ ਖਡੂਰ ਵਿਚ ਆਉਣਗੇ ਤੇ ਤੁਹਾਡਾ ਮੇਲ ਹੋਵੇਗਾ। ਉਹ ਤੁਹਾਡੇ ਦੁਖੀ ਚਰਨ ਨੂੰ ਸੁਖੀ ਕਰਨਗੇ।”

ਇਹ ਸੁਣ ਕੇ ਘਰ ਆ ਕੇ ਮੈਂ ਉਸ ਸਮੇ ਦੀ ਉਡੀਕ ਕਰਨ ਲੱਗਾ ਕਿ ਕਦੋਂ ਤੁਸੀਂ ਦਰਸ਼ਨ ਦਿਓਗੇ ਤੇ ਕਦੋਂ ਮੇਰਾ ਪੈਰ ਠੀਕ ਕਰੋਗੇ! ਹੁਣ ਤੁਸੀਂ ਆ ਕੇ ਮੈਨੂੰ ਕ੍ਰਿਤਾਰਥ ਕੀਤਾ ਹੈ ਤੇ ਮੇਰਾ ਪੈਰ ਵੀ ਠੀਕ ਕਰੋ ਜੀ। ਤੁਸੀਂ ਗੁਰੂ ਨਾਨਕ ਜੀ, ਗੁਰੂ ਅੰਗਦ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮਦਾਸ ਜੀ ਪ੍ਰਭ ਦਾ ਰੂਪ ਹੋ, ਤੁਸੀਂ ਹੀ ਧੀਰਜਵਾਨ ਹੋ। ਮੈਨੂੰ ਆਪਣੇ ਚਰਨਾਂ ਦੀ ਸ਼ਰਨ ਦਾ ਆਸਰਾ ਦਿਓ ਤੇ ਮੇਰੀ ਆਸਾ ਪੂਰੀ ਕਰੋ। ਆਪਣਾ ਸੇਵਕ ਜਾਣ ਕੇ ਮੈਨੂੰ ਦੂਰ ਨਾ ਕਰੋ।

ਇਉਂ ਬਾਬਾ ਦਾਤੂ ਜੀ ਦੀ ਬੇਨਤੀ ਸੁਣ ਕੇ, ਗੁਰੂ ਅਰਜਨ ਜੀ ਬੋਲੇ, “ਜਿਵੇਂ ਤੁਹਾਡੀ ਇੱਛਾ। ਅਸੀਂ ਤਾਂ ਸਦਾ ਤੁਹਾਡੇ ਘਰ ਦੇ ਸਿੱਖ ਹਾਂ; ਜੋ ਚਾਹੋਗੇ ਕਰਾਂਗੇ।” ਗੁਰੂ ਅਰਜਨ ਜੀ ਨੇ ਹੱਥ ਫੇਰ ਕੇ ਦਾਤੂ ਜੀ ਦੇ ਪੈਰ ਦਾ ਦੁਖ ਹਟਾ ਦਿੱਤਾ। ਚਿਰ ਕਾਲ ਦੀ ਪੀੜ ਖਿਨ ਵਿਚ ਹਟਾ ਦਿੱਤੀ। ਮਨ ਵਿਚ ਪ੍ਰਸੰਨ ਹੋ ਕੇ ਦਾਤੂ ਜੀ ਨੇ ਹਿਰਦੇ ਵਿਚ ਗੁਰੂ ਜੀ ਦੀ ਮਹਿਮਾ ਨੂੰ ਧਾਰਨ ਕੀਤਾ।

ਇਸ ਪ੍ਰਕਾਰ ਪ੍ਰਸੰਗ ਕਰਦਿਆਂ ਸੂਰਜ ਡੁੱਬ ਗਿਆ। ਕਈ ਪਰਕਾਰ ਦਾ ਭੋਜਨ ਤਿਅਰ ਕਰ ਕੇ ਗੁਰੂ ਜੀ ਨੂੰ ਛਕਾਇਆ ਗਿਆ। ਭਗਤਿ, ਬਿਬੇਕ, ਗਿਆਨ ਵਿਚਾਰ ਦੀ ਵਾਹਵਾ ਚਰਚਾ ਹੋਈ। ਦਿਸਦਾ ਸਾਰਾ ਕੁਝ ਨਾਸ਼ਮਾਨ ਹੈ। ਨਿਰੰਕਾਰ ਦੀ ਸੱਤਾ ਨੂੰ ਹੀ ਸੱਤ ਜਾਣੋ। ਸਾਰ ਅਸਾਰ ਦੀ ਵਿਚਾਰ ਕਰ ਕੇ ਨਿਸਚਾ ਕੀਤਾ ਕਿ ਪਰਮੇਸਰ ਦਾ ਹੀ ਇਹ ਸਾਰਾ ਪ੍ਰਪੰਚ ਹੈ। ਰਾਤ ਸਮੇ ਗੁਰੂ ਜੀ ਬਿਰਾਜ ਗਏ ਤੇ ਪਹਿਰ ਰਾਤ ਰਹਿੰਦਿਆਂ ਜਾਗ ਕੇ, ਇਸ਼ਨਾਨ ਆਦਿ ਕਰ ਕੇ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦੂਜੇ ਸਾਹਿਬਜ਼ਾਦੇ, ਬਾਬਾ ਦਾਸੂ ਜੀ ਦੇ ਘਰ ਵੱਲ ਚੱਲ ਪਏ।

## ਭੱਟਾਂ ਦਾ ਗੁਰੂ ਦਰਬਾਰ ਵਿਚ ਆਉਣਾ

### (ਵੇਦ ਭੱਟਾਂ ਰੂਪ ਧਾਰ ਕੇ ਆਏ)

ਭਗਤਾਂ ਵਿਚ ਗੁਰੂ ਜੀ ਸ਼ਾਂਤ ਚਿੱਤ ਬੈਠੇ ਇਉਂ ਸੋਭਾ ਪਾ ਰਹੇ ਹਨ ਜਿਉਂ ਮੁਨੀਆਂ ਵਿਚ ਸ਼ਿਵ ਜੀ। ਮਾਨੋ ਕਿ ਗਿਆਨ ਹੀ ਗੁਰੂ ਰੂਪ ਧਾਰ ਕੇ ਬੈਠਾ ਹੈ ਤੇ ਇਉਂ ਭਗਤ ਜਨ ਨਿਕਟ ਬੈਠੇ ਆਪਣੇ ਨੇਤਰਾਂ ਨਾਲ ਇਸ ਗਿਆਨ ਨੂੰ ਅੰਮ੍ਰਿਤ ਰਸ ਰੂਪ ਜਾਣ ਕੇ ਛਕ ਰਹੇ ਹਨ। ਛਕਦੇ ਹੋਏ ਰੱਜ ਹੀ ਨਹੀਂ ਰਹੇ ਤੇ ਨੇੜੇ ਬੈਠ ਕੇ ਜਿਉਂ ਜਿਉਂ ਸੁਣਦੇ ਹਨ, ਖ਼ੁਸ਼ ਹੁੰਦੇ ਹਨ। ਮਹਾਂ ਸ਼ਾਂਤੀ ਸਰੂਪ ਸਤਿਗੁਰੂ ਜੀ ਪ੍ਰਭੂ ਸਿਮਰਨ ਦਾ ਉਪਦੇਸ਼ ਦੇ ਰਹੇ ਹਨ। ਸਮਾ ਵਿਚਾਰ ਕੇ ਸਾਰੇ ਭਗਤ ਆਪੋ ਆਪਣੇ ਸਥਾਨਾਂ ਨੂੰ ਵਿਦਾ ਹੋ ਗਏ ਤਾਂ ਵੇਦ ਦੇਹ ਧਾਰ ਕੇ, ਗੁਰੂ ਜੀ ਦੇ ਪਾਸ ਆਏ ਅਤੇ ਨਮਸਕਾਰ ਕੀਤੀ। ਚਿੱਤ ਵਿਚ ਗੁਰੂ ਜੀ ਨੂੰ ਗੁਰੂ ਧਾਰਨਾ ਚਾਹਿਆ ਤੇ ਅਨੇਕ ਪ੍ਰਕਾਰ ਗੁਰੂ ਜੀ ਦੀ ਉਸਤਤਿ ਕੀਤੀ। ਜਿਸ ਕਾਰਨ ਸੰਸਾਰ ਵਿਚ ਗੁਰੂ ਜੀ ਆਏ, ਉਸ ਦੀ ਮਹਾਨ ਅਭਿਲਾਖਾ ਸੀ। ਸਰੋਤਿਆਂ ਨੇ ਸੁਣ ਕੇ ਵੇਦਾਂ ਦਾ ਦੇਹ ਧਾਰ ਕੇ ਆਉਣ ਦਾ ਪ੍ਰਸੰਗ ਸੁਣਨਾ ਚਾਹਿਆ। ਇਹ ਸੁਣ ਕੇ ਭਾਈ ਸੰਤੋਖ ਸਿੰਘ ਜੀ ਨੇ ਆਖਿਆ:

ਹੇ ਸਿੱਖੋ, ਸੁਣੋ ਜਿਵੇਂ ਵੇਦ ਦੇਹ ਧਾਰ ਕੇ ਆਏ ਸਾਰਾ ਪ੍ਰਸੰਗ ਮੈਂ ਸੁਣਾਵਾਂ। ਕਾਂਸ਼ੀ ਵਿਚ ਵੇਦਾਂ ਦਾ ਵਾਸਾ ਹੈ ਜਿਥੇ ਸਭ ਪ੍ਰਕਾਰ ਦੀ ਵਿੱਦਿਆ ਵੱਸਦੀ ਹੈ। ਓਥੇ ਨਿਤ ਦਿਨ ਬ੍ਰਹਮ ਦਾ ਚਰਚਾ ਹੁੰਦਾ ਹੈ ਜਿਸ ਨੂੰ ਸੁਣ ਕੇ ਬੁਧੀ ਵਿਚ ਵਾਧਾ ਹੁੰਦਾ ਹੈ। ਇਸ ਸਮੇ ਓਥੇ ਵਸਦੇ ਵੇਦਾਂ ਦੇ ਹਿਰਦੇ ਵਿਚ ਬਹੁਤ ਹੰਕਾਰ ਪਰਗਟ ਹੋ ਗਿਆ ਕਿ ਅਸੀਂ ਹੀ ਬ੍ਰਹਮ ਦਾ ਨਿਰਨਾ ਕਰਦੇ ਹਾਂ ਤੇ ਸਾਰ ਅਸਾਰ ਦੀ ਵਿਚਾਰ ਕਰਦੇ ਹਾਂ। ਸਾਡੇ ਕਰਕੇ ਹੀ ਸੰਸਾਰ ਵਿਚ ਗਿਆਨ ਦਾ ਪ੍ਰਕਾਸ਼ ਹੈ ਨਹੀਂ ਤਾਂ ਅੰਧਕਾਰ ਦਾ ਹੀ ਵਰਤਾਰਾ ਹੋਵੇ। ਅਗਿਆਨੀ ਗਿਆਨ ਪਰਾਪਤ ਕਰਦੇ ਹਨ ਤੇ ਬੰਧਨ ਕੱਟ ਕੇ ਮੁਕਤ ਹੁੰਦੇ ਹਨ।

ਪਾਰਬ੍ਰਹਮ ਨੇ ਵੇਦਾਂ ਦੇ ਹੰਕਾਰ ਨੂੰ ਜਾਣ ਕੇ ਵਿਚਾਰਿਆ, ਹੰਕਾਰ ਹੀ ਸੰਸਾਰ ਵਿਚ ਸਭ ਵਿਕਾਰਾਂ ਦੀ ਜੜ੍ਹ ਹੈ ਤੇ ਇਸ ਕਰਕੇ ਹੀ ਸੰਸਾਰ ਵਿਚ ਮੁੜ ਮੁੜ ਆਉਣਾ ਪੈਂਦਾ ਹੈ; ਸੋ ਇਸ ਨੂੰ ਦੂਰ ਕਰਨਾ ਚਾਹੀਦਾ ਹੈ। ਇਹਨਾਂ ਦੇ ਹਿਰਦੇ ਵਿਚੋਂ ਇਸ ਨੂੰ ਦੂਰ ਕਰਨ ਦੀ ਕਿਰਪਾ ਦੇ ਸਾਗਰ ਨੇ ਠਾਣੀ। ਇਸ ਸਮੇ ਇਹਨਾਂ ਨੂੰ ਮਨੁੱਖੀ ਜਾਮੇ ਵਿਚ ਜਾਣ ਦੀ ਆਕਾਸ਼ਬਾਣੀ ਹੋਈ ਕਿ ਤੁਹਾਡੇ ਹਿਰਦੇ ਵਿਚ ਨਿਸਫਲ ਹੰਕਾਰ ਹੈ। ਬਿਨਾ ਸਤਿਗੁਰੂ ਤੋਂ ਹੰਕਾਰ ਦੂਰ ਨਹੀਂ ਹੋ ਸਕਦਾ, ਇਸ ਲਈ ਇਸ ਦਾ ਮੂਲ ਸਤਿਗੁਰਾਂ ਦਾ ਸਰੀਰ ਹੈ। ਤੁਹਾਡਾ ਖੇਦ ਖਿਨ ਵਿਚ ਨਾਸ ਹੋਵੇਗਾ। ਜਾ ਕੇ ਗੁਰੂ ਦੀ ਭਾਲ ਕਰੋ। ਸਤਿਗੁਰੂ ਤੋਂ ਬਿਨਾ ਸ਼ਾਂਤੀ ਨਸੀਬ ਨਹੀਂ ਹੋਵੇਗੀ ਇਸ ਲਈ ਪ੍ਰੇਮ ਕਰ ਕੇ ਗੁਰੂ ਧਾਰੋ। ਇਕ ਇਕ ਵੇਦ ਚਤੁਰ ਬ੍ਰਾਹਮਣ ਦਾ ਰੂਪ ਧਾਰੋ। ਬ੍ਰਹਮਾ ਵੀ ਤੁਹਾਡੇ ਨਾਲ ਨਰ ਰੂਪ ਧਾਰੇਗਾ। ਸਦਾ ਇਹ ਤੁਹਾਡਾ ਰਖਿਅਕ ਹੋਵੇਗਾ। ਜਿਥੇ ਕਿਤੇ ਵੀ ਕੋਈ ਵਿਘਨ ਪਵੇਗਾ, ਇਹ ਉਸ ਵਿਘਨ ਨੂੰ ਦੂਰ ਕਰੇਗਾ। ਆਕਾਸ਼ਬਾਣੀ ਇਉਂ ਹੋ ਕੇ ਚੁੱਪ ਹੋ ਗਈ ਤੇ ਵੇਦ ਸਾਰੇ ਸੁਣ ਕੇ ਹੈਰਾਨ ਰਹਿ ਗਏ। ਬ੍ਰਹਮਾ ਸਮੇਤ ਸਾਰੇ ਸਰੂਪ ਧਾਰ ਕੇ ਸੰਸਾਰ ਵਿਚ ਪਰਗਟ ਹੋ ਗਏ। ਇਕ ਇਕ ਵੇਦ ਨੇ ਚਤੁਰ ਬ੍ਰਾਹਮਣ ਦਾ ਰੂਪ ਧਾਰਿਆ। ਇਹਨਾਂ ਦੇ ਨਾਂ ਬਿਨਾ ਸ਼ੰਕਾ ਮੈਂ ਦੱਸਦਾ ਹਾਂ। ਸਾਮ ਵੇਦ: ਮਥਰਾ, ਜਾਲਪ, ਬੱਲ ਤੇ ਹਰਬੰਸ। ਰਿਗਵੇਦ: ਕਲ੍ਹ, ਜਲ੍ਹ, ਨਲ੍ਹ ਤੇ ਕਲ੍ਹ ਸਹਾਰ। ਯਜੁਰ ਵੇਦ: ਟਲ, ਸਲ, ਜਲ ਤੇ ਭਲ। ਅਥਰਬਣ ਵੇਦ: ਦਾਸ, ਕੀਰਤਿ, ਗਯੰਦ ਤੇ ਸਦਰੰਗ ਚਾਰ ਹੋਏ। ਬ੍ਰਹਮਾ ਭਿੱਖਾ ਦਾ ਰੂਪ ਸੀ ਜੋ ਸਭ ਤੋਂ ਵਧ ਉਦਾਰ ਸੀ। ਬ੍ਰਾਹਮਣ ਸਰੀਰ ਤੇ ਭਾਟ ਸੰਗਿਆ ਹੋਈ ਤੇ ਇਕੱਠੇ ਹੋ ਕੇ ਗੁਰੂ ਦੀ ਭਾਲ ਵਿਚ ਦੇਸਾਂ ਪਰਦੇਸਾਂ ਵਿਚ ਵਿਚਰੇ। ਜਿੰਨੇ ਸੰਸਾਰ ਵਿਚ ਮੱਤ ਸਨ, ਸਾਰਿਆਂ ਪਾਸ ਗਏ। ਗਿਰੀ, ਪੁਰੀ ਆਦਿ ਸੰਨਿਆਸੀਆਂ ਪਾਸ ਵੀ ਗਏ ਤੇ ਪ੍ਰੀਤ ਸਹਿਤ ਉਹਨਾਂ ਦੇ ਬਚਨ ਸੁਣੇ। ਜੋਗ ਦੇ ਅਭਿਆਸੀ ਅਤੇ ਕੰਨ ਪਾਟੇ ਜੋਗੀਆਂ ਦੀ ਵੱਡੀ ਸੰਗਤ ਕੀਤੀ। ਬ੍ਰਹਮਚਾਰੀ, ਤਪਸਵੀ, ਬੈਰਾਗੀ ਹੋਰ ਵੀ ਸਨ; ਕਿੰਨਿਆਂ ਕੁ ਦਾ ਵਰਨਣ ਕੀਤਾ ਜਾਵੇ! ਇਕ ਸਾਲ ਖੋਜਦੇ ਫਿਰਦੇ ਰਹੇ, ਉਹਨਾਂ ਪਾਸ ਜੋ ਸ੍ਰੇਸ਼ਟ ਪਰਲੋਕ ਦੇ ਸਾਧਕ ਸਨ। ਐਸਾ ਕੋਈ ਨਾ ਲਭਾ ਜਿਸ ਦੇ ਬਚਨਾਂ ਤੋਂ ਸ਼ਾਂਤੀ ਪਰਾਪਤ ਹੋਵੇ। ਸਾਰੇ ਫਿਰ ਕੇ ਜਦੋਂ ਕੋਈ ਨਾ ਲਭਾ ਤਾਂ ਹਾਰ ਕੇ ਚਿੱਤ ਵਿਚ ਨਿਰਾਸ ਹੋਏ। ਜਦੋਂ ਸੰਸਾਰ ਵਿਚ ਵਿਕਾਰ ਤੋਂ ਬਿਨਾ ਕੋਈ ਨਾ ਮਿਲਿਆ ਤਾਂ ਇਹਨਾਂ ਦਾ ਹੰਕਾਰ ਉਤਰ ਗਿਆ। ਤਾਂ ਤੇ ਸਤਿਗੁਰੂ ਜੀ ਸਭ ਤੋਂ ਵੱਡੇ ਹਨ ਜਿਨ੍ਹਾਂ ਦੇ ਦਰਸ਼ਨ ਕੀਤਿਆਂ ਚਿੱਤ ਸ਼ਾਂਤ ਹੁੰਦਾ ਹੈ। ਜਦੋਂ ਅੰਮ੍ਰਿਤਸਰ ਆਏ ਤਾਂ ਸਾਰਿਆਂ ਦਾ ਹੰਕਾਰ ਦੂਰ ਹੋਇਆ। ਅਨੇਕਾਂ ਸੁਖਾਂ ਦੇ ਦਾਤੇ ਸਤਿਗੁਰੂ ਦੀ ਮਹਿਮਾ ਸੁਣੀ ਤਾਂ ਭਿੱਖੇ ਸਮੇਤ ਸਾਰੇ ਮਿਲ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਿੱਤ ਵਿਚ ਚਾ ਵਧਾ ਕੇ ਸ਼ਰਧਾ ਸਹਿਤ ਆਏ। ਗੁਰੂ ਅਰਜਨ ਜੀ ਦਾ ਨਾਂ ਤੇ ਉਹਨਾਂ ਦੇ ਗੁਣਾਂ ਨੂੰ ਸੁਣ ਕੇ ਹਿਰਦੇ ਵਿਚ ਸ਼ਾਂਤੀ ਆਈ। ਜਦੋਂ ਸਾਰੇ ਹਰਿਮੰਦਰ ਵਿਚ ਗਏ ਤਾਂ ਅਦਭੁਤ ਦਰਸ਼ਨ ਹੋਏ। ਸ਼ਿਆਮ ਰੂਪ ਮਹਾਂ ਸੁੰਦਰ ਚਾਰ ਬਾਹਵਾਂ ਵਾਲਾ ਸਰੂਪ ਗੁਰੂ ਜੀ ਦਾ ਅਤੀ ਸੋਭਾ ਵਾਲਾ, ਇਹਨਾਂ ਭੱਟਾਂ ਨੂੰ ਦਿਖਾਈ ਦਿੱਤਾ। ਚਾਰੇ ਪਾਸੇ ਮਹਾਨ ਜੋਤਿ ਜਗ ਮਗ ਜਗ ਮਗ ਕਰ ਰਹੀ ਸੀ ਤੇ ਲੋਕੀਂ ਨਿਮਰਤਾ ਸਹਿਤ ਨਮਸਕਾਰ ਕਰ ਰਹੇ ਸਨ। ਆਪਣੇ ਕੋਮਲ ਹੱਥਾਂ ਨਾਲ ਲਛਮੀ ਗੁਰੂ ਜੀ ਦੇ ਚਰਨ ਵੱਡੀ ਪ੍ਰੀਤੀ ਨਾਲ ਪਲੋਸ ਰਹੀ ਪਰਤੀਤ ਹੋਈ। ਇਹਨਾਂ ਨੂੰ ਇਉਂ ਪਰਤੀਤ ਹੋਇਆ ਜਿਵੇਂ ਵਿਸ਼ਨੂੰ ਸਰੂਪ ਦੋਵੇਂ ਕੰਨ ਵੱਡੇ, ਅਤੇ ਨੇਤਰ ਲਾਲ ਤੇ ਚੌੜੇ ਸਨ। ਪੀਲੇ ਬਸਤਰ, ਅੰਗਾਂ ਉਪਰ ਗਹਿਣੇ, ਗਲ ਵਿਚ ਵੈਜੰਤੀ ਮਾਲਾ ਸੋਭ ਰਹੀ ਸੀ। ਸਿਰ 'ਤੇ ਮੁਕਟ ਅਤੇ ਘੁੰਗਰਾਲੇ ਵਾਲ ਸੋਭ ਰਹੇ ਸਨ।

ਵੇਦਾਂ ਨੇ ਗੁਰੂ ਜੀ ਨੂੰ ਮਹਾਂ ਵਿਸ਼ਨੂੰ ਰੂਪ ਵੇਖਿਆ। ਅਜਿਹਾ ਸਰੂਪ ਹੋਰ ਕਿਸੇ ਨੂੰ ਦਿਖਾਈ ਨਹੀਂ ਦਿੱਤਾ। ਉਹਨਾਂ ਨੂੰ ਕੇਵਲ ਸਿੱਖਿਆ ਦੇਣ ਵਾਸਤੇ ਹੀ ਗੁਰੂ ਜੀ ਨੇ ਹਰੀ ਦਾ ਰੂਪ ਵਿਖਾਇਆ। ਅਜਿਹਾ ਸੁੰਦਰ ਸਰੂਪ ਹਰਿਮੰਦਰ ਵਿਚ ਵੇਖ ਕੇ ਉਹ ਹੈਰਾਨ ਹੋਏ। ਮਹਾਂ ਵਿਸ਼ਨੂੰ ਦਾ ਮਨੋਹਰ ਰੂਪ, ਜਿਸ ਦਾ ਧਿਆਨ ਧਰ ਕੇ ਜੋਗੀ ਲੋਕ ਲੁਭਾਇਮਾਨ ਹੁੰਦੇ ਹਨ। ਅਜਿਹੇ ਦਰਸ਼ਨ ਕਰ ਕੇ ਭੱਟਾਂ ਦੇ ਹਿਰਦੇ ਵਿਚ ਪ੍ਰੇਮ ਦੀ ਖਿੱਚ ਪੈਦਾ ਹੋਈ ਤੇ ਸਾਰੇ ਖੜ੍ਹੇ ਹੋ ਕੇ, ਗੁਰੂ ਜੀ ਦੀ ਉਸਤਤਿ ਕਰਨ ਲੱਗੇ। ਹਿਰਦੇ ਵਿਚ ਪਰਮ ਗੰਭੀਰ ਤੇ ਪ੍ਰੇਮ ਵੱਸ ਹੋ ਕੇ ਮੁੜ ਮੁੜ ਗੁਰੂ ਜੀ ਦੇ ਕਮਲ ਸਮਾਨ ਚਰਨਾਂ ਉਪਰ ਮੱਥੇ ਟੇਕਦੇ ਸਨ। ਹੇ ਦਇਆ ਦੇ ਸਮੁੰਦਰ, ਦੀਨਾਂ ਦੇ ਬੰਧੂ ਕ੍ਰਿਪਾਲੂ ਜੀਓ, ਪ੍ਰਕਾਸ਼ ਰੂਪ ਨਾਸ਼ ਤੋਂ ਰਹਿਤ, ਅਜਿੱਤ ਹੋ, ਅਨਾਸ਼, ਅਨਾਦੀ, ਅਨੂਪੀ, ਮਹਾਰਾਜ, ਰਾਜਿਆਂ ਦੇ ਰਾਜੇ, ਸਾਰਿਆਂ ਦੇ ਵਿਚ ਵਸਦੇ ਵੀ ਤੇ ਸਦਾ ਹੀ ਅਲੇਪ ਵੀ ਹੋ। ਜਨਮ ਮਰਨ ਤੋਂ ਰਹਿਤ, ਇਕ ਰੂਪ ਹੋ। ਅਸੀਂ ਕਥ ਨਹੀਂ ਸਕਦੇ। ਤੈਨੂੰ ਕਥ ਵੀ ਕੌਣ ਸਕਦਾ ਹੈ! ਨਿਰਾਲੇ ਹੋ, ਬਚਿੱਤਰ ਹੋ, ਨਿਰਾਲੰਬ ਹੋ। ਸਾਰੇ ਤੇਰੇ ਵਿਚ ਤੇ ਤੂੰ ਸਾਰਿਆਂ ਵਿਚ ਬਿਰਾਜਦਾ ਹੈਂ। ਜਿਸ ਤਰ੍ਹਾਂ ਆਕਾਸ਼ ਸਾਰੇ ਸੋਭਾ ਪਾ ਰਿਹਾ ਹੈ। ਅਖੰਡ ਬ੍ਰਹਮੰਡ ਰੂਪ ਤੁਸੀਂ ਹੀ ਦੇਹ ਧਾਰੀ ਹੋ। ਸੂਰਜ ਸਮਾਨ ਭਾਰੀ ਜੋਤਿ ਵਾਲੇ ਤੁਹਾਡੇ ਨੈਣ ਹਨ। ਦਿਸ਼ਾਵਾਂ ਤੇ ਆਕਾਸ਼ ਤੇਰੇ ਗੀਤ ਗਾਉਂਦੇ ਹਨ। ਪੁੰਨ ਤੈਥੋਂ ਅੱਗੇ ਤੇ ਪਾਪ ਤੈਥੋਂ ਪਿੱਛੇ ਹੈ। ਮਹਾਂ ਸਿੰਧ ਪਾਤਾਲ ਰੂਪ ਤੁਸੀਂ ਹੀ ਹੋ। ਬੇਦੀ ਬੰਸ ਵਿਚ ਗੁਰੂ ਨਾਨਕ ਜੀ ਨੇ ਨਰ ਦੀ ਦੇਹ ਧਾਰੀ ਜਿਸ ਦਾ ਨਾਮ ਜਪਦੇ ਹਾਂ। ਕਲੀ ਯੁਗ ਵਿਚ ਦਇਆ ਧਾਰ ਕੇ ਰੱਬ ਦਾ ਨਾਮ ਜਪਾਇਆ ਹੈ। ਦੁਨੀਆ ਉਧਾਰ ਵਾਸਤੇ ਸਿੱਖ ਪੰਥ ਬਣਾਇਆ। ਕ੍ਰਿਪਾਲ ਰੂਪ ਗੁਰੂ ਅੰਗਦ ਜੀ ਹੋਏ। ਉਹ ਵਿਸ਼ਾਲ ਕਰਾਮਾਤਿ ਦੇ ਮਾਲਕ ਸਨ। ਡੂੰਘੇ ਹਿਰਦੇ ਦੇ ਮਾਲਕ ਨੇ ਬੜੇ ਭਾਰੀ ਬਲ ਨੂੰ ਜਰਿਆ। ਨਾਮ ਦਾ ਆਸਰਾ ਦੇ ਕੇ ਸਿੱਖਾਂ ਨੂੰ ਤਾਰਿਆ। ਮੋਹਰੀ ਦੇ ਪਿਤਾ ਹੋ ਕੇ ਫਿਰ ਦੇਹ ਧਾਰੀ। ਸਿੱਖੀ ਦਾ ਮਹਾਨ ਪੰਥ ਬਹੁਤ ਵਿਸਥਾਰਿਆ। ਚਹੁੰ ਚੱਕਾਂ ਵਿਚ ਕੀਰਤੀ ਪਰਗਟ

ਹੋਈ। ਸਿੱਖਾਂ ਨੂੰ ਮੰਜੀਆਂ ਬਖ਼ਸ਼ੀਆਂ। ਫਿਰ ਗੁਰੂ ਰਾਮ ਦਾਸ ਜੀ ਦਾ ਪ੍ਰਕਾਸ਼ ਵਿਸ਼ਾਲ ਹੋਇਆ। ਘੋਰ ਕਲਯੁਗ ਦੇ ਹਨੇਰੇ ਅੰਦਰ ਉਜਾਲਾ ਕੀਤਾ। ਉਹਨਾਂ ਦੇ ਪੁੱਤਰ ਰੂਪ ਵਿਚ ਤੁਸੀਂ ਰੂਪ ਸਹਿਤ ਪਰਗਟੇ। ਨਮਸਕਾਰ ਹੈ, ਨਮਸਕਾਰ ਹੈ, ਨਮਸਕਾਰ ਹੈ ਸਾਡੀ ਤੁਹਾਨੂੰ। ਇਉਂ ਉਸਤਤਿ ਕਰ ਕੇ ਜੋ ਪੜ੍ਹੇਗਾ, ਮਨ ਬਾਂਛਤ ਫਲ ਪਾਏਗਾ। ਸਾਰੇ ਦੀਨ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਏ।

ਫਿਰ ਗੁਰੂ ਅਰਜਨ ਜੀ ਨੇ ਬ੍ਰਾਹਮਣਾਂ ਨੂੰ ਆਪਣਾ ਅਸਲੀ ਰੂਪ ਵਿਖਾਇਆ ਤੇ ਪੁੱਛਿਆ ਕਿ ਤੁਸੀਂ ਕੌਣ ਹੋ ਤੇ ਕਿਸ ਕਾਰਜ ਲਈ ਪਧਾਰੇ ਹੋ। ਕਿਥੇ ਰਹਿੰਦੇ ਹੋ, ਕਿਥੇ ਜਾ ਰਹੇ ਹੋ। ਸਾਡੇ ਪਾਸ ਕਿਸ ਅਭਿਲਾਸ਼ਾ ਲਈ ਆਏ ਹੋ। ਉਹਨਾਂ ਦਾ ਮੁਖੀ ਭਿੱਖਾ ਇਹ ਵਾਕ ਸੁਣ ਕੇ ਇਉਂ ਬੋਲਿਆ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥੨॥੨੦॥ (੧੩੯੬)

ਭੱਟਾਂ ਨੇ ਬੇਨਤੀ ਕੀਤੀ, "ਆਪ ਗੁਰੂ ਬਣ ਕੇ ਸਾਨੂੰ ਦੀਖਿਆ ਦੇਵੋ। ਉਪਦੇਸ਼ ਦੇ ਕੇ ਆਪਣੇ ਸਿੱਖ ਬਣਾਓ। ਸ਼ਾਂਤਿ ਲੈਣ ਹਿਤ ਅਸੀਂ ਕਈ ਪੰਥਾਂ ਵਿਚ ਗਏ। ਸਾਨੂੰ ਕਾਂਸ਼ੀ ਦੇ ਵਾਸੀਆਂ ਨੂੰ ਕਿਤਿਉਂ ਵੀ ਕੁਝ ਪਰਾਪਤ ਨਹੀਂ ਹੋਇਆ। ਫਿਰ ਫਿਰ ਕੇ ਹੰਭ ਗਏ ਹਾਂ। ਹੋਰ ਕੋਈ ਚਾਹਨਾ ਨਹੀਂ। ਹੋਰ ਕੀ ਨਾਸ਼ਮਾਨ ਮੰਗੀਏ!" ਬੇਨਤੀ ਸੁਣ ਕੇ ਗੁਰੂ ਜੀ ਨੇ ਆਖਿਆ:

ਤੁਸੀਂ ਵੇਦ ਹੋ ਤੇ ਨਰ ਰੂਪ ਧਾਰ ਕੇ ਸਾਡੇ ਪਾਸ ਆਏ ਹੋ। ਤੁਸੀਂ ਸਾਰੇ ਬ੍ਰਹਮ ਦਾ ਨਿਰਨਾ ਕਰ ਕੇ ਪ੍ਰਕਾਸ਼ ਕਰਦੇ ਹੋ। ਕੁਝ ਹੰਕਾਰ ਤੁਸੀਂ ਕੀਤਾ ਸੀ ਜਿਸ ਦੇ ਫਲ ਵਜੋਂ ਤੁਹਾਨੂੰ ਨਰ ਰੂਪ ਧਾਰਨਾ ਪਿਆ। ਕਲਯੁਗ ਵਿਚ ਬ੍ਰਹਮ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਨੇ ਨਰ ਰੂਪ ਧਾਰ ਕੇ ਦਾਸਾਂ ਨੂੰ ਤਾਰਿਆ ਹੈ। ਨਰ ਰੂਪ ਗੁਰੂ ਨਾਨਕ ਜੀ ਸਨ ਤੇ ਨਰ ਰੂਪ ਹੀ ਤੁਸੀਂ ਹੋ ਇਸ ਲਈ ਉਹਨਾਂ ਦੀ ਸਿਫ਼ਤ ਵਿਚ, ਸੌਖੀ ਬੋਲੀ ਵਿਚ ਬਾਣੀ ਰਚੋ। ਉਸ ਵਿਚ ਗੁਰੂ ਨਾਨਕ ਦਾ ਜਸ ਹੋਵੇ। ਅਜਿਹੀ ਬਾਣੀ ਹੁਣੇ ਹੀ ਆਪਣੇ ਮੁਖ ਤੋਂ ਉਚਾਰੋ। ਫਿਰ ਅਸੀਂ ਤੁਹਾਨੂੰ ਆਪਣੇ ਸਿੱਖ ਬਣਾਵਾਂਗੇ। ਤੁਸੀਂ ਸ੍ਰੇਸ਼ਟ ਸ਼ਾਂਤਿ ਪਰਾਪਤ ਕਰੋਗੇ। ਸੰਸਾਰ ਵਿਚ ਤੁਹਾਡਾ ਨਾਂ ਸਥਿਰ ਰਹੇਗਾ ਕਿਉਂਕਿ ਅਸੀਂ ਗ੍ਰੰਥ ਵਿਚ ਉਸ ਨੂੰ ਲਿਖਾਂਗੇ।

ਇਹ ਸੁਣ ਕੇ ਸਾਰਿਆਂ ਨੇ ਖ਼ੁਸ਼ੀ ਸਹਿਤ ਪੁੱਛਿਆ, "ਹੇ ਕਿਰਪਾ ਦੇ ਸਮੁੰਦਰ, ਸਾਨੂੰ ਦੱਸੋ ਕਿਸ ਛੰਦ ਵਿਚ ਰਚੀਏ! ਅਸੀਂ ਪਹਿਲਾਂ ਹੀ ਜਾਣ ਜਾਈਏ। ਓਸੇ ਭਾਂਤ ਅਸੀਂ ਗੁਰੂ ਜੀ ਦੇ ਜਸ ਦੀ ਰੁਚੀ ਵਾਲੀ ਰਚਨਾ ਕਰਾਂਗੇ। ਸਾਨੂੰ ਦੀਨ ਜਾਣ ਕੇ ਕਿਰਪਾ ਧਾਰੋ ਜਿਸ ਕਰਕੇ ਸਾਨੂੰ ਮਹਾਂ ਲਾਭ ਹੋਵੇ!"

ਇਹ ਸੁਣ ਕੇ ਪਹਿਲਾਂ ਗੁਰੂ ਜੀ ਨੇ ਆਪ ਸਵੱਈਏ ਉਚਾਰੇ। ਫਿਰ ਭੱਟ ਵੀ ਓਸੇ ਤੋਲ ਵਿਚ, ਹੀਏ ਤੋਂ ਉਤਸ਼ਾਹਤ ਹੋ ਕੇ ਉਚਾਰਨ ਲੱਗੇ। ਪਹਿਲਾਂ ਗੁਰੂ ਨਾਨਕ ਜੀ ਦਾ ਭਲੀ ਭਾਂਤ ਜਸ ਵਰਨਿਆ। ਦੱਸਿਆ ਕਿ ਬ੍ਰਹਮਾ, ਸ਼ਿਵ ਜੀ ਆਦਿ ਗੁਰੂ ਜੀ ਦਾ ਜਸ ਗਾਉਂਦੇ ਹਨ। ਕਈ ਛੰਦਾਂ ਵਿਚ ਦੇਸੀ ਭਾਸ਼ਾ ਵਿਚ ਸਵਈਏ ਉਚਾਰੇ। ਮਹਾਂ ਮਹਾਤਮ ਉਚਾਰਨ ਕੀਤਾ ਜਿਨ੍ਹਾਂ ਦੇ ਪੜ੍ਹਨ ਸੁਣਨ ਨਾਲ ਬਹੁਤ ਫਲ ਪਰਾਪਤ ਹੁੰਦਾ ਹੈ। ਜਿਸ ਨੂੰ ਵੇਦ ਹੀ 'ਨੇਤਿ ਨੇਤਿ' ਆਖਦੇ ਹਨ ਉਸ ਦੀ ਮਹਿਮਾ ਕੌਣ ਕਹਿ ਸਕਦਾ ਹੈ! ਸ਼ੇਸ਼ ਨਾਗ, ਸਾਰਸੁਤੀ ਵੀ ਉਸ ਦਾ ਅੰਤ ਨਹੀਂ ਪਾ ਸਕਦੇ। ਜੋਗੀ ਆਦਿ ਖੋਜਦੇ ਹਨ। ਫਿਰ ਗੁਰੂ ਅੰਗਦ ਜੀ ਦਾ ਬਹੁ ਪ੍ਰਕਾਰੀ ਜਸ ਵਰਨਣ ਕੀਤਾ। ਫਿਰ ਗੁਰੂ ਅਮਰ ਦਾਸ ਜੀ ਦੀ ਕੀਰਤੀ, ਆਪਣੀ ਰੁਚੀ ਭਰਪੂਰ ਬਾਣੀ ਵਿਚ ਆਖੀ। ਗੁਰੂ ਜੀ ਦੇ ਬੇਅੰਤ ਗੁਣਾਂ ਦਾ ਵਰਨਣ ਕਰਦੇ ਹੋਏ ਆਖਿਆ ਕਿ ਬਸੰਤ ਦੇ ਫੁੱਲ, ਗੰਗਾ ਦੀਆਂ ਲਹਿਰਾਂ ਨਾਲੋਂ ਵੀ ਵਧ ਗੁਣ ਗੁਰੂ ਜੀ ਵਿਚ ਹਨ। ਜਿਸ ਦੇ ਬਰਾਬਰ ਹੋਰ ਕੋਈ ਨਹੀਂ, ਉਸ ਦੀ ਉਪਮਾ ਕਿਵੇਂ ਆਖਣੀ ਬਣੇ! ਗੁਣਾਂ ਦੀ ਰਾਸ, ਸ੍ਰੀ ਗੁਰੂ ਰਾਮ ਦਾਸ ਜੀ ਵੱਡੀ ਕੀਰਤੀ ਹੈ। ਧੰਨ ਧੰਨ ਸਤਿਗੁਰੂ ਸਵਾਮੀ ਜੀ ਹਨ ਜਿਨ੍ਹਾਂ ਦੇ ਦਰਸ਼ਨ ਸਦਕਾ ਪਾਪ ਟਲ ਜਾਂਦੇ ਹਨ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਸ ਬਣਾਇਆ ਤੇ ਇਕੋ ਜੋਤਿ ਦਾ ਪ੍ਰਕਾਸ਼ ਪੰਜਾਂ ਵਿਚ ਵਰਨਿਆ। ਧਰਮ ਦੀ ਧੁਜਾ ਤੇ ਧਰਤੀ ਸਮਾਨ ਧੀਰਜਵਾਨ ਪਰਉਪਕਾਰੀ ਪਰਮ ਕ੍ਰਿਪਾਲੂ ਹਨ ਗੁਰੂ ਜੀ।

ਇਕ ਸੌ ਬਾਈ ਸਵੱਈਏ ਰਚ ਕੇ ਪੰਜਾਂ ਸਤਿਗੁਰਾਂ ਦੇ ਜਸ ਦਾ ਵਰਨਣ ਕੀਤਾ। ਪਰਮ ਪ੍ਰੇਮ ਮਨ ਵਿਚ ਧਾਰ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੁਣਾਏ। ਅਤੀ ਨਿਮਰਤਾ ਸਹਿਤ ਸਾਰੇ ਭੱਟਾਂ ਨੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ। ਚਿੱਤ ਵਿਚ ਸਿੱਖ ਬਣਨਾ ਚਾਹਿਆ ਤਾਂ ਕਿ ਸ਼ਾਂਤੀ ਪਰਾਪਤ ਹੋਵੇ। ਬਹੁਤ ਪ੍ਰਸੰਨ ਹੋ ਕੇ ਸਤਿਗੁਰਾਂ ਨੇ ਉਹਨਾਂ ਦੀ ਬਾਣੀ ਗ੍ਰੰਥ ਸਾਹਿਬ ਵਿਚ ਲਿਖਵਾਈ। ਮਨ ਚਾਹੇ ਵਰ ਉਹਨਾਂ ਨੂੰ

ਬਖ਼ਸ਼ੇ ਤੇ ਸਿੱਖ ਬਣਾ ਕੇ ਸ਼ਾਂਤੀ ਬਖ਼ਸ਼ੀ। ਗੁਰੂ ਜੀ ਦਾ ਜਸ ਕਰਨ ਦਾ ਫਲ ਇਹ ਹੋਇਆ ਕਿ ਉਹਨਾਂ ਦਾ ਭਰਮ ਦੂਰ ਹੋਇਆ ਤੇ ਮਨ ਨਿਰਮਲ ਹੋਏ। ਕਈ ਦਿਨ ਸਤਿਗੁਰਾਂ ਪਾਸ ਰਹਿ ਕੇ, ਨਰ ਜਾਮਾ ਤਿਆਗ ਕੇ ਵੇਦ ਰੂਪ ਹੋ ਗਏ। ਉਹਨਾਂ ਦੇ ਸਾਰੇ ਸਵਯੇ ਗ੍ਰੰਥ ਸਾਹਿਬ ਵਿਚ ਲਿਖ ਲਏ ਗਏ। ਗੁਰਾਂ ਦੇ ਬਚਨ ਹਰੀ ਦੇ ਗੁਣ ਅਤੇ ਸੰਤਾਂ ਦੀ ਮਹਿਮਾ ਬਿਨਾ ਹੋਰ ਕੁਝ ਨਹੀਂ ਉਚਾਰਿਆ। ਪੜ੍ਹਨ ਸੁਣਨ ਦਾ ਬਹੁਤ ਮਹਾਤਮ ਦੱਸਿਆ ਗਿਆ ਹੈ। ਉਸ ਦਾ ਜਨਮ ਧੰਨ ਹੈ ਜਿਸ ਨੇ ਪ੍ਰੇਮ ਕਰਕੇ ਇਸ ਨੂੰ ਲਿਖਿਆ ਤੇ ਆਪਣੇ ਹੱਥ ਸਫਲੇ ਕੀਤੇ। ਪ੍ਰੇਮ ਸਹਿਤ ਇਸ ਨੂੰ ਪੜ੍ਹਨ ਸੁਣਨ ਵਾਲੇ ਹਰਖਣਗੇ, ਪੁਲਕਤ ਹੋਣਗੇ, ਰੌਂਗਟੇ ਖੜ੍ਹੇ ਹੋਣਗੇ, ਅੱਖਾਂ ਵਿਚੋਂ ਅੱਥਰੂ ਝਲਕਣਗੇ। ਇਸ ਨੂੰ ਪੜ੍ਹਨ ਸੁਣਨ ਵਾਲੇ ਅੰਮ੍ਰਿਤ ਦੀ ਵਰਖਾ ਜਾਣ ਕੇ ਪ੍ਰਸੰਨ ਹੁੰਦੇ ਹਨ। ਵਿਸ਼ਿਆਂ ਨੂੰ ਤਿਆਗਦੇ ਅਤੇ ਗੁਣਾਂ ਨੂੰ ਵਿਚਾਰਦੇ ਹਨ। ਜਨਮ ਮਰਨ ਦੇ ਚੱਕਰ ਵਿਚ ਨਹੀਂ ਪੈਂਦੇ ਤੇ ਉਹਨਾਂ ਦਾ ਪਾਰ ਉਤਾਰਾ ਹੋ ਜਾਂਦਾ ਹੈ। ਜੋ ਇਕ ਮਨ ਲਾ ਕੇ ਸੁਣਦੇ ਹਨ, ਥਿਰਤਾ ਪਾਉਂਦੇ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਇਤਿਹਾਸ

ਵੀਹਵੀਂ ਸਦੀ ਦੇ, ਗੁਰਬਾਣੀ ਦੇ ਨਵੇਂ ਵਿਆਖਿਆਕਾਰ, ਪ੍ਰੋ. ਸਾਹਿਬ ਸਿੰਘ ਜੀ ਹੋਰਾਂ ਨੇ, ਗੁਰਬਾਣੀ ਦੇ ਹਵਾਲਿਆਂ ਨਾਲ ਇਹ ਸਿਧ ਕੀਤਾ ਹੈ ਕਿ ਸਾਰੇ ਭਗਤਾਂ ਦੀ ਬਾਣੀ ਸਮੇਤ, ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ, ਗੁਰਗੱਦੀ ਦੇ ਨਾਲ ਹੀ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ, ਸ੍ਰੀ ਗੁਰੂ ਰਾਮ ਦਾਸ ਜੀ ਪਾਸੋਂ ਪਰਾਪਤ ਹੋ ਗਈ ਸੀ। ਏਥੇ ਇਸ ਬਹਿਸ ਵਿਚ ਪੈਣ ਦੀ ਕੋਈ ਲੋੜ ਨਹੀਂ। ਪ੍ਰੋ. ਸਾਹਿਬ ਸਿੰਘ ਜੀ ਦੀ ਖੋਜ ਠੀਕ ਹੋਣ ਦੇ ਬਾਵਜੂਦ ਵੀ ਬਾਣੀ ਦੀਆਂ ਕੁਝ ਪੋਥੀਆਂ ਵੱਖ ਵੱਖ ਸਥਾਨਾਂ ’ਤੇ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇਸ ਲੇਖ ਵਿਚ, ਜੋ ਭਾਈ ਸੰਤੋਖ ਸਿੰਘ ਜੀ ਨੇ, ਆਪਣੇ ਮਹਾਨ ਗ੍ਰੰਥ ‘ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ’ ਵਿਚ ਲਿਖਿਆ ਹੈ, ਉਸ ਨੂੰ ਸੰਖੇਪਤਾ ਸਹਿਤ ਵਾਚਾਂਗੇ।

ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਇਕ ਸਿੱਖ ਨੇ ਬੇਨਤੀ ਕੀਤੀ ਕਿ ਸਤਿਗੁਰਾਂ ਦੀ ਬਾਣੀ ਵਾਂਗ ਹੀ ਪ੍ਰਿਥੀਆ, ਮੇਹਰਬਾਨ ਆਦਿ ਹੋਰ ਵੀ ਬਾਣੀ ਦੀ ਨਕਲ ਕਰ ਕੇ ਕਵਿਤਾ ਲਿਖਦੇ ਹਨ। ਉਹਨਾਂ ਦੀ ਬਾਣੀ ਨੂੰ ਸਮਝ ਕੇ ਅਸਲੀ ਬਾਣੀ ਤੋਂ ਨਿਖੇੜਾ ਕਰ ਸਕਣਾ ਹਰੇਕ ਸਿੱਖ ਦੇ ਵੱਸ ਦੀ ਗੱਲ ਨਹੀਂ ਹੈ। ਤੀਜੇ ਗੁਰੂ ਜੀ ਨੇ ਸੱਚੇ ਸਤਿਗੁਰਾਂ ਦੀ ਬਾਣੀ ਤੋਂ ਵੱਖਰੀ ਬਾਣੀ ਨੂੰ ਕੱਚੀ ਬਾਣੀ ਆਖਿਆ ਹੈ। ਭਾਈ ਗੁਰਦਾਸ ਜੀ ਦੀ ਬਾਣੀ ਵੀ ਗੁਰਮਤਿ ਦ੍ਰਿੜ੍ਹਾਉਂਦੀ ਹੈ ਪਰ ਦੂਜਿਆਂ ਦੀ ਬਾਣੀ ਗੁਰੂ ਤੋਂ ਤੋੜਦੀ ਹੈ। ਕਿਰਪਾ ਕਰਕੇ ਗੁਰੂ ਸਾਹਿਬਾਨ ਦੀ ਸੱਚੀ ਬਾਣੀ ਦਾ ਨਿਖੇੜਾ ਕਰ ਕੇ ਇਕ ਸਥਾਨ ’ਤੇ ਇਕੱਠੀ ਕਰਨ ਦੀ ਕਿਰਪਾ ਕੀਤੀ ਜਾਵੇ।

ਸਤਿਗੁਰੂ ਜੀ ਨੇ ਉਪਦੇਸ਼ ਦਿੱਤਾ:

ਬਾਣੀ ਸਰਬ ਸੁਖਦਾਇਕ ਹੈ। ਇਸ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਪੜ੍ਹਨਾ ਗੁਰਸਿੱਖਾਂ ਵਾਸਤੇ ਜ਼ਰੂਰੀ ਹੈ। ਇਸ ਤੋਂ ਇਲਾਵਾ ਗੁਰੂਆਂ ਦੀ ਮਹਿਮਾ ਦੇ ਪ੍ਰਸੰਗ ਪੜ੍ਹਨੇ ਸੁਣਨੇ ਵੀ ਲਾਭਦਾਇਕ ਹਨ। ਗੁਰੂ ਦੀ ਸਿਖਿਆ ਤੋਂ ਉਲਟ, ਬਹੁਭਾਂਤੀ ਬਾਣੀ ਸਿੱਖਾਂ ਨੂੰ ਨਹੀਂ ਪੜ੍ਹਨੀ ਚਾਹੀਦੀ।

ਇਉਂ ਆਖ ਕੇ ਜਗਤ ਦੀ ਕਲਿਆਣ ਵਾਸਤੇ ਸਤਿਗੁਰੂ ਜੀ ਭਵਿਖ ਦੀ ਬਾਤ ਵਿਚਾਰਨ ਲੱਗੇ ਕਿ ਸਾਡੇ ਦਸ ਸਰੂਪਾਂ ਪਿੱਛੋਂ ਸਿੱਖੀ ਕਿਵੇਂ ਰਹੇਗੀ ਅਤੇ ਸਿੱਖ ਕਿਸ ਨੂੰ ਮੱਥਾ ਟੇਕਣਗੇ! ਇਹ ਵਿਚਾਰ ਕੇ ਗੁਰੂ ਜੀ ਨੇ ਵਿਚਾਰਿਆ ਕਿ ਗੋਇੰਦਵਾਲ ਵਿਚ, ਸ੍ਰੀ ਗੁਰੂ ਅਮਰ ਦਾਸ ਜੀ ਦੇ ਵੱਡੇ ਸਪੁੱਤਰ, ਬਾਬਾ ਮੋਹਨ ਜੀ ਪਾਸ, ਪਹਿਲੇ ਸਤਿਗੁਰਾਂ ਦੀ ਬਾਣੀ ਹੈ। ਉਹਨਾਂ ਪਾਸੋਂ ਉਹ ਬਾਣੀ ਪਰਾਪਤ ਕਰ ਕੇ, ਸੰਸਾਰ ਦੇ ਭਲੇ ਲਈ, ਸਾਰੀ ਬਾਣੀ ਇਕ ਥਾਂ ਇਕੱਠੀ ਕੀਤੀ ਜਾਵੇ। ਪਹਿਲਾਂ ਭਾਈ ਗੁਰਦਾਸ ਜੀ ਤੇ ਫਿਰ ਬਾਬਾ ਬੁੱਢਾ ਜੀ, ਬਾਬਾ ਮੋਹਨ ਜੀ ਪਾਸੋਂ ਪੋਥੀਆਂ ਲੈਣ ਗਏ ਪਰ ਬਾਬਾ ਮੋਹਨ ਜੀ ਨੇ ਇਹਨਾਂ ਨੂੰ ਪੋਥੀਆਂ ਨਾ ਦਿੱਤੀਆਂ। ਇਹ ਵਾਰੀ ਵਾਰੀ ਵਾਪਸ ਮੁੜ ਆਏ।

ਅੰਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਗੋਇੰਦਵਾਲ ਤੋਂ, ਬਾਬਾ ਮੋਹਨ ਜੀ ਪਾਸੋਂ ਬਾਣੀ ਦੀਆਂ ਪੋਥੀਆਂ ਲੈਣ ਗਏ। ਗੁਰੂ ਜੀ ਦੀ ਨਿਮਰਤਾ ਤੋਂ ਪ੍ਰਸੰਨ ਹੋ ਕੇ, ਬਾਬਾ ਜੀ ਨੇ ਪੋਥੀਆਂ ਗੁਰੂ ਜੀ ਨੂੰ ਦੇ ਦਿੱਤੀਆਂ। ਸਰਬੱਤ ਪਰਵਾਰ ਦੇ ਜੀਆਂ ਨੂੰ ਗੁਰੂ ਜੀ ਪ੍ਰਸੰਨਤਾ ਸਹਿਤ ਮਿਲੇ ਤੇ ਦਰਜਾ ਬ ਦਰਜਾ ਸਾਰਿਆਂ ਨੇ, ਗੁਰੂ ਜੀ ਦਾ ਯੋਗ ਸਤਿਕਾਰ ਕੀਤਾ। ਬਾਬਾ ਮੋਹਰੀ ਜੀ ਨੇ ਗੁਰੂ ਜੀ ਨੂੰ ਗੋਇੰਦਵਾਲ ਸਾਹਿਬ ਵਿਖੇ ਹੀ ਵੱਸਣ ਲਈ ਬੇਨਤੀ ਕੀਤੀ ਪਰ ਗੁਰੂ ਜੀ ਨੇ, ਤੀਜੇ ਗੁਰੂ ਜੀ ਵੱਲੋਂ ਚੌਥੇ ਗੁਰੂ ਜੀ ਦੀ, ਅੰਮ੍ਰਿਤਸਰ ਨੂੰ ਸਾਜਣ ਵਾਸਤੇ ਲਾਈ ਗਈ ਸੇਵਾ ਦਾ ਹਵਾਲਾ ਦੇ ਕੇ ਦੱਸਿਆ ਕਿ ਉਹਨਾਂ ਦਾ ਅੰਮ੍ਰਿਤਸਰ ਵਿਚ ਰਹਿਣਾ ਹੀ ਯੋਗ ਹੈ।

ਗੁਰੂ ਜੀ ਨੇ ਤਿੰਨ ਦਿਨ ਓਥੇ ਟਿਕਾਣਾ ਕਰ ਕੇ ਸਭ ਨੂੰ ਪ੍ਰਸੰਨ ਕੀਤਾ ਤੇ ਅਨੇਕ ਪ੍ਰਕਾਰ ਦੇ ਬਚਨਾਂ ਰਾਹੀਂ ਸਭ ਦੇ ਸ਼ੰਕੇ ਨਿਵਿਰਤ ਕਰਦੇ ਰਹੇ। ਫਿਰ ਅੰਮ੍ਰਿਤਸਰ ਨੂੰ ਜਾਣ ਲਈ ਤਿਆਰ ਹੋ ਗਏ। ਪੋਥੀਆਂ ਇਕ ਪਾਲਕੀ ਵਿਚ ਸਜਾ ਕੇ ਸਿੱਖਾਂ ਨੇ ਪਾਲਕੀ ਮੋਢਿਆਂ ਉਪਰ ਚੁੱਕ ਲਈ ਤੇ ਗੁਰੂ ਜੀ ਸਮੇਤ ਸਾਰੀ ਸੰਗਤ ਨੰਗੇ ਪੈਰੀਂ ਨਾਲ ਤੁਰ ਪਈ। ਇਕ ਕੋਹ ’ਤੇ ਆ ਕੇ ਬਾਬਾ ਮੋਹਰੀ ਜੀ ਸਮੇਤ ਸਾਰੀ ਸੰਗਤ ਨੂੰ, ਗੁਰੂ ਜੀ ਨੇ ਸਤਿਕਾਰ ਸਹਿਤ ਵਾਪਸ ਮੋੜਿਆ।

ਰਸਤੇ ਵਿਚ, ਖਡੂਰ ਸਾਹਿਬ ਵਿਖੇ ਬਾਬਾ ਦਾਤੂ ਜੀ ਤੇ ਬਾਬਾ ਦਾਸੂ ਜੀ ਕੋਲ ਰੁਕੇ। ਸ੍ਰੀ ਗੁਰੂ ਅਮਰ ਦਾਸ ਜੀ ਦੇ ਕੀਤੇ ਗਏ ਅਪਮਾਨ ਸਦਕਾ, ਬਾਬਾ ਦਾਤੂ ਜੀ ਨੂੰ ਮਿਲੇ ਕਸ਼ਟ ਨੂੰ, ਗੁਰੂ ਜੀ ਨੇ ਨਿਵਾਰਿਆ।

ਜਦੋਂ ਅੰਮ੍ਰਿਤਸਰ ਵਿਚ ਖ਼ਬਰ ਅੱਪੜੀ ਕਿ ਗੁਰੂ ਜੀ ਪੋਥੀਆਂ ਲੈ ਕੇ ਆ ਗਏ ਹਨ ਤਾਂ ਸਾਰੀ ਸੰਗਤ ਵੱਡੇ ਉਤਸ਼ਾਹ ਨਾਲ ਅੱਗਲਵਾਂਢੀ ਭੇਟਾਂ ਲੈ ਕੇ ਪੁੱਜੀ।

ਗ੍ਰੰਥ ਲਿਖਵਾਉਣ ਲਈ ਢੁਕਵੇਂ ਸਥਾਨ ਦੀ ਭਾਲ ਵਿਚ, ਗੁਰੂ ਜੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ, ਸ਼ਹਿਰ ਤੋਂ ਪੂਰਬ ਵੱਲ ਚੱਲ ਪਏ। ਏਧਰ ਓਧਰ ਕੁਝ ਥਾਂ ਵੇਖੇ ਤੇ ਜਿਥੇ ਸੰਘਣੇ ਦਰੱਖ਼ਤ ਸਨ ਓਥੇ ਪਧਾਰੇ। ਕੁਝ ਸਮਾ ਓਥੇ ਵਿਚਰੇ। ਪਿੱਪਲ ਦਾ ਦਰੱਖ਼ਤ ਵੇਖ ਕੇ ਗੁਰੂ ਜੀ ਉਸ ਪਾਸੇ ਗਏ। ਉਸ ਸਥਾਨ ਦੇ ਵਾਤਾਵਰਣ ਨੂੰ, ਭਾਈ ਸੰਤੋਖ ਸਿੰਘ ਜੀ ਨੇ ਇਕ ਕਬਿੱਤ ਵਿਚ ਇਸ ਪ੍ਰਕਾਰ ਵਰਨਣ ਕੀਤਾ ਹੈ:

ਬਦਰੀ ਅਨੇਕ ਖਰੀ, ਹਰੀ ਹਰੀ ਸ਼ੋਭ ਭਰੀ
ਘਾਮ ਕੀ ਤਪਤ ਹਰੀ, ਹੇਰੀ ਏਕ ਢਾਲ ਕੀ॥
ਜੰਡ ਹੈਂ ਅਖੰਡ ਗਨ, ਠਾਂਡੀ ਹੈ ਕਰੀਰ ਭੀਰ
ਚਲ ਦਲ ਚਲਾਚਲ ਦਲ ਕਲ ਜਾਲ ਕੀ॥
ਸੁੰਦਰ ਸੁਖਦ ਛਾਇ ਮੁਦਤ ਕਰਤਿ ਮਨ
ਚਾਰੋਂ ਓਰ ਦਿਖੈ ਹਰਿਆਈ ਥੋਰੇ ਕਾਲ ਕੀ॥
ਧਰਾ ਜਲ ਨਾਲ ਕੀ, ਬਿਟਪ ਜੁਤ ਡਾਲ ਕੀ
ਪਸਿੰਦ ਮੈਂ ਕ੍ਰਿਪਾਲ ਕੀ, ਪ੍ਰਮੁਦਤ ਬਿਸਾਲ ਕੀ॥੪੫॥ (ਰਾਸਿ ੩, ਅੰਸੂ ੩੯)

ਗੁਰੂ ਜੀ ਨੇ ਇਸ ਸਥਾਨ ਨੂੰ ਹਰ ਪ੍ਰਕਾਰ ਕਾਰਜ ਦੇ ਯੋਗ ਜਾਣ ਕੇ, ਭਾਈ ਗੁਰਦਾਸ ਜੀ ਨੂੰ ਸਥਾਨ ਦੀ ਪੂਰੀ ਤਰ੍ਹਾਂ ਤਿਆਰੀ ਕਰਨ ਲਈ ਆਖ ਦਿੱਤਾ। ਭਾਈ ਗੁਰਦਾਸ ਜੀ ਨੇ ਸੇਵਕਾਂ ਨੂੰ ਬੁਲਾ ਕੇ, ਗੁਰੂ ਜੀ ਦੀ ਇੱਛਾ ਅਨੁਸਾਰ, ਸਥਾਨ ਨੂੰ ਪੂਰੀ ਤਰ੍ਹਾਂ ਤਿਆਰ ਕਰ ਦਿੱਤਾ ਤੇ ਗੁਰੂ ਜੀ ਨੂੰ ਜਾ ਕੇ ਦੱਸ ਦਿੱਤਾ। ਗੁਰੂ ਜੀ ਪੂਰੇ ਸਤਿਕਾਰ ਨਾਲ, ਸੰਗਤ ਸਮੇਤ ਪੋਥੀਆਂ ਲੈ ਕੇ ਉਸ ਸਥਾਨ ’ਤੇ ਆ ਗਏ।

ਅਗਲੇ ਦਿਨ, ਸੋਭਨੀਕ ਤੰਬੂ, ਕਨਾਤਾਂ ਦੇ ਅੰਦਰ ਗੁਰੂ ਜੀ ਦੇ ਕੋਲ ਭਾਈ ਗੁਰਦਾਸ ਜੀ ਲਿਖਣ ਪੜ੍ਹਨ ਵਾਸਤੇ ਰਹਿ ਗਏ ਤੇ ਬਾਕੀ ਸੰਗਤ ਵਿਦਾ ਹੋ ਗਈ। ਕੁਝ ਸੇਵਕ ਪਹਿਰਾ ਦੇਣ ਵਾਸਤੇ ਸੁਚੇਤ ਹੋ ਕੇ, ਤੰਬੂ ਤੋਂ ਬਾਹਰ ਚਾਰ ਚੁਫੇਰੇ ਬੈਠ ਗਏ ਤਾਂ ਕਿ ਕੋਈ ਨੇੜੇ ਜਾ ਕੇ, ਇਸ ਕਾਰਜ ਵਿਚ ਵਿਘਨ ਦਾ ਕਾਰਨ ਨਾ ਬਣੇ। ਗੁਰੂ ਜੀ ਦੀ ਆਗਿਆ ਪਾ ਕੇ ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬਾਨ ਦੀ ਬਾਣੀ ਲਿਖੀ। ਭਗਤਾਂ ਦੀ ਬਾਣੀ ਵੀ ਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਜੀ ਨੇ ਗ੍ਰੰਥ ਵਿਚ ਲਿਖੀ।

ਗੁਰੂ ਘਰ ਦੇ ਰਬਾਬੀਆਂ ਦੀ ਭੁੱਲ ਬਖ਼ਸ਼ਵਾਉਣ ਲਈ ਗੁਰੂ ਦਰਬਾਰ ਵਿਚ ਆਏ, ਭਾਈ ਲੱਧਾ ਜੀ ਪਾਸੋਂ ਸੁਣ ਕੇ ਕਿ ਗੁਰੂ ਜੀ ਗ੍ਰੰਥ ਰਚ ਰਹੇ ਸਨ, ਤਾਂ ਲਾਹੌਰੋਂ ਚਾਰ ਭਗਤ ਵੀ ਆਪਣੀ ਬਾਣੀ ਲਿਖਵਾਉਣ ਲਈ, ਗੁਰੂ ਜੀ ਦੇ ਪਾਸ ਆ ਗਏ। ਇਹਨਾਂ ਦੇ ਨਾਂ ਸਨ: ਭਗਤ ਕਾਨ੍ਹਾ, ਛੱਜੂ, ਸ਼ਾਹ ਹੁਸੈਨ ਤੇ ਪੀਲੋ। ਉਹਨਾਂ ਦੇ ਗੁਰੂ ਦਰਬਾਰ ਵਿਚ ਆਉਣ ਸਮੇ, ਉਹਨਾਂ ਦੇ ਸਤਿਕਾਰ ਵਜੋਂ, ਜੋ ਗੁਰੂ ਜੀ ਨੇ ਬਚਨ ਉਚਾਰੇ, ਉਹ ਭਾਈ ਸੰਤੋਖ ਸਿੰਘ ਜੀ ਨੇ ਇਉਂ ਵਰਨਣ ਕੀਤੇ ਹਨ:

ਸ੍ਰੀ ਅਰਜਨ ਸਾਦਰ ਕਹਿ ਮਾਧੁਰ, ਸਭਿਹਿਨਿ ਕਰੁਨਾ ਕੀਨਿ ਬਿਸਾਲ॥੧੯॥
ਦਰਸ਼ਨ ਦੀਨਿ ਕ੍ਰਿਤਾਰਥ ਕੀਨਸਿ, ਪਰਮਾਰਥ ਮਨ ਭੀਨਸਿ ਨੀਤਿ॥
ਬਿਚਰਹੁ ਨਰਨਿ ਉਧਾਰਨਿ ਕਾਰਨਿ, ਕਰੇ ਨਿਹਾਰਨਿ ਹੁਇ ਸੁਖ ਚੀਤ॥
ਮਿਲਹੁ ਸਧਾਰਨ ਮੋਹੁ ਬਿਦਾਰਨ, ਦਾਰੁਨ ਦੁਖ ਟਾਰਨਿ ਕੀ ਰੀਤਿ॥
ਤਾਰਨ ਤਰਨਿ ਸ਼ਰਨ ਪ੍ਰਤਿਪਾਰਨ, ਜੀਤ ਬਿਕਾਰਨਿ ਤੇ ਬਿਪ੍ਰੀਤ॥੨੦॥
ਕਾਰਨ ਕਵਨ ਆਪ ਆਗਵਨੁ ਗੁਰ ਭਵਨੁ, ਮਿਲਿ ਕਰਿ ਸਮੁਦਾਇ॥ (ਰਾਸਿ ੩, ਅੰਸੂ ੪੬)

ਭਗਤ ਕਾਨ੍ਹਾ ਆਪਣੀ ਵਡਿਆਈ ਸੁਣ ਕੇ ਬੜਾ ਖ਼ੁਸ਼ ਹੋਇਆ ਤੇ ਬੋਲਿਆ:

ਤੁਹਾਡੇ ਘਰ ਵਿਚ ਅਸੀਂ ਇਹ ਸੁਣ ਕੇ ਆਏ ਹਾਂ ਕਿ ਤੁਸੀਂ ਵੱਡਾ ਗ੍ਰੰਥ ਰਚ ਰਹੇ ਹੋ ਜਿਸ ਵਿਚ ਪੰਜਾਂ ਗੁਰੂਆਂ ਦੀ ਬਾਣੀ ਲਿਖੀ ਹੈ। ਫਿਰ ਰਾਗਾਂ ਵਿਚ ਭਗਤਾਂ ਦੇ ਸ਼ਬਦ ਵੀ ਲਿਖੇ ਹਨ, ਉਹ ਸਾਰੇ ਇਸ ਸੰਸਾਰ ਵਿਚ ਇਸ ਸਮੇ ਨਹੀਂ ਹਨ। ਉਹਨਾਂ ਦੀ ਬਾਣੀ ਲਿਖੀ ਹੈ ਪਰ ਸਾਡੀ ਜੀਂਦੇ ਜਾਗਦਿਆਂ ਦੀ ਨਹੀਂ ਲਿਖੀ। ਸੰਸਾਰ ਵਿਚ ਅਸੀਂ ਪ੍ਰਸਿਧ ਹਾਂ ਤੇ ਲੋਕ ਸਾਡਾ ਸਤਿਕਾਰ ਵੀ ਕਰਦੇ ਹਨ।

ਇਹ ਸੁਣ ਕੇ ਗੁਰੂ ਜੀ ਨੇ ਭਗਤ ਜੀ ਨੂੰ ਦੱਸਿਆ:

ਇਸ ਗ੍ਰੰਥ ਵਿਚ ਸਿਰਫ਼ ਓਹੀ ਬਾਣੀ ਲਿਖੀ ਜਾ ਰਹੀ ਹੈ ਜੇਹੜੀ ਗੁਰੂ ਨਾਨਕ ਜੀ ਦੀ ਸਿਖਿਆ ’ਤੇ ਪੂਰੀ ਉਤਰਦੀ ਹੈ; ਅਰਥਾਤ ਜੋ ਸੇਵਾ, ਸਿਮਰਨ, ਨਿਮਰਤਾ, ਦਇਆ ਤੇ ਪ੍ਰਭੂ ਭਗਤੀ ਦ੍ਰਿੜ੍ਹਾਉਂਦੀ ਹੈ; ਓਹੀ ਲਿਖੀ ਹੈ। ਤੁਸੀਂ ਹੁਣ ਆਏ ਹੋ; ਆਪਣੇ ਸ਼ਬਦ ਸੁਣਾਓ। ਅਸੀਂ ਸੁਣਾਂਗੇ ਤੇ ਢੁਕਦੇ ਸ਼ਬਦ ਲਿਖ ਲਵਾਂਗੇ।

ਆਪਣੇ ਬ੍ਰਹਮ ਗਿਆਨ ਦੇ ਅਭਿਮਾਨ ਵਿਚ ਭਗਤ ਕਾਨ੍ਹਾ ਹਿਰਦੇ ਵਿਚ ਖ਼ੁਸ਼ ਹੋ ਕੇ ਇਉਂ ਬੋਲਿਆ:

ਓਹੀ ਰੇ ਮੈਂ ਓਹੀ ਰੇ॥
ਜਾਂਕਉ ਬੇਦ ਪੁਰਾਨ ਸਭਿ ਗਾਵੈਂ ਖੋਜਤਿ ਖੋਜ ਨ ਕੋਈ ਰੇ॥
ਜਾਕੋ ਨਾਰਦ ਸਾਰਦ ਸੇਵੈਂ, ਸੇਵੈਂ ਦੇਵੀ ਦੇਵਾ ਰੇ॥
ਬ੍ਰਹਮਾ ਬਿਸਨੁ ਮਹੇਸ ਅਰਾਧਹਿਂ ਸਭਿ ਕਰਦੇ ਜਾਕੀ ਸੇਵਾ ਰੇ॥
ਕਹਿ ਕਾਨ੍ਹਾ ਅਸ ਮਮ ਸਰੂਪ ਹੈ ਅਪਰੰਪਰ ਅਲਖ ਅਭੇਵਾ ਰੇ॥੧॥

ਗੁਰੂ ਜੀ ਨੇ ਇਸ ਬਾਣੀ ਵਿਚ ਹਉਮੈ ਦਾ ਪ੍ਰਗਟਾਵਾ ਵੇਖ ਕੇ ਤੇ ਗੁਰੂ ਆਸ਼ੇ ਦੇ ਅਨੁਕੂਲ ਨਾ ਜਾਣ ਕੇ, ਗ੍ਰੰਥ ਵਿਚ ਲਿਖਣੋ ਨਾਂਹ ਕਰ ਦਿੱਤੀ। ਇਸ ’ਤੇ ਭਗਤ ਕਾਨ੍ਹਾ ਜੀ ਨੇ ਆਪਣੀ ਹੇਠੀ ਹੋਈ ਜਾਣੀ ਤੇ ਕੁਝ ਕੌੜੇ ਸ਼ਬਦ ਵੀ ਬੋਲੇ ਜਿਸ ਨਾਲ ਉਸ ਸਮੇ ਸਭਾ ਵਿਚ ਅਣਚਾਹੀ ਸਥਿਤੀ ਬਣ ਗਈ। ਇਸ ਵਾਤਾਵਰਣ ਕਰਕੇ ਕੁਝ ਸਮਾ ਸਭਾ ਵਿਚ ਚੁੱਪ ਛਾਈ ਰਹੀ।

ਫਿਰ ਗੁਰੂ ਜੀ ਨੇ ਪੀਲੋ ਨੂੰ ਆਪਣੀ ਬਾਣੀ ਸੁਣਾਉਣ ਲਈ ਆਖਿਆ। ਉਸ ਨੇ ਆਪਣਾ ਸ਼ਬਦ ਇਉਂ ਉਚਾਰਿਆ:

ਪੀਲੋ ਅਸਾਂ ਨਾਲੋਂ ਸੇ ਭਲੇ ਜੰਮਦਿਆਂ ਜੁ ਮੁਏ॥
ਓਨਾਂ ਚਿਕੜ ਪਾਵ ਨ ਬੋੜਿਆ ਨਾ ਆਲੂਦ ਭਏ॥

ਇਸ ਵਿਚ ਭਗਤੀ ਦਾ ਉਪਦੇਸ਼ ਨਾ ਹੋਣ ਕਰਕੇ, ਇਸ ਨੂੰ ਵੀ ਗੁਰੂ ਜੀ ਨੇ ਗ੍ਰੰਥ ਵਿਚ ਸ਼ਾਮਲ ਕਰਨ ਦੇ ਯੋਗ ਨਾ ਸਮਝਿਆ ਤੇ ਨਾਂਹ ਕਰ ਦਿੱਤੀ।

ਫਿਰ ਗੁਰੂ ਜੀ ਨੇ ਛੱਜੂ ਨੂੰ ਕੁਝ ਆਖਣ ਦੀ ਆਗਿਆ ਕੀਤੀ ਤੇ ਉਹ ਇਉਂ ਬੋਲਿਆ:

ਕਾਗਦ ਸੰਦੀ ਪੂਤਲੀ ਤਊ ਨ ਤ੍ਰਿਯਾ ਨਿਹਾਰ॥
ਯੌਂ ਹੀ ਮਾਰ ਲਿਜਾਵਹੀ ਜਥਾ ਬਲੋਚਨਿ ਧਾਰ॥

ਇਹ ਸੁਣ ਕੇ ਗੁਰੂ ਜੀ ਨੇ ਦੱਸਿਆ ਕਿ ਗੁਰੂ ਨਾਨਕ ਦੇ ਘਰ ਇਸਤਰੀ ਪੁਰਖ ਨੂੰ ਬਰਾਬਰ ਦਾ ਸਤਿਕਾਰ ਹਾਸਲ ਹੈ। ਤੁਹਾਡੀ ਬਾਣੀ ਇਸਤਰੀ ਨੂੰ ਨਿੰਦਦੀ ਹੋਣ ਕਰਕੇ ਗ੍ਰੰਥ ਵਿਚ ਨਹੀਂ ਚੜ੍ਹਾਈ ਜਾ ਸਕਦੀ।

ਅੰਤ ਵਿਚ ਗੁਰਾਂ ਦੀ ਆਗਿਆ ਪਾ ਕੇ ਸ਼ਾਹ ਹੁਸੈਨ ਬੋਲਿਆ:

ਚੁੱਪ ਵੇ ਅੜਿਆ ਚੁੱਪ ਵੇ ਅੜਿਆ॥
ਬੋਲਣ ਦੀ ਨਹੀਂ ਜਾ ਵੇ ਅੜਿਆ॥
ਸੱਜਣਾ ਬੋਲਣ ਦੀ ਜਾਇ ਨਾਹੀਂ॥
ਅੰਦਰ ਬਾਹਰ ਹਿੱਕਾ ਸਾਈਂ॥
ਕਿਸ ਨੂੰ ਆਖ ਸੁਣਾਈਂ॥
ਇਕੋ ਦਿਲਬਰ ਸਭਿ ਘਟ ਰਵਿਆ ਦੂਜੀ ਨਹੀਂ ਕਦਾਈਂ॥
ਕਹੈ ਹੁਸੈਨ ਫਕੀਰ ਨਿਮਾਣਾ ਸਤਿਗੁਰ ਥੋਂ ਬਲਿ ਬਲਿ ਜਾਂਹੀ॥੧॥

ਇਹ ਸੁਣ ਕੇ ਗੁਰੂ ਜੀ ਮੁਸਕ੍ਰਾਹਟ ਸਹਿਤ, ਕਰੁਨਾ ਭਰੇ ਰਸੀਲੇ ਨੈਣਾਂ ਨਾਲ ਸ਼ਾਹ ਹੁਸੈਨ ਵੱਲ ਤੱਕ ਕੇ ਇਉਂ ਬੋਲੇ, "ਭਲਾ ਕਿਹਾ ਸ਼ਾਹ ਹੁਸੈਨ ਜੀ! ਚੁੱਪ ਹੀ ਰਹੋ ਤੁਸੀਂ। ਹਿਰਦੇ ਵਿਚ ਹੀ ਅਬੋਲੇ ਬਚਨ ਰੱਖੋ।"

ਇਹਨਾਂ ਤਿੰਨਾਂ ਨੇ ਗੁਰੂ ਜੀ ਦੇ ਸਾਹਮਣੇ, ਭਗਤ ਕਾਨ੍ਹੇ ਵਾਂਗ ਕੋਈ ਪ੍ਰਤੀਉਤਰ ਨਹੀਂ ਕੀਤਾ ਤੇ ਚੁੱਪ ਹੀ ਰਹੇ।

ਚਾਰੇ ਭਗਤ, ਆਪਣੇ ਮਨੋਰਥ ਵਿਚ ਅਸਫਲ ਰਹਿਣ ਕਾਰਨ ਨਾਰਾਜ਼ ਤੇ ਨਿਰਾਸ਼ ਹੋ ਕੇ ਵਾਪਸ ਲਾਹੌਰ ਨੂੰ ਮੁੜ ਗਏ। ਲਾਹੌਰ ਨੂੰ ਜਾਂਦਿਆਂ, ਰਸਤੇ ਵਿਚ ਭਗਤ ਕਾਨ੍ਹਾ ਦੀ ਮੌਤ ਹੋ ਗਈ।

ਇਸ ਸਮੇ ਗੁਰੂ ਜੀ ਦੇ ਹਜ਼ੂਰ ਭੱਟ ਆਏ। ਉਹਨਾਂ ਦਾ ਮੁਖੀ ਭਿੱਖਾ ਸੀ। ਗੁਰੂ ਜੀ ਦੇ ਹਜ਼ੂਰ ਉਸ ਨੇ ਇਉਂ ਬੇਨਤੀ ਕੀਤੀ :

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥੨॥੨੦॥ (੧੩੯੬)

ਯਾਰਾਂ ਭੱਟਾਂ ਨੇ ਗੁਰੂਆਂ ਦੀ ਉਸਤਤਿ ਵਿਚ, ਇਕ ਸੌ ਬਾਈ ਸਵਈਏ ਰਚ ਕੇ, ਪੰਜਾਂ ਸਤਿਗੁਰਾਂ ਦੇ ਜਸ ਦਾ ਵਰਨਣ ਕੀਤਾ। ਪਰਮ ਪ੍ਰੇਮ ਮਨ ਵਿਚ ਧਾਰ ਕੇ, ਗੁਰੂ ਅਰਜਨ ਜੀ ਨੂੰ ਸੁਣਾਏ। ਗੁਰੂ ਜੀ ਨੇ ਭੱਟਾਂ ਦੇ ਸਵਈਏ ਵੀ ਗ੍ਰੰਥ ਵਿਚ ਲਿਖਵਾ ਲਏ।

ਗ੍ਰੰਥ ਸਾਹਿਬ ਦੀ ਸੰਪੂਰਨਤਾ ਦੀ ਖ਼ੁਸ਼ੀ ਵਿਚ ਰੁਚੀ ਸਹਿਤ ਅਨੇਕ ਭਾਂਤ ਦੀ ਤਿਆਰੀ ਕੀਤੀ ਗਈ। ਤ੍ਰਿਹਾਵਲ ਦਾ ਖੁਲ੍ਹਾ ਕੜਾਹ ਪ੍ਰਸ਼ਾਦ ਤਿਆਰ ਕਰ ਕੇ ਸੰਗਤ ਨੂੰ ਸੁਣਾ ਦਿੱਤਾ ਕਿ ਗ੍ਰੰਥ ਸੰਪੂਰਨ ਹੋ ਗਿਆ ਹੈ। ਨਰ ਨਾਰੀ ਉਤਸ਼ਾਹ ਸਹਿਤ ਰਾਮਸਰ ਆਏ। ਛੋਟੀ ਦੁੰਦਭੀ, ਨਫੀਰਾਂ ਨਾਲ ਵੱਜੀ। ਭੀੜਾਂ ਕਰਕੇ ਵੱਡਾ ਕੁਲਾਹਲ ਮਚਿਆ। ਉਸ ਸਮੇ ਉਤਸ਼ਾਹ ਸਹਿਤ ਸੰਗਤ ਆ ਰਹੀ ਸੀ; ਕਈ ਪ੍ਰਕਾਰ ਦੇ ਪ੍ਰਸ਼ਾਦ ਲਿਆ ਰਹੀ ਸੀ। ਫਲਾਂ ਤੇ ਫੁੱਲਾਂ ਨੂੰ ਹੱਥਾਂ ਵਿਚ ਲਈ, ਸਰੀਰਾਂ 'ਤੇ ਸੁੰਦਰ ਬਸਤਰ ਪਹਿਨ ਕੇ ਨਰ ਨਾਰੀ ਆ ਰਹੇ ਸਨ।

ਭਾਈ ਬੰਨੋ ਨੇ ਇਸ ਗ੍ਰੰਥ ਦੀ ਲਾਹੌਰੋਂ ਜਿਲਦ ਬੰਨ੍ਹਵਾਉਣ ਸਮੇ, ਬਹੁਤ ਸਾਰੇ ਲਿਖਾਰੀ ਲਾ ਕੇ ਇਕ ਹੋਰ ਗ੍ਰੰਥ ਤਿਆਰ ਕਰ ਲਿਆ। ਕੁਝ ਸ਼ਬਦ ਵਧ ਵੀ ਲਿਖ ਲਏ ਤੇ ਜਿਲਦ ਬੰਨ੍ਹਵਾ ਕੇ, ਗੁਰੂ ਜੀ ਦੇ ਹਜ਼ੂਰ ਦੋਵੇਂ ਗ੍ਰੰਥ ਲੈ ਆਂਦੇ। ਇਹ ਵੇਖ ਕੇ ਗੁਰੂ ਜੀ ਨੇ ਆਖਿਆ, "ਜੇਹੜੇ ਵਾਧੂ ਸ਼ਬਦ ਹਨ ਉਹ ਆਪਣੇ ਗ੍ਰੰਥ ਵਿਚ ਹੀ ਰੱਖੋ; ਪਹਿਲੇ ਵਿਚ ਨਾ ਪਾਵੋ।" ਇਸ ਤਰ੍ਹਾਂ ਦੋ ਗ੍ਰੰਥ ਹੋ ਗਏ ਜਿਨ੍ਹਾਂ ਨੂੰ ਸਾਰਾ ਪੰਥ ਪੜ੍ਹਦਾ ਸੁਣਦਾ ਹੈ।

ਬਾਬਾ ਬੁੱਢਾ ਜੀ ਨੂੰ ਗੁਰੂ ਜੀ ਨੇ ਪੁੱਛਿਆ ਕਿ ਗ੍ਰੰਥ ਸਾਹਿਬ ਨੂੰ ਕਿਸ ਸਥਾਨ 'ਤੇ ਟਿਕਾਇਆ ਜਾਵੇ, ਜਿਥੇ ਇਹ ਸੋਭਾ ਪਾਵੇ। ਹੱਥ ਜੋੜ ਕੇ ਤਬ ਬਾਬਾ ਜੀ ਨੇ ਆਖਿਆ, "ਤੁਹਾਡੇ ਤੋਂ ਵਧ ਗੁਰੂ ਜੀ ਹੋਰ ਕੌਣ ਸਿਆਣਾ ਹੈ! ਫਿਰ ਵੀ ਸੁਣੋ ਅੰਮ੍ਰਿਤ ਸਰੋਵਰ ਵਿਚ ਹਰਿਮੰਦਰ ਜੋ ਸੁੰਦਰ ਦਰਬਾਰ ਹੈ, ਉਹ ਸਦਾ ਹੀ ਗ੍ਰੰਥ ਦੇ ਸਥਾਪਨ ਯੋਗ ਹੈ; ਸੁਭਾਵਕ ਹੀ ਓਥੇ ਸੋਭੇਗਾ।"

ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋਏ ਅਤੇ ਇਹ ਬਚਨ ਕਹੇ, "ਸੁਧਾਸਰ ਦੇ ਵਿਚ ਜੋ ਹਰਿਮੰਦਰ ਬਣਿਆ ਹੈ ਇਸ ਸਮਾਨ ਤ੍ਰਿਲੋਕੀ ਵਿਚ ਹੋਰ ਕੋਈ ਨਹੀਂ। ਏਸੇ ਤਰ੍ਹਾਂ ਗ੍ਰੰਥ ਸਾਹਿਬ ਰਚਿਆ ਗਿਆ ਹੈ ਜੋ ਰੱਬ ਦੇ ਸਰਬੋਤਮ ਨਾਮ ਨਾਲ ਜੜਿਆ ਹੋਇਆ ਹੈ। ਦੋਵਾਂ ਦਾ ਮੇਲ ਉਚਿਤ ਹੈ। ਰਾਤ ਦਿਨ ਕੀਰਤਨ ਹੋਵੇ। ਸੁਣੋ ਭਾਈ ਗੁਰਦਾਸ ਜੀ ਅਸਾਡੇ ਵਾਕ: ਇਹ ਸ੍ਰੀ ਗੁਰੂ ਰਾਮ ਦਾਸ ਜੀ ਦਾ ਦਰਬਾਰ ਹੈ। ਸਿੱਖ ਸਮਾਜ ਨੇ ਦਿਨੋ ਦਿਨ ਵਧਣਾ ਹੈ। ਦੁਖ ਦਲਿੱਦਰ ਨੇੜੇ ਨਾ ਆਵੇ। ਹਰਿਮੰਦਰ ਹਰੀ ਦਾ ਰੂਪ ਹੈ ਸਮੂੰਹ ਸਿੱਖ ਇਸ ਦੀ ਸੇਵਾ ਕਰਨਗੇ। ਰਾਤ ਦਿਨ ਏਥੇ ਲੱਛਮੀ ਦਾ ਵਾਸਾ ਹੋਵੇਗਾ ਤੇ ਸ਼ਰਧਾ ਧਾਰ ਕੇ ਸੇਵਾ ਕਰਨ ਵਾਲੇ ਮਨ ਇੱਛੇ ਫਲ ਪਾਉਣਗੇ।

ਫਿਰ ਗੁਰੂ ਜੀ ਦੀਵਾਨ ਵਿਚ ਬੈਠੇ। ਵਿਚਕਾਰ ਸੋਭਨੀਕ ਗ੍ਰੰਥ ਸਜਿਆ ਸੀ। ਇਕ ਸੇਵਕ ਸੁੰਦਰ ਚੌਰ ਕਰ ਰਿਹਾ ਸੀ। ਫੁੱਲਾਂ ਦੇ ਹਾਰ ਤੇ ਸੁੰਦਰ ਰੰਗਦਾਰ ਗੁਲਦਸਤੇ ਆਏ। ਗੁਰੂ ਜੀ ਦੇ ਗਲ ਵਿਚ ਸਿੱਖ ਪਾਉਂਦੇ ਸਨ। ਚੰਗੇ ਫੁੱਲ ਗ੍ਰੰਥ ਸਾਹਿਬ ਨੂੰ ਚੜ੍ਹਾਏ ਗਏ। ਸਿੱਖ ਗ੍ਰੰਥ ਅੱਗੇ ਧੂਪ ਧੁਖਾ ਰਹੇ ਸਨ। ਚੰਦਨ ਤੇ ਕੇਸਰ ਘਸਾ ਕੇ ਅਰਪਦੇ ਸਨ ਤੇ ਪ੍ਰੀਤ ਧਾਰ ਕੇ ਅਤਰ ਛਿੜਕਦੇ ਸਨ। ਫੂਕਾਂ ਮਾਰ ਕੇ ਸੰਖ ਵਜਾਉਂਦੇ ਸਨ। ਸਮੂਹਕ ਰੂਪ ਵਿਚ ਪ੍ਰਸ਼ਾਦ ਦੀ ਅਰਦਾਸ ਕਰਦੇ ਸਨ। ਜੈ ਜੈ ਕਾਰ ਸਾਰੇ ਇਕ ਵਾਰ ਕਰਦੇ ਸਨ। ਹੱਥਾਂ ਵਿਚ ਲੈ ਕੇ ਰਬਾਬ, ਸਿਤਾਰ ਆਦਿ ਸਾਜ਼ ਵਜਾਉਂਦੇ ਸਨ। ਰਾਗਾਂ ਵਿਚ ਸਜਾ ਕੇ ਸ਼ਬਦ ਗਾਉਂਦੇ ਸਨ। ਚਾਰੋਂ ਤਰਫ਼ ਇਕੱਤਰ ਹੋਈ ਇਸ ਭੀੜ ਵਿਚ ਉਤਸ਼ਾਹਤ ਮੰਗਲ ਦਾ ਵਾਤਾਵਰਣ ਹੋਇਆ। ਲੋੜਵੰਦਾਂ ਨੂੰ ਗੁਰੂ ਜੀ ਨੇ ਧਨ, ਬਸਤਰ ਆਦਿ ਪਦਾਰਥ ਵੰਡੇ। ਜੋ ਸਾਜ਼ ਵਜਾਉਂਦੇ ਤੇ ਗਾਉਂਦੇ ਸਨ; ਉਹਨਾਂ ਨੂੰ, "ਪੁਤਰੋ ਜੀਂਦੇ ਰਹੋ!" ਆਖ ਕੇ, ਗੁਰੂ ਜੀ ਨੇ ਸਾਰਿਆਂ ਨੂੰ ਧਨ ਦਿੱਤਾ। ਇਉਂ ਆਪ ਨੇ ਗ੍ਰੰਥ ਸੰਪੂਰਨ ਕੀਤਾ। ਫਿਰ ਘਰ ਨੂੰ ਗਏ ਤੇ ਮਾਤਾ

ਗੰਗਾ ਜੀ ਨੇ ਅਨੰਦ ਸਹਿਤ ਚਰਨਾਂ 'ਤੇ ਮੱਥਾ ਟੇਕਿਆ। ਇਸ ਭਾਂਤ ਸਦਾ ਹੀ ਘਰ ਵਿਚ ਰਾਤ ਰਹਿੰਦੇ ਸਨ ਤੇ ਸੁਭਾ ਹਰਿਮੰਦਰ ਵਿਚ ਆਉਂਦੇ ਸਨ। ਓਥੇ ਸਾਰਾ ਦਿਨ ਬੈਠਦੇ ਅਤੇ ਭਾਈ ਗੁਰਦਾਸ ਜੀ ਤੋਂ ਬਾਣੀ ਦਾ ਪਾਠ ਕਰਵਾਉਂਦੇ ਸਨ। ਆਪ ਵੀ ਸੁਣਦੇ ਸਨ ਤੇ ਬਹੁਤ ਸਾਰੇ ਸਿੱਖ ਵੀ ਸੁਣਦੇ ਸਨ। ਪ੍ਰੇਮ ਧਾਰ ਕੇ ਸਿੱਖ ਸਤਿਨਾਮੁ ਜਪਦੇ ਸਨ। ਨਿਤ ਇਹ ਰੀਤ ਬੀਤਦੀ ਸੀ। ਸੰਗਤ ਅਨੰਦ ਨਾਲ ਭਰਪੂਰ ਹੋ ਕੇ ਦਰਸ਼ਨ ਕਰਦੀ ਸੀ। ਬਹੁਤ ਸਾਰੇ ਦੇਸਾਂ ਤੋਂ ਸੰਗਤ ਚੱਲ ਕੇ ਆਉਂਦੀ ਸੀ ਤੇ ਦਰਸ਼ਨ ਕਰ ਕੇ ਭੇਟਾ ਚੜ੍ਹਾਉਂਦੀ ਸੀ। ਗ੍ਰੰਥ ਰਚਣ ਦੀ ਮਹਿਮਾ ਜਿਥੇ ਜਿਥੇ ਗਈ ਓਥੋਂ ਓਥੋਂ ਦੀ ਸੰਗਤ, ਖ਼ੁਸ਼ੀ ਤੇ ਪ੍ਰੇਮ ਸਹਿਤ ਦਰਸ਼ਨਾਂ ਨੂੰ ਆਈ। ਪ੍ਰੀਤ ਕਰਕੇ ਸਤਿਨਾਮੁ ਜਪਦੇ ਸਨ ਜਿਸ ਕਰਕੇ ਪਾਪਾਂ ਦਾ ਨਾਸ ਹੁੰਦਾ ਹੈ। ਆਪਣੇ ਘਰਾਂ ਵਿਚ ਜਾ ਕੇ ਜਦੋਂ ਦੱਸਦੇ ਸਨ ਤਾਂ ਸੁਣਨ ਵਾਲਿਆਂ ਦੇ ਦਿਲੀਂ ਵੀ ਦਰਸ਼ਨ ਕਰਨ ਦਾ ਉਤਸ਼ਾਹ ਉਪਜਦਾ ਸੀ।

ਦੇਸਾਂ ਪਰਦੇਸਾਂ ਦੀ ਸੰਗਤ ਨੇ ਇਹ ਖ਼ਬਰ ਸੁਣ ਕੇ ਮਨ ਵਿਚ ਬਹੁਤ ਪ੍ਰਸੰਨਤਾ ਮਹਿਸੂਸ ਕੀਤੀ। ਪ੍ਰੇਮੀ ਸਿੱਖ ਆ ਕੇ ਦਰਸ਼ਨ ਕਰਦੇ ਸਨ। ਬੰਨੋ ਸਮੇਤ ਸਿੱਖਾਂ ਦਾ ਦੀਵਾਨ ਲੱਗਿਆ ਤੇ ਗੁਰੂ ਜੀ ਉਸ ਵਿਚ ਬੈਠੇ। ਸ੍ਰੀ ਹਰਿ ਗੋਬਿੰਦ ਜੀ ਵੀ ਵਿਚ ਬਿਰਾਜਮਾਨ ਸਨ। ਜਿਵੇਂ ਮਾਨੋ ਚੰਦ ਆਪਣੇ ਪਰਵਾਰ ਸਮੇਤ ਸੋਭਦਾ ਹੈ, ਇਉਂ ਗੁਰੂ ਜੀ ਸੰਗਤ ਵਿਚ ਸੋਭਾ ਪਾ ਰਹੇ ਸਨ। ਗੁਰੂ ਜੀ ਨੇ ਸੰਗਤਾਂ ਨੂੰ ਸਿੱਖਿਆ ਦਿੱਤੀ, "ਗ੍ਰੰਥ ਜਹਾਜ਼ ਸਮਾਨ ਹੈ। ਜੋ ਇਸ ਨੂੰ ਚਿੱਤ ਲਾ ਕੇ ਪੜ੍ਹਨਗੇ ਉਹ ਭਉਜਲ ਵਿਚੋਂ ਸੁਖੈਨ ਹੀ ਤਰ ਜਾਣਗੇ। ਗੁਰੂ ਜੀ ਦਾ ਸਰੀਰ ਸਭ ਥਾਂ 'ਤੇ ਮੌਜੂਦ ਨਹੀਂ ਹੋ ਸਕਦਾ। ਗ੍ਰੰਥ ਗੁਰੂ ਦਾ ਹਿਰਦਾ ਜਾਣੋ ਜੋ ਹਰ ਥਾਂ ਹਰ ਸਮੇ ਹਾਜ਼ਰ ਹੈ। ਇਸ ਦਾ ਮੇਰੇ ਸਰੂਪ ਤੋਂ ਵੀ ਵਧ ਸਤਿਕਾਰ ਹੈ; ਇਸ ਲਈ ਸਾਹਿਬ ਜਾਣ ਕੇ ਇਸ ਦਾ ਅਦਬ ਕਰੋ। ਚੰਦਨ ਕੇਸਰ ਘਸਾ ਕੇ ਪੂਜੋ, ਧੂਪ ਧੁਖਾਓ ਤੇ ਫੁੱਲ ਚੜ੍ਹਾਓ। ਜੋ ਭਲੀ ਭਾਂਤ ਲਿਖ ਸਕਦੇ ਹਨ ਉਹ ਅੱਖਰ ਅੱਖਰ ਸੋਧ ਕੇ ਲਿਖ ਲੈਣ। ਸਾਰਾ ਪਾਠ ਅਕਲ ਨਾਲ ਸੁਧ ਕਰੋ ਤੇ ਪਹਿਲੇ ਲਿਖੇ ਨੂੰ ਵੇਖ ਕੇ ਹੋਰ ਬਣਾਓ। ਖ਼ੁਦ ਕੋਈ ਵਾਧ ਘਾਟ ਨਾ ਕਰੋ। ਜੇਹੜਾ ਕਰੇਗਾ ਉਸ ਮੂਰਖ ਨੂੰ ਪਛਤਾਉਣਾ ਪਵੇਗਾ। ਹੋਰ ਜੋ ਕੋਈ ਕਵਿਤਾ ਰਚਣਾ ਚਾਹੇ, ਉਹ ਵੱਖ ਰੱਖੇ ਇਸ ਵਿਚ ਨਾ ਚੜ੍ਹਾਵੇ। ਉਹ ਚੌਦਾਂ ਲੋਕਾਂ 'ਤੇ ਬਲੀ ਹੋਵੇਗਾ ਜੋ ਅਜਰ ਬਲ ਨੂੰ ਹਿਰਦੇ ਵਿਚ ਜਰ ਸਕੇਗਾ। ਜੋ ਉਪਕਾਰ ਲਈ ਸਿੱਖ ਸਨਮੁਖ ਹੋ ਕੇ ਸਿਰ ਦੇਵੇਗਾ ਉਹ ਧੀਰਜਵਾਨ ਹੋਵੇਗਾ। ਉਹ ਆਪਣੀ ਬਾਣੀ ਚੜ੍ਹਾਵੇਗਾ; ਦੂਜਾ ਹੋਰ ਕੋਈ ਨਹੀਂ। (ਇਸ਼ਾਰਾ ਨੌਵੇਂ ਗੁਰੂ ਜੀ ਬਾਰੇ ਹੈ) ਜੋ ਇੱਛਾ ਧਾਰ ਕੇ ਇਸ ਨੂੰ ਪੂਜੇਗਾ, ਉਸ ਦੀ ਇੱਛਾ ਪੂਰੀ ਹੋਵੇਗੀ। ਜਿਸ ਨੂੰ ਸਾਰੇ ਵੇਦ ਪੁਰਾਣ ਮਹਾਨ ਆਖ ਕੇ ਉਸ ਦੇ ਗੁਣ ਗਾਉਂਦੇ ਹਨ ਤੇ ਸ਼ੇਸ਼ ਨਾਗ, ਸ਼ਾਰਦਾ ਆਦਿ ਸਾਰੇ 'ਨੇਤਿ ਹੀ ਨੇਤਿ' ਆਖਦੇ ਨੇ। ਜੋ ਉਹ ਸਰਬੋਤਮ ਤੇ ਸ੍ਰੇਸ਼ਟ ਹੈ ਓਸੇ ਦੇ ਗੁਣ ਇਸ ਵਿਚ ਗਾਏ ਗਏ ਹਨ। ਨਾਮ ਤੇ ਨਾਮੀ ਵਿਚ ਜਿਵੇਂ ਭੇਦ ਨਹੀਂ ਹੁੰਦਾ, ਮਾਨੋ ਇਹ ਗ੍ਰੰਥ ਸ੍ਰੀ ਕਰਤਾਰ ਦੀ ਹੀ ਮੂਰਤਿ ਹੈ। ਜਿੰਨਾ ਕੋਈ ਇਸ ਗ੍ਰੰਥ ਦਾ ਅਦਬ ਕਰੇਗਾ ਓਨਾ ਹੀ ਫਲ ਪਾਵੇਗਾ, ਧੂਪ ਧੁਖਾ ਕੇ ਚੰਦਨ ਕੇਸਰ ਘਸਾ ਕੇ ਜੋ ਅਰਚਾਵੇਗਾ ਤੇ ਭਾਵਨੀ ਧਾਰ ਕੇ ਖ਼ੁਸ਼ੀ ਨਾਲ ਰੋਜ਼ ਦਰਸ਼ਨ ਕਰੇਗਾ, ਪਾਠ ਕਰ ਤੇ ਸੁਣ ਕੇ ਹਿਰਦੇ ਵਿਚ ਉਪਦੇਸ਼ ਵਸਾਏਗਾ, ਵੇਖਦਿਆਂ ਹੀ ਦੋਵੇਂ ਹੱਥ ਜੋੜ ਕੇ ਸਿਰ ਨਿਵਾਏਗਾ ਹੋਰਾਂ ਨੂੰ ਉਪਦੇਸ਼ ਕਰੇਗਾ ਤੇ ਆਪ ਵੀ ਇਸ ਨੂੰ ਲਿਖੇਗਾ, ਪ੍ਰੇਮ ਸਹਿਤ ਘਰ ਵਿਚ ਸਥਾਪਨ ਕਰੇਗਾ ਤੇ ਪਾਠ ਸੁਣ ਕੇ ਖ਼ੁਸ਼ ਹੋਵੇਗਾ, ਉਹ ਸੱਜਣ ਜਗਤ ਦੇ ਬੰਧਨ ਕੱਟ ਕੇ ਅੰਤ ਨੂੰ ਮੁਕਤੀ ਪਾਵੇਗਾ। ਕਾਰਜ ਸੰਪੂਰਨ ਕਰਨ ਵਾਸਤੇ ਪਾਠ ਕਰੇ ਤੇ ਕਰਾਵੇਗਾ, ਭੋਗ ਸਮੇ ਤ੍ਰਿਹਾਵਲ ਦਾ ਕੜਾਹ ਪ੍ਰਸ਼ਾਦ ਲਿਆ ਕੇ ਖੜ੍ਹਾ ਹੋਵੇਗਾ, ਮਨੋਰਥ ਨੂੰ ਮਨ ਵਿਚ ਲਿਆ ਕੇ ਹੱਥ ਜੋੜ ਕੇ ਅਰਦਾਸ ਕਰੇਗਾ, ਉਸ ਦੇ ਚਿਤ ਦੀ ਚਾਹਨਾ ਜ਼ਰੂਰ ਪੂਰੀ ਹੋਵੇਗੀ। ਸਿੱਖ ਸਰੀਰ ਛੱਡੇ ਤਾਂ ਉਸ ਦੇ ਨਮਿਤ ਪਾਠ ਕਰਾਵੇ। ਪੁਸ਼ਾਕ ਆਦਿ ਸਹਿਤ, ਪਾਠੀਆਂ ਦੀ ਯਥਾ ਸ਼ਕਤਿ ਸੇਵਾ ਕਰੇ, ਪ੍ਰਸ਼ਾਦਾ ਛਕਾਵੇ ਤੇ ਪ੍ਰਸ਼ਾਦ ਲਿਆ ਕੇ ਵਰਤਾਵੇ। ਸੋ ਸਿੱਖ ਏਥੇ ਵੀ ਮਹਾਨ ਸੁਖ ਪਾਵੇਗਾ ਤੇ ਪਰਲੋਕ ਵਿਚ ਵੀ ਖ਼ੁਸ਼ ਹੋਵੇਗਾ। ਪਾਠ ਕਰਨ ਨਾਲ ਸੰਸਾਰ ਦੇ ਸਾਰੇ ਕਾਰਜ ਸੰਪੂਰਨ ਹੋਣਗੇ। ਸੰਤ ਮਹੰਤ ਜੋ ਚਾਹ ਕੇ ਰਾਤ ਦਿਨ ਪਾਠ ਕਰਨਗੇ ਤੇ ਸਤਿਨਾਮੁ ਦਾ ਸਿਮਰਨ ਕਰਨਗੇ, ਉਹ ਆਪਣੇ ਸਾਰੇ ਪਾਪਾਂ ਦਾ ਨਾਸ ਕਰਨਗੇ। ਅੰਤ ਸਮੇ ਜਮਾਂ ਦੇ ਵੱਸ ਨਹੀਂ ਪੈਣਗੇ ਤੇ ਸਾਨੂੰ ਆ ਮਿਲਨਗੇ।"

ਸਾਰਿਆਂ ਨੇ ਭੋਜਨ ਛਕਿਆ ਤੇ ਗ੍ਰੰਥ ਜੀ ਦੇ ਆਦਰ ਵਜੋਂ, ਗੁਰੂ ਜੀ ਸਮੇਤ, ਸਾਰੇ ਭੂਮੀ 'ਤੇ ਹੀ ਸੁੱਤੇ। ਗ੍ਰੰਥ ਦਾ ਯੋਗ ਟਹਿਲੀਆ ਸਥਾਪਨ ਕਰਨ ਵਾਸਤੇ ਗੁਰੂ ਜੀ ਨੇ ਦੀਰਘ ਵਿਚਾਰ ਪਿੱਛੋਂ, ਬਾਬਾ ਬੁੱਢਾ ਜੀ ਨੂੰ ਇਸ ਸੇਵਾ ਦੇ ਯੋਗ ਸਮਝਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਵੀ ਜਾਗ ਕੇ ਗੁਰੂ ਚਰਨਾਂ 'ਤੇ ਬੰਦਨਾ ਕਰਨ ਆਏ। ਪਵਿੱਤਰ ਹੋ ਕੇ ਰਾਮਸਰ ਵਿਚ ਇਸ਼ਨਾਨ ਕਰ ਕੇ ਬੇਰੀ ਹੇਠ ਗੁਰੂ ਜੀ ਧਿਆਨ ਲਗਾ ਕੇ ਬੈਠ ਗਏ। ਦੋ ਘੜੀਆਂ ਦਿਨ ਚੜ੍ਹਨ ਵਿਚ ਰਹਿਣ ਸਮੇ, ਅੰਮ੍ਰਿਤ ਵੇਲੇ ਗੁਰੂ ਜੀ ਨੇ ਮਿੱਠੇ ਬਚਨ ਆਖੇ, "ਬੁੱਢਾ ਜੀ, ਸਿਰ 'ਤੇ ਗ੍ਰੰਥ ਧਰ ਕੇ ਸੁਧਾਸਰ ਨੂੰ ਚੱਲੋ!" ਆਗਿਆ ਮੰਨ ਕੇ ਬਾਬਾ ਜੀ ਸਿਰ ਉਪਰ ਗ੍ਰੰਥ ਦਾ ਸਰੂਪ ਸੁਸ਼ੋਭਤ ਕਰਕੇ, ਅੱਗੇ ਲੱਗ ਤੁਰੇ ਤੇ ਗੁਰੂ ਜੀ ਹੱਥ ਵਿਚ ਚੌਰ ਫੜ ਕੇ ਪਿੱਛੇ ਚੱਲੇ। ਅਨੇਕ ਪ੍ਰਕਾਰ ਦੇ ਸਾਜ਼ ਵੱਜੇ। ਉਚੀ ਸੁਰ ਵਿਚ ਜੈ ਜੈ ਕਾਰ ਹੋਈ। ਵੱਡੀ ਗਿਣਤੀ ਵਿਚ ਸੰਗਤ ਇਸ ਯਾਤਰਾ ਵਿਚ ਸ਼ਾਮਲ ਹੋਈ। ਸ੍ਰੀ ਹਰਿ ਗੋਬਿੰਦ ਜੀ ਵੀ ਵੱਡੀ ਸੋਭਾ ਸਹਿਤ, ਪਿਤਾ ਗੁਰੂ ਜੀ ਦੇ ਨਾਲ ਤੁਰੇ। ਹਰਿਮੰਦਰ ਵਿਚ ਜਾ ਪਹੁੰਚੇ।

ਗੁਰੂ ਜੀ ਨੇ ਬੜੇ ਉਤਸ਼ਾਹ ਸਹਿਤ, ਸ੍ਰੀ ਹਰਿਮੰਦਰ ਵਿਚ ਸੁਸ਼ੋਭਤ ਕੀਤਾ। ਰਾਗੀ ਉਚੀ ਸੁਰ ਵਿਚ ਕੀਰਤਨ ਕਰ ਰਹੇ ਸਨ। ਮੰਜੀ ਸਮੇਤ ਗ੍ਰੰਥ ਓਥੇ ਥਾਪਿਆ। ਨੇੜੇ ਗੁਰੂ ਜੀ ਆਪ ਬੈਠ ਗਏ। ਆਸਾ ਕੀ ਵਾਰ ਦਾ ਕੀਰਤਨ ਮਨ ਲਾ ਕੇ ਸੁਣਿਆ ਤੇ ਭੋਗ ਪੈਣ ’ਤੇ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ, ਗ੍ਰੰਥ ਖੋਹਲ ਕੇ ਆਵਾਜ਼ਾ ਲੈਣ ਲਈ ਆਖਿਆ ਤਾਂ ਕਿ ਸਾਰਾ ਪੰਥ ਸੁਣੇ। ਮਨ ਚਾਹੇ ਗੁਰੂ ਜੀ ਦੇ ਸੱਤ ਵਾਕ ਸੁਣ ਕੇ, ਬਾਬਾ ਜੀ ਨੇ ਅਦਬ ਸਹਿਤ ਗ੍ਰੰਥ ਖੋਹਲ ਕੇ ਆਵਾਜ਼ਾ ਲਿਆ:

ਸੂਹੀ ਮਹਲਾ ੫।
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥੧॥ *(੭੮੩)*

ਆਵਾਜ਼ਾ ਸੁਣ ਕੇ ਸਾਰਿਆਂ ਨੇ ਸੀਸ ਨਿਵਾਇਆ। ਦੀਨਾਂ ਦਾ ਬੰਧੂ ਜਾਣਿਆਂ। ਗੁਰੂ ਜੀ ਗ੍ਰੰਥ ਸਾਹਿਬ ’ਤੇ ਹੱਥਾਂ ਨਾਲ ਚੌਰ ਕਰ ਰਹੇ ਸਨ। ਬੁੱਢਾ ਜੀ ਜਪੁ ਜੀ ਦਾ ਪਾਠ ਕਰ ਰਹੇ ਸਨ। ਸੰਗਤ ਸੁਣ ਕੇ ਧੰਨ ਧੰਨ ਕਹਿ ਰਹੀ ਸੀ। ਪ੍ਰੇਮ ਸਹਿਤ ਬਹੁਤ ਅਨੰਦਤ ਹੋ ਰਹੀ ਸੀ। ਜਪੁ ਜੀ ਦਾ ਭੋਗ ਪਾ ਕੇ ਜੈਕਾਰਾ ਛੱਡਣ ਉਪ੍ਰੰਤ ਸਾਰਿਆਂ ਨੇ ਮੱਥਾ ਟੇਕਿਆ। ਗੁਰੂ ਜੀ ਬਹੁਤ ਪ੍ਰਸੰਨ ਹੋਏ। ਬਹੁਤੇ ਪ੍ਰੇਮ ਕਰਕੇ ਗਦਗਦ ਹੋਏ। ਸ੍ਰੀ ਪਰਮੇਸਰ ਦੇ ਗੁਣਾਂ ਨੂੰ ਸਲਾਹਿਆ। ੧੬੬੧ ਬਿਕਰਮੀ, ਭਾਦੋਂ ਸੁਦੀ ੧ ਵਾਲੇ ਦਿਨ ਇਹ ਪ੍ਰਸੰਗ ਹੋਇਆ। (ਸੰਨ ੧੬੦੪)

ਹਰਿਮੰਦਰ ਤੋਂ ਬਾਹਰ ਆ ਕੇ ਗੁਰੂ ਜੀ ਨੇ ਇਸ ਸਥਾਨ ਦੀ ਇਸ ਪ੍ਰਕਾਰ ਸਿਫ਼ਤ ਉਚਾਰੀ:

ਸਾਰੇ ਸਥਾਨਾਂ ਦੀ ਮਾਇਆ ਚੱਲ ਕੇ ਏਥੇ ਗੁਰੂ ਜੀ ਦੀ ਸ਼ਰਨ ਵਿਚ ਆ ਵੱਸੀ ਹੈ। ਧੰਨ ਹੈ ਗੁਰੂ ਦਾ ਦਰਬਾਰ ਜਿਥੋਂ ਚਾਰ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ। ਇਉਂ ਉਤਸ਼ਾਹ ਸਹਿਤ ਦਿਨ ਬਿਤਾਇਆ ਤੇ ਫਿਰ ਸ਼ਾਮ ਹੋ ਗਈ ਤੇ ਸੂਰਜ ਛਿਪ ਗਿਆ। ਬੁੱਢਾ ਜੀ ਦੇ, ਰਾਤ ਸਮੇ ਗ੍ਰੰਥ ਨੂੰ ਬਿਰਾਜਮਾਨ ਕਰਨ ਬਾਰੇ ਪੁੱਛਣ ’ਤੇ ਗੁਰੂ ਜੀ ਨੇ ਕਿਹਾ, “ਗ੍ਰੰਥ ਪਰਮੇਸਰ ਦਾ ਅਵਤਾਰ ਹੈ। ਡੇਢ ਪਹਿਰ ਜਦੋਂ ਰਾਤ ਚਲੀ ਜਾਵੇ ਤਾਂ ਸੋਹਿਲੇ ਦਾ ਪਾਠ ਅਤੇ ਕੀਰਤਨ ਕਰ ਕੇ, ਜਿਸ ਕੋਠੜੀ ਵਿਚ ਸਾਡਾ ਨਿਵਾਸ ਹੈ, ਸਵਾਰਾ ਓਥੇ ਲੈ ਜਾਓ ਤੇ ਆਦਰ ਸਹਿਤ ਨਿਵਾਸ ਕਰਾਓ। ਡੇਢ ਪਹਿਰ ਰਾਤ ਰਹਿੰਦੀ ’ਤੇ, ਹਰਿਮੰਦਰ ਦਾ ਇਸ਼ਨਾਨ ਕਰਵਾ ਕੇ, ਫ਼ਰਸ਼ ਨੂੰ ਸੁੰਦਰ ਸਜਾ ਕੇ, ਦੀਵਾ ਸਦਾ ਘਿਓ ਦਾ ਬਾਲੋ। ਜਦੋਂ ਵੇਖੋ ਕਿ ਇਕ ਪਹਿਰ ਰਾਤ ਰਹਿ ਗਈ ਹੈ ਤਾਂ ਰਾਗੀ ਆਸਾ ਕੀ ਵਾਰ ਗਾਉਣ ਲੱਗਣ। ਜਦੋਂ ਦੋ ਘੜੀਆਂ ਰਾਤ ਰਹਿ ਜਾਵੇ ਤਾਂ ਗ੍ਰੰਥ ਜੀ ਨੂੰ ਲਿਆਂਦਾ ਜਾਵੇ। ਵਾਰ ਦੀ ਸਮਾਪਤੀ ’ਤੇ ਖੋਹਲ ਕੇ ਪੜ੍ਹਿਆ ਜਾਵੇ ਤੇ ਰੋਜ਼ ਏਸੇ ਤਰ੍ਹਾਂ ਹੀ ਕੀਤਾ ਜਾਵੇ।”

ਇਉਂ ਆਖ ਕੇ ਗੁਰੂ ਜੀ ਬੈਠ ਗਏ ਤੇ ਕਾਨੜਾ ਰਾਗ ਦੀ ਚੌਕੀ ਸੁਣੀ। ਫਿਰ ਸੋਹਿਲੇ ਦਾ ਪਾਠ ਕਰ ਕੇ ਸਾਰਿਆਂ ਨੇ ਉਠ ਕੇ ਅਰਦਾਸ ਕੀਤੀ। ਬੁੱਢਾ ਜੀ ਨੇ ਗ੍ਰੰਥ ਸਿਰ ’ਤੇ ਚੁਕਿਆ ਤੇ ਗੁਰੂ ਜੀ ਚੌਰ ਕਰਨ ਲੱਗੇ। ਸੰਖਾਂ ਤੇ ਹੋਰ ਵਾਜਿਆਂ ਦੀ ਆਵਾਜ਼ ਕੀਤੀ ਗਈ। ਜਿਸ ਕੋਠੜੀ ਵਿਚ ਗੁਰੂ ਜੀ ਰਾਤ ਸਮੇ ਬਿਰਾਜਦੇ ਸਨ; ਓਥੇ ਸੋਹਣਾ ਪਲੰਘ ਵਿਛਾਇਆ ਗਿਆ। ਜ਼ਰੀ ਦੀ ਸੁੰਦਰ ਸੇਜ ਸਵਾਰੀ ਗਈ। ਸੁੰਦਰ ਫੁੱਲਾਂ ਦੀ ਮਾਲਾ ਵੀ ਸਜਾਈ ਗਈ। ਓਥੇ ਗ੍ਰੰਥ ਦਾ ਨਿਵਾਸ ਕੀਤਾ ਤੇ ਗੁਰੂ ਜੀ ਨੇ ਨੇੜੇ ਜ਼ਮੀਨ ’ਤੇ ਆਸਣ ਲਾਇਆ। ਕਦੀ ਕਦੀ ਆਪਣੇ ਘਰ ਜਾਂਦੇ ਸਨ; ਨਹੀਂ ਤਾਂ ਗ੍ਰੰਥ ਕੋਲ ਹੀ ਬਿਰਾਜਦੇ ਸਨ।

ਇਹ ਮਰਯਾਦਾ ਅੱਜ ਵੀ ਨਿਭ ਰਹੀ ਹੈ। ਇਸ ਰੋਜ਼ਾਨਾ ਦੀ ਮਰਯਾਦਾ ਵਿਚ ਕੇਵਲ ਓਦੋਂ ਹੀ ਫ਼ਰਕ ਪੈਂਦਾ ਹੈ ਜਦੋਂ ਕੋਈ ਧਰਮ ਤੇ ਸਿੱਖੀ ਦਾ ਵਿਰੋਧੀ ਜ਼ਾਲਮ, ਸ੍ਰੀ ਦਰਬਾਰ ਸਾਹਿਬ ’ਤੇ ਫ਼ੌਜੀ ਹਮਲਾ ਕਰ ਕੇ, ਇਸ ਉਪਰ ਕਬਜ਼ਾ ਕਰ ਲੈਂਦਾ ਹੈ ਤੇ ਇਸ ਮਰਯਾਦਾ ਵਿਚ ਰੁਕਾਵਟ ਪਾ ਦਿੰਦਾ ਹੈ। ਪਹਿਲਾਂ ਅਠਾਰ੍ਹਵੀਂ ਸਦੀ ਵਿਚ, ਸਮੇ ਦੇ ਜ਼ਾਲਮ ਹਾਕਮ ਅਜਿਹਾ ਕੁਕਰਮ ਕਰਦੇ ਰਹੇ। ਜਦੋਂ ਹੀ ਸਿੱਖਾਂ ਨੇ ਬਲ ਫੜਨਾ ਤਾਂ ਜ਼ਾਲਮਾਂ ਦੇ ਹੱਥੋਂ ਸ੍ਰੀ ਦਰਬਾਰ ਸਾਹਿਬ ਨੂੰ ਆਜ਼ਾਦ ਕਰਵਾ ਕੇ, ਫਿਰ ਮਰਯਾਦਾ ਚਾਲੂ ਕਰ ਲੈਣੀ। ਸਾਡੇ ਜੀਵਨ ਸਮੇ ਦੌਰਾਨ ਹੀ ਇਹ ਕੁਕਾਰਜ ਜੂਨ ੧੯੮੪ ਵਿਚ, ਇੰਦਰਾ ਸਰਕਾਰ ਨੇ ਵੀ ਕੀਤਾ ਤੇ ਇਸ ਕਾਰਨ ਕੁਝ ਦਿਨ ਮਰਯਾਦਾ ਨਿਭਾਈ ਨਾ ਜਾ ਸਕੀ।

ਹਰ ਸਾਲ ਪਹਿਲੇ ਪ੍ਰਕਾਸ਼ ਦਿਵਸ ਸਮੇ, ਓਸੇ ਤਰ੍ਹਾਂ ਹੀ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਪਾਲਕੀ ਸਜਾ ਕੇ ਤੇ ਵਿਚ ਮਹਾਰਾਜ ਜੀ ਦੀ ਸਵਾਰੀ ਸੁਸ਼ੋਭਤ ਕਰ ਕੇ, ਵਾਜਿਆਂ ਗਾਜਿਆਂ ਸਮੇਤ, ਸ੍ਰੀ ਹਰਿਮੰਦਰ ਸਾਹਿਬ ਵਿਚ ਲਿਜਾ ਕੇ ਪ੍ਰਕਾਸ਼ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੩੫ ਵਿਅਕਤੀਆਂ ਦੀ ਬਾਣੀ ਚੜ੍ਹਾਈ ਗਈ ਹੈ। ਇਹ ਪੈਂਤੀ: ੬ ਗੁਰੂ ਸਾਹਿਬਾਨ, ੧੫ ਭਗਤ, ੧੧ ਭੱਟ ਅਤੇ ਤਿੰਨ ਸਿੱਖ ਹਨ। ਇਹਨਾਂ ਦੀ ਬਾਣੀ ਦਾ ਵੇਰਵਾ *ਮਹਾਨ ਕੋਸ਼* ਅਨੁਸਾਰ ਇਸ ਪ੍ਰਕਾਰ ਹੈ:

**ਗੁਰੂ ਸਾਹਿਬਾਨ:**

੧. ਸ੍ਰੀ ਗੁਰੂ ਨਾਨਕ ਦੇਵ ਜੀ (੧੪੬੯-੧੫੩੯) ੧੯ ਰਾਗਾਂ ਵਿਚ ੯੪੭ ਸ਼ਬਦ।
੨. ਸ੍ਰੀ ਗੁਰੂ ਅੰਗਦ ਦੇਵ ਜੀ (੧੫੦੪-੧੫੫੨) ੬੩ ਸਲੋਕ।
੩. ਸ੍ਰੀ ਗੁਰੂ ਅਮਰ ਦਾਸ ਜੀ (੧੪੭੯-੧੫੭੪) ੧੭ ਰਾਗਾਂ ਵਿਚ ੮੬੯ ਸ਼ਬਦ।
੪. ਸ੍ਰੀ ਗੁਰੂ ਰਾਮ ਦਾਸ ਜੀ (੧੫੩੪-੧੫੮੧) ੩੦ ਰਾਗਾਂ ਵਿਚ ੬੩੮ ਸ਼ਬਦ।
੫. ਸ੍ਰੀ ਗੁਰੂ ਅਰਜਨ ਦੇਵ ਜੀ (੧੫੬੩-੧੬੦੬) ੩੦ ਰਾਗਾਂ ਵਿਚ ੨੩੧੨ ਸ਼ਬਦ।
੬. ਸ੍ਰੀ ਗੁਰੂ ਤੇਗ਼ ਬਹਾਦਰ ਜੀ (੧੬੨੧-੧੬੭੫) ੧੫ ਰਾਗਾਂ ਵਿਚ ੧੧੫ ਸ਼ਬਦ।

**ਭਗਤ ਬਾਣੀ:**

੧. ਭਗਤ ਕਬੀਰ ਜੀ (੧੩੯੮-੧੫੧੮) ੧੬ ਰਾਗਾਂ ਵਿਚ ੫੩੪ ਸ਼ਬਦ।
੨. ਭਗਤ ਨਾਮਦੇਵ ਜੀ (੧੨੭੧-੧੩੫੧) ੧੮ ਰਾਗਾਂ ਵਿਚ ੬੨ ਸ਼ਬਦ।
੩. ਭਗਤ ਰਵਿਦਾਸ ਜੀ (੧੩੭੬-?) ੧੬ ਰਾਗਾਂ ਵਿਚ ੪੦ ਸ਼ਬਦ।
੪. ਭਗਤ ਰਾਮਾਨੰਦ ਜੀ (੧੩੬੬-੧੪੬੭) ਬਸੰਤ ਰਾਗ ਵਿਚ ੧ ਸ਼ਬਦ।
੫. ਭਗਤ ਜੈਦੇਵ ਜੀ (੧੨੦੧-੧੨੪੫) ੨ ਰਾਗਾਂ ਵਿਚ ੨ ਸ਼ਬਦ।
੬. ਭਗਤ ਤ੍ਰਿਲੋਚਨ ਜੀ (੧੨੬੮-੧੩੩੫) ੩ ਰਾਗਾਂ ਵਿਚ ੫ ਸ਼ਬਦ।
੭. ਭਗਤ ਧੰਨਾ ਜੀ (੧੪੧੬-?) ੨ ਰਾਗਾਂ ਵਿਚ ੪ ਸ਼ਬਦ।
੮. ਭਗਤ ਸੈਣ ਜੀ (੧੩੯੦-੧੪੪੦) ਧਨਾਸਰੀ ਰਾਗ ਵਿਚ ੧ ਸ਼ਬਦ।
੯. ਭਗਤ ਪੀਪਾ ਜੀ (੧੪੨੬-?) ਧਨਾਸਰੀ ਰਾਗ ਵਿਚ ੧ ਸ਼ਬਦ।
੧੦. ਭਗਤ ਭੀਖਨ ਜੀ (੧੪੮੦-੧੫੭੪) ਸੋਰਠਿ ਰਾਗ ਵਿਚ ੨ ਸ਼ਬਦ।
੧੧. ਭਗਤ ਸਧਨਾ ਜੀ (੧੨ਵੀਂ ਸਦੀ) ਬਿਲਾਵਲ ਰਾਗ ਵਿਚ ੧ ਸ਼ਬਦ।
੧੨. ਭਗਤ ਪਰਮਾ ਨੰਦ ਜੀ (੧੪੮੩-੧੫੯੩) ਸਾਰੰਗ ਰਾਗ ਵਿਚ ੧ ਸ਼ਬਦ।
੧੩. ਭਗਤ ਸੂਰਦਾਸ ਜੀ (੧੫੨੯-?) ਸਾਰੰਗ ਰਾਗ ਵਿਚ ੨ ਸ਼ਬਦ।
੧੪. ਭਗਤ ਬੇਣੀ ਜੀ (੧੫ਵੀਂ ਸਦੀ) ੩ ਰਾਗਾਂ ਵਿਚ ੩ ਸ਼ਬਦ।
੧੫. ਸੇਖ ਫਰੀਦ ਜੀ (੧੧੭੩-੧੨੬੬) ੨ ਰਾਗਾਂ ਵਿਚ ੧੨੩ ਸ਼ਬਦ।

**ਭੱਟ ਬਾਣੀ:**

| | | | |
|---|---|---|---|
| ੧. | ਭਟ ਕਲ ਸਹਾਰ ਜੀ | — ੫੪ | ਸਵਈਏ |
| ੨. | ਭਟ ਜਾਲਪ ਜੀ | — ੫ | ਸਵਈਏ |
| ੩. | ਭਟ ਕੀਰਤ ਜੀ | — ੮ | ਸਵਈਏ |
| ੪. | ਭਟ ਭਿਖਾ ਜੀ | — ੨ | ਸਵਈਏ |
| ੫. | ਭਟ ਸਲ੍ਹ ਜੀ | — ੩ | ਸਵਈਏ |
| ੬. | ਭਟ ਭਲ੍ਹ ਜੀ | — ੧ | ਸਵਈਆ |
| ੭. | ਭਟ ਨਲ੍ਹ ਜੀ | — ੧੬ | ਸਵਈਏ |
| ੮. | ਭਟ ਗਯੰਦ ਜੀ | — ੧੩ | ਸਵਈਏ |
| ੯. | ਭਟ ਮਥੁਰਾ ਜੀ | — ੧੪ | ਸਵਈਏ |

੧੦. ਭਟ ਬਲ੍ਹ ਜੀ — ੫ ਸਵਈਏ
੧੧. ਭਟ ਹਰਿਬੰਸ ਜੀ — ੨ ਸਵਈਏ

**ਹੋਰ ਬਾਣੀਕਾਰ:**

੧. ਰਾਇ ਬਲਵੰਡ ਜੀ—੫ ਪਉੜੀਆਂ।
੨. ਸਤਾ ਜੀ—੩ ਪਉੜੀਆਂ।
੩. ਸੁੰਦਰ ਜੀ (੧੫੬੦-੧੬੦੩)—੬ ਪਦੇ ਰਾਮਕਲੀ ਸਦੁ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ, ਪਿੱਛੋਂ ਦਮਦਮੇ ਸਾਹਿਬ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਓਦੋਂ ਸ਼ਾਮਲ ਕੀਤੀ ਜਦੋਂ ਉਹਨਾਂ ਨੇ, ਭਾਈ ਮਨੀ ਸਿੰਘ ਜੀ ਤੋਂ ਦੋਬਾਰਾ ਸਾਰਾ ਗ੍ਰੰਥ ਲਿਖਵਾਇਆ। ਫਿਰ ਆਪਣੇ ਅੰਤ ਸਮੇ, ਅਕਤੂਬਰ ੧੭੦੮ ਵਿਚ, ਨੰਦੇੜ ਵਿਖੇ, ਆਪਣੇ ਸਥਾਨ 'ਤੇ ਗ੍ਰੰਥ ਨੂੰ ਸਥਾਪਨ ਕਰ ਕੇ, ਸਿਖਾਂ ਨੂੰ ਗ੍ਰੰਥ ਦੀ ਅਧਿਆਤਮਿਕ ਅਗਵਾਈ ਵਿਚ ਵਿਚਰਨ ਦਾ ਹੁਕਮ ਦੇ ਕੇ, ਦੇਹਧਾਰੀ ਗੁਰੂ ਦਾ ਸਿਲਸਿਲਾ ਸਮਾਪਤ ਕਰ ਦਿੱਤਾ। ਇਸ ਤਰ੍ਹਾਂ ਪਹਿਲਾਂ 'ਆਦਿ ਗ੍ਰੰਥ ਸਾਹਿਬ', ਅੱਜ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਰੂਪ ਵਿਚ ਮਨੁੱਖਤਾ ਦੀ ਅਧਿਆਤਮਿਕ ਅਗਵਾਈ ਕਰ ਰਿਹਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈਆਂ ਬਾਣੀ ਦੀਆਂ ਕੁਝ ਤੁਕਾਂ --

## ਜੋ ਅਖਾਣਾਂ ਦਾ ਰੂਪ ਧਾਰ ਗਈਆਂ

*ਲੋਕੋਕਤੀ: ਲੋਕਾਂ ਦੀ ਉਕਤੀ। ਇਕ ਅਰਥ: ਅਲੰਕਾਰ। ਲੋਕਾਂ ਦੇ ਮੂੰਹ ਚੜ੍ਹੀ ਅਖਾਉਤ ਨੂੰ ਮੁਨਾਸਬ ਮੌਕੇ 'ਤੇ ਕਹਿਣਾ।*
*ਕਹਿਨਾਵਤ ਜੋ ਲੋਕ ਕੀ, ਲੋਕੋਕਤੀ ਸੋ ਜਾਨ।* *(ਸ਼ਿਵਰਾਜ ਭੂਸ਼ਣ)*

ਮੰਨੇ ਕੀ ਗਤਿ ਕਹੀ ਨ ਜਾਇ॥
ਆਪੇ ਬੀਜਿ ਆਪੇ ਹੀ ਖਾਹੁ॥
ਮਨਿ ਜੀਤੈ ਜਗੁ ਜੀਤੁ॥
ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥ *(ਸ੍ਰੀ ਰਾਗ ਮ: ੧)*
ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥ *(ਸ੍ਰੀ ਰਾਗ ਮ: ੧)*
ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ॥ *(ਸ੍ਰੀ ਰਾਗ ਮ: ੧)*
ਨਿਤ ਨ ਪੇਈਆ ਹੋਇ॥ *(ਸ੍ਰੀ ਰਾਗ ਮ: ੧)*
ਫਾਹੀ ਸੁਰਤਿ ਮਲੂਕੀ ਵੇਸੁ॥ *(ਸ੍ਰੀ ਰਾਗ ਮ: ੧)*
ਕਰਣੀ ਬਾਝਹੁ ਘਟੇ ਘਟਿ॥ *(ਸ੍ਰੀ ਰਾਗ ਮ: ੧)*
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ॥ *(ਸ੍ਰੀ ਰਾਗ ਮ: ੩)*
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ॥ *(ਸ੍ਰੀ ਰਾਗ ਮ: ੩)*
ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥ *(ਸ੍ਰੀ ਰਾਗ ਮ: ੫)*
ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥ *(ਸ੍ਰੀ ਰਾਗ ਮ: ੧)*
ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ॥ *(ਸ੍ਰੀ ਰਾਗ ਮ: ੩)*

ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ॥ *(ਸ੍ਰੀ ਰਾਗ ਮ: ੫)*
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ॥ *(ਆਸਾ ਮ: ੫)*
ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥ *(ਆਸਾ ਛੰਤ ਮ: ੧)*
ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ॥ *(ਮਾਝ ਮ: ੫)*
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥ *(ਮਾਝ ਮ: ੫)*
ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ॥ *(ਮਾਝ ਮ: ੨)*
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥ *(ਮਾਝ ਮ: ੧)*
ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ॥ *(ਗਉੜੀ ਕਬੀਰ ਜੀ)*
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ॥ *(ਗਉੜੀ ਕਬੀਰ ਜੀ)*
ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ *(ਆਸਾ ਮ: ੧)*
ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ॥
ਕਹਤ ਕਬੀਰ ਉਆ ਕੋ ਸਹਜੁ ਨ ਜਾਈ॥ *(ਆਸਾ ਕਬੀਰ ਜੀ)*
ਐਸੇ ਸੰਤ ਨ ਮੋ ਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥ *(ਆਸਾ ਕਬੀਰ ਜੀ)*
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ॥ *(ਆਸਾ ਫਰੀਦ ਜੀ)*
ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥ *(ਵਡਹੰਸ ਮ: ੧)*
ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥ *(ਵਡਹੰਸ ਮ: ੧)*
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥ *(ਸੂਹੀ ਮ: ੧)*
ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ॥ *(ਸੂਹੀ ਮ: ੧)*
ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥ *(ਸੂਹੀ ਮ: ੧)*
ਕਹੁ ਕਬੀਰ ਛੂਛਾ ਘਟੁ ਬੋਲੈ॥
ਭਰਿਆ ਹੋਇ ਸੁ ਕਬਹੁ ਨ ਡੋਲੈ॥ *(ਗੌਂਡ ਕਬੀਰ ਜੀ)*
ਤ੍ਰਿਣ ਓਲੈ ਲਾਖੁ ਛਪਾਇਆ॥ *(ਰਾਮਕਲੀ ਮ: ੪)*
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥ *(ਰਾਮਕਲੀ ਮ: ੩)*
ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ॥ *(ਮਾਰੂ ਕਬੀਰ ਜੀ)*
ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ॥ *(ਤੁਖਾਰੀ ਮ: ੧)*
ਬਿਨੁ ਬੇੜੀ ਪਾਰਿ ਨ ਅੰਬੜੈ ਰਾਮ॥ *(ਤੁਖਾਰੀ ਮ: ੧)*
ਸਹਜਿ ਪਕੈ ਸੋ ਮੀਠਾ॥ *(ਤੁਖਾਰੀ ਮ: ੧)*
ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ॥ *(ਕੇਦਾਰਾ ਕਬੀਰ ਜੀ)*
ਡੂਬਿ ਮੂਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ॥ *(ਗਉੜੀ ਮ: ੩)*
ਖਿਨੁ ਤੋਲਾ ਖਿਨੁ ਮਾਸਾ॥ *(ਬਸੰਤੁ ਮ: ੧)*
ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ॥ *(ਮਲਾਰ ਮ: ੧)*
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥ *(ਸਲੋਕ ਫਰੀਦ ਜੀ)*

| | |
|---|---|
| ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥ | *(ਸਲੋਕ ਕਬੀਰ ਜੀ)* |
| ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ॥ | *(ਸਲੋਕ ਕਬੀਰ ਜੀ)* |
| ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ॥ | *(ਸਲੋਕ ਕਬੀਰ ਜੀ)* |
| ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ | *(ਸਲੋਕ ਕਬੀਰ ਜੀ)* |
| ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ॥ | *(ਸਲੋਕ ਕਬੀਰ ਜੀ)* |
| ਹਾਥਿ ਦੀਪੁ ਕੂਏ ਪਰੈ॥ | *(ਸਲੋਕ ਕਬੀਰ ਜੀ)* |
| ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥ | *(ਸਲੋਕ ਕਬੀਰ ਜੀ)* |
| ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥ | *(ਸਲੋਕ ਫਰੀਦ ਜੀ)* |
| ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥ | *(ਸਲੋਕ ਫਰੀਦ ਜੀ)* |

ਸਤਿਕਾਰ ਸਹਿਤ ਸਹਾਇਤਾ ਪ੍ਰਾਪਤ ਗ੍ਰੰਥ :
੧. *ਗੁਰ ਪ੍ਰਤਾਪ ਸੂਰਜ ਗ੍ਰੰਥ* — ਭਾਈ ਸੰਤੋਖ ਸਿੰਘ
੨. *ਮਹਾਨ ਕੋਸ਼* — ਭਾਈ ਕਾਨ੍ਹ ਸਿੰਘ ਨਾਭਾ
੩. *ਗੁਰੂ ਗ੍ਰੰਥ ਸਾਹਿਬ ਸੰਪਾਦਨਾ ਅਤੇ ਬਾਣੀਕਾਰ* — ਡਾ. ਸਰਬਜਿੰਦਰ ਸਿੰਘ ਪਟਿਆਲਾ

# ਦਲ ਭੰਜਨ ਗੁਰ ਸੂਰਮਾ

ਸਿੱਖ ਪੰਥ ਦੇ ਛੇਵੇਂ ਸਤਿਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਆਗਮਨ ੧੪ ਜੂਨ ੧੫੯੫ ਨੂੰ, ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਿਹ ਵਿਖੇ, ਅੰਮ੍ਰਿਤਸਰ ਦੇ ਨੇੜੇ, ਵਡਾਲੀ ਨਾਂ ਦੇ ਪਿੰਡ ਵਿਚ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪ੍ਰੰਤ, ਆਪ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਅਤੇ ਸਿੱਖਾਂ ਵਿਚ ਜ਼ਾਲਮਾਂ ਨੂੰ ਹੱਥੀਂ ਸੋਧਣ ਦੀ ਭਾਵਨਾ ਦਾ ਸੰਚਾਰ ਕੀਤਾ।

ਸਮੇ ਦੀ ਨਜ਼ਾਕਤ ਨੂੰ ਪਛਾਣਦਿਆਂ ਹੋਇਆਂ ਆਪ ਜੀ ਨੇ ਸਿੱਖਾਂ ਦੇ ਅੰਦਰ ਜ਼ੁਲਮ ਦੇ ਵਿਰੁਧ, ਰਖਿਆਤਮਿਕ ਭਾਵਨਾਵਾਂ ਭਰੀਆਂ। ਅਧਿਆਤਮਿਕ ਉਪਦੇਸ਼ ਦੇ ਨਾਲ ਨਾਲ ਆਪ ਜੀ ਨੇ ਜ਼ਾਲਮ ਹਾਕਮਾਂ ਨੂੰ ਜ਼ੁਲਮ ਤੋਂ ਰੋਕਣ ਵਾਸਤੇ, ਸਿੱਖਾਂ ਨੂੰ ਜ਼ੁਲਮ ਦੇ ਖ਼ਿਲਾਫ਼ ਡਟ ਖਲੋਣ ਲਈ ਉਤਸ਼ਾਹਤ ਕੀਤਾ।

ਦੁਨੀਆ ਨੂੰ ਦੱਸਣ ਵਾਸਤੇ ਕਿ ਪਾਪ ਦੀ ਸਜ਼ਾ ਇਸ ਜਨਮ ਵਿਚ ਵੀ ਦਿੱਤੀ ਜਾ ਸਕਦੀ ਹੈ, ਚੰਦੂ ਨੂੰ ਇਬਰਤਨਾਕ ਸਜ਼ਾ ਦਿੱਤੀ ਤਾਂ ਕਿ ਬਾਕੀ ਜ਼ਾਲਮਾਂ ਨੂੰ ਵੀ ਕੰਨ ਹੋ ਜਾਣ। ਆਪ ਜੀ ਨੇ ਜਹਾਂਗੀਰ ਦੀ ਕੈਦ, ਗਵਾਲੀਅਰ ਦੇ ਕਿਲ੍ਹੇ ਵਿਚੋਂ ਆਪਣੀ ਰਿਹਾਈ ਓਨਾ ਚਿਰ ਪਰਵਾਨ ਨਾ ਕੀਤੀ ਜਿੰਨਾ ਚਿਰ ਬਾਕੀ ਸਾਰੇ ਕੈਦੀ ਵੀ ਰਿਹਾ ਨਾ ਕੀਤੇ ਗਏ। ਉਹਨਾਂ ਕੈਦੀਆਂ ਵਿਚ ਹਿੰਦੂ, ਮੁਸਲਮਾਨ ਸਾਰੇ ਹੀ ਸ਼ਾਮਲ ਸਨ। ਸਾਰੀ ਉਮਰ ਵਾਸਤੇ ਜੇਹਲ ਵਿਚ ਪਾਏ ਗਏ ਕੈਦੀਆਂ ਦੀ ਰਿਹਾਈ ਸਮੇ, ਕਿਸੇ ਵੀ ਕਿਸਮ ਦਾ ਵਿਤਕਰਾ ਨਹੀਂ ਕੀਤਾ ਗਿਆ। ਉਹਨਾਂ ਕੈਦੀਆਂ ਵਿਚ ਹਿੰਦੂ ਰਾਜੇ, ਮੁਸਲਮਾਨ ਹਾਕਮ ਅਤੇ ਹੋਰ ਕਈ ਤਰ੍ਹਾਂ ਦੇ ਖ਼ਤਰਨਾਕ ਡਾਕੂ, ਖ਼ੂਨੀ ਆਦਿ ਵੀ ਸਨ।

ਸ੍ਰੀ ਹਰਿਗੋਬਿੰਦਪੁਰ ਨਗਰ ਵਸਾਉਣ ਸਮੇ, ਮੁਸਲਮਾਨ ਵਸਨੀਕਾਂ ਵਾਸਤੇ ਗੁਰੂ ਸਾਹਿਬ ਜੀ ਵੱਲੋਂ ਉਸਾਰੀ ਗਈ ਮਸੀਤ, ਜੋ ਕਿ ਅੱਜ ਵੀ ਉਸ ਪਿੰਡ 'ਚ ਮੌਜੂਦ ਹੈ; ਗੁਰੂ ਸਾਹਿਬ ਜੀ ਦੇ ਮਜ਼ਹਬੀ ਵਿਤਕਰੇ ਤੋਂ ਉਪਰ ਉਠ ਕੇ ਵਿਚਰਨ ਦਾ ਪ੍ਰਤੱਖ ਪ੍ਰਮਾਣ ਹੈ।

ਸਮੇ ਦੇ ਹਾਕਮਾਂ ਵੱਲੋਂ ਸੱਤ ਵਾਰ ਹਮਲਾਵਰ ਹੋਣ ਕਾਰਨ ਗੁਰੂ ਜੀ ਨੂੰ ਚਾਰ ਵੱਡੇ ਤੇ ਤਿੰਨ ਛੋਟੇ ਜੰਗ ਕਰਨੇ ਪਏ। ਹਰੇਕ ਯੁੱਧ ਵਿਚ ਮੁਕੰਮਲ ਜਿੱਤ ਪ੍ਰਾਪਤੀ ਦੇ ਬਾਵਜੂਦ ਵੀ, ਆਪ ਜੀ ਉਸ ਥਾਂ ਨੂੰ ਛੱਡ ਕੇ ਹੋਰ ਥਾਂ ਚਲੇ ਜਾਂਦੇ ਰਹੇ ਤਾਂ ਕਿ ਸਮੇ ਦੇ ਜ਼ਾਲਮ ਹਾਕਮਾਂ ਨੂੰ

ਅਕਾਰਨ ਹਮਲਾ ਕਰਨ ਦਾ ਬਹਾਨਾ ਨਾ ਮਿਲੇ; ਕਿਉਂਕਿ ਆਪ ਜੀ ਦਾ ਉਦੇਸ਼ ਜੰਗ ਕਰਨਾ ਨਹੀਂ ਸੀ ਬਲਕਿ ਮਨੁੱਖਤਾ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ ਦਾ ਸੰਚਾਰ ਕਰ ਕੇ, ਜਗਤ ਜਲੰਦੇ ਵਿਚ ਠੰਡ ਵਰਤਾਉਣਾ ਸੀ। ਹਰੇਕ ਜੰਗ ਵਿਚ ਪੂਰਨ ਸਫਲਤਾ ਪ੍ਰਾਪਤੀ ਉਪ੍ਰੰਤ ਵੀ ਉਹਨਾਂ ਨੇ ਕਿਸੇ ਦੀ ਇਕ ਇੰਚ ਜ਼ਮੀਨ ’ਤੇ ਕਬਜ਼ਾ ਨਹੀਂ ਕੀਤਾ।

ਹਰੇਕ ਯੁੱਧ ਵਿਚ ਆਪ ਜੀ ਨੇ ਐਸੇ ਜੰਗੀ ਅਸੂਲਾਂ ਉਪਰ ਅਮਲ ਕੀਤਾ ਜਿਸ ਉਪਰ ਅੱਜ ਦਾ ਸਭਿਅਕ ਸੰਸਾਰ ਵੀ ਮਾਣ ਕਰ ਸਕਦਾ ਹੈ। ਵੈਸੇ ਜੂਨ ੧੯੮੪ ਵਿਚ ਹਿੰਦੀ ਫ਼ੌਜਾਂ ਨੇ ਜੋ ਕੁਝ ਪੰਜਾਬ ਵਿੱਚ ਸਿੱਖਾਂ ਨਾਲ ਕੀਤਾ ਸੀ, ਉਸਨੂੰ ਸਭਿਅਕ ਇਨਸਾਨਾਂ ਦੀ ਗਿਣਤੀ ਵਿੱਚ ਸ਼ੁਮਾਰ ਕਰਨਾ ਹੀ ਗ਼ਲਤ ਹੋਵੇਗਾ। ਗੁਰੂ ਜੀ ਨੇ ਸਿਰਫ਼ ਚੜ੍ਹਾਈ ਕਰ ਕੇ ਆਈ ਫ਼ੌਜ ਦਾ ਸਵੈ-ਰੱਖਿਆ ਖ਼ਾਤਰ ਮੁਕਾਬਲਾ ਹੀ ਕੀਤਾ; ਨਾ ਕਿਸੇ ’ਤੇ ਖ਼ੁਦ ਹਮਲਾ ਕੀਤਾ ਤੇ ਨਾ ਹੀ ਮੈਦਾਨ ਛੱਡ ਗਏ ਦਾ ਪਿੱਛਾ ਕੀਤਾ। ਆਪਣੇ ਅਤੇ ਹਮਲਾਵਰ ਜ਼ਖ਼ਮੀਆਂ ਦੀ, ਬਿਨਾ ਵਿਤਕਰੇ ਸੰਭਾਲ ਕੀਤੀ। ਵੀਰਗਤੀ ਨੂੰ ਪ੍ਰਾਪਤ ਹੋ ਗਏ ਆਪਣੇ ਅਤੇ ਵਿਰੋਧੀ ਯੋਧਿਆਂ ਦਾ ਅੰਤਮ ਸੰਸਕਾਰ, ਉਹਨਾਂ ਦੇ ਧਾਰਮਿਕ ਅਕੀਦੇ ਅਨੁਸਾਰ ਕੀਤਾ।

ਆਪਣੇ ਪਿੱਛੋਂ ਹਰ ਪ੍ਰਕਾਰ ਦੀ ਪ੍ਰੀਖਿਆ ਕਰਨ ਉਪ੍ਰੰਤ, ਯੋਗ ਜਾਣ ਕੇ ਆਪਣੇ ਛੋਟੇ ਪੋਤਰੇ, ਸ੍ਰੀ ਹਰਿ ਰਾਇ ਜੀ, ਨੂੰ ਗੁਰਗੱਦੀ ’ਤੇ ਸਥਾਪਤ ਕਰ ਕੇ, ੩ ਮਾਰਚ ਸੰਨ ੧੬੪੪ ਨੂੰ, ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ।

ਗੁਰੂ ਸਾਹਿਬ ਜੀ ਦੇ ਤਿੰਨ ਮਹਿਲ – ਮਾਤਾ ਦਮੋਦਰੀ ਜੀ, ਮਾਤਾ ਮਰਵਾਹੀ ਜੀ ਅਤੇ ਮਾਤਾ ਨਾਨਕੀ ਜੀ ਸਨ। ਪੰਜ ਸਾਹਿਬਜ਼ਾਦੇ – ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਅਣੀ ਰਾਇ ਜੀ, ਬਾਬਾ ਸੂਰਜ ਮੱਲ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਇਕ ਸਾਹਿਬਜ਼ਾਦੀ ਬੀਬੀ ਵੀਰੋ ਜੀ ਸਨ। ਦੋ ਸਾਹਿਬਜ਼ਾਦੇ – ਬਾਬਾ ਗੁਰਦਿੱਤਾ ਜੀ ਅਤੇ ਬਾਬਾ ਅਟੱਲ ਰਾਇ ਜੀ – ਆਪ ਜੀ ਦੀ ਇਸ ਸੰਸਾਰ ਅੰਦਰ ਮੌਜੂਦਗੀ ਦੌਰਾਨ ਹੀ ਸਰੀਰ ਤਿਆਗ ਗਏ ਸਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ, ਅੱਠਵੇਂ ਸਤਿਗੁਰੂ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਤੋਂ ਬਾਅਦ ਗੁਰਗੱਦੀ ਉਪਰ ਸੁਸ਼ੋਭਤ ਹੋਏ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਾਰੀ ਸਰੀਰਕ ਉਮਰ ੪੮ ਸਾਲ, ੮ ਮਹੀਨੇ ਤੇ ੧੫ ਦਿਨ ਸੀ ਜਿਸ ਵਿਚੋਂ ੩੨ ਸਾਲ, ੧੦ ਮਹੀਨੇ ਤੇ ੨ ਦਿਨ ਆਪ ਜੀ ਨੇ ਗੁਰਗੱਦੀ ਉਪਰ ਬਿਰਾਜਮਾਨ ਹੋ ਕੇ ਮਨੁੱਖਤਾ ਦਾ ਉਧਾਰ ਕੀਤਾ।

# ਸਿਮਰੌ ਸ੍ਰੀ ਹਰਿ ਰਾਇ

‘ਜਾਹਰ ਪੀਰ ਜਗਤ ਗੁਰ ਬਾਬਾ’, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੱਤਵੀਂ ਜੋਤਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ, ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਜੀ (ਨੱਤੀ ਜੀ) ਦੇ ਗ੍ਰਿਹ ਵਿਖੇ, ੮ ਮਾਰਚ, ਸੰਨ ੧੬੩੦ ਨੂੰ, ਸ੍ਰੀ ਕੀਰਤਪੁਰ ਸਾਹਿਬ ਪਰਗਟ ਹੋਏ।

ਆਪ ਜੀ ‘ਦਲ ਭੰਜਨ ਗੁਰ ਸੂਰਮਾ’ ਜੀ ਦੇ ਛੋਟੇ ਪੋਤਰੇ ਸਨ। ਦਾਦਾ ਗੁਰੂ ਜੀ ਦੀ ਸੁਚੱਜੀ ਅਗਵਾਈ ਹੇਠ ਆਪ ਜੀ ਨੇ ਸੰਸਾਰੀ ਤੇ ਨਿਰੰਕਾਰੀ ਵਿੱਦਿਆ ਪ੍ਰਾਪਤ ਕੀਤੀ। ਜਿਥੇ ਆਪ ਜੀ ਸੂਰਮੇ ਸਨ, ਓਥੇ ਫੁੱਲਾਂ ਸਮਾਨ ਨਰਮ ਹਿਰਦੇ ਵਾਲੇ, ਪ੍ਰਭੂ ਭਗਤੀ ਵਿਚ ਲੀਨ ਤੇ ਸਾਧੂ ਸੁਭਾ ਦੇ ਮਾਲਕ ਵੀ ਸਨ। ਉਹਨਾਂ ਦੇ ਹਿਰਦੇ ਦੀ ਕੋਮਲਤਾ ਨੂੰ ਦਰਸਾਉਂਦੀ ਉਹਨਾਂ ਦੇ ਬਚਪਨ ਸਮੇ ਦੀ ਇਕ ਸਾਖੀ ਸਿੱਖ ਇਤਿਹਾਸ ਵਿਚ ਇਉਂ ਪ੍ਰਾਪਤ ਹੁੰਦੀ ਹੈ:

ਆਪ ਜੀ ਇਕ ਦਿਨ ਆਪਣੇ ਬਾਗ਼ ਵਿਚ ਟਹਿਲ ਰਹੇ ਸਨ ਕਿ ਤੇਜ਼ ਹਵਾ ਦਾ ਇਕ ਬੁੱਲਾ ਆਇਆ। ਉਸ ਬੁੱਲੇ ਦੇ ਜ਼ੋਰ ਨਾਲ ਆਪ ਜੀ ਦਾ ਖੁਲ੍ਹਾ ਜਾਮਾ ਲਹਿਰਾਇਆ ਤੇ ਉਸ ਦੇ ਵੱਜਣ ਨਾਲ ਟਾਹਣੀ ਨਾਲੋਂ ਕੁਝ ਫੁੱਲ ਟੁੱਟ ਕੇ ਭੁੰਜੇ ਡਿਗ ਪਏ। ਫੁੱਲ ਟੁੱਟਣ ’ਤੇ ਉਹਨਾਂ ਦੀਆਂ ਪੱਤੀਆਂ ਦਾ ਮਿੱਟੀ ਵਿਚ ਰੁਲਣਾ ਵੇਖ ਕੇ ਆਪ ਜੀ ਦਾ ਕੋਮਲ ਹਿਰਦਾ ਵੈਰਾਗਵਾਨ ਹੋ ਗਿਆ ਕਿ ਸੁੰਦਰਤਾ ਘੱਟੇ ਵਿਚ ਰੁਲ ਗਈ। ਇਸ ਸਮੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੀ ਅਚਾਨਕ ਓਥੇ ਆਏ ਤਾਂ ਪੋਤਰੇ ਨੂੰ ਨਿਮੋਝੂਣਤਾ ਵਿਚ ਵੇਖ ਕੇ ਕਾਰਨ ਪੁੱਛਿਆ ਤਾਂ ਉਹਨਾਂ ਦੇ ਦੱਸਣ ’ਤੇ ਗੁਰੂ ਜੀ ਨੇ ਆਖਿਆ ਕਿ ਵੱਡਾ ਜਾਮਾ ਪਾਈਏ ਤਾਂ ਉਸ ਨੂੰ ਸੰਭਾਲ ਕੇ ਵਿਚਰਨਾ ਚਾਹੀਦਾ ਹੈ। ਗੁਰੂ ਜੀ ਦਾ ਗੁੱਝਾ ਉਪਦੇਸ਼ ਸੀ ਕਿ ਵੱਡੀ ਸ਼ਕਤੀ ਦੇ ਮਾਲਕ ਹੋਣ ਕਰਕੇ ਵੱਡੀ ਸਾਵਧਾਨੀ ਦੀ ਲੋੜ ਹੁੰਦੀ ਹੈ। ਖ਼ਿਆਲ ਰੱਖੀਏ ਕਿ ਉਸ ਸ਼ਕਤੀ ਨਾਲ ਵਿੱਸਰ

ਭੋਲੇ ਵੀ ਕਿਸੇ ਦਾ ਨੁਕਸਾਨ ਨਾ ਹੋ ਜਾਵੇ। ਦਾਦਾ ਗੁਰੂ ਜੀ ਦੀ ਇਸ ਸਿੱਖਿਆ ਨੂੰ ਆਪ ਜੀ ਨੇ ਸਾਰੀ ਉਮਰ ਹੀ ਧਿਆਨ ਵਿਚ ਰੱਖ ਕੇ ਇਸ ਉਪਰ ਅਮਲ ਕੀਤਾ।

ਆਪ ਜੀ ਦਾ ਵਿਆਹ ਬੁਲੰਦ ਸ਼ਹਿਰ ਦੇ ਵਾਸੀ ਦਇਆ ਰਾਮ ਜੀ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਇਆ ਤੇ ਦੋ ਸਾਹਿਬਜ਼ਾਦੇ, ਬਾਬਾ ਰਾਮ ਰਾਇ ਜੀ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਆਪ ਜੀ ਦੇ ਗ੍ਰਿਹ ਵਿਖੇ ਪਰਗਟ ਹੋਏ।

ਦਾਦਾ ਗੁਰੂ ਜੀ ਨੇ ਮਾਰਚ, ਸੰਨ ੧੬੪੪ ਨੂੰ ਜੋਤੀ ਜੋਤਿ ਸਮਾਉਣ ਸਮੇ, ਆਪ ਜੀ ਨੂੰ ਗੁਰੂ ਨਾਨਕ ਪਾਤਿਸ਼ਾਹ ਦੀ ਗੁਰਗੱਦੀ ਉਪਰ ਸੁਸ਼ੋਭਤ ਕਰ ਦਿੱਤਾ।

ਗੁਰਗੱਦੀ ਉਪਰ ਬਿਰਾਜਮਾਨ ਹੋਣ ਉਪ੍ਰੰਤ ਆਪ ਜੀ ਨੇ ਸਾਵਧਾਨਤਾ ਤੇ ਤਤਪਰਤਾ ਸਹਿਤ ਗੁਰਮਤਿ ਦੀ ਸਿੱਖਿਆ ਉਪਰ ਦ੍ਰਿੜ੍ਹਤਾ ਨਾਲ ਖ਼ੁਦ ਅਮਲ ਕੀਤਾ ਤੇ ਸਿੱਖ ਸੰਗਤਾਂ ਪਾਸੋਂ ਕਰਵਾਇਆ। ਗੁਰੂ ਨਾਨਕ ਪਾਤਿਸ਼ਾਹ ਜੀ ਦੇ, ਮਨੁੱਖਾ ਜੀਵਨ ਦੀ ਭਲਾਈ ਹਿਤ ਦਿੱਤੇ ਗਏ ਮਹਾਨ ਉਪਦੇਸ਼, 'ਨਾਮ, ਦਾਨ ਤੇ ਇਸ਼ਨਾਨ' ਦੇ ਅਸੂਲ ਦੀ ਪਾਲਣਾ ਦੇ ਨਾਲ ਨਾਲ ਆਪ ਜੀ ਨੇ ਗੁਰੂ ਕੇ ਲੰਗਰ ਤੇ ਗੁਰਸਿੱਖਾਂ ਦੇ ਘਰਾਂ ਅੰਦਰ ਚੱਲਦੇ ਲੰਗਰਾਂ ਵਾਸਤੇ ਵੀ ਉਚੇਚਾ ਉਪਦੇਸ਼ ਫ਼ਰਮਾਇਆ ਕਿ ਜਿਸ ਵੀ ਸਮੇ ਕੋਈ ਜਦੋਂ ਲੋੜਵੰਦ ਆਵੇ ਤਾਂ ਉਸ ਨੂੰ ਲੰਗਰ ਛਕਾਉਣ ਵਿਚ ਕੁਤਾਹੀ ਨਾ ਕੀਤੀ ਜਾਵੇ।

ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ, ਗੁਰਿਆਈ ਬਖ਼ਸ਼ਿਸ਼ ਕਰਨ ਸਮੇ, ਦਾਦਾ ਗੁਰੂ ਜੀ ਨੇ ਆਪ ਜੀ ਨੂੰ ਆਗਿਆ ਕੀਤੀ ਸੀ ਕਿ ਜੰਗ ਤੋਂ ਸੰਕੋਚ ਰੱਖਣਾ। ਬਾਈ ਸੌ ਤਿਆਰ ਬਰ ਤਿਆਰ ਘੋੜ ਸਵਾਰ ਸੂਰਮਿਆਂ ਦਾ ਦਸਤਾ ਸਦਾ ਆਪ ਜੀ ਦੇ ਅੰਗ ਸੰਗ ਰਹਿੰਦਾ ਸੀ। ਉਹਨਾਂ ਸੂਰਮਿਆਂ ਤੇ ਘੋੜਿਆਂ ਦੀ ਸੰਭਾਲ ਆਪ ਜੀ ਉਚੇਚਾ ਧਿਆਨ ਰੱਖ ਕੇ ਕਰਦੇ ਸਨ। ਸ਼ਿਕਾਰ ਸਮੇ ਆਪ ਜੀ ਦਾ ਯਤਨ ਹੁੰਦਾ ਸੀ ਕਿ ਜਾਨਵਰ ਜੀਂਦਾ ਫੜ ਕੇ ਆਪਣੇ ਬਾਗ਼ ਵਿਚ ਲਿਆ ਕੇ ਉਸ ਦੀ ਸੰਭਾਲ ਕੀਤੀ ਜਾਵੇ। ਇਸ ਤਰ੍ਹਾਂ ਆਪ ਜੀ ਦਾ ਬਾਗ਼ ਇਕ ਤਰ੍ਹਾਂ ਦਾ ਚਿੜੀਆ ਘਰ ਹੀ ਬਣ ਗਿਆ ਸੀ।

ਜਿਥੇ ਆਪ ਜੀ ਮਨੁੱਖਾਂ ਦੀ ਆਤਮਿਕ ਸੰਭਾਲ ਕਰਦੇ ਸਨ, ਓਥੇ ਲੰਗਰ ਤੇ ਦਵਾਖ਼ਾਨੇ ਦੁਆਰਾ ਭੁੱਖ ਤੇ ਰੋਗਾਂ ਦੀ ਨਿਵਿਰਤੀ ਵੱਲ ਵੀ ਪੂਰਾ ਧਿਆਨ ਦਿੰਦੇ ਸਨ। ਆਪ ਜੀ ਦਾ ਦਵਾਖ਼ਾਨਾ ਏਨਾ ਪ੍ਰਸਿੱਧ ਹੋ ਚੁੱਕਾ ਸੀ ਕਿ ਦੂਰੋਂ ਦੂਰੋਂ ਲੋੜਵੰਦ ਆ ਕੇ ਆਪਣੇ ਸਰੀਰਕ ਰੋਗਾਂ ਦਾ ਇਲਾਜ ਕਰਵਾਇਆ ਕਰਦੇ ਸਨ। ਏਥੇ ਉਹਨਾਂ ਦੇ ਇਲਾਜ ਦੇ ਨਾਲ ਹੋਰ ਵੀ ਹਰ ਪ੍ਰਕਾਰ ਦੀ ਸੇਵਾ ਦੁਆਰਾ ਆਤਮਿਕ ਤੇ ਸਰੀਰਕ ਤੰਦਰੁਸਤੀ ਦੀ ਬਖ਼ਸ਼ਿਸ਼ ਹੁੰਦੀ। ਇਕ ਵਾਰੀ ਦੇਸ਼ ਦੇ ਬਾਦਸ਼ਾਹ ਸ਼ਾਹ ਜਹਾਨ ਦਾ ਵੱਡਾ ਪੁੱਤਰ, ਦਾਰਾ ਸ਼ਿਕੋਹ ਬੀਮਾਰ ਹੋਇਆ ਤਾਂ ਉਸ ਦੇ ਇਲਾਜ ਵਾਸਤੇ ਖ਼ਾਸ ਚੀਜ਼ਾਂ ਆਪ ਜੀ ਦੇ ਦਵਾਖ਼ਾਨੇ ਤੋਂ ਹੀ ਪ੍ਰਾਪਤ ਹੋਈਆਂ ਸਨ ਤੇ ਉਸ ਨਾਲ ਦਾਰਾ ਸ਼ਿਕੋਹ ਰਾਜ਼ੀ ਹੋਇਆ ਸੀ।

ਆਪ ਜੀ ਗੋਇੰਦਵਾਲ ਵਿਖੇ ਸਨ ਕਿ ਦਿੱਲੀ ਦੇ ਤਖ਼ਤ ਉਪਰ ਕਬਜ਼ੇ ਦੀ ਲੜਾਈ ਵਿਚ ਨਿੱਕੇ ਭਰਾ ਔਰੰਗਜ਼ੇਬ ਦਾ ਭਜਾਇਆ ਦਾਰਾ ਸ਼ਿਕੋਹ ਆਪ ਜੀ ਪਾਸ ਆਇਆ ਅਤੇ ਇਕ ਦਿਨ ਵਾਸਤੇ ਔਰੰਗਜ਼ੇਬ ਦੀਆਂ ਪਿੱਛਾ ਕਰਦੀਆਂ ਆ ਰਹੀਆਂ ਫ਼ੌਜਾਂ ਨੂੰ ਰੋਕਣ ਵਾਸਤੇ ਬੇਨਤੀ ਕੀਤੀ ਤਾਂ ਕਿ ਉਹ ਸੁਰੱਖਿਅਤ ਅੱਗੇ ਨਿਕਲ ਸਕੇ। ਆਪ ਜੀ ਨੇ ਇਕ ਦਿਨ ਵਾਸਤੇ ਆਪਣੇ ਬਾਈ ਸੌ ਸਵਾਰਾਂ ਨਾਲ ਬਿਆਸ ਦਰਿਆ ਦਾ ਸੱਜਾ ਕੰਢਾ ਇਸ ਤਰ੍ਹਾਂ ਮੱਲ ਲਿਆ ਤੇ ਬੇੜੀਆਂ ਵੀ ਕਬਜ਼ੇ ਵਿਚ ਕਰ ਲਈਆਂ ਕਿ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਇਕ ਦਿਨ ਲਈ ਦਰਿਆ ਦੇ ਖੱਬੇ ਕੰਢੇ ਉਤੇ ਰੁਕਣਾ ਪਿਆ ਤੇ ਇਸ ਦੌਰਾਨ ਦਾਰਾ ਸ਼ਿਕੋਹ ਦੂਰ ਨਿਕਲ ਗਿਆ। ਇਸ ਤਰ੍ਹਾਂ ਦਾਰਾ ਸ਼ਿਕੋਹ ਦੀ ਬੇਨਤੀ ਵੀ ਮੰਨੀ ਗਈ ਤੇ ਗੁਰੂ ਜੀ ਨੇ ਖ਼ੂਨ ਖ਼ਰਾਬਾ ਵੀ ਨਾ ਹੋਣ ਦਿੱਤਾ।

ਸਾਰੇ ਭਰਾਵਾਂ ਦੀ ਅਲਖ ਮੁਕਾ ਕੇ ਔਰੰਗਜ਼ੇਬ ਨੇ ਜਦੋਂ ਦਿੱਲੀ ਦੇ ਤਖ਼ਤ 'ਤੇ ਕਬਜ਼ਾ ਕਰ ਲਿਆ ਤਾਂ ਉਸ ਨੇ ਆਪਣੀ ਇਤਿਹਾਸ ਪ੍ਰਸਿੱਧ ਕੁਨੀਤੀ ਅਨੁਸਾਰ ਸਾਰੇ ਹਿੰਦੁਸਤਾਨ ਦੇ ਇਸਲਾਮੀਕਰਣ ਦੀ ਮੁਹਿੰਮ ਵਿਢ ਦਿੱਤੀ। ਏਸੇ ਸਬੰਧ ਵਿਚ ਹੀ ਉਸ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਬੁਲਾਇਆ ਪਰ ਗੁਰੂ ਜੀ ਨੇ ਆਪ ਜਾਣ ਦੀ ਬਜਾਇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਭੇਜ ਦਿੱਤਾ। ਦਿੱਲੀ ਨੂੰ ਜਾਣ ਸਮੇ ਸਾਹਿਬਜ਼ਾਦੇ ਨੂੰ ਗੁਰੂ ਜੀ ਨੇ ਆਗਿਆ ਕੀਤੀ ਕਿ ਗੁਰੂ ਨਾਨਕ ਪਾਤਿਸ਼ਾਹ ਦੀ ਸਿੱਖਿਆ ਦਾ ਨਿਰਭੈਤਾ ਸਹਿਤ ਵਰਨਣ ਕਰਨਾ। ਕਿਸੇ ਪ੍ਰਕਾਰ ਦੀ ਸ਼ਾਹੀ ਝੇਂਪ ਨਹੀਂ ਮੰਨਣੀ। ਗੁਰੂ ਨਾਨਕ ਜੀ ਹਰ ਪ੍ਰਕਾਰ ਸਹਾਈ ਹੋਣਗੇ। ਬਾਬਾ ਰਾਮ ਰਾਇ ਜੀ ਨਾਲ ਹੋਈ ਗੋਸ਼ਟ ਸਮੇ ਉਹਨਾਂ ਵੱਲੋਂ ਦਿੱਤੇ ਗਏ ਉਤਰਾਂ ਤੇ ਬਚਨਾਂ ਨਾਲ ਔਰੰਗਜ਼ੇਬ ਨਿਰੁਤਰ ਤੇ ਪ੍ਰਭਾਵਤ ਹੋਇਆ ਤੇ ਉਸ ਨੂੰ ਦਰਬਾਰ ਵਿਚ ਸ਼ਾਹੀ ਇੱਜ਼ਤ ਤੇ ਮਾਣ ਸਤਿਕਾਰ ਦਿੱਤਾ ਗਿਆ।

ਇਕ ਦਿਨ ਔਰੰਗਜ਼ੇਬ ਨੇ ਅਚਾਨਕ, "ਮਿਟੀ ਮੁਸਲਮਾਨ ਕੀ" ਵਾਲਾ ਸਵਾਲ ਸਾਹਿਬਜ਼ਾਦੇ ਨੂੰ ਕਰ ਦਿੱਤਾ। ਨੌਜਵਾਨ ਸਾਹਿਬਜ਼ਾਦੇ ਨੇ ਸ਼ਾਹੀ ਮਾਣ, ਸਨਮਾਨ ਤੇ ਰੋਹਬ ਦੇ ਪ੍ਰਭਾਵ ਹੇਠ ਆ ਕੇ ਜਵਾਬ ਦੇਣ ਵਿਚ ਦੁਨਿਆਵੀ ਸਿਆਣਪ ਵਰਤਦਿਆਂ ਹੋਇਆਂ ਕੁਝ ਕਮਜ਼ੋਰੀ ਵਿਖਾ ਦਿੱਤੀ। ਔਰੰਗਜ਼ੇਬ ਵੀ ਖ਼ੁਸ਼ ਹੋ ਗਿਆ ਤੇ ਸਮਾ ਵੀ ਟਲ ਗਿਆ ਪਰ ਜਦੋਂ ਪਿਤਾ ਗੁਰੂ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ

ਉਹਨਾਂ ਨੇ ਉਸ ਨੂੰ ਗੁਰੂ ਘਰ ਵਿਚੋਂ ਔਰੰਗਜ਼ੇਬ ਦੇ ਦਰਬਾਰ ਵਿਚ ਵਿਖਾਈ ਗਈ ਉਸ ਦੀ ਕਮਜ਼ੋਰੀ ਦੇ ਕਾਰਨ, ਸਿੱਖੀ ਵਿਚੋਂ ਸਦਾ ਲਈ ਛੇਕ ਦਿੱਤਾ ਤੇ ਸੰਗਤਾਂ ਨੂੰ ਵੀ ਹੁਕਮ ਕਰ ਦਿੱਤਾ ਕਿ ਇਸ ਨਾਲ ਕੋਈ ਨਾ ਵਰਤੇ। ਰਾਮ ਰਾਇ ਫਿਰ ਗੁਰੂ ਘਰ ਦਾ ਵਿਰੋਧੀ ਹੋ ਗਿਆ। ਉਸ ਨੂੰ ਔਰੰਗਜ਼ੇਬ ਨੇ ਦੇਹਰਾਦੂਨ ਵਿਖੇ ਜਾਗੀਰ ਦੇ ਦਿੱਤੀ ਜਿਥੇ ਹੁਣ ਵੀ ਉਸ ਦਾ ਡੇਰਾ ਮੌਜੂਦ ਹੈ।

ਆਪ ਜੀ ਨੇ ਆਪਣੇ ਗੁਰਗੱਦੀ ਸਮੇ ਦੌਰਾਨ ਦੂਰ ਦੁਰਾਡੇ ਤੱਕ ਸਿੱਖ ਧਰਮ ਦਾ ਪ੍ਰਚਾਰ ਕੀਤਾ। ਮਨੁੱਖਤਾ ਦੀ ਭਲਾਈ ਵਾਸਤੇ ਬਹੁਤ ਸਾਰੇ ਕਾਰਜ ਕੀਤੇ ਤੇ ਆਪਣੇ ਸਿੱਖਾਂ ਨੂੰ ਵੀ ਇਸ ਪਾਸੇ ਦੀ ਭਰਪੂਰ ਪ੍ਰੇਰਨਾ ਕੀਤੀ।

ਗੁਰੂ ਜੀ ਦਾ ਦਿਨੋ ਦਿਨ ਵਧਦਾ ਪ੍ਰਤਾਪ ਵੇਖ ਕੇ ਗਵਾਂਢੀ ਪਹਾੜੀ ਰਾਜਿਆਂ ਦੇ ਮਨਾਂ ਅੰਦਰ ਈਰਖਾ ਜਾਗ ਪਈ। ਇਕ ਦਿਨ ਦੋ ਰਾਜੇ ਫ਼ੌਜ ਲੈ ਕੇ ਕੀਰਤਪੁਰ ਸਾਹਿਬ ਆ ਗਏ। ਉਹਨਾਂ ਦੇ ਦਿਲਾਂ ਵਿਚ ਮੰਦ ਭਾਵਨਾ ਸੀ ਕਿ ਗੁਰੂ ਜੀ ਪਾਸੋਂ ਧਨ ਉਗਰਾਹਵਾਂਗੇ ਜਾਂ ਫਿਰ ਉਹਨਾਂ ਨੂੰ ਕੀਰਤਪੁਰੋਂ ਕੱਢ ਦਿਆਂਗੇ। ਇਕ ਤਲਾ ਕੰਢੇ ਉਹਨਾਂ ਨੇ ਉਤਾਰਾ ਕੀਤਾ। ਅਗਲੇ ਦਿਨ ਉਹ ਰਾਜੇ ਗੁਰੂ ਦਰਬਾਰ ਵਿਚ ਆਏ ਤੇ ਗੁਰੂ ਜੀ ਨੂੰ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਏ। ਆਪ ਜੀ ਨੇ ਉਹਨਾਂ ਦੇ ਹਿਰਦੇ ਦੀ ਮਾੜੀ ਭਾਵਨਾ ਜਾਣ ਕੇ ਫ਼ਰਮਾਇਆ, "ਫ਼ਕੀਰਾਂ ਪਾਸੋਂ ਕਰ ਨਹੀਂ ਉਗਰਾਹੀਦੇ ਹੁੰਦੇ। ਚਾਹੋ ਤਾਂ ਤੁਹਾਨੂੰ ਨਾਮ ਧਨ ਦਿੱਤਾ ਜਾ ਸਕਦਾ ਹੈ ਜੋ ਕਿ ਸੱਚਾ ਧਨ ਹੈ ਤੇ ਅਗਲੇ ਜਹਾਨ ਵੀ ਤੁਹਾਡੇ ਨਾਲ ਜਾਵੇਗਾ।"

ਗੁਰੂ ਜੀ ਦੇ ਅਜਿਹੇ ਬਚਨ ਸੁਣ ਕੇ ਉਹਨਾਂ ਨੂੰ ਸੁਮੱਤ ਆ ਗਈ ਤੇ ਉਹ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਉਪਰ ਝੁਕ ਗਏ ਤੇ ਗੁਰਸਿੱਖੀ ਦੀ ਦਾਤ ਮੰਗੀ। ਹੋਰ ਸਿੱਖਿਆ ਤੋਂ ਇਲਾਵਾ ਗੁਰੂ ਜੀ ਨੇ ਉਹਨਾਂ ਨੂੰ ਚੰਗੇ ਰਾਜਾ ਬਣਨ ਦਾ ਉਪਦੇਸ਼ ਦਿੰਦਿਆਂ ਹੋਇਆਂ ਚੰਗੇ ਰਾਜੇ ਦੇ ਫ਼ਰਜ਼ਾਂ ਤੋਂ ਜਾਣੂ ਕਰਵਾਉਣ ਲਈ ਫ਼ਰਮਾਇਆ: ਰਾਜਾ ਇਨਸਾਫ਼ ਕਰੇ, ਹਲੀਮੀ ਵਾਲਾ ਰਾਜ ਕਰੇ, ਪਰਜਾ ਨੂੰ ਦੁੱਖ ਨਾ ਦੇਵੇ, ਕਿਉਂਕਿ ਪਰਜਾ ਦੇ ਦੁੱਖ 'ਤੇ ਕਰਤਾਰ ਨਾਰਾਜ਼ ਹੋਵੇਗਾ, ਪਰ ਨਾਰੀ ਤੇ ਪਰ ਧਨ ਦਾ ਤਿਆਗ ਕਰੇ, ਸ਼ਰਾਬ ਨਾ ਪੀਵੇ, ਪਰਜਾ ਦੇ ਦੁੱਖ ਸੁਣ ਕੇ ਦੂਰ ਕਰੇ। ਪਰਜਾ ਜੜ੍ਹ ਹੁੰਦੀ ਹੈ ਤੇ ਰਾਜਾ ਟਾਹਣੀ। ਜੇਹੜਾ ਰਾਜਾ ਪਰਜਾ ਨੂੰ ਦੁਖੀ ਕਰਦਾ ਹੈ ਉਹ ਆਪਣੀ ਜੜ੍ਹੀਂ ਖ਼ੁਦ ਕੁਹਾੜਾ ਮਾਰਦਾ ਹੈ। ਤੁਸੀਂ ਲੋਕਾਂ ਦੇ ਭਲੇ ਲਈ ਤਾਲ, ਖੂਹ, ਪੁਲ, ਪਾਠਸ਼ਾਲਾ, ਧਰਮਸਾਲਾ ਬਣਾਓ, ਦਵਾਖ਼ਾਨਾ ਖੋਹਲੋ ਅਤੇ ਧਰਮ ਦਾ ਪ੍ਰਚਾਰ ਕਰੋ।

ਭਾਵੇਂ ਕਿ ਵੱਡੇ ਸਾਹਿਬਜ਼ਾਦੇ ਰਾਮ ਰਾਇ ਨੇ ਸਰਕਾਰੀ ਰਸੂਖ਼, ਗੁਰੂ ਘਰ ਦੇ ਵਿਰੋਧੀ ਕੁਝ ਮਸੰਦਾਂ, ਧੀਰ ਮੱਲ ਆਦਿ ਦੀ ਸਹਾਇਤਾ ਨਾਲ ਗੁਰਗੱਦੀ ਹਥਿਆਉਣ ਦੇ ਯਤਨ ਕੀਤੇ ਪਰ ਆਪ ਜੀ ਨੇ ਇਸ ਸਭ ਕਾਸੇ ਦੀ ਵਿਚਾਰ ਤੋਂ ਉਪਰ ਉਠ ਕੇ ਤੇ ਯੋਗ ਜਾਣ ਕੇ, ਛੋਟੇ ਸਾਹਿਬਜ਼ਾਦੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ਉਪਰ ਬਿਰਾਜਮਾਨ ਕਰ ਦਿੱਤਾ। ਉਪ੍ਰੰਤ ਆਪ ਜੀ, ੬ ਅਕਤੂਬਰ ਸੰਨ ੧੬੬੧ ਨੂੰ, ਪੌਣੇ ਕੁ ਬੱਤੀ ਸਾਲ ਦੀ ਸਰੀਰਕ ਉਮਰ ਇਸ ਸੰਸਾਰ ਵਿਚ ਬਿਤਾ ਕੇ, ਜੋਤੀ ਜੋਤਿ ਸਮਾ ਗਏ।

## ਸ੍ਰੀ ਹਰਿ ਕ੍ਰਿਸ਼ਨ ਧਿਆਈਐ

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਉਪਰ ਅੱਠਵੇਂ ਸਥਾਨ 'ਤੇ ਬਿਰਾਜਮਾਨ ਹੋਏ। ਸਤਿਗੁਰੂ ਜੀ ਦਾ ਆਗਮਨ, ਸੱਤਵੇਂ ਸਤਿਗੁਰੂ, ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਗ੍ਰਿਹ ਵਿਖੇ, ੭ ਜੁਲਾਈ ਸੰਨ ੧੬੫੬ ਨੂੰ, ਸ੍ਰੀ ਕੀਰਤਪੁਰ ਸਾਹਿਬ ਦੇ ਸਥਾਨ 'ਤੇ ਹੋਇਆ। ੭ ਅਕਤੂਬਰ ਸੰਨ ੧੬੬੧ ਵਾਲੇ ਦਿਨ ਆਪ ਜੀ ਗੁਰਗੱਦੀ 'ਤੇ ਸੁਸ਼ੋਭਤ ਹੋਏ।

ਜਿਸ ਸਮੇ ਗੁਰਗੱਦੀ ਦੀ ਜ਼ੁੰਮੇਵਾਰੀ ਆਪ ਜੀ ਦੇ ਮੋਢਿਆਂ ਉਪਰ ਆਈ, ਉਸ ਸਮੇ ਆਪ ਜੀ ਦੀ ਸਰੀਰਕ ਆਯੂ ਕੇਵਲ ਸਵਾ ਕੁ ਪੰਜ ਸਾਲ ਦੀ ਸੀ। ਇਸ ਕਰਕੇ ਕਈ ਸ਼ੰਕਾਵਾਦੀ 'ਕਿੰਤੂ ਪ੍ਰੰਤੂ' ਵੀ ਕਰਨ ਲੱਗੇ ਕਿ ਇਕ ਬੱਚਾ ਕਿਵੇਂ ਗੁਰੂ ਹੋ ਸਕਦਾ ਹੈ ਪਰ ਸਤਿਗੁਰੂ ਜੀ ਨੇ ਹਰ ਸ਼ੰਕਾਵਾਦੀ ਦੀ ਸ਼ੰਕਾ, ਦੁਨਿਆਵੀ ਅਤੇ ਅਧਿਆਤਮਿਕ ਸ਼ਕਤੀ ਦੁਆਰਾ, ਦੂਰ ਕੀਤੀ। ਇਸ ਪ੍ਰਥਾਇ ਸਿੱਖ ਇਤਿਹਾਸ ਵਿਚ ਇਕ ਪ੍ਰਸਿੱਧ ਸਾਖੀ ਇਸ ਪ੍ਰਕਾਰ ਅੰਕਤ ਹੈ:

ਜਦੋਂ ਰਾਜਾ ਜੈ ਸਿੰਘ ਦੀ ਅਧੀਨਗੀ ਸਹਿਤ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰ ਕੇ, ਸਤਿਗੁਰੂ ਜੀ ਦਿੱਲੀ ਨੂੰ ਜਾ ਰਹੇ ਸਨ ਤਾਂ ਇਕ ਪੜਾ ਆਪ ਜੀ ਨੇ ਜ਼ਿਲ੍ਹਾ ਅੰਬਾਲਾ ਦੇ ਪਿੰਡ ਪੰਜੋਖਰਾ ਵਿਖੇ ਕੀਤਾ। ਓਥੇ ਇਕ ਸ੍ਰੀ ਲਾਲ ਚੰਦ ਨਾਮ ਦਾ ਬਹੁਤ ਵਿਦਵਾਨ ਪੰਡਿਤ ਰਹਿੰਦਾ ਸੀ। "ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ" ਅਨੁਸਾਰ ਉਸ ਵਿਚ ਵਿੱਦਿਆ, ਜਾਤ, ਸਿਆਣਪ ਆਦਿ ਦਾ ਅਹੰਕਾਰ ਵੀ ਬਹੁਤ ਸੀ। ਉਹ ਖ਼ਾਸ ਕਰਕੇ ਗੀਤਾ ਦੇ ਗਿਆਨ ਅਤੇ 'ਚੁੰਝ ਚਰਚਾ' ਵਿਚ ਖ਼ੁਦ ਨੂੰ ਬੜਾ 'ਤੀਸਮਾਰ ਖ਼ਾਂ' ਸਮਝਦਾ ਸੀ। ਉਸ ਨੇ ਸਤਿਗੁਰੂ

ਜੀ ਦਾ ਜਾਹੋ-ਜਲਾਲ ਵੇਖ ਕੇ, ਉਤਸੁਕਤਾ ਵੱਸ ਇਕ ਸਿੱਖ ਪਾਸੋਂ ਪਤਾ ਕੀਤਾ ਤਾਂ ਉਸ ਸਿੱਖ ਨੇ ਬੜੀ ਸ਼ਰਧਾ ਸਹਿਤ ਸਾਰਾ ਵੇਰਵਾ ਵਰਨਣ ਕੀਤਾ। ਸਤਿਗੁਰੂ ਜੀ ਦਾ ਪਵਿੱਤਰ ਨਾਮ ਸੁਣ ਕੇ, ਪੰਡਿਤ ਆਪਣੇ ਅਹੰਕਾਰ ਦੇ ਅਧੀਨ ਫਿੱਕੇ ਬਚਨ ਬੋਲਣ ਲੱਗ ਪਿਆ, "ਇਕ ਸ੍ਰੀ ਕ੍ਰਿਸ਼ਨ ਜੀ ਹੋਏ ਹਨ ਜਿਨ੍ਹਾਂ ਨੇ ਗੀਤਾ ਉਚਾਰੀ ਹੈ। ਇਹਨਾਂ ਨਾਮ ਉਹਨਾਂ ਤੋਂ ਵੀ ਵੱਡਾ ਰਖਾ ਲਿਆ ਹੈ। ਤਾਂ ਮੰਨੀਏ ਜੇਕਰ ਇਹ ਉਸ ਗੀਤਾ ਦੇ ਅਰਥ ਹੀ ਕਰ ਦੇਣ ....!" ਆਦਿ।

ਸਿੱਖ ਨੇ ਪੰਡਿਤ ਜੀ ਦੇ ਅਹੰਕਾਰ ਭਰੇ ਬੋਲ ਸਤਿਗੁਰੂ ਜੀ ਤੱਕ ਪੁਚਾ ਦਿੱਤੇ। ਸਤਿਗੁਰੂ ਜੀ ਨੇ ਮੁਸਕਰਾ ਕੇ, ਪੰਡਿਤ ਜੀ ਨੂੰ ਸੱਦਣ ਦੀ ਆਗਿਆ ਕੀਤੀ। ਸਤਿਗੁਰੂ ਜੀ ਦਾ ਸੱਦਾ ਸੁਣ ਕੇ ਪੰਡਿਤ ਬੜੀ ਆਕੜ ਸਹਿਤ ਸਤਿਗੁਰੂ ਜੀ ਵੱਲ ਚੱਲ ਪਿਆ। ਬੜੀ ਸ਼ਾਨ ਸਹਿਤ ਧਾਰਮਿਕ ਚਿੰਨ੍ਹਾਂ ਨਾਲ ਸਜਿਆ ਹੋਇਆ, ਸਮੇਤ ਗੀਤਾ ਦੇ ਕਈ ਗ੍ਰੰਥ ਚੁੱਕ ਕੇ ਤੁਰੇ ਜਾਂਦੇ ਨੂੰ ਵੇਖ, ਹੋਰ ਵਹੀਰ ਵੀ ਨਾਲ ਹੋ ਤੁਰੀ। ਸਤਿਗੁਰੂ ਜੀ ਦੇ ਦਰਬਾਰ ਵਿਚ ਪੁੱਜਣ 'ਤੇ ਮਰਯਾਦਾ ਅਨੁਸਾਰ ਉਸ ਨੇ ਸਤਿਗੁਰੂ ਜੀ ਨੂੰ ਨਮਸਕਾਰ ਵੀ ਨਾ ਕੀਤੀ, ਇਹ ਜਾਣ ਕੇ ਕਿ ਉਹ ਵੱਡਾ ਵਿਦਵਾਨ ਇਕ ਬਾਲਕ ਅੱਗੇ ਕਿਉਂ ਝੁਕੇ। ਸਤਿਗੁਰੂ ਜੀ ਨੇ ਧੀਰਜ ਅਤੇ ਸਤਿਕਾਰ ਸਹਿਤ ਪੁੱਛਿਆ, "ਪੰਡਿਤ ਜੀ, ਕੀ ਆਪ ਜੀ ਗੀਤਾ ਦੇ ਅਰਥ ਸੁਣਨਾ ਚਾਹੁੰਦੇ ਹੋ?" "ਹਾਂ ਜੀ; ਮੈਂ ਗੀਤਾ ਦੇ ਅਰਥ ਸੁਣਨਾ ਚਾਹੁੰਦਾ ਹਾਂ ਕਿਉਂਕਿ ਤੁਸੀਂ ਸ੍ਰੀ ਹਰਿਕ੍ਰਿਸ਼ਨ ਅਖਵਾਉਂਦੇ ਹੋ ਤੇ ਗੀਤਾ ਸ੍ਰੀ ਕ੍ਰਿਸ਼ਨ ਜੀ ਨੇ ਉਚਾਰੀ ਹੈ। ਜੇ ਤੁਸੀਂ ਸੱਚੇ ਗੁਰੂ ਤੇ ਬ੍ਰਹਮ ਗਿਆਨ ਦੇ ਗਿਆਤਾ ਹੋ ਤਾਂ ਸੰਸਕ੍ਰਿਤ ਵਿਚ ਉਚਾਰੀ ਗੀਤਾ ਦੇ ਭਾਸ਼ਾ ਵਿਚ ਸ਼ਬਦ-ਅਰਥ ਤੇ ਭਾਵ-ਅਰਥ ਕਰ ਕੇ ਦੱਸੋ।"

ਸਤਿਗੁਰੂ ਜੀ ਦੇ ਇਹ ਆਖਣ 'ਤੇ ਕਿ ਜੇਕਰ ਅਸਾਂ ਅਰਥ ਕਰ ਦਿੱਤੇ ਤਾਂ ਤੁਸੀਂ ਸ਼ਾਇਦ ਸਮਝੋਗੇ ਕਿ ਕਿਸੇ ਪੰਡਿਤ ਪਾਸੋਂ ਸੁਣ ਕੇ ਕੰਠ ਕਰ ਲਏ ਹੋਣਗੇ। ਕਿਉਂਕਿ ਤੁਸੀਂ ਗੁਰੂ ਨਾਨਕ ਦੇ ਘਰ ਦੀ ਪ੍ਰੀਖਿਆ ਲੈਣੀ ਚਾਹੁੰਦੇ ਹੋ, ਇਸ ਲਈ ਆਪਣੇ ਸ਼ਹਿਰ ਵਿਚੋਂ ਕੋਈ ਅਨਪੜ੍ਹ ਪੁਰਖ ਲੈ ਆਉ। ਗੁਰੂ ਨਾਨਕ ਜੀ ਦੀ ਕਿਰਪਾ ਸਦਕਾ ਉਹ ਵੀ ਗੀਤਾ ਦੇ ਅਰਥ ਕਰ ਦੇਵੇਗਾ।

ਕੁਝ ਝਿਜਕ ਪਿੱਛੋਂ ਪੰਡਿਤ ਜੀ ਦਰਬਾਰ ਵਿਚੋਂ ਚਲੇ ਗਏ ਤੇ ਇਕ ਗੁੰਗੇ ਤੇ ਬੋਲ਼ੇ ਪੁਰਸ਼, ਜਿਸ ਦਾ ਨਾਮ ਸਿੱਖ ਇਤਿਹਾਸ ਵਿਚ 'ਛੱਜੂ ਝੀਵਰ' ਲਿਖਿਆ ਹੈ, ਲੈ ਕੇ ਮੁੜ ਆਏ। ਸਤਿਗੁਰੂ ਜੀ ਨੇ ਛੱਜੂ ਰਾਮ ਨੂੰ ਆਪਣੇ ਪਾਸ ਬਿਠਾ ਕੇ ਉਸ ਦੇ ਸਿਰ 'ਤੇ ਆਪਣੇ ਹੱਥ ਵਾਲੀ ਸੋਟੀ ਛੁਹਾ ਦਿੱਤੀ ਜਿਸ ਨਾਲ ਛੱਜੂ ਰਾਮ ਦੇ ਕਪਾਟ ਖੁਲ੍ਹ ਗਏ ਅਤੇ ਉਸ ਨੂੰ ਪੂਰਨ ਗਿਆਨ ਪ੍ਰਾਪਤ ਹੋ ਗਿਆ। ਸਤਿਗੁਰੂ ਜੀ ਨੇ ਫ਼ਰਮਾਇਆ, "ਲਓ ਪੰਡਿਤ ਜੀ, ਹੁਣ ਬੋਲੋ ਸਲੋਕ ਤੇ ਛੱਜੂ ਰਾਮ ਜੀ ਉਸ ਦੇ ਕਰਨਗੇ ਅਰਥ।" ਪੰਡਿਤ ਜੀ ਨੇ ਸਲੋਕ ਬੋਲਿਆ ਤਾਂ ਛੱਜੂ ਰਾਮ ਜੀ ਨੇ ਇਕ ਵਿਦਵਾਨ ਪੰਡਿਤ ਵਾਂਗ ਪਹਿਲਾਂ ਉਸਦਾ ਸ਼ਬਦ-ਅਰਥ ਤੇ ਫੇਰ ਭਾਵ-ਅਰਥ ਕਰ ਕੇ ਸੁਣਾਇਆ।

ਸਤਿਗੁਰੂ ਜੀ ਦੀ ਪ੍ਰਤੱਖ ਅਧਿਆਤਮਿਕ ਸ਼ਕਤੀ ਵੇਖ ਕੇ ਪੰਡਿਤ ਜੀ ਗੁਰੂ ਜੀ ਦੇ ਪੈਰੀਂ ਪੈ ਗਏ ਅਤੇ ਆਪਣੀ ਗ਼ਲਤੀ ਦੀ ਖਿਮਾ ਮੰਗੀ ਅਤੇ ਸੱਚੇ ਹਿਰਦੇ ਨਾਲ ਪਸਚਾਤਾਪ ਕੀਤਾ। ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਹਿਰਦੇ ਦੀ ਸਫ਼ਾਈ ਹਿਤ ਵਾਹਿਗੁਰੂ ਦਾ ਸਿਮਰਨ ਕਰੋ। ਨਿਮਰਤਾ ਵਾਸਤੇ ਮਨੁੱਖਤਾ ਦੀ ਸੇਵਾ ਕਰੋ। ਅਹੰਕਾਰ ਅਤੇ ਮੋਹ ਦਾ ਤਿਆਗ ਕਰੋ।

*ਸੂਰਜ ਪ੍ਰਕਾਸ਼* ਅਨੁਸਾਰ ਇਹ ਵਾਕਿਆ ਕੁਰੂਕਸ਼ੇਤਰ ਵਿਚ ਪਰ *ਮਹਾਨ ਕੋਸ਼* ਅਨੁਸਾਰ, ਜ਼ਿਲ੍ਹਾ ਅੰਬਾਲਾ ਦੇ ਸਥਾਨ ਪੰਜੋਖਰਾ ਵਿਖੇ ਵਾਪਰਿਆ, ਜਿਥੇ ਕਿ ਇਸ ਯਾਦ ਨਾਲ ਸਬੰਧਤ ਗੁਰਦੁਆਰਾ ਸਾਹਿਬ ਵੀ ਸ਼ੋਭਾ ਪਾ ਰਿਹਾ ਹੈ।

ਪੰਡਿਤ ਜੀ ਨੇ ਸਿੱਖੀ ਧਾਰਨ ਕੀਤੀ। ਨਗਰ ਨਿਵਾਸੀ ਸਤਿਗੁਰੂ ਜੀ ਦੇ ਚਰਨੀਂ ਲੱਗੇ ਅਤੇ ਭਾਈ ਛੱਜੂ ਰਾਮ ਘਰ ਤਿਆਗ ਕੇ ਗੁਰੂ ਘਰ ਜੋਗਾ ਹੀ ਹੋ ਗਿਆ ਅਤੇ ਗੁਰੂ ਦੀ ਕਿਰਪਾ ਸਦਕਾ ਬ੍ਰਹਮ ਗਿਆਨੀ ਹੋ ਕੇ ਕਰਤਾਰ ਦਾ ਭਜਨ ਕਰਨ ਲੱਗਾ।

ਆਪਣੇ ਸਰੀਰਕ ਜਾਮੇ ਦੌਰਾਨ ਗੁਰੂ ਜੀ ਨੇ, ਗੁਰੂ ਨਾਨਕ ਪਾਤਿਸ਼ਾਹ ਵੱਲੋਂ ਚਲਾਈ ਹੋਈ ਮਨੁੱਖੀ ਉਧਾਰ ਦੀ ਪ੍ਰੰਪਰਾ ਨੂੰ, ਸਫਲਤਾ ਸਹਿਤ ਅੱਗੇ ਤੋਰਿਆ। ਸਿੱਖ ਸੰਗਤਾਂ ਦੀ ਦੋਹਾਂ ਹੀ ਖੇਤਰਾਂ ਵਿਚ ਸੁਚੱਜੀ ਅਗਵਾਈ ਕੀਤੀ। ਸਮੇ ਦੇ ਨਿਰੰਕੁਸ਼ ਅਤੇ ਅਤਿ ਜ਼ਾਲਮ ਹਾਕਮ, ਔਰੰਗਜ਼ੇਬ ਨਾਲ ਜ਼ਾਤੀ ਰਸੂਖ਼ ਰੱਖਣ ਵਾਲੇ ਅਤੇ ਅਧਿਆਤਮਿਕ ਸ਼ਕਤੀਆਂ ਦੇ ਮਾਲਕ, ਆਪਣੇ ਵੱਡੇ ਭਰਾ, ਬਾਬਾ ਰਾਮ ਰਾਇ ਜੀ ਦੇ ਵਿਰੋਧ ਦਾ ਸਾਹਮਣਾ ਵੀ, ਆਪ ਜੀ ਨੇ ਬੜੀ ਧੀਰਜ ਨਾਲ ਕੀਤਾ। ਸਮੇ ਦੀ ਸਰਕਾਰ ਨਾਲ ਗ਼ਲਤ ਸਮਝੌਤਾ ਵੀ ਨਹੀਂ ਕੀਤਾ ਅਤੇ ਅਜਿਹੇ ਬਿਖੜੇ ਸਮੇ ਸਰਕਾਰ ਤੇ ਸਿੱਖਾਂ ਦਾ ਟਕਰਾ ਵੀ ਨਹੀਂ ਹੋਣ ਦਿੱਤਾ। ਜੇਕਰ "ਨਹਿ ਮਲੇਸ਼ ਕਉ ਦਰਸ਼ਨ ਦੇ ਹੈਂ" ਫ਼ਰਮਾਇਆ ਤਾਂ ਅੰਤ ਸਮੇ ਤੱਕ ਇਸ ਬਚਨ ਨੂੰ ਪੂਰਾ ਕੀਤਾ। ਔਰੰਗਜ਼ੇਬ ਦੀਆਂ ਕਈ ਚਾਲਾਂ ਦੇ ਬਾਵਜੂਦ ਵੀ ਉਸ ਦੇ ਮੱਥੇ ਨਹੀਂ ਲੱਗੇ।

ਆਪ ਜੀ ਦੇ ਦਿੱਲੀ ਨਿਵਾਸ ਦੌਰਾਨ ਮਹਾਂਮਾਰੀ ਚੇਚਕ ਫੈਲ ਗਈ। ਆਪ ਜੀ ਨੇ ਦੁਖੀ ਰੋਗੀਆਂ ਦੀ ਸਹਾਇਤਾ ਕੀਤੀ। ਅਜਿਹੀ ਸੇਵਾ ਅਤੇ ਸਹਾਇਤਾ ਵਾਲੇ ਸਮੇ ਦੌਰਾਨ ਹੀ ਆਪ ਜੀ ਦੇ ਸਰੀਰ 'ਤੇ ਵੀ ਇਸ ਬਿਮਾਰੀ ਨੇ ਵਾਰ ਕਰ ਦਿੱਤਾ। ਮਾਨੋ ਕਿ ਮਨੁੱਖੀ ਦਰਦ ਨੂੰ ਸਮਝ ਕੇ ਦੂਰ ਕਰਨ ਦੀ ਹੁੱਬ ਵਿਚ, ਗੁਰੂ ਜੀ ਨੇ ਲੋਕਾਈ ਦਾ ਕਸ਼ਟ ਵੀ ਆਪਣੇ ਸਰੀਰ ਉਪਰ ਹੀ ਲੈ ਲਿਆ ਹੋਵੇ!

ਅੰਤ ਸਮੇ, ਸਿੱਖਾਂ ਦੇ ਬੇਨਤੀ ਕਰਨ ’ਤੇ, “ਬਾਬਾ ਵਸੇ ਬਕਾਲੇ। ਬਣ ਗੁਰ ਸੰਗਤ ਆਪ ਸੰਭਾਲੇ।” ਵਾਲਾ ਬਚਨ ਕਰ ਕੇ, ਜੋਤੀ ਜੋਤਿ ਸਮਾ ਗਏ। ਆਪ ਜੀ ਕੁੱਲ ੭ ਸਾਲ, ੮ ਮਹੀਨੇ ਤੇ ੨੬ ਦਿਨ, ਇਸ ਸੰਸਾਰ ਵਿਚ ਸੰਸਾਰੀ ਜੀਵਾਂ ਦਾ ਉਧਾਰ ਕਰਦੇ ਹੋਏ, “ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥” (੨੭੮) ਦੇ ਮਹਾਂਵਾਕ ਅਨੁਸਾਰ, ਪ੍ਰਭੂ ਵਿਚ ਅਭੇਦ ਹੋ ਗਏ।

# ਸ਼ਹੀਦੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ

ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਵਾਸਤੇ, ਆਪਣੇ ਤਿੰਨ ਸਿੱਖਾਂ ਸਮੇਤ ਵੱਡਾ ਸਾਕਾ ਵਰਤਾਉਣ ਵਾਲੇ, ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼, ਛੇਵੇਂ ਸਤਿਗੁਰੂ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਗ੍ਰਿਹ ਵਿਖੇ, ਇਕ ਅਪ੍ਰੈਲ, ਸੰਨ ੧੬੨੧ ਨੂੰ, ਸ੍ਰੀ ਅੰਮ੍ਰਿਤਸਰ ਵਿਚ ਹੋਇਆ। ਆਪ ਜੀ ਆਪਣੇ ਪੰਜ ਭਰਾਵਾਂ ਅਤੇ ਇਕ ਭੈਣ ਵਿਚੋਂ, ਸਭ ਤੋਂ ਛੋਟੇ ਸਨ।

ਬਚਪਨ ਵਿਚ ਆਪ ਜੀ ਹਾਣੀਆਂ ਨਾਲ ਖੇਡਣ ਨਾਲੋਂ ਇਕਾਂਤ ਵਿਚ ਪ੍ਰਭੂ ਦੀ ਭਗਤੀ ਵਿਚ ਜ਼ਿਆਦਾ ਲੀਨ ਰਹਿੰਦੇ ਸਨ। ਇਕ ਦਿਨ ਪਿਤਾ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ, ਸਹਿਜ ਸੁਭਾ ਬੈਠੇ ਹੋਏ ਬਚਨ ਕਰ ਰਹੇ ਸਨ ਕਿ ਬਾਲਕ ਸਾਹਿਬਜ਼ਾਦਾ, ਤੇਗ਼ ਬਹਾਦਰ ਜੀ, ਨਿੱਕੇ ਨਿੱਕੇ ਚਰਨਾਂ ਨਾਲ ਚੱਲ ਕੇ ਪਿਤਾ ਜੀ ਪਾਸ ਪੁੱਜ ਗਏ। ਗੁਰੂ ਜੀ ਨੇ ਸਾਹਿਬਜ਼ਾਦੇ ਨੂੰ ਪਿਆਰ ਸਹਿਤ ਗੋਦ ਵਿਚ ਚੁੱਕ ਲਿਆ ਅਤੇ ਬਚਨ ਕੀਤੇ:

ਸਤਿਗੁਰੂ ਨਾਨਕ ਜੀ ਦੀਆਂ ਰੱਖਾਂ! ਮੇਰਾ ਲਾਲ ਇਕ ਵੱਡਾ ਸੰਤ, ਗੁਰਮੁਖ, ਬ੍ਰਹਮ ਗਿਆਨੀ ਤੇ ਧਰਮ ਦੀ ਰਾਖੀ ਕਰਨ ਵਾਲਾ ਭਾਰੀ ਬਲੀ ਯੋਧਾ ਹੋਵੇਗਾ। ਆਪਣੀ ਬਲੀ ਦੇ ਕੇ ਧਰਮ ਦੀ ਰਾਖੀ ਕਰੇਗਾ। ਜ਼ੁਲਮੀ ਮੁਗ਼ਲ ਰਾਜ ਦੀਆਂ ਜੜ੍ਹਾਂ ਪੋਲੀਆਂ ਹੋ ਜਾਣਗੀਆਂ। ਆਪਣੇ ਬਾਬੇ (ਸ੍ਰੀ ਗੁਰੂ ਅਰਜਨ ਦੇਵ ਜੀ) ਵਾਂਗ ਹੀ ਆਪਣੇ ਸਰੀਰ ਉਤੇ ਅਨੇਕਾਂ ਕਸ਼ਟ ਝਲੇਗਾ।

ਸਤਿਗੁਰੂ ਜੀ ਦੇ ਸਮੇ ਦਿੱਲੀ ਤਖ਼ਤ ’ਤੇ ਔਰੰਗਜ਼ੇਬ ਬੈਠਾ ਹੋਇਆ ਸੀ ਜੋ ਕਿ ਉਸਨੇ ਆਪਣੇ ਬਾਪ, ਭਰਾਵਾਂ ਆਦਿ ਰਿਸ਼ਤੇਦਾਰਾਂ ਦੇ ਖ਼ੂਨ ਦੀ ਹੋਲੀ ਖੇਡ ਕੇ ਅਤੇ ਹਰੇਕ ਪ੍ਰਕਾਰ ਦੀ ਧੋਖੇਬਾਜ਼ੀ ਕਰਨ ਉਪ੍ਰੰਤ ਹਥਿਆਇਆ ਸੀ ਅਤੇ ਹੁਣ ਇਸ ਨੂੰ ਕਾਇਮ ਰੱਖਣ ਲਈ ਉਸ ਨੂੰ ਮਜ਼ਹਬੀ ਜਨੂੰਨੀਆਂ ਦੀ ਹਿਮਾਇਤ ਦੀ ਲੋੜ ਸੀ। ਇਹਨਾਂ ਦੀ ਹਿਮਾਇਤ ਪ੍ਰਾਪਤ ਕਰਨ ਵਾਸਤੇ ਉਸ ਨੇ ਖ਼ੁਦ ਨੂੰ ਇਸਲਾਮ ਦਾ ਸਭ ਤੋਂ ਵੱਡਾ ਰੱਖਿਅਕ ਸਾਬਤ ਕਰਨ ਦਾ ਯਤਨ ਕੀਤਾ। ਇਸ ਵਾਸਤੇ ਜ਼ੁਲਮ ਦੀ ਹਨੇਰੀ ਉਸ ਨੇ ਹਿੰਦੁਸਤਾਨ ਵਿਚ ਝੁਲਾ ਦਿੱਤੀ। ਹਿੰਦੂਆਂ, ਸੂਫ਼ੀਆਂ, ਸ਼ੀਆਂ, ਗੱਲ ਕੀ, ਉਸ ਨੇ ਸਭ ਦੇ ਭਾ ਦੀ ਸ਼ਾਮਤ ਲਿਆ ਦਿੱਤੀ।

ਕਸ਼ਮੀਰ ਦੇ ਪੰਡਿਤਾਂ ਉਪਰ ਤਾਂ ਖ਼ਾਸ ਤੌਰ ’ਤੇ ਜ਼ੁਲਮ ਦੀ ਹਨੇਰੀ ਝੁੱਲੀ। ਜੋ ਵੀ ਜ਼ੁਲਮ ਕਲਪਿਆ ਜਾ ਸਕਦਾ ਹੈ, ਉਹ ਹਿੰਦੂਆਂ ਉਪਰ ਕੀਤਾ ਗਿਆ। ਸ਼ੇਰ ਅਫ਼ਗ਼ਾਨ ਓਥੋਂ ਦਾ ਉਸ ਸਮੇ ਸੂਬੇਦਾਰ ਸੀ। ਉਸ ਨੇ ਕਹਿਰ ਬਰਸਾ ਦਿੱਤਾ ਜ਼ੁਲਮ ਦਾ। ਇਤਿਹਾਸਕ ਰਵਾਇਤ ਦੱਸਦੀ ਹੈ ਕਿ ਦੁਖੀ ਹੋਏ ਕਸ਼ਮੀਰੀ ਪੰਡਿਤ ਅਮਰਨਾਥ ਦੇ ਮੰਦਰ ਵਿਚ ਇਕੱਠੇ ਹੋਏ ਤੇ ਉਹਨਾਂ ਨੇ ਦੇਵਤਿਆਂ ਅੱਗੇ ਪ੍ਰਾਰਥਨਾ ਕੀਤੀ। ਓਥੋਂ ਆਵਾਜ਼ ਆਈ ਕਿ ਗੁਰੂ ਨਾਨਕ ਦਾ ਘਰ ਨਿਮਾਣਿਆਂ ਦੀ ਬਾਂਹ ਫੜਦਾ ਹੈ। ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿਚ ਪੁੱਜ ਕੇ ਫ਼ਰਿਆਦ ਕਰੋ। ਉਹ ਤੁਹਾਡੇ ਕਸ਼ਟ ਕੱਟਣਗੇ।

ਕਸ਼ਮੀਰ ਦੇ ਸੂਬੇਦਾਰ ਨਾਲ ਇਹ ਇਕਰਾਰ ਕਰ ਕੇ ਕਿ ਫੇਰ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ, ਸਾਨੂੰ ਛੇ ਮਹੀਨੇ ਦੀ ਮੋਹਲਤ ਦਿੱਤੀ ਜਾਵੇ ਵਿਚਾਰ ਕਰਨ ਲਈ। ਉਪ੍ਰੰਤ ਚੁੱਪ ਚੁਪਾਤੇ ਪੰਡਿਤਾਂ ਦਾ ਪ੍ਰਤੀਨਿਧ ਮੰਡਲ, ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ ਵਿਚ, ਸ੍ਰੀ ਅਨੰਦਪੁਰ ਸਾਹਿਬ ਵੱਲ ਚੱਲ ਪਿਆ। ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਚਰਨਾਂ ਵਿਚ ਕਸ਼ਮੀਰੀ ਹਿੰਦੂਆਂ ਉਪਰ ਕੀਤੇ ਜਾ ਰਹੇ ਜ਼ੁਲਮਾਂ ਦਾ ਵਿਸਥਾਰ ਸਹਿਤ ਵਰਨਣ ਕਰ ਕੇ, ਜ਼ੁਲਮ ਤੋਂ ਰੱਖਿਆ ਕਰਨ ਵਾਸਤੇ ਬੇਨਤੀ ਕੀਤੀ। ਪੰਡਿਤਾਂ ਦੀ ਅਤਿ ਦਰਦਨਾਕ ਹਾਲਤ ਸੁਣ ਕੇ ਸਤਿਗੁਰੂ ਜੀ ਗੰਭੀਰਤਾ ਦੀ ਅਵਸਥਾ ਵਿਚ ਚਲੇ ਗਏ ਅਤੇ ਅੱਖਾਂ ਬੰਦ ਕਰ ਕੇ, ਸ਼ਾਂਤ ਅਤੇ ਖ਼ਾਮੋਸ਼ ਹੋ ਗਏ। ਕੁਝ ਸਮੇ ਪਿੱਛੋਂ ਉਹਨਾਂ ਨੇ ਨੇਤਰ ਖੋਹਲੇ ਤਾਂ ਨੇਤਰਾਂ ਵਿਚ ਨਵੀਂ ਚਮਕ ਅਤੇ ਚੇਹਰੇ ਉਪਰ ਪ੍ਰਭਾਵਸ਼ਾਲੀ ਨੂਰ ਸੀ।

ਇਸ ਸਮੇ ਬਾਲ ਗੋਬਿੰਦ ਰਾਇ ਜੀ ਖੇਡਦੇ ਹੋਏ ਆ ਗਏ ਤੇ ਪਿਤਾ ਜੀ ਦੀ ਗੰਭੀਰਤਾ ਦਾ ਕਾਰਨ ਜਾਨਣਾ ਚਾਹਿਆ। ਸਤਿਗੁਰੂ ਜੀ ਨੇ ਦੱਸਿਆ ਕਿ ਇਹਨਾਂ ਦੁਖੀ ਧਰਮੀਆਂ ਦਾ ਦੁੱਖ ਦੂਰ ਕਰਨ ਵਾਸਤੇ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦੀ ਲੋੜ ਹੈ। “ਆਪ ਜੀ ਨਾਲੋਂ ਹੋਰ ਕਿਹੜਾ ਵੱਡਾ ਮਹਾਂ ਪੁਰਸ਼ ਹੋ ਸਕਦਾ ਹੈ? ਤੁਸੀਂ ਹੀ ਆਪਣੀ ਕੁਰਬਾਨੀ ਦੇ ਕੇ ਇਹਨਾਂ ਦੇ ਧਰਮ ’ਤੇ ਆਇਆ ਸੰਕਟ ਦੂਰ ਕਰੋ।” ਸਾਹਿਬਜ਼ਾਦਾ ਜੀ ਦਾ ਸਹਿਜ ਸੁਭਾ ਬਚਨ ਸੀ।

ਸਾਹਿਬਜ਼ਾਦੇ ਦੇ ਇਹ ਬਚਨ ਕਰਨ ਪਿੱਛੋਂ ਸਤਿਗੁਰੂ ਜੀ ਨੇ ਪੰਡਿਤਾਂ ਨੂੰ ਆਖ ਦਿੱਤਾ ਕਿ ਉਹ ਸਮੇ ਦੇ ਹਾਕਮਾਂ ਨੂੰ ਇਹ ਗੱਲ ਦੱਸ ਦੇਣ ਕਿ ਜੇਕਰ ਗੁਰੂ ਤੇਗ਼ ਬਹਾਦਰ ਜੀ ਮੁਸਲਮਾਨ ਬਣ ਜਾਣ ਤਾਂ ਫੇਰ ਸਾਰੇ ਹਿੰਦੂ ਬਿਨਾ ਕਿਸੇ ਤਰੱਦਦ ਦੇ ਮੁਸਲਮਾਨ ਬਣ ਜਾਣਗੇ। ਪੰਡਿਤਾਂ ਦੀ ਅਰਜ਼ੀ ਔਰੰਗਜ਼ੇਬ ਪਾਸ ਪੁੱਜ ਗਈ ਤੇ ਉਸ ਨੇ ਗੁਰੂ ਜੀ ਨੂੰ ਦਿੱਲੀ ਲਿਆਉਣ ਵਾਸਤੇ ਅਹਿਦੀਏ ਭੇਜ ਦਿੱਤੇ।

ਸਤਿਗੁਰੂ ਜੀ ਖ਼ੁਦ ਹੀ ਮੁਖੀ ਸਿੱਖਾਂ ਦੇ ਨਾਲ ਦਿੱਲੀ ਨੂੰ ਚੱਲ ਪਏ। ਰਸਤੇ ਵਿਚ ਹਾਕਮਾਂ ਦੇ ਜ਼ੁਲਮਾਂ ਤੋਂ ਤੰਗ ਆਈ ਹੋਈ ਲੋਕਾਈ ਦੇ ਹਿਰਦਿਆਂ ਵਿਚ ਚੜ੍ਹਦੀਕਲਾ ਦਾ ਸੰਚਾਰ ਕਰਦੇ ਹੋਏ ਆਗਰੇ ਪਹੁੰਚ ਗਏ ਜਿਥੋਂ ਆਪ ਜੀ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾਇਆ ਗਿਆ। ਪੰਜ ਸਿੱਖਾਂ ਸਮੇਤ ਸਤਿਗੁਰੂ ਜੀ ਨੂੰ ਅਤਿ ਘਟੀਆ ਕਿਸਮ ਦੀ ਜੇਹਲ ਵਿਚ ਰੱਖਿਆ ਗਿਆ। ਤਰ੍ਹਾਂ ਤਰ੍ਹਾਂ ਦੇ ਤਸੀਹੇ ਤੇ ਤੰਗੀਆਂ ਦੇ ਦੇ ਕੇ, ਹਾਕਮਾਂ ਨੇ ਸਤਿਗੁਰੂ ਜੀ ਨੂੰ ਡਰਾਉਣਾ ਚਾਹਿਆ। ਗੁਰੂ ਜੀ ਨੂੰ ਲਾਲਚ ਵੀ ਔਰੇਗਜ਼ੇਬ ਵੱਲੋਂ ਦਿੱਤੇ ਗਏ ਪਰ ਸਤਿਗੁਰੂ ਜੀ ਦਾ ਉਦੇਸ਼ ਦੁਨੀਆ ਅੰਦਰ ਧਾਰਮਿਕ ਆਜ਼ਾਦੀ ਕਾਇਮ ਕਰਨਾ ਸੀ। ਸਮੇ ਦੀ ਹਕੂਮਤ, ਜੋ ਕਿ ਧੱਕੇ ਨਾਲ ਰਿਆਇਆ ਦਾ ਧਰਮ ਖੋਹ ਰਹੀ ਸੀ, ਉਸ ਨੂੰ ਇਸ ਜ਼ੁਲਮ ਤੋਂ ਰੋਕਣਾ ਸੀ।

ਸਤਿਗੁਰੂ ਜੀ ਨੂੰ, ਜ਼ੁਲਮ ਦੀ ਇੰਤਹਾ ਵਿਖਾ ਕੇ ਡਰਾਉਣ ਵਾਸਤੇ ਪਹਿਲਾਂ ਉਹਨਾਂ ਦੇ ਸਾਥੀ ਸਿੱਖ, ਭਾਈ ਮਤੀ ਦਾਸ ਜੀ, ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਫੇਰ ਦੂਸਰੇ ਸਿੱਖ, ਭਾਈ ਦਿਆਲ ਦਾਸ ਜੀ, ਨੂੰ ਉਬਲਦੀ ਦੇਗ ਵਿਚ ਬਿਠਾ ਕੇ ਸ਼ਹੀਦ ਕੀਤਾ। ਤੀਜੇ ਸਿੱਖ, ਭਾਈ ਸਤੀ ਦਾਸ ਜੀ, ਦੇ ਸਰੀਰ ਨੂੰ ਰੂੰ ਵਿਚ ਲਪੇਟ ਕੇ ਤੇ ਅੱਗ ਲਾ ਕੇ ਸ਼ਹੀਦ ਕੀਤਾ ਗਿਆ।

ਅੰਤ ਵਿਚ ਸਤਿਗੁਰੂ ਜੀ ਅੱਗੇ, ਔਰੰਗਜ਼ੇਬ ਵੱਲੋਂ ਤਿੰਨ ਸ਼ਰਤਾਂ ਰੱਖੀਆਂ ਗਈਆਂ:

ਇਕ: ਮੁਸਲਮਾਨ ਬਣ ਜਾਓ।

ਦੋ: ਮੁਸਲਮਾਨ ਨਹੀਂ ਬਣਨਾ ਤਾਂ ਕਰਾਮਾਤ ਵਿਖਾਓ।

ਤਿੰਨ: ਜੇ ਇਹ ਵੀ ਨਹੀਂ ਮਨਜ਼ੂਰ ਤਾਂ ਫੇਰ ਮਰਨ ਲਈ ਤਿਆਰ ਹੋ ਜਾਓ।

ਸਤਿਗੁਰੂ ਜੀ ਤਾਂ ਦਿੱਲੀ ਗਏ ਹੀ ਧਰਮ ਦੀ ਆਜ਼ਾਦੀ ਦੀ ਬਹਾਲੀ ਵਾਸਤੇ ਸਨ। ਨਾ ਉਹਨਾਂ ਨੇ ਆਪਣਾ ਧਰਮ ਤਿਆਗਣਾ ਸੀ ਤੇ ਨਾ ਹੀ ਜਾਨ ਬਚਾਉਣ ਵਾਸਤੇ ਕਰਾਮਾਤਿ ਵਿਖਾਉਣੀ ਸੀ।

ਆਖ਼ਰ, ਔਰੰਗਜ਼ੇਬ ਦੇ ਹੁਕਮ ਨਾਲ, ੧੧ ਨਵੰਬਰ ੧੬੭੫ ਵਾਲੇ ਦਿਨ, ਚਾਂਦਨੀ ਚੌਕ, ਦਿੱਲੀ ਵਿਖੇ, ਸਾਰੀ ਲੋਕਾਈ ਦੇ ਸਾਹਮਣੇ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸੀਸ, ਤਲਵਾਰ ਨਾਲ ਧੜ ਤੋਂ ਜੁਦਾ ਕਰ ਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਉਸ ਸਮੇ ਬੜੇ ਜ਼ੋਰ ਦੀ ਹਨੇਰੀ ਆਈ, ਜਿਸ ਤੋਂ ਲਾਭ ਉਠਾ ਕੇ ਭਾਈ ਜੈਤਾ ਜੀ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਰਵਾਨਾ ਹੋ ਗਏ ਅਤੇ ਧੜ ਗੁਰੂ ਜੀ ਦਾ, ਭਾਈ ਲੱਖੀ ਸ਼ਾਹ ਵਣਜਾਰਾ ਜੀ, ਨੀਤੀ ਨਾਲ ਆਪਣੇ ਘਰ, ਰਕਾਬਗੰਜ, ਲੈ ਗਏ ਤੇ ਆਪਣੇ ਘਰ ਨੂੰ ਅੱਗ ਲਾ ਕੇ, ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ ਤਾਂ ਕਿ ਹਾਕਮਾਂ ਨੂੰ ਪਤਾ ਨਾ ਲੱਗੇ ਕਿ ਏਥੇ ਗੁਰੂ ਜੀ ਦੇ ਪਾਵਨ ਸਰੀਰ ਦਾ ਸਸਕਾਰ ਕੀਤਾ ਗਿਆ ਹੈ।

ਅੱਜ ਤਿੰਨ ਸਦੀਆਂ ਦੇ ਨੇੜੇ ਸਮਾ ਬੀਤਣ ਉਪ੍ਰੰਤ ਵੀ ਸ਼ਹੀਦ ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜਨਮ ਸਥਾਨ, ਸ਼ਹੀਦੀ ਸਥਾਨ, ਧੜ ਦੇ ਸਸਕਾਰ ਸਥਾਨ, ਸੀਸ ਦੇ ਸਸਕਾਰ ਸਥਾਨ ਅਤੇ ਹੋਰ ਬੇਅੰਤ ਗੁਰੂ ਜੀ ਦੀਆਂ ਯਾਦਾਂ ਨਾਲ ਸਬੰਧਤ ਸਥਾਨਾਂ ਉਪਰ ਲੱਖਾਂ ਹੀ ਸੰਗਤਾਂ ਰੋਜ਼ਾਨਾ ਸ਼ਰਧਾ ਅਰਪਣ ਵਾਸਤੇ ਯਾਤਰਾ ਕਰਦੀਆਂ ਹਨ ਅਤੇ ਸਤਿਗੁਰੂ ਜੀ ਦੇ ਮਹਾਨ ਬਲੀਦਾਨ ਤੋਂ ਪ੍ਰੇਰਨਾ ਪ੍ਰਾਪਤ ਕਰਦੀਆਂ ਹਨ ਪਰ ਆਲਮਗੀਰ ਅਖਵਾਉਣ ਵਾਲੇ, ਆਪਣੇ ਸਮੇ ਦੇ ਸਭ ਤੋਂ ਵਧ ਸ਼ਕਤੀਸ਼ਾਲੀ ਤੇ ਜ਼ਾਲਮ ਔਰੰਗਜ਼ੇਬ ਦੀ ਕਬਰ ਉਪਰ ਪਸਰੀ ਉਜਾੜ ਵਿਚ ਕੁੱਤੇ, ਬਿੱਲੇ, ਉਲੂ ਆਦਿ ਫਿਰਦੇ ਹਨ।

ਕਲਗ਼ੀਧਰ ਪਾਤਿਸ਼ਾਹ ਨੇ ਆਪਣੇ ਸ਼ਬਦਾਂ ਵਿਚ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤਿ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ॥

ਆਖ ਕੇ ਇਸ ਸਾਕੇ ਦੀ ਮਹਾਨਤਾ ਦਾ ਵਰਨਣ ਕੀਤਾ।

ਗੁਰੂ ਜੀ ਨੇ ਇਹ ਮਹਾਨ ਸਾਕਾ ਵਰਤਾ ਕੇ ਦੁਨੀਆ ਵਾਲਿਆਂ ਨੂੰ ਦੱਸਿਆ ਕਿ ਧਰਮ ਦੀ ਆਜ਼ਾਦੀ ਵਾਸਤੇ ਖ਼ੁਦ ਨੂੰ ਕੁਰਬਾਨ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ। ਉਹਨਾਂ ਨੇ ਉਸ ਤਿਲਕ ਜੰਞੂ ਦੀ ਰੱਖਿਆ ਹਿਤ ਇਹ ਅਨੋਖੀ ਕੁਰਬਾਨੀ ਕੀਤੀ ਜੋ ਉਹ ਨਾ ਆਪ ਪਹਿਨਦੇ ਸਨ ਤੇ ਨਾ ਉਹਨਾਂ ਦੇ ਸਿੱਖ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ, ਨੌਂ ਸਾਲ ਦੀ ਉਮਰ (੧੪੭੮) ਵਿਚ ਹੀ ਜੰਞੂ ਪਹਿਨਣ ਤੋਂ ਇਨਕਾਰ ਕਰ ਕੇ ਆਪਣੇ 'ਨਿਰਮਲ ਪੰਥ' ਦਾ ਐਲਾਨ ਕਰ ਦਿੱਤਾ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਉਹਨਾਂ ਧਾਰਮਿਕ ਚਿੰਨ੍ਹਾਂ ਵਾਸਤੇ ਬਲੀਦਾਨ ਦੇ ਕੇ ਦੁਨੀਆ ਵਾਲਿਆਂ ਨੂੰ ਦੱਸਿਆ ਕਿ ਧੱਕੇ ਨਾਲ ਕਿਸੇ ਦਾ ਵੀ ਧਰਮ ਖੋਹਣ ਦੀ ਸਭਿਅਕ ਸੰਸਾਰ ਵਿਚ ਕਿਸੇ ਨੂੰ ਵੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ, ਚਾਹੇ ਉਹ ਕਿੱਡਾ ਵੀ ਤਾਕਤਵਰ ਸ਼ਹਿਨਸ਼ਾਹ ਹੋਵੇ; ਤੇ ਇਸ ਧੱਕੇ ਨੂੰ ਰੋਕਣ ਵਾਸਤੇ ਧਾਰਮਿਕ ਆਗੂਆਂ ਨੂੰ, ਇਸ ਪੱਖ ਤੋਂ ਲੋਕਾਂ ਦੀ ਅਗਵਾਈ ਹਿਤ, ਲੋੜ ਪੈਣ 'ਤੇ, ਇਸ ਅਸੂਲ ਖ਼ਾਤਰ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਅੱਜ ਇਕੀਵੀਂ ਸਦੀ ਵਿਚ, ਜਦੋਂ ਕਿ ਮਨੁੱਖੀ ਅਧਿਕਾਰਾਂ ਤੇ ਵਿਚਾਰਾਂ ਦੀ ਰੱਖਿਆ ਦਾ ਬੜਾ ਸ਼ੋਰ-ਸ਼ਰਾਬਾ ਹੈ ਤੇ ਇਸ ਵਾਸਤੇ ਮਨੁੱਖੀ ਅਧਿਕਾਰ ਜਥੇਬੰਦੀਆਂ, ਇੰਟਰਨੈਸ਼ਨਲ ਰੈੱਡ ਕਰਾਸ, ਯੂਨੈਸਕੋ, ਯੂ.ਐਨ., ਐਮਨੈਸਟੀ ਇੰਟਰਨੈਸ਼ਨਲ ਆਦਿ ਇਸ ਪਾਸੇ, ਸਮਰੱਥਾ ਅਨੁਸਾਰ ਉਦਮ ਕਰ ਰਹੀਆਂ ਹਨ। ਇਹਨਾਂ ਦੇ ਆਗੂਆਂ ਤੱਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੁਆਰਾ, ਅੱਜ ਤੋਂ ਤਿੰਨ ਸੌ ਉਣਤਾਲ਼ੀ ਸਾਲ ਪਹਿਲਾਂ ਕੀਤੀ ਗਈ ਇਸ ਕਾਰਜ ਵਾਸਤੇ ਕੁਰਬਾਨੀ ਦੀ ਦਾਸਤਾਨ ਪੁਚਾਉਣ ਦੀ ਲੋੜ ਹੈ। ਸਭਿਅਕ ਸੰਸਾਰ ਦੇ ਆਗੂਆਂ ਨੂੰ ਇਹ ਵੀ ਪ੍ਰੇਰਨਾ ਕਰਨ ਦੀ ਜ਼ਰੂਰਤ ਹੈ ਕਿ ੧੧ ਨਵੰਬਰ ਦਾ ਦਿਨ, ਸੰਸਾਰ ਭਰ ਵਿਚ, ਧਾਰਮਿਕ ਅਧਿਕਾਰਾਂ ਤੇ ਮਨੁੱਖੀ ਵਿਚਾਰਾਂ ਦੀ ਆਜ਼ਾਦੀ ਦੇ ਦਿਨ ਦੇ ਰੂਪ ਵਿਚ, ਹਰ ਸਾਲ ਮਨਾਇਆ ਜਾਇਆ ਕਰੇ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਵਿਖੇ, ੨੨ ਦਸੰਬਰ ਸੰਨ ੧੬੬੬ ਨੂੰ, ਸ੍ਰੀ ਪਟਨਾ ਸਾਹਿਬ ਵਿਚ ਹੋਇਆ।

ਬਚਪਨ ਦੀ ਅਵਸਥਾ ਵਿਚ ਹੀ, ਪਿਤਾ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਆਪ ਜੀ ਨੂੰ ਪਟਨੇ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਆਂਦਾ ਗਿਆ ਜਿਥੇ ਕਿ ਯੋਗ ਵਿਦਵਾਨਾਂ ਪਾਸੋਂ ਆਪ ਜੀ ਨੂੰ ਦੁਨਿਆਵੀ ਵਿੱਦਿਆ ਦਿਵਾਉਣ ਦਾ, ਪਿਤਾ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਢੁਕਵਾਂ ਤੇ ਸੁਚੱਜਾ ਪ੍ਰਬੰਧ ਕੀਤਾ ਗਿਆ। ਆਪ ਜੀ ਨੇ, ਉਸ ਸਮੇ ਦੇ ਪ੍ਰਸਿੱਧ ਅਤੇ ਪ੍ਰਬੀਨ ਸਿੱਖ, ਹਿੰਦੂ ਅਤੇ ਮੁਸਲਮਾਨ ਵਿਦਵਾਨਾਂ ਪਾਸੋਂ ਗੁਰਮੁਖੀ, ਗੁਰਬਾਣੀ, ਹਿੰਦੀ, ਸੰਸਕ੍ਰਿਤ, ਅਰਬੀ, ਫ਼ਾਰਸੀ, ਪੁਰਾਤਨ ਧਾਰਮਿਕ ਗ੍ਰੰਥਾਂ ਦੀ ਵਿੱਦਿਆ ਪ੍ਰਾਪਤ ਕਰਨ ਦੇ ਨਾਲ ਨਾਲ ਸ਼ਸਤਰ ਵਿੱਦਿਆ ਵਿਚ ਵੀ ਪ੍ਰਬੀਨਤਾ ਹਾਸਲ ਕੀਤੀ।

ਸੰਨ ੧੬੭੫ ਵਿਚ, ਜਦੋਂ ਕਿ ਆਪ ਜੀ ਦੀ ਅਜੇ ਨੌਂ ਸਾਲ ਦੀ ਸਰੀਰਕ ਉਮਰ ਹੀ ਸੀ ਕਿ ਕਸ਼ਮੀਰੀ ਪੰਡਿਤਾਂ ਦੀ ਪੁਕਾਰ ਸੁਣ ਕੇ, ਗੰਭੀਰ ਵਿਚਾਰ ਵਿਚ ਪ੍ਰਵਿਰਤ ਵੇਖ, ਪਿਤਾ ਗੁਰੂ ਜੀ ਨੂੰ, ਧਰਮ ਦੀ ਰੱਖਿਆ ਖ਼ਾਤਰ ਕੁਰਬਾਨੀ ਦੇਣ ਵਾਸਤੇ ਬੇਨਤੀ ਕੀਤੀ।

੧੧ ਨਵੰਬਰ ਸੰਨ ੧੬੭੫ ਵਿਚ ਪਿਤਾ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਤੇ ਆਦਰਸ਼ਕ ਕੁਰਬਾਨੀ, ਜਿਸ ਨੂੰ ਆਪ ਜੀ ਨੇ, "ਤਿਲਕ ਜੰਞੂ ਰਾਖਾ ਪ੍ਰਭ ਤਾ ਕਾ। ਕੀਨੋ ਬਡੋ ਕਲੂ ਮਹਿ ਸਾਕਾ।" ਆਖ ਕੇ ਬਿਆਨਿਆ। ਇਸ 'ਬਡੋ ਸਾਕਾ' ਉਪ੍ਰੰਤ ਸਿੱਖ ਸਮਾਜ ਦੀ ਸਰਬਪੱਖੀ ਅਗਵਾਈ ਦੀ ਜ਼ੁੰਮੇਵਾਰੀ ਆਪ ਜੀ ਦੇ ਮੋਢਿਆਂ ਉਪਰ ਆ ਗਈ।

ਸਮੇ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਆਪ ਜੀ ਨੇ ਲੋੜ ਅਨੁਸਾਰ ਸਿੱਖ ਸੰਗਤਾਂ ਨੂੰ ਸ਼ਸਤਰਧਾਰੀ ਹੋਣ ਦਾ ਉਪਦੇਸ਼ ਦਿੱਤਾ ਅਤੇ ਇਸ ਪੱਖ ਦੀ ਸਫਲਤਾ ਵਾਸਤੇ ਹਰ ਸੰਭਵ ਯਤਨ ਵੀ ਕੀਤਾ।

ਆਪ ਜੀ ਨੇ ਸਿੱਖਾਂ ਨੂੰ ਧਾਰਮਿਕ, ਸਰੀਰਕ, ਆਤਮਿਕ, ਵਿਦਿਅਕ, ਨੀਤਕ ਆਦਿ ਪੱਖਾਂ ਵਿਚ ਪ੍ਰੌੜ੍ਹਤਾ ਪ੍ਰਾਪਤ ਕਰਨ ਲਈ ਉਤਸ਼ਾਹਤ ਕੀਤਾ।

ਆਪ ਨੇ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ, ਸ੍ਰੀ ਦਮਦਮਾ ਸਾਹਿਬ ਆਦਿ ਸਥਾਨਾਂ 'ਤੇ, ਜਦੋਂ ਤੇ ਜਿਥੇ ਜਿਥੇ ਵੀ ਨਿਵਾਸ ਕੀਤਾ, ਆਪਣੇ ਦਰਬਾਰ ਵਿਚ, ਨਿਪੁੰਨ ਤੇ ਚੋਣਵੇਂ ਸਾਹਿਤਕਾਰਾਂ, ਯੋਧਿਆਂ, ਵਿਦਵਾਨਾਂ, ਕਵੀਆਂ, ਪ੍ਰਬੰਧਕਾਂ, ਪ੍ਰੇਮੀਆਂ, ਸੇਵਕਾਂ, ਸਿੱਖਾਂ, ਗੱਲ ਕੀ ਜਿਥੋਂ ਤੱਕ ਵੀ ਸੰਭਵ ਹੋ ਸਕਿਆ, ਹਰ ਪੱਖ ਦੇ ਮਾਹਰ ਵਿਅਕਤੀਆਂ ਨੂੰ, ਪੂਰਾ ਪੂਰਾ ਮਾਣ ਸਤਿਕਾਰ ਦੇ ਕੇ ਰੱਖਿਆ ਤੇ ਉਹਨਾਂ ਪਾਸੋਂ

ਆਪਣੇ ਸਿੱਖਾਂ ਨੂੰ ਹਰ ਪ੍ਰਕਾਰ ਦੀ ਵਿੱਦਿਆ ਦਿਵਾਈ। ਅਜਿਹੇ ਮਾਹਰਾਂ ਨੂੰ ਆਪਣੇ ਪਾਸ ਰੱਖਣ ਅਤੇ ਮਾਣ ਦੇਣ ਸਮੇ ਆਪ ਜੀ ਨੇ ਮਜ਼ਹਬੀ ਵਿਖਰੇਵਿਆਂ ਤੋਂ ਉਪਰ ਉਠ ਕੇ ਵਰਤਾਰਾ ਕੀਤਾ।

ਕਈ ਇਤਿਹਾਸਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਨੂੰ ਸੁਚੱਜਤਾ ਸਹਿਤ ਸਮਝ ਸਕਣ ਦੀ ਸਮਰੱਥਾ ਨਾ ਰੱਖ ਸਕਣ ਕਾਰਨ, ਦਸਮ ਗੁਰੂ ਜੀ ਦੁਆਰਾ ਸਮੇ ਦੀ ਲੋੜ ਅਨੁਸਾਰ ਕੀਤੇ ਗਏ ਕਰਤਬਾਂ ਤੋਂ ਭੁਲੇਖਾ ਖਾ ਕੇ, ਇਉਂ ਸਮਝਣ ਦੀ ਗ਼ਲਤੀ ਖਾ ਜਾਂਦੇ ਹਨ ਕਿ ਜਿਵੇਂ ਗੁਰੂ ਜੀ ਦਾ ਮੁਖ ਉਦੇਸ਼ ਜੰਗ ਕਰਨਾ ਹੀ ਸੀ। ਪਰ ਜੋ ਆਪ ਜੀ ਦੀ ਖ਼ੁਦ ਦੀ ਲਿਖੀ ਬਾਣੀ ਅਤੇ ਇਤਿਹਾਸਕ ਘਟਨਾਵਾਂ ਨੂੰ ਗੰਭੀਰਤਾ ਸਹਿਤ ਵਾਚਦੇ ਹਨ, ਉਹ ਜਾਣਦੇ ਹਨ ਕਿ ਗੁਰੂ ਜੀ ਦਾ ਉਦੇਸ਼ ਜੰਗ ਕਰਨਾ ਨਹੀਂ ਸੀ ਬਲਕਿ ਉਹਨਾਂ ਦੇ ਆਪਣੇ ਸ਼ਬਦਾਂ ਵਿਚ, "ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕਉ ਮੂਲ ਉਪਾਰਨ॥" ਸੀ।

ਆਪਣੇ ਮਨੁੱਖੀ ਭਲਾਈ ਦੇ ਉਦੇਸ਼ ਨੂੰ ਸਦਾ ਲਈ ਸੁਚਾਰੂ ਰੂਪ ਵਿਚ ਚਾਲੂ ਰੱਖਣ ਹਿਤ, ਆਪ ਜੀ ਨੇ ਸੰਨ ੧੬੯੯ ਨੂੰ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਾਜਣਾ ਕਰ ਕੇ, ਇਸ ਸੰਤ ਸਿਪਾਹੀਆਂ ਦੀ ਜਥੇਬੰਦੀ ਨੂੰ ਪੱਕੇ ਜ਼ਬਤ ਵਿਚ ਬੰਨ੍ਹ ਦਿੱਤਾ ਤਾਂ ਕਿ ਕਿਤੇ ਉਹਨਾਂ ਦਾ ਖ਼ਾਲਸਾ ਵੀ, ਯੁੱਧ ਸਮੇ ਦੇ ਜੋਸ਼ ਵਿਚ, ਬਦਲੇ ਦੀ ਭਾਵਨਾ ਅੰਦਰ ਵਹਿ ਕੇ, ਆਪ ਜ਼ਾਲਮ ਹਾਕਮਾਂ ਵਾਲੇ ਨੀਵੇਂ ਪਧਰ 'ਤੇ ਨਾ ਡਿਗ ਪਵੇ।

ਗੁਰੂ ਜੀ ਨੂੰ ਸਮੇ ਦੇ ਜ਼ਾਲਮ ਹਾਕਮਾਂ ਅਤੇ ਉਹਨਾਂ ਦੇ ਅਧੀਨ ਰਜਵਾੜਿਆਂ ਨਾਲ, ਛੋਟੀਆਂ ਵੱਡੀਆਂ ਚੌਦਾਂ ਲੜਾਈਆਂ ਲੜਨ ਲਈ ਮਜਬੂਰ ਹੋਣਾ ਪਿਆ। ਵੈਸੇ ਆਪ ਜੀ ਦਾ ਸਦਾ ਲਈ ਹੀ ਆਪਣੇ ਸਿੱਖਾਂ ਨੂੰ ਇਹ ਉਪਦੇਸ਼ ਹੈ ਕਿ ਕਦੀ ਵੀ ਕਿਸੇ 'ਤੇ ਵਾਧਾ ਨਹੀਂ ਕਰਨਾ ਬਲਕਿ ਹਰ ਸੰਭਵ ਯਤਨ ਕਰਨਾ ਹੈ ਜ਼ਾਲਮ ਨੂੰ ਜ਼ੁਲਮ ਤੋਂ ਰੋਕਣ ਦਾ। ਜੇਕਰ ਸਾਰੇ ਵਸੀਲੇ ਵਰਤ ਲੈਣ ਉਪ੍ਰੰਤ ਵੀ ਜ਼ਾਲਮ ਜ਼ੁਲਮ ਕਰਨ ਤੋਂ ਬਾਜ਼ ਨਹੀਂ ਆਉਂਦਾ ਤਾਂ ਫੇਰ ਹੀ ਮਜ਼ਲੂਮ ਦੀ ਰੱਖਿਆ ਖ਼ਾਤਰ ਸ਼ਸਤਰ ਵਰਤਣਾ ਹੈ।

ਆਪਣੇ ਆਦਰਸ਼ ਖ਼ਾਤਰ ਆਪ ਜੀ ਨੇ ਸਾਰਾ ਪਰਵਾਰ ਹੀ ਕੁਰਬਾਨ ਕਰ ਦਿੱਤਾ।

ਅੰਤ ਵਿਚ ਅਕਾਲ ਪੁਰਖ ਦੇ ਸੱਦੇ ਅਨੁਸਾਰ, ਪਰਮ ਜੋਤਿ ਵਿਚ ਆਪਣੀ ਜੋਤਿ ਨੂੰ ਅਭੇਦ ਕਰਨ ਤੋਂ ਪਹਿਲਾਂ, ਆਪਣੇ ਸਿੱਖਾਂ ਨੂੰ, "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ" ਦੀ ਆਗਿਆ ਕਰ ਕੇ, "ਜਿਉ ਜਲ ਮਹਿ ਜਲੁ ਆਇ ਖਟਾਨਾ। ਤਿਉ ਜੋਤੀ ਸੰਗਿ ਜੋਤਿ ਸਮਾਨਾ।" ਅਨੁਸਾਰ, ਇਸ ਅਸਾਰ ਸੰਸਾਰ ਤੋਂ ਆਪ ਜੀ ਸਰੀਰ ਕਰਕੇ ਅਲੋਪ ਹੋ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ, ਤਖ਼ਤ ਸੱਚਖੰਡ ਸ੍ਰੀ ਹਜੂਰ ਸਾਹਿਬ ਵਿਖੇ ਕੀਤੇ ੫੨ ਹੁਕਮ:

੧. ਕਿਰਤ ਧਰਮ ਦੀ ਕਰਨੀ

੨. ਦਸਵੰਧ ਦੇਣਾ

੩. ਗੁਰਬਾਣੀ ਕੰਠ ਕਰਨੀ

੪. ਅੰਮ੍ਰਿਤ ਵੇਲ਼ੇ ਜਾਗਣਾ

੫. ਪਿਆਰ ਨਾਲ਼ ਗੁਰਸਿੱਖਾਂ ਦੀ ਸੇਵਾ ਕਰਨੀ

੬. ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ

੭. ਪੰਜ ਕਕਾਰਾਂ ਦੀ ਰਹਿਤ ਦ੍ਰਿੜ੍ਹ ਰੱਖਣੀ

੮. ਸ਼ਬਦ ਦਾ ਅਭਿਆਸ ਕਰਨਾ

੯. ਧਿਆਨ ਸਤਿ-ਸਰੂਪ ਦਾ ਕਰਨਾ

੧੦. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ

੧੧. ਸਭ ਕਾਰਜਾਂ ਦੇ ਆਰੰਭ ਵੇਲੇ ਅਰਦਾਸ ਕਰਨੀ

੧੨. ਜੰਮਣ, ਮਰਨ, ਵਿਆਹ ਆਨੰਦ ਸਮੇ, ਜਪੁ ਜੀ ਸਾਹਿਬ ਦਾ ਪਾਠ ਕਰਕੇ, ਕੜਾਹ ਪ੍ਰਸ਼ਾਦ ਤਿਆਰ ਕਰਕੇ, ਆਨੰਦ ਸਾਹਿਬ ਦਾ ਪਾਠ, ਅਰਦਾਸ ਕਰਕੇ, ਪੰਜਾਂ ਪਿਆਰਿਆਂ ਦਾ ਵਰਤਾਰਾ ਵਰਤਾ ਕੇ ਅਤੇ ਹਜੂਰੀ ਗ੍ਰੰਥੀ ਸਿੰਘ ਦਾ ਵਰਤਾਰਾ ਰੱਖਣ ਉਪ੍ਰੰਤ, ਸੰਗਤਾਂ ਨੂੰ ਵਰਤਾ ਦੇਣਾ।

੧੩. ਜਦੋਂ ਤੱਕ ਕੜਾਹ ਪ੍ਰਸ਼ਾਦ ਵਰਤਦਾ ਰਹੇ ਸਾਰੀ ਸੰਗਤ ਅਡੋਲ ਬੈਠੀ ਰਹੇ।

੧੪. ਵਿਆਹ ਆਨੰਦ ਬਿਨਾ ਗ੍ਰਿਹਸਤ ਨਹੀਂ ਕਰਨਾ

੧੫. ਪਰ ਇਸਤਰੀ ਮਾਂ-ਭੈਣ ਕਰ ਜਾਣਨੀ

੧੬. ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ

੧੭. ਜਗਤ ਜੂਠ ਤਮਾਕੂ ਬਿਖਿਆ ਦਾ ਤਿਆਗ ਕਰਨਾ

੧੮. ਰਹਿਤਵਾਨ ਤੇ ਨਾਮ ਜਪਣ ਵਾਲ਼ੇ ਗੁਰਸਿੱਖਾਂ ਦੀ ਸੰਗਤ ਕਰਨੀ

੧੯. ਜਿੰਨੇ ਕੰਮ ਆਪਣੇ ਕਰਨ ਵਾਲ਼ੇ ਹੋਣ ਉਹਨਾਂ ਦੇ ਕਰਨ ਵਿਚ ਆਲਸ ਨਹੀਂ ਕਰਨਾ

੨੦. ਗੁਰਬਾਣੀ ਦਾ ਕੀਰਤਨ ਰੋਜ ਸੁਣਨਾ ਤੇ ਕਰਨਾ

੨੧. ਕਿਸੇ ਦੀ ਨਿੰਦਿਆ, ਚੁਗਲੀ ਤੇ ਈਰਖਾ ਨਹੀਂ ਕਰਨੀ

੨੨. ਧਨ, ਜਵਾਨੀ ਤੇ ਕੁਲ, ਜਾਤ ਦਾ ਮਾਣ ਨਹੀਂ ਕਰਨਾ

੨੩. ਮੱਤ ਉਚੀ ਤੇ ਸੁੱਚੀ ਰੱਖਣੀ

੨੪. ਸ਼ੁਭ ਕੰਮ ਕਰਦੇ ਰਹਿਣਾ

੨੫. ਬੁਧ ਬਲ ਦਾ ਦਾਤਾ ਵਾਹਿਗੁਰੂ ਨੂੰ ਜਾਨਣਾ

੨੬. ਕਸਮ ਚੁੱਕਣ ਵਾਲ਼ੇ ਤੇ ਇਤਬਾਰ ਨਹੀਂ ਕਰਨਾ

੨੭. ਸੁਤੰਤਰ ਵਿਚਰਨਾ

੨੮. ਰਾਜਨੀਤੀ ਵੀ ਪੜ੍ਹਨੀ

੨੯. ਸ਼ੱਤਰੂ ਨਾਲ਼ ਸਾਮ ਦਾਮ ਦੰਡ ਭੇਦ ਆਦਿ ਉਪਾ ਵਰਤਣੇ, ਯੁਧ ਕਰਨਾ ਧਰਮ ਹੈ

੩੦. ਸ਼ਸਤਰ ਵਿੱਦਿਆ ਅਤੇ ਘੋੜ ਸਵਾਰੀ ਦਾ ਅਭਿਆਸ ਕਰਨਾ

੩੧. ਦੂਸਰੇ ਮੱਤਾਂ ਦੀਆਂ ਪੁਸਤਕਾਂ, ਵਿੱਦਿਆ ਪੜ੍ਹਨੀ ਪਰ ਭਰੋਸਾ ਦ੍ਰਿੜ੍ਹ ਗੁਰਬਾਣੀ ਅਤੇ ਅਕਾਲ ਪੁਰਖ ਤੇ ਹੀ ਰੱਖਣਾ

੩੨. ਗੁਰੂ ਉਪਦੇਸ਼ ਧਾਰਨ ਕਰਨੇ

੩੩. ਰਹਰਾਸਿ ਸਾਹਿਬ ਦਾ ਪਾਠ ਕਰਕੇ ਖੜ੍ਹੇ ਹੋ ਕੇ ਅਰਦਾਸ ਕਰਨੀ

੩੪. ਸੌਣ ਸਮੇ ਸੋਹਿਲੇ ਦਾ ਪਾਠ ਕਰਨਾ

੩੫. ਕੇਸ ਨੰਗੇ ਨਹੀਂ ਰੱਖਣੇ

੩੬. ਸਿੰਘਾਂ ਦਾ ਪੂਰਾ ਨਾਂ ਲੈ ਕੇ ਬੁਲਾਉਣਾ, ਅੱਧਾ ਨਹੀਂ

੩੭. ਸ਼ਰਾਬ ਨਹੀਂ ਸੇਵਨੀ

੩੮. ਭਾਦਣੀ (ਸਿਰ ਮੁੰਨੇ) ਨੂੰ ਕੰਨਿਆਂ ਨਹੀਂ ਦੇਣੀ; ਉਸ ਘਰ ਦੇਣੀ ਜਿਥੇ ਅਕਾਲ ਪੁਰਖ ਦੀ ਸਿੱਖੀ ਹੋਵੇ

੩੯. ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅਤੇ ਗੁਰਬਾਣੀ ਅਨੁਸਾਰ ਕਰਨੇ

੪੦. ਚੁਗਲੀ ਕਰਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ

੪੧. ਕੌੜਾ ਬਚਨ ਕਰਕੇ ਕਿਸੇ ਦਾ ਦਿਲ ਨਹੀਂ ਦੁਖਾਉਣਾ

੪੨. ਦਰਸ਼ਨ ਯਾਤਰਾ ਕੇਵਲ ਗੁਰਦੁਆਰਿਆਂ ਦੀ ਹੀ ਕਰਨੀ

੪੩. ਬਚਨ ਕਰਕੇ ਪਾਲਣਾ

੪੪. ਅਤਿਥੀ, ਪਰਦੇਸੀ, ਦੁਖੀ, ਲੋੜਵੰਦ, ਅਪੰਗ ਮਨੁਖ ਦੀ ਯਥਾਸ਼ਕਤ ਸਹਾਇਤਾ ਕਰਨੀ

੪੫. ਧੀ ਦੀ ਕਮਾਈ ਦਾ ਧਨ ਬਿਖ ਕਰਕੇ ਜਾਨਣਾ

੪੬. ਦਿਖਾਵੇ ਦੇ ਸਿੱਖ ਨਹੀਂ ਬਣਨਾ

੪੭. ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਣੀ, ਕੇਸਾਂ ਨੂੰ ਗੁਰੂ ਸਮਾਨ ਜਾਣ ਅਦਬ ਕਰਨਾ

੪੮. ਚੋਰੀ, ਜਾਰੀ, ਠੱਗੀ, ਧੋਖਾ ਨਹੀਂ ਕਰਨਾ

੪੯. ਗੁਰਸਿੱਖ ਦਾ ਇਤਬਾਰ ਕਰਨਾ

੫੦. ਝੂਠੀ ਗਵਾਹੀ ਨਹੀਂ ਦੇਣੀ

੫੧. ਝੂਠ ਨਹੀਂ ਬੋਲਣਾ

੫੨. ਲੰਗਰ ਪ੍ਰਸ਼ਾਦ ਇਕ ਰਸ ਵਰਤਾਉਣਾ

# ਸਰਬ ਸਾਂਝਾ ਸਤਿਗੁਰੂ

ਆਮ ਤੌਰ ’ਤੇ ਇਹ ਸਮਝਿਆ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਹਿੰਦੂ ਧਰਮ ਦੀ ਰੱਖਿਆ ਲਈ ਜਾਂ ਆਪਣੇ ਪਿਤਾ ਜੀ ਦਾ ਬਦਲਾ ਲੈਣ ਲਈ ਹੀ ਮੁਸਲਮਾਨ ਹਕੂਮਤ ਨਾਲ ਜੰਗ ਲੜੇ। ਓਪਰੀ ਨਜ਼ਰੇ ਇਤਿਹਾਸ ਪੜ੍ਹਨ ਜਾਂ ਭਾਸ਼ਨਕਾਰਾਂ ਦੇ ਭਾਸ਼ਨ ਸੁਣਨ ਤੋਂ ਕਈ ਵਾਰ ਐਸਾ ਆਭਾਸ ਹੋਣ ਵੀ ਲੱਗਦਾ ਹੈ ਤੇ ਗੁਰੂ ਸਾਹਿਬ ਜੀ ਦੇ ਉਦੇਸ਼ ਨੂੰ ਡੂੰਘਾਈ ਨਾਲ ਨਾ ਸਮਝ ਸਕਣ ਵਾਲੇ ਕੁਝ ਲਿਖਾਰੀ ਵੀ, ਲਿਖਨ ਸਮੇ ਅਜਿਹਾ ਟਪਲਾ ਖਾ ਜਾਂਦੇ ਹਨ। ਪਰ ਜਦੋਂ ਅਸੀਂ ਉਹਨਾਂ ਦੇ ਉਪਦੇਸ਼ਾਂ ਅਤੇ ਜੀਵਨ ਕਰਤਬਾਂ ਨੂੰ ਜ਼ਰਾ ਗਹੁ ਨਾਲ ਵਾਚਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਉਹਨਾਂ ਦਾ ਕਿਸੇ ਮਜ਼ਹਬ, ਫ਼ਿਰਕੇ ਜਾਂ ਕੌਮ ਨਾਲ ਵਿਰੋਧ ਨਹੀਂ ਸੀ। ਉਹ ਤਾਂ ਆਪਣੀ ਕਲਮ ਦੁਆਰਾ ਖ਼ੁਦ ਲਿਖਦੇ ਹਨ ਕਿ ਸਾਨੂੰ ਅਕਾਲ ਪੁਰਖ ਨੇ ਅਧਰਮ ਦਾ ਨਾਸ ਤੇ ਧਰਮ ਦਾ ਪ੍ਰਕਾਸ਼ ਕਰਨ ਵਾਸਤੇ ਇਸ ਸੰਸਾਰ ’ਤੇ ਭੇਜਿਆ ਹੈ:

ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕਉ ਮੂਲ ਉਪਾਰਨ॥

ਆਓ ਉਹਨਾਂ ਦੀ ਜੀਵਨ ਯਾਤਰਾ ਉਪਰ ਪੰਛੀ ਝਾਤ ਪਾ ਕੇ ਵੇਖਣ ਦਾ ਯਤਨ ਕਰੀਏ ਕਿ ਕੀ ਜਿਥੇ ਉਹ ਸਿਧਾਂਤਕ ਤੌਰ ’ਤੇ ਸਾਰੀ ਮਨੁੱਖਤਾ ਨੂੰ ਇਕ ਨਜ਼ਰ ਨਾਲ ਵੇਖਦੇ ਸਨ, ਓਥੇ ਅਮਲੀ ਤੌਰ ’ਤੇ ਵੀ ਸਾਰੀ ਮਨੁੱਖ ਜਾਤੀ ਨੂੰ ਇਕ ਸਮਾਨ ਹੀ ਸਮਝਦੇ ਸਨ ਜਾਂ ਕਿ ਕਿਸੇ ਕਿਸਮ ਦਾ ਵਿਤਕਰਾ ਕਰਦੇ ਸਨ!

ਮੁਸਲਮਾਨ ਮਜ਼ਹਬ ਨੂੰ ਮੰਨਣ ਵਾਲੇ ਉਸ ਸਮੇ ਹਾਕਮ ਸਨ। ਹਕੂਮਤ ਦੀ ਤਾਕਤ ਦੇ ਨਸ਼ੇ ਵਿਚ ਉਹ ਮਹਿਕੂਮ ਮੱਤ ਨੂੰ ਮੰਨਣ ਵਾਲੇ ਲੋਕਾਂ ਉਪਰ ਅਤਿਆਚਾਰ ਕਰਦੇ ਸਨ। ਇਸ ਲਈ ਕੁਦਰਤੀ ਸੀ ਕਿ ਗੁਰੂ ਸਾਹਿਬ ਦੀ ਟੱਕਰ ਉਹਨਾਂ ਜ਼ੁਲਮ ਕਰਨ ਵਾਲਿਆਂ ਨਾਲ ਹੁੰਦੀ। ਵੈਸੇ ਉਹਨਾਂ ਦੇ ਮਿਸ਼ਨ ਵਿਚ ਰੁਕਾਵਟ ਪਾਉਣ ਵਾਲਾ, ਮਾੜੇ ਨੂੰ ਦਬਾਉਣ ਵਾਲਾ, ਕੁਰੱਪਟ ਮਨੁੱਖ ਚਾਹੇ ਕੋਈ ਵੀ ਸੀ, ਉਸ ਨਾਲ ਗੁਰੂ ਜੀ ਦਾ ਵਿਰੋਧ ਸੁਭਾਵਕ ਹੀ ਸੀ। ਭਾਵੇਂ ਉਹ ਮੁਸਲਮਾਨ ਸੀ ਜਾਂ ਹਿੰਦੂ, ਸਿੱਖ ਸੀ ਜਾਂ ਗੁਰੂ ਘਰ ਦਾ ਕਿੰਨਾ ਵੀ ਨਿਕਟਵਰਤੀ ਸੀ; ਪਹਿਲਾਂ ਪਿਆਰ ਨਾਲ ਗੁਰੂ ਜੀ ਸਿੱਧੇ ਰਸਤੇ ਉਸ ਨੂੰ ਲਿਆਉਣ ਦਾ ਪੂਰਾ ਯਤਨ ਕਰਦੇ ਤੇ ਜੇਕਰ ਫੇਰ ਵੀ ਨਾ ਠੀਕ ਰਾਹ ’ਤੇ ਆਉਂਦਾ ਤਾਂ ਲਿਹਾਜ਼ ਨਾ ਕਰਦੇ ਤੇ ਸੋਧਾ ਲਾ ਦਿੰਦੇ।

ਮਸੰਦਾਂ ਨਾਲੋਂ ਗੁਰੂ ਘਰ ਦੇ ਨੇੜੇ ਹੋਰ ਕੌਣ ਹੋ ਸਕਦਾ ਸੀ? ਜਦੋਂ ਉਹ ਇਹ ਸਮਝ ਕੇ ਕਿ ਸਾਡੇ ਸਦਕਾ ਹੀ ਗੁਰੂਪੁਣਾ ਚੱਲ ਰਿਹਾ ਹੈ, ਆਪਣੇ ਆਦਰਸ਼ ਤੋਂ ਨੀਵੇਂ ਆ ਗਏ ਤੇ ਸੰਗਤਾਂ ਉਪਰ ਵਧੀਕੀਆਂ ਕਰਨ ਲੱਗ ਪਏ ਤਾਂ ਗੁਰੂ ਸਾਹਿਬ ਵੱਲੋਂ ਉਹਨਾਂ ਨੂੰ ਦਿੱਤੀ ਗਈ ਇਬਰਤਨਾਕ ਸਜ਼ਾ, ਰਹਿੰਦੀ ਦੁਨੀਆ ਤੱਕ ਦਸਮੇਸ਼ ਦੀ ਇਨਸਾਫ਼ ਪਸੰਦੀ ਦੀ ਗਵਾਹੀ ਦਿੰਦੀ ਰਹੇਗੀ।

ਗੁਰੂ ਜੀ ਚਾਹੁੰਦੇ ਸਨ ਕਿ ਪਹਾੜੀ ਰਾਜੇ ਉਹਨਾਂ ਨਾਲ ਸਹਿਮਤ ਹੋ ਕੇ ਜ਼ੁਲਮੀ ਹਕੂਮਤ ਨਾਲ ਟੱਕਰ ਲੈਣ। ਕਿਉਂਕਿ ਉਹਨਾਂ ਦੀ ਅਨੁਭਵੀ ਦ੍ਰਿਸ਼ਟੀ ਨੇ ਇਹ ਅਨੁਭਵ ਕਰ ਲਿਆ ਸੀ ਕਿ ਜੇਕਰ ਇਹ ਹਿੰਦੂ ਰਿਆਸਤਾਂ ਜ਼ੁਲਮੀ ਰਾਜ ਦੇ ਖ਼ਿਲਾਫ਼ ਬਗ਼ਾਵਤ ਵਿਚ ਆਗੂ ਹੋ ਕੇ ਕੁੱਦਣ ਤਾਂ ਜ਼ੁਲਮ ਦੇ ਖ਼ਾਤਮੇ ਦੇ ਦਿਨ ਛੇਤੀ ਨੇੜੇ ਆ ਸਕਦੇ ਹਨ, ਪ੍ਰੰਤੂ ਉਹਨਾਂ ਨੇ ਕੌਮੀ ਕਾਰਜ ਵਿਚ ਮਦਦ ਤਾਂ ਕੀ ਦੇਣੀ ਸੀ ਸਗੋਂ ਉਹ ਗੁਰੂ ਸਾਹਿਬ ਦੇ ਇਸ ਮਿਸ਼ਨ ਨੂੰ ਬਰਦਾਸ਼ਤ ਹੀ ਨਾ ਕਰ ਸਕੇ। ਉਹ ਸਿੱਖਾਂ ਦੀ ਵਧ ਰਹੀ ਇਸ ਸੰਗਠਨ ਸ਼ਕਤੀ ਨੂੰ ਸਹਾਰਨ ਦੀ ਬਜਾਇ ਮੁਗ਼ਲ ਹਕੂਮਤ ਦੇ ਚਿਮਚੇ ਬਣਨ ਅਤੇ ਇਸ ਜੰਗਿ ਆਜ਼ਾਦੀ ਨੂੰ ਕੁਚਲਣ ਵਿਚ ਹੀ ਫ਼ਖ਼ਰ ਮਹਿਸੂਸ ਕਰਦੇ ਸਨ। ਨਤੀਜੇ ਵਜੋਂ ਜਦੋਂ ਵੀ ਅਕਾਰਣ ਹਮਲਾ ਕਰਦੇ, ਬੂਥਾ ਭੰਨਵਾ ਕੇ ਮੁੜਦੇ।

ਬਿਨਾ ਕਾਰਨ, ਰਾਜਿਆਂ ਵੱਲੋਂ ਕੀਤੇ ਗਏ ਹਮਲੇ ਕਾਰਨ ਹੋਏ, ਭੰਗਾਣੀ (੧੬੮੭) ਦੇ ਯੁੱਧ ਵਿਚ ਰਾਜਿਆਂ ਨੂੰ ਮੂੰਹ ਦੀ ਖਾਣੀ ਪਈ। ਗੁਰੂ ਜੀ ਨੇ ਇਸ ਬਾਰੇ ਲਿਖਿਆ:

ਫਤੇ ਸ਼ਾਹ ਕੋਪਾ ਤਬਿ ਰਾਜਾ॥

ਲੋਹ ਪਰਾ ਹਮ ਸੋ ਬਿਨੁ ਕਾਜਾ॥

ਭੰਗਾਣੀ ਦੀ ਜੰਗ ਵਿਚ ਹਾਰ ਖਾਣ ਪਿੱਛੋਂ ਗੁਰੂ ਜੀ ਨਾਲ ਸੁਲਹ ਵੀ ਕਰ ਲਈ। ਗੁਰੂ ਘਰ ਦਾ ਬਿਰਦ, "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" ਅਨੁਸਾਰ, ਗੁਰੂ ਜੀ ਨੇ ਖੁਲ੍ਹੇ ਦਿਲ ਨਾਲ ਉਹਨਾਂ ਦਾ ਸਵਾਗਤ ਕੀਤਾ, ਤੇ, "ਪਿਛਲੇ ਅਉਗੁਣ ਬਖਸਿ ਲਏ ਪ੍ਰਭੁ" ਦੇ ਉਪਦੇਸ਼ ਅਨੁਸਾਰ ਉਹਨਾਂ ਦੀਆਂ ਪਿਛਲੀਆਂ ਭੁੱਲਾਂ ਨੂੰ ਭੁਲਾ ਦਿੱਤਾ।

ਸਤਿਗੁਰੂ ਜੀ ਨੇ ਉਹਨਾਂ ਨੂੰ ਕਿਹਾ ਕਿ ਉਹ ਮੁਗ਼ਲ ਹਕੂਮਤ ਨੂੰ, ਗ਼ੁਲਾਮੀ ਦਾ ਚਿੰਨ੍ਹ, ਟੈਕਸ ਦੇਣਾ ਬੰਦ ਕਰਨ। ਨਤੀਜੇ ਵਜੋਂ ਜੰਮੂ ਦੇ ਹਾਕਮ ਵੱਲੋਂ ਆਈ ਸੈਨਾ ਦੇ ਟਾਕਰੇ ਲਈ, ਪਹਾੜੀਆਂ ਦੀ ਬੇਨਤੀ ਮੰਨ ਕੇ ਤੇ ਇਸ ਨੂੰ ਕੌਮੀ ਯੁੱਧ ਸਮਝ ਕੇ, ਗੁਰੂ ਜੀ ਇਸ ਵਿਚ ਸ਼ਾਮਲ ਹੋਏ। ਗੁਰੂ ਜੀ ਦੀ ਸਹਾਇਤਾ ਨਾਲ ਰਾਜਿਆਂ ਨੂੰ ਜਿੱਤ ਪ੍ਰਾਪਤ ਹੋਈ। ਭਰਾ ਮਾਰੂ ਰਾਜੇ ਕ੍ਰਿਪਾਲ ਚੰਦ ਕਟੋਚੀਏ ਨੂੰ ਭਰਾਵਾਂ ਨਾਲ ਗ਼ਦਾਰੀ ਦੀ ਸਜ਼ਾ ਮਿਲੀ ਤੇ ਉਸ ਦੀ ਇਸ ਜੰਗ ਵਿਚ ਮੌਤ ਹੋ ਗਈ। ਗੁਰੂ ਜੀ ਨੇ ਫ਼ਰਮਾਇਆ:

ਤਵੰ ਕੀਟ ਤੌ ਲੌ ਤੁਫੰਗੰ ਸੰਭਾਰੋ॥
ਹ੍ਰਿਦੈ ਏਕ ਰਾਵੰਤ ਕੇ ਤੱਕਿ ਮਾਰੋ॥
ਗਿਰਿਓ ਝੂਮ ਭੂ ਮੈ ਕਰਿਯੋ ਜੁਧ ਸੁੱਧੰ॥
ਤਊ ਮਾਰਿ ਬੋਲਿਯੋ ਮਹਾ ਮਾਨਿ ਕ੍ਰੁੱਧੰ॥

ਪਹਾੜੀ ਰਾਜੇ ਫੇਰ ਵੀ ਸਿੱਧੇ ਰਾਹ 'ਤੇ ਨਾ ਆਏ। ਭੀਮ ਚੰਦ ਕਹਿਲੂਰੀਆ ਲਾਲਚ ਦੇ ਕੇ ਪਹਿਲਾਂ ਸਰਹੰਦੀਏ ਵਜ਼ੀਰ ਖ਼ਾਂ ਨੂੰ ਗੁਰੂ ਜੀ 'ਤੇ ਚੜ੍ਹਾ ਲਿਆਇਆ। ਜਦੋਂ ਫੇਰ ਵੀ ਕੁਝ ਨਾ ਬਣਿਆ ਤਾਂ ਔਰੰਗਜ਼ੇਬ ਦੇ ਦਰਬਾਰ ਵਿਚ ਜਾ ਫ਼ਰਿਆਦੀ ਹੋਏ।

ਮੁਕਦੀ ਗੱਲ ਕਿ ਭੰਗਾਣੀ ਦੇ ਯੁੱਧ ਤੋਂ ਲੈ ਕੇ ਮੁਕਤਸਰ ਦੀ ਜੰਗ ਤੱਕ, ਪਹਾੜੀ ਰਾਜਿਆਂ ਦਾ ਨਾ ਕੇਵਲ ਹਰੇਕ ਸਮੇ ਜੰਗ ਵਿਚ ਹੱਥ ਹੀ ਰਿਹਾ ਸਗੋਂ ਇਹ ਗੁਰੂ ਜੀ ਨਾਲ ਮੋਹਰੀ ਹੋ ਕੇ ਲੜਦੇ ਰਹੇ। ਮੁਸਲਮਾਨ ਹਾਕਮ ਤਾਂ ਇਹਨਾਂ ਦੀਆਂ ਫ਼ਰਿਆਦਾਂ ਕਰਕੇ ਹੀ ਲੜਾਈ ਵਿਚ ਸ਼ਾਮਲ ਹੋਏ ਸਨ।

ਦੂਜੇ ਬੰਨੇ ਜਦੋਂ ਅਸੀਂ ਗੁਰੂ ਜੀ ਦੇ ਹਿਮਾਇਤੀ ਮੁਸਲਮਾਨਾਂ ਵੱਲ ਝਾਤੀ ਮਾਰਦੇ ਹਾਂ ਤਾਂ ਉਹ ਵੀ ਸਚਾਈ ਨੂੰ ਸਮਝਣ ਵਾਲੇ ਬੇਅੰਤ ਨਜ਼ਰਾਂ ਅੱਗੇ ਆ ਜਾਂਦੇ ਹਨ।

ਬਚਪਨ ਵਿਚ ਜਿਥੇ ਆਪ ਜੀ ਨੂੰ ਪੰਡਿਤ ਸ਼ਿਵ ਦਿਆਲ, ਰਾਣੀ ਫ਼ਤਿਹ ਚੰਦ ਮੈਣੀ ਵਰਗਿਆਂ ਨੇ ਸ਼ਰਧਾ ਦੀ ਨਿਗਾਹ ਨਾਲ ਵੇਖਿਆ, ਓਥੇ ਪੀਰ ਭੀਖਣ ਸ਼ਾਹ, ਪੀਰ ਆਰਫ਼ ਖ਼ਾਨ ਵਰਗੇ ਪੁੱਜੇ ਹੋਏ ਫ਼ਕੀਰ ਵੀ ਆਪ ਦੀ ਵਡਿਆਈ ਜਾਣ ਕੇ ਆਪ ਨੂੰ ਸਿਜਦਾ ਕਰਦੇ ਸਨ।

ਪਹਾੜੀ ਰਾਜਿਆਂ ਨਾਲ ਭੰਗਾਣੀ ਦੇ ਯੁੱਧ ਸਮੇ ਜਿਥੇ ਚਾਰ ਸੌ ਗ਼ੱਦਾਰ ਪਠਾਣ, ਵਿਰੋਧੀ ਧਿਰ ਨਾਲ ਜਾ ਰਲੇ ਸਨ, ਓਥੇ ਗੁਰੂ ਜੀ ਵੱਲ ਇਕ ਸੌ ਵਫ਼ਾਦਾਰ ਪਠਾਣ ਅਤੇ ਪੀਰ ਬੁੱਧੂ ਸ਼ਾਹ ਨੇ, ਸੱਤ ਸੌ ਆਪਣੇ ਮੁਰੀਦਾਂ ਅਤੇ ਚਾਰ ਪੁੱਤਰਾਂ ਸਮੇਤ, ਇਸ ਧਰਮ ਯੁੱਧ ਵਿਚ ਆਹੂਤੀ ਪਾਈ।

ਪਾਉਂਟਿਉਂ ਵਾਪਸੀ ਦੌਰਾਨ ਢਕੌਲੀ ਦੇ ਪਠਾਣਾਂ ਦਾ ਸੇਵਾ ਕਰਨਾ ਤੇ ਕੋਟਲੇ ਦੇ ਪਠਾਣਾਂ ਦਾ ਭੇਟਾ ਲੈ ਕੇ ਹਾਜ਼ਰ ਹੋਣਾ ਵੀ ਇਸ ਗੱਲ ਦਾ ਸੂਚਕ ਹੈ ਕਿ ਆਪ ਮੁਸਲਮਾਨਾਂ ਲਈ ਵੀ ਓਨੇ ਹੀ ਪੂਜ ਸਨ ਜਿੰਨੇ ਕਿ ਕਿਸੇ ਹੋਰ ਲਈ।

੧੭੦੪ ਵਿਚ ਅਨੰਦਪੁਰ ਦੀ ਜੰਗ ਦੌਰਾਨ ਗੁਰੂ ਜੀ ਦੇ ਇਕ ਮੁਸਲਮਾਨ ਨੌਕਰ, ਮਾਮੂ ਖ਼ਾਂ, ਹੱਥੋਂ ਆਕਰਮਣਕਾਰੀ ਜਸਵਾਲੀਏ ਰਾਜੇ ਦੀ ਮੌਤ ਵੀ ਏਹੋ ਦੱਸਦੀ ਹੈ ਕਿ ਗੁਰੂ ਜੀ ਵੱਲ ਸਦਾ ਹੀ ਮੁਸਲਮਾਨ ਰਹੇ। ਗੁਰੂ ਜੀ ਦੇ ਫ਼ਾਰਸੀ ਦੇ ਉਸਤਾਦ, ਕਾਜ਼ੀ ਪੀਰ ਮੁਹੰਮਦ ਨੇ, ਗੁਰੂ ਜੀ ਨੂੰ ਸ਼ਾਹੀ ਫ਼ੌਜ ਦੇ ਘੇਰੇ ਵਿਚੋਂ, ਆਪਣੇ ਪ੍ਰਭਾਵ ਤੇ ਸਿਆਣਪ ਨਾਲ, ਨਿਕਲਣ ਵਿਚ ਮਦਦ ਕੀਤੀ ਸੀ। ਇਹ ਮਹਾਨ ਘਟਨਾ ਵੀ ਇਹ ਦਰਸਾਉਂਦੀ ਹੈ ਕਿ ਮੁਸਲਮਾਨਾਂ ਉਪਰ ਆਪ ਜੀ ਦੀ ਵਡੱਤਣ ਦਾ ਪ੍ਰਭਾਵ ਸੀ। ਦੋ ਪਠਾਣ ਭਰਾਵਾਂ, ਗ਼ਨੀ ਖ਼ਾਂ ਤੇ ਨਬੀ ਖ਼ਾਂ, ਦੀ ਕੀਤੀ ਹੋਈ ਸਾਹਸਪੂਰਣ ਸੇਵਾ ਨੂੰ ਕੌਣ ਅੱਖੋਂ ਪ੍ਰੋਖੇ ਕਰ ਸਕਦਾ ਹੈ? ਗੁਰੂ ਜੀ ਵੱਲੋਂ ਉਹਨਾਂ ਨੂੰ 'ਪੁੱਤਰਾਂ ਤੋਂ ਪਿਆਰੇ' ਲਿਖ ਕੇ ਹੁਕਮਨਾਮੇ ਦੀ ਬਖ਼ਸ਼ਿਸ਼ ਕਰਨ ਦਾ ਵਾਕਿਆ ਵੀ ਇਤਿਹਾਸ ਵਿਚ ਉਘੀ ਥਾਂ ਰੱਖਦਾ ਹੈ।

ਪਹਾੜੀਆਂ ਦਾ ਮੁਖੀ, ਰਾਜਾ ਭੀਮ ਚੰਦ ਕਹਿਲੂਰੀਆ ਕੁਰੂਕਸ਼ੇਤਰ ਤੋਂ ਵਾਪਸੀ 'ਤੇ ਸਯਾਦ ਖ਼ਾਂ ਦੀ ਦਸ ਹਜ਼ਾਰ ਫ਼ੌਜ ਨੂੰ, ਦੋ ਹਜ਼ਾਰ ਰੋਜ਼ਾਨਾ ਦੇਣਾ ਕਰ ਕੇ, ਗੁਰੂ ਜੀ 'ਤੇ ਚੜ੍ਹਾ ਲਿਆਇਆ ਪਰ ਸਯਾਦ ਖ਼ਾਂ ਹਥਿਆਰ ਸੁੱਟ ਕੇ, ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਇਸ ਰਾਜੇ ਭੀਮ ਚੰਦ ਦੇ ਦਾਦੇ ਤਾਰਾ ਚੰਦ ਨੂੰ, ਦਸਮੇਸ਼ ਜੀ ਦੇ ਦਾਦੇ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ, ਗਵਾਲੀਅਰ ਦੇ ਕਿਲ੍ਹੇ ਦੀ ਕੈਦ ਵਿਚੋਂ ਛੁਡਵਾ ਕੇ ਲਿਆਂਦਾ ਸੀ ਪ੍ਰੰਤੂ ਇਹ ਅਖ਼ੀਰ ਤੱਕ ਗੁਰੂ ਜੀ ਦੀ ਵਿਰੋਧੀ ਮੁਹਿੰਮ ਦਾ ਆਗੂ ਹੀ ਰਿਹਾ।

ਰਾਇ ਕਲ੍ਹੇ ਨੇ ਵੀ ਹਕੂਮਤ ਤੋਂ ਬੇਖ਼ੌਫ਼ ਹੋ ਕੇ, ਤਨਦੇਹੀ ਨਾਲ ਗੁਰੂ ਜੀ ਦੀ ਸੇਵਾ ਕੀਤੀ। ਅਜਿਹੀ ਭੀੜ ਦੇ ਸਮੇ, ਜਦੋਂ ਕਿ ਕੁਝ ਸਿੱਖ ਵੀ ਤਨਖ਼ਾਹ ਲਏ ਬਿਨਾ ਗੁਰੂ ਜੀ ਨੂੰ ਅੱਗੇ ਨਾ ਤੁਰਨ ਤੋਂ ਰੋਕ ਖੜ੍ਹੇ ਸਨ ਪਰ ਉਸ ਸਮੇ ਫ਼ਕੀਰ ਬ੍ਰਹਮੀ ਸ਼ਾਹ ਦਾ ਅਜਮੇਰ ਸਿੰਘ ਸਜਣਾ; ਗੰਗੂ ਰਸੋਈਏ ਦਾ ਛੋਟੇ ਸਾਹਿਬਜ਼ਾਦਿਆਂ ਨਾਲ ਵਿਸਾਹਘਾਤ ਕਰਨਾ ਪਰ ਮਲੇਰ ਕੋਟਲੀਏ ਸ਼ੇਰ ਮੁਹੰਮਦ ਖ਼ਾਂ ਦਾ, ਸਾਹਿਬਜ਼ਾਦਿਆਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਨਾ; ਪਰ ਸੁੱਚਾ ਨੰਦ ਦਾ:

ਇਹ ਨਾਗਨ ਕੇ ਬੱਚੇ ਛੋਟੇ॥
ਨਖ ਸਿਖ ਜ਼ਹਿਰ ਭਰੇ ਅਤਿ ਖੋਟੇ॥

ਆਖ ਕੇ ਸ਼ਹੀਦ ਕਰਨ ਲਈ ਵਜ਼ੀਰ ਖ਼ਾਂ ਨੂੰ ਤੁੱਖਣਾ ਦੇਣ ਵਾਲਾ ਵਾਕਿਆ, ਸਦਾ ਲਈ ਇਤਿਹਾਸਕ ਗਵਾਹੀ ਬਣਿਆ ਰਹੇਗਾ।

ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਪੁੱਤਰਾਂ ਵਿਚਕਾਰ, ਤਖ਼ਤ ਪ੍ਰਾਪਤੀ ਲਈ ਹੋਈ ਖ਼ਾਨਾਜੰਗੀ ਵਿਚ, ਬਹਾਦਰ ਸ਼ਾਹ ਦੀ ਬੇਨਤੀ ਮੰਨ ਕੇ, ਉਸ ਨੂੰ ਦੂਜਿਆਂ ਨਾਲੋਂ ਵਧ ਯੋਗ ਜਾਣ ਕੇ, ਭਾਈ ਧਰਮ ਸਿੰਘ ਜੀ ਦੀ ਜਥੇਦਾਰੀ ਵਿਚ ਸਹਾਇਤਾ ਭੇਜਣੀ ਵੀ ਇਹ ਸਿੱਧ ਕਰਦੀ ਹੈ ਕਿ ਗੁਰੂ ਜੀ ਦੀ ਸ਼ਾਹੀ ਘਰਾਣੇ ਨਾਲ ਵੀ ਕੋਈ ਮੁਤੱਅਸਬਾਨਾ ਨੀਤੀ ਨਹੀਂ ਸੀ।

ਗੁਰੂ ਜੀ ਦੇ ਬਵੰਜਾ ਕਵੀਆਂ ਵਿਚ ਹੁਸੈਨ ਅਲੀ ਤੇ ਜਮਾਲ ਵਰਗੇ ਕਵੀਆਂ ਦੀ ਹੋਂਦ ਵੀ ਦਰਸਾਉਂਦੀ ਹੈ ਕਿ ਹਿੰਦੂ ਤੇ ਸਿੱਖ ਕਵੀਆਂ ਵਾਂਗ ਹੀ ਮੁਸਲਮਾਨ ਕਵੀਆਂ ਦਾ ਵੀ, ਗੁਰੂ ਦਰਬਾਰ ਵਿਚ ਬਰਾਬਰ ਦਾ ਸਤਿਕਾਰ ਸੀ।

ਜਦੋਂ ਬਹਾਦਰ ਸ਼ਾਹ ਨੂੰ ਦਿੱਤੀ ਗਈ ਦੋਸ਼ੀਆਂ ਦੀ ਸੂਚੀ ’ਤੇ ਝਾਤ ਪਾਈਏ ਤਾਂ ਸਾਫ਼ ਹੀ ਗੁਰੂ ਜੀ ਦੀ ਧਰਮ ਨਿਰਪੇਖਤਾ ਦਿੱਸਦੀ ਹੈ। ਜਿਥੇ ਉਹਨਾਂ ਨੇ ਵਜ਼ੀਰ ਖ਼ਾਂ ਸਰਹੰਦੀਆ, ਜਾਨੀ ਖ਼ਾਂ ਤੇ ਮਾਨੀ ਖ਼ਾਂ ਮੁਰਿੰਡੀਏ, ਨਾਇਬ ਜਲੰਧਰੀ, ਨਿਜ਼ਾਮ ਦੀਨ ਲਾਹੌਰੀਆ, ਨਵਾਬ ਮੁਕੱਰਮ ਖ਼ਾਂ ਰੋਪੜੀਆ, ਜ਼ਾਲਮ ਖ਼ਾਂ ਤੇ ਫ਼ਤਿਹ ਖ਼ਾਂ ਕਸੂਰੀਏ, ਸ਼ਮਸ ਖ਼ਾਂ ਬਿਜਵਾੜੀਆ, ਜਮਾਲ ਖ਼ਾਂ ਹਲਵਾੜੀਆ; ਮੁਸਲਮਾਨ ਜ਼ਾਲਮਾਂ ਨੂੰ ਸਜ਼ਾ ਦੇਣ ਲਈ, ਹਵਾਲੇ ਕਰਨ ਦੀ ਮੰਗ ਰੱਖੀ, ਓਥੇ ਨਾਲ ਹੀ ਚੌਧਰੀ ਕਰਮ ਚੰਦ ਫ਼ਗਵਾੜੀਆ, ਰਾਜਾ ਅਜਮੇਰ ਚੰਦ ਕਹਿਲੂਰੀਆ, ਰਾਜਾ ਰਾਮ ਸਰਨ ਹੰਡੂਰੀਆ, ਗੰਗਾ ਰਾਮ ਦੁਖੇੜੀਆ, ਸੁੱਚਾ ਨੰਦ ਦੀਵਾਨ ਸਰਹੰਦੀਆ ਦਾ ਗੁਨਾਹ ਇਸ ਲਈ ਮੁਆਫ਼ ਨਹੀਂ ਕਰ ਦਿੱਤਾ ਕਿ ਉਹ ਹਿੰਦੂ ਸਨ। ਬਹਾਦਰ ਸ਼ਾਹ ਦੇ ਵਾਇਦੇ ਤੋਂ ਫਿਰ ਜਾਣ ’ਤੇ ਆਪਣੇ ਪੈਰੋਕਾਰਾਂ ਪਾਸੋਂ, ਉਹਨਾਂ ਦੋਸ਼ੀਆਂ ਨੂੰ ਦਿਵਾਈ ਸਜ਼ਾ ਨੂੰ ਇਤਿਹਾਸ ਯਾਦ ਰੱਖੇਗਾ। ਇਸ ਪੱਖ ਨੂੰ ਇਕ ਲੋਕੋਕਤੀ ਵੀ ਪਰਗਟ ਕਰਦੀ ਹੈ, “ਮੰਦੀ ਕੰਮੀ ਨਾਨਕਾ ਜਦ ਕਦ ਮੰਦਾ ਹੋਇ।”

ਭਰਾ ਮਾਰੂ ਜੰਗ ਜਿੱਤਣ ਉਪ੍ਰੰਤ ਤਖ਼ਤ ਦਾ ਵਾਰਸ ਬਣਨ ਪਿੱਛੋਂ, ਬਹਾਦਰ ਸ਼ਾਹ ਦੀ ਦਰਸ਼ਨਾਂ ਹਿਤ ਕੀਤੀ ਗਈ ਬੇਨਤੀ ਨੂੰ ਮੰਨ ਕੇ, ਆਗਰੇ ਦੇ ਕਿਲ੍ਹੇ ਵਿਚ ਸਜੇ ਬਾਦਸ਼ਾਹੀ ਦਰਬਾਰ ਵਿਚ, ਸ਼ਾਹੀ ਸ਼ਾਨੋ ਸ਼ੌਕਤ ਸਹਿਤ ਗੁਰੂ ਜੀ ਨੇ ਪ੍ਰਵੇਸ਼ ਕੀਤਾ ਤਾਂ ਬਹਾਦਰ ਸ਼ਾਹ ਨੇ ਸਤਿਕਾਰ ਸਹਿਤ ਗੁਰੂ ਜੀ ਦਾ ਆਦਰ ਕਰ ਕੇ, ਉਚੇਚੇ ਬਣਾਏ ਗਏ ਆਸਣ ਉਪਰ ਬਿਰਾਜਮਾਨ ਕਰਵਾਇਆ। ਅਜਿਹਾ, ਉਹਨਾਂ ਦੀ ਸਮਝ ਅਨੁਸਾਰ, ਇਕ ਕਾਫ਼ਰ ਦਾ ਹੁੰਦਾ ਮਾਣ ਵੇਖ ਕੇ, ਕੱਟੜ ਮੁਲਾਣੇ ਬਰਦਾਸ਼ਤ ਨਾ ਕਰ ਸਕੇ। ਉਸ ਸਮੇ ਉਹਨਾਂ ਅਤੇ ਗੁਰੂ ਜੀ ਦਰਮਿਆਨ ਹੋਏ ਵਾਰਤਾਲਾਪ ਵਿਚੋਂ ਇਕ ਇਉਂ ਵੀ ਹੈ:

“ਮਜ਼ਹਬ ਤੁਮਾਰਾ ਖ਼ੂਬ ਕਿ ਹਮਾਰਾ ਖ਼ੂਬ?” ਇਕ ਮੁਤਅੱਸਬੀ ਮੁਲਾਣੇ ਨੇ ਪੁੱਛਿਆ। ਇਸ ਦਾ ਉਤਰ:

“ਤੁਮ ਕੋ ਤੁਮਾਰਾ ਖ਼ੂਬ, ਹਮ ਕੋ ਹਮਾਰਾ ਖ਼ੂਬ,” ਆਖ ਕੇ ਕਲਗ਼ੀਧਰ ਪਾਤਿਸ਼ਾਹ ਜੀ ਨੇ ਦਿੱਤਾ।

ਸੋ ਉਹਨਾਂ ਦੇ ਜੀਵਨ-ਅਮਲਾਂ ਦਾ ਦੀਰਘ ਅਵਲੋਕਨ ਕੀਤਿਆਂ ਪਤਾ ਲੱਗਦਾ ਹੈ ਕਿ ਉਹ ਹਿੰਦੂ, ਮੁਸਲਮ ਵਿਤਕਰੇ ਤੋਂ ਸਦਾ ਹੀ ਉਚੇ ਰਹੇ ਅਤੇ ਕਦੀ ਵੀ ਕਿਸੇ ਨਾਲ ਮਜ਼ਹਬੀ ਪੱਖ ਤੋਂ ਵਿਤਕਰਾ ਨਹੀਂ ਕੀਤਾ। ਉਹ ਤਾਂ ਸਗੋਂ ਸਾਰੇ ਮਨੁੱਖਾਂ ਵਿਚ ਇਕੋ ਹੀ ਰੱਬੀ ਜੋਤਿ ਅਨੁਭਵ ਕਰਦੇ ਸਨ। ਉਹਨਾਂ ਦੀ ਆਪਣੀ ਕਲਮ ਦੀ ਆਵਾਜ਼ ਸੁਣੋ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ

ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥

# ਕਥਾ ਕੀਰਤਨੁ ਸੁਖਦਾਈ

ਇਕ ਦਿਨ ਦੀਵਾਨ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ ਇਕ ਪ੍ਰੇਮੀ ਸਿੱਖ ਨੇ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ! ਮੈਂ ਨਿੱਤ ਇਸ਼ਨਾਨ ਪਿੱਛੋਂ, ਕੀਰਤਨ ਤੋਂ ਪਹਿਲਾਂ, ਸੁਖਮਨੀ ਸਾਹਿਬ ਦਾ ਪਾਠ ਪੂਰਾ ਕਰਦਾ ਹਾਂ। ਫੇਰ ਮਨ ਲਾ ਕੇ ਕੀਰਤਨ ਸੁਣਦਾ ਹਾਂ। ਇਕ ਦਿਨ ਪਾਠ ਦੀ ਇਕੋ ਹੀ ਅਸ਼ਟਪਦੀ ਪੜ੍ਹਨ ਵਾਲੀ ਰਹਿੰਦੀ ਸੀ ਕਿ ਰਾਗੀ ਸਿੰਘ ਆ ਗਏ। ਉਹਨਾਂ ਆਉਂਦਿਆਂ ਹੀ ਆਪਣੇ ਸਾਜ਼ ਸੁਰ ਕਰਨੇ ਆਰੰਭ ਦਿੱਤੇ। ਮੈਂ ਬਥੇਰਾ ਆਖਿਆ ਕਿ ਮੈਨੂੰ ਪਾਠ ਪੂਰਾ ਕਰ ਲੈਣ ਦਿਓ ਪਰ ਮੇਰੀ ਉਹਨਾਂ ਨੇ ਇਕ ਨਹੀਂ ਸੁਣੀ ਤੇ ਰਾਗ ਆਲਾਪਣਾ ਆਰੰਭ ਕਰ ਦਿੱਤਾ। ਮੈਂ ਕਿਹਾ ਕਿ ਮੈਂ ਗੁਰੂ ਸਾਹਿਬ ਜੀ ਪਾਸੋਂ ਤੁਹਾਨੂੰ ਤਨਖ਼ਾਹ ਲਵਾਵਾਂਗਾ ਪਰ ਇਹਨਾਂ ਨੇ ਕੋਈ ਪਰਵਾਹ ਨਹੀਂ ਕੀਤੀ ਤੇ ਮੇਰਾ ਪਾਠ ਵਿਚੇ ਖੰਡਣ ਕਰ ਦਿੱਤਾ। ਸੱਚੇ ਪਾਤਿਸ਼ਾਹ, ਇਹ ਮੇਰੀ ਬੇਨਤੀ ਹੈ ਆਪ ਜੀ ਦੇ ਚਰਨਾਂ ਵਿਚ; ਮੇਰਾ ਨਿਆਂ ਕਰੋ।"

ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਸੁਜਾਨ ਸਿੱਖਾ, ਇਸ ਵਿਚ ਰਾਗੀਆਂ ਦਾ ਕੋਈ ਕਸੂਰ ਨਹੀਂ। ਇਹਨਾਂ ਨੂੰ ਕਿਸ ਦੋਸ਼ ਦੀ ਤਨਖ਼ਾਹ ਲਗਾਈ ਜਾਵੇ! ਇਹਨਾਂ ਨੇ ਤਾਂ ਸੰਗਤਾਂ ਨੂੰ ਗੁਰਬਾਣੀ ਗਾ ਕੇ ਸੁਣਾਈ ਹੈ। ਤਨਖ਼ਾਹੀਆ ਤਾਂ ਉਹ ਵਿਅਕਤੀ ਬਣਦਾ ਹੈ ਜੋ ਹਰਿ ਦੇ ਜਸ ਹੁੰਦੇ ਦੌਰਾਨ ਸੰਸਾਰੀ ਗੱਲ ਚਲਾ ਦੇਵੇ। ਤੂੰ ਸਿੱਖਾ, ਸੰਗਤਾਂ ਨੂੰ ਪਾਠ ਸੁਣਾ ਕੇ ਮਾਨੋ ਚਬੀਣੀ ਚਬਵਾ ਰਿਹਾ ਸੀ ਜਿਸ ਨਾਲ ਥੋਹੜੀ ਤ੍ਰਿਪਤੀ ਹੁੰਦੀ ਹੈ। ਰਾਗੀਆਂ ਨੇ ਆਣ ਕੇ ਪ੍ਰਸ਼ਾਦ ਛਕਾਉਣਾ ਆਰੰਭ ਦਿੱਤਾ। ਵੱਡੇ ਭਾਗਾਂ ਵਾਲੇ ਪ੍ਰਸ਼ਾਦ ਦੇ ਗੱਫਿਆਂ ਨਾਲ ਰੱਜੇ। ਕਲਜੁਗ ਵਿਚ ਕੀਰਤਨ ਆਧਾਰ ਹੈ। ਸ਼ਰਧਾ ਨਾਲ ਜੋ ਕੀਰਤਨ ਕਰਦੇ ਹਨ ਉਹਨਾਂ ਦੀ ਗੁਰੂ ਨਾਲ ਬਣ ਆਉਂਦੀ ਹੈ। ਉਹਨਾਂ ਨੂੰ ਦੋਹਾਂ ਲੋਕਾਂ ਦੇ ਸੁਖ ਪ੍ਰਾਪਤ ਹੁੰਦੇ ਹਨ। ਵਿਕਾਰ ਨੂੰ ਤਿਆਗ ਕੇ ਜੋ ਗੁਰੂ ਦਾ ਸ਼ਬਦ ਗਾਉਂਦੇ ਹਨ, ਉਹਨਾਂ ਦੇ ਬੰਧਨ ਗੁਰੂ ਦੀ ਕਿਰਪਾ ਨਾਲ ਟੁੱਟ ਜਾਂਦੇ ਹਨ। ਜੋ ਪ੍ਰੇਮ ਨਾਲ ਸੁਣਦੇ ਹਨ, ਉਹਨਾਂ ਦਾ ਵੀ ਜਨਮ ਮਰਨ ਕਟਿਆ ਜਾਂਦਾ ਹੈ। ਸੁਖ ਸਹਿਤ ਅਟੱਲ ਪਦਵੀ ਪ੍ਰਾਪਤ ਹੁੰਦੀ ਹੈ।

ਕਥਾ ਬਾਰੇ ਗੁਰੂ ਜੀ ਨੇ ਕਿਹਾ, "ਸ਼ਬਦ ਦੇ ਸੱਚੇ ਅਰਥ ਕਰ ਕੇ ਦੱਸਣ ਵਾਲਾ ਕਥਾਕਾਰ, ਮਿੱਠਾ ਤੇ ਥੰਧਾ ਸਵਾਦੀ ਪਕਵਾਨ ਕਥਾ ਦੇ ਰੂਪ ਵਿਚ ਸੰਗਤਾਂ ਨੂੰ ਛਕਾਉਂਦਾ ਹੈ। ਕਰਨ ਤੇ ਸੁਣਨ ਵਾਲਾ ਦੋਵੇਂ ਹੀ ਪਰਮ ਗਤੀ ਨੂੰ ਪ੍ਰਾਪਤ ਹੁੰਦੇ ਹਨ, ਅੰਤ ਸਮੇ ਗੁਰੂ ਦੇ ਰੂਪ ਵਿਚ ਹੀ ਸਮਾ ਜਾਂਦੇ ਹਨ। ਇਸ ਤਰ੍ਹਾਂ ਸ਼ਬਦ ਦੇ ਅਰਥ ਨੂੰ ਸਮਝੋ ਤੇ ਫਲ 'ਤੇ ਦ੍ਰਿਸ਼ਟੀ ਰੱਖੋ। ਗੁਰੂ ਦੀ ਸ਼ਰਨੀ ਆਉਣ ਵਾਲੀ ਸਭ ਸੰਗਤ ਨਿਸਚੇ ਹੀ ਤਰ ਜਾਂਦੀ ਹੈ। ਏਥੇ ਭੁਗਤ ਤੇ ਅੱਗੇ ਮੁਕਤਿ ਪ੍ਰਾਪਤ ਹੁੰਦੀ ਹੈ।" ਦਇਆ ਦੇ ਸਮੁੰਦਰ ਸਤਿਗੁਰੂ ਜੀ ਇਉਂ ਕਹਿ ਕੇ ਚੁੱਪ ਹੋ ਗਏ।

ਸਿੱਖ ਗੁਰਬਾਣੀ ਦੇ ਪਾਠ, ਕਥਾ ਤੇ ਕੀਰਤਨ ਦੇ ਕਰਨ ਤੇ ਸੁਣਨ ਦਾ ਮਹਾਤਮ, ਗੁਰੂ ਜੀ ਦੇ ਮੁਖਾਰਬਿੰਦ ਤੋਂ ਸੁਣ ਕੇ ਨਿਹਾਲ ਹੁੰਦੇ ਹੋਏ, ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਖ਼ੁਸ਼ ਹੁੰਦੇ ਹਨ ਤੇ ਚਰਨਾਂ 'ਤੇ ਬੰਦਨਾ ਕਰਦੇ ਹਨ।

*(ਉਪ੍ਰੋਕਤ ਵਾਰਤਾ, ਸੂਰਜ ਪ੍ਰਕਾਸ਼, ਪੰਨਾ ੫੧੧੭, ਰਿਤੁ ੩, ਅੰਸੂ ੩੪, ਉਪਰ ਆਧਾਰਤ ਹੈ।)*

ਭਾਈ ਮਨੀ ਸਿੰਘ ਜੀ ਨੇ ਵੀ ਇਕ ਵਾਰ ਜਗਿਆਸੂ ਸਿੱਖਾਂ ਦੇ ਪ੍ਰਸ਼ਨ ਦਾ ਉਤਰ ਦਿੰਦੇ ਹੋਏ ਦੱਸਿਆ ਸੀ, "ਇਉਂ ਸਮਝੋ ਗੁਰੂ ਦੇ ਸਿੱਖੋ ਕਿ ਕਥਾ ਮਾਤਾ ਸਮਾਨ ਹੈ ਤੇ ਕੀਰਤਨ ਪੁੱਤਰ ਸਮਾਨ। ਜਿਸ ਤਰ੍ਹਾਂ ਮਾਤਾ ਪੁੱਤਰਾਂ ਕਰਕੇ ਸੋਭਦੀ ਹੈ, ਏਸੇ ਤਰ੍ਹਾਂ ਕਥਾ ਕੀਰਤਨ ਨਾਲ ਸੋਭਾ ਪਾਉਂਦੀ ਹੈ।" ਅਗਲੇ ਪ੍ਰਸ਼ਨ ਕਿ ਪਿਤਾ ਕੌਣ ਹੋਇਆ ਦਾ ਉਤਰ ਭਾਈ ਸਾਹਿਬ ਜੀ ਨੇ ਦਿੰਦਿਆਂ ਦੱਸਿਆ ਕਿ ਕਥਾ ਦਾ ਭਰਤਾ ਪ੍ਰੇਮ ਹੈ ਜੋ ਕਿ ਕੀਰਤਨ ਦਾ ਪਿਤਾ ਹੋਇਆ। ਜਿਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ, "ਕਲਜੁਗ ਮਹਿ ਕੀਰਤਨੁ ਪਰਧਾਨਾ॥" (੧੦੭੫) ਆਖ ਕੇ ਕੀਰਤਨ ਦੀ ਮਹਾਨਤਾ ਵਖਾਣੀ ਹੈ ਓਥੇ, "ਸਭ ਤੇ ਊਤਮ ਹਰਿ ਕੀ ਕਥਾ॥" (੨੬੫) ਵੀ ਪੰਚਮ ਪਾਤਿਸ਼ਾਹ ਦਾ ਹੀ ਫ਼ਰਮਾਨ ਹੈ। ਫੇਰ, "ਕਥਾ ਕੀਰਤਨੁ ਸੁਖਦਾਈ॥" (੬੧੬) ਆਖ ਕੇ ਦੋਨਾਂ ਦੀ ਮਹੱਤਤਾ ਦਾ ਵਰਨਣ ਕੀਤਾ ਹੈ।

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਵਿਚ ਵੀ ਅੰਕਤ ਹੈ ਕਿ ਗੁਰਦੁਆਰੇ ਵਿਚ ਗੁਰਬਾਣੀ ਦਾ ਪਾਠ, ਕੀਰਤਨ, ਕਥਾ ਤੇ ਧਾਰਮਿਕ ਵਿਖਿਆਨ ਹੋ ਸਕਦਾ ਹੈ। ਨਾਲ ਹੀ ਇਹ ਵੀ ਹਿਦਾਇਤ ਹੈ ਕਿ ਸੰਗਤ ਨੂੰ ਗੁਰਬਾਣੀ ਦਾ ਪਾਠ, ਕੀਰਤਨ ਤੇ ਕਥਾ ਕੇਵਲ ਸਿੱਖ ਹੀ ਸੁਣਾਵੇ; ਨਿਜ ਲਈ ਪਾਠ ਕੋਈ ਵੀ ਕਰ ਸਕਦਾ ਹੈ। ਕਥਾ ਬਾਰੇ ਇਹ ਵੀ ਦੱਸਿਆ ਹੈ ਕਿ ਕਥਾ ਦਾ ਉਦੇਸ਼ ਗੁਰਮਤਿ ਦ੍ਰਿੜ੍ਹਾਉਣਾ ਹੋਵੇ।

ਗੁਰਬਾਣੀ ਦਾ ਪਾਠ – ਕੋਈ ਸੱਜਣ ਸ਼ਰਧਾ ਸਹਿਤ ਸੁਚੇਤ ਹੋ ਕੇ ਗੁਰੂ ਸਾਹਿਬਾਂ ਦੀ ਬਾਣੀ ਦਾ ਪਾਠ ਕਰ ਸਕਦਾ ਹੈ। ਪਾਠ ਸ਼ੁੱਧ ਹਿਰਦੇ ਨਾਲ ਮਨ ਲਾ ਕੇ ਕਰਨਾ ਚਾਹੀਦਾ ਹੈ ਤੇ ਕਰਨ ਸਮੇ ਪਾਠ ਘਟ ਤੋਂ ਘਟ ਖ਼ੁਦ ਨੂੰ ਜ਼ਰੂਰ ਸੁਣਾਈ ਦੇਵੇ। ਜੇਕਰ ਇਕ ਜਾਂ ਇਕ ਤੋਂ ਵਧ ਸਰੋਤੇ ਪਾਸ ਹੋਣ ਤਾਂ ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਨੂੰ ਵੀ ਪਾਠ, ਉਹਨਾਂ ਦੇ ਸੁਣਨ ਯੋਗ ਉਚੀ ਆਵਾਜ਼ ਵਿਚ ਸਪੱਸ਼ਟ ਅਤੇ ਸ਼ੁੱਧ ਕਰਕੇ ਸੁਣਾਉਣਾ ਚਾਹੀਦਾ ਹੈ। ਗੁਰਬਾਣੀ ਦਾ ਪਾਠ ਵਿਅਕਤੀ ਇਕੱਲਾ ਵੀ ਕਰ ਸਕਦਾ ਹੈ ਤੇ ਦੂਸਰਿਆਂ ਨੂੰ ਸੁਣਾ ਕੇ ਵੀ ਕਰ ਸਕਦਾ ਹੈ।

ਗੁਰਬਾਣੀ ਦਾ ਕੀਰਤਨ – ਗੁਰਬਾਣੀ ਨੂੰ ਰਾਗ, ਸੁਰ, ਤਾਲ ਵਿਚ, ਸਾਜ਼ਾਂ ਦੀ ਸਹਾਇਤਾ ਨਾਲ ਗਾਉਣ ਨੂੰ ਕੀਰਤਨ ਆਖਦੇ ਹਨ। ਕੀਰਤਨ ਵੀ ਸਿੱਖ ਇਕੱਲਾ ਜਾਂ ਇਕ ਤੋਂ ਵਧ ਮਿਲ ਕੇ ਕਰ ਸਕਦੇ ਹਨ ਤੇ ਸੰਗਤਾਂ ਨੂੰ ਵੀ ਸੁਣਾ ਸਕਦੇ ਹਨ। ਜਿੰਨੇ ਸਰੋਤੇ ਵਧ ਹੋਣ ਓਨਾ ਵਧ ਉਤਸ਼ਾਹ ਅਤੇ ਲਾਭ ਹੈ।

ਗੁਰਬਾਣੀ ਦੀ ਕਥਾ – ਗੁਰਬਾਣੀ ਅਤੇ ਸਿੱਖ ਧਾਰਮਿਕ ਗ੍ਰੰਥਾਂ ਦੇ ਅਰਥ ਕਰ ਕੇ ਸੰਗਤ ਨੂੰ ਸੁਣਾਉਣ ਨੂੰ ਕਥਾ ਕਿਹਾ ਜਾਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਥਾ ਕਰਨ ਵਾਲੇ ਅਤੇ ਸੁਣਨ ਵਾਲਿਆਂ ਪ੍ਰਤੀ ਬੜਾ ਸੁੰਦਰ ਉਪਦੇਸ਼ ਵਿਸਥਾਰ ਸਹਿਤ ਦਿੱਤਾ ਹੈ; ਇਸ ਦਾ ਜ਼ਿਕਰ ਕਦੀ ਫੇਰ ਸਹੀ। ਪਾਠ ਅਤੇ ਕੀਰਤਨ ਵਾਂਗ ਕਥਾ ਇਕੱਲਾ ਹੀ ਕਰੇ, ਇਸ ਦੀ ਕੋਈ ਤੁਕ ਨਹੀਂ ਬਣਦੀ। ਇਸ ਵਾਸਤੇ ਸਰੋਤਿਆਂ ਦਾ ਹੋਣਾ ਜ਼ਰੂਰੀ ਹੈ। ਸ਼ਾਇਦ ਏਸੇ ਵਾਸਤੇ ਹੀ ਪ੍ਰੰਪਰਾ ਤੋਂ ਸਿੱਖ ਇਤਿਹਾਸਕ ਸਥਾਨਾਂ ਉਪਰ ਪਹਿਲਾਂ ਕੀਰਤਨ ਅਤੇ ਕੀਰਤਨ ਸੁਣਨ ਹਿਤ ਇਕੱਤਰ ਹੋਈ ਸੰਗਤ ਵਿਚ ਕਥਾ ਕਰਨ ਦੀ ਰੀਤ ਚਲੀ ਆ ਰਹੀ ਹੈ।

ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਥਾ ਦਾ ਉਦੇਸ਼ ਗੁਰਬਾਣੀ ਵਿਚ ਅੰਕਤ ਕਲਿਆਣਕਾਰੀ ਉਪਦੇਸ਼ ਨੂੰ ਸ੍ਰੋਤਿਆਂ ਦੀ ਸਮਝ ਵਿਚ ਆ ਸਕਣ ਵਾਲੀ ਸੁਖੈਨ ਬੋਲੀ ਵਿਚ ਅਰਥ ਕਰ ਕੇ ਸੁਣਾਉਣਾ ਹੁੰਦਾ ਹੈ। ਗੁਰੂ ਸਾਹਿਬਾਨ ਅਤੇ ਹੋਰ ਸੰਤਾਂ, ਭਗਤਾਂ, ਗੁਰਸਿੱਖਾਂ ਆਦਿ ਦੇ ਜੀਵਨ ਤੇ ਸਿਖਿਆਵਾਂ ਦੀਆਂ ਉਦਾਹਰਣਾਂ ਸਹਿਤ, ਸਾਖੀਆਂ ਸੁਣਾ ਕੇ ਗੁਰੂ ਬਚਨਾਂ ਦੇ ਭਾਵ ਨੂੰ ਹੋਰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਵਰਨਣ ਕੀਤਾ ਜਾ ਸਕਦਾ ਹੈ। ਗੁਰੂ ਜੀ ਦਾ ਬਚਨ ਹੈ, "ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ" ਅਰਥਾਤ ਸਾਧਾਰਣ ਸੰਸਾਰੀ ਜੀਵਾਂ ਨੂੰ ਸਾਖੀ ਦੁਆਰਾ ਸੁਖੈਨਤਾ ਸਹਿਤ ਸਿੱਖਿਆ ਸਮਝ ਆ ਸਕਦੀ ਹੈ। ਇਸ ਤਰ੍ਹਾਂ ਗੁਰਬਾਣੀ ਨੂੰ ਢੁਕਵੇਂ ਤਰੀਕੇ ਨਾਲ ਸੰਗਤਾਂ ਵਿਚ ਵਿਖਿਆਨਣਾ, ਜਿਸ ਨਾਲ ਸਰੋਤਿਆਂ ਦੇ ਹਿਰਦੇ ਤੱਕ ਗੁਰ ਉਪਦੇਸ਼ ਦਾ ਪ੍ਰਵੇਸ਼ ਹੋਵੇ, ਲਾਭਦਾਇਕ ਹੈ।

ਭਾਈ ਮਨੀ ਸਿੰਘ ਜੀ ਦੀ ਵਿਆਖਿਆ ਅਨੁਸਾਰ ਬਾਣੀ ਦਾ ਪਾਠ ਕਰਨਾ ਇਸ ਤਰ੍ਹਾਂ ਹੈ ਜਿਵੇਂ ਕੋਈ ਖੂਹ ਜੋ ਕੇ ਆਪਣੀ ਪੈਲੀ ਨੂੰ ਸਿੰਜ ਰਿਹਾ ਹੋਵੇ। ਕੀਰਤਨ ਕਰਨਾ ਇਉਂ ਹੈ ਜਿਵੇਂ ਮੋਹਲੇ ਧਾਰ ਮੀਂਹ ਨਾਲ ਜਲ ਥਲ ਹੋ ਰਿਹਾ ਹੋਵੇ। ਕਥਾ ਇਸ ਤਰ੍ਹਾਂ ਹੈ ਜਿਵੇਂ ਵਾਹੀ ਹੋਈ ਤਿਆਰ ਕੀਤੀ ਜ਼ਮੀਨ ਉਪਰ ਫੁਹਾਰ ਪੈ ਰਹੀ ਹੋਵੇ ਤੇ ਉਹ ਖੇਤ ਦੇ ਵਿਚੇ ਹੀ ਰਚ ਰਹੀ ਹੋਵੇ।

ਸਿੱਖਾਂ ਦੇ ਆਮ ਦੀਵਾਨ ਵਿਚ ਪਾਠ, ਕੀਰਤਨ, ਕਥਾ ਤੋਂ ਇਲਾਵਾ ਧਾਰਮਿਕ, ਸਮਾਜਕ, ਰਾਜਸੀ ਮੁਆਮਲਿਆਂ ਨਾਲ ਸਬੰਧਤ ਵਿਚਾਰ ਵੀ ਵਿਚਾਰੇ ਜਾ ਸਕਦੇ ਹਨ। ਸਿੱਖ ਮੱਤ ਦੇ ਸਿਧਾਂਤਕ ਤੇ ਇਤਿਹਾਸਕ ਵਿਚਾਰਾਂ ਨੂੰ ਵਰਨਣ ਕਰਨ ਵਾਲੇ ਵਿਖਿਆਨ, ਕਵਿਤਾਵਾਂ, ਕਵੀਸ਼ਰੀ, ਢਾਡੀ ਪ੍ਰਸੰਗ, ਖੁਲ੍ਹੇ ਵਿਚਾਰ ਵਟਾਂਦਰੇ ਵੀ ਕੀਤੇ ਜਾ ਸਕਦੇ ਹਨ। ਇਹ ਫ਼ੈਸਲਾ ਗੁਰੂ ਪੰਥ ਦੇ ਅਧਿਕਾਰ ਅਧੀਨ ਹੈ ਕਿ ਗੁਰੂ ਘਰ ਵਿਚ ਕਿਹੋ ਜਿਹਾ ਪ੍ਰੋਗਰਾਮ ਸੰਗਤ ਦੀ ਸੇਵਾ ਵਿਚ ਪੇਸ਼ ਕਰਨਾ ਹੈ। ਇਹ ਫ਼ੈਸਲਾ ਕਰਨ ਦਾ ਅਧਿਕਾਰ ਕਿਸੇ ਅਨਮਤੀ, ਸਰਕਾਰ ਜਾਂ ਸਮਰੱਥਾਵਾਨ ਸੰਸਥਾ ਜਾਂ ਵਿਅਕਤੀ ਨੂੰ ਨਹੀਂ ਦਿੱਤਾ ਜਾ ਸਕਦਾ। ਸਿੱਖ ਪੰਥ ਦਾ ਨਿਰੋਲ ਇਹ ਆਪਣਾ ਮਸਲਾ ਹੈ।

ਇਹ ਸਭ ਕੁਝ ਕਰਦਿਆਂ ਹੋਇਆਂ ਸਿੱਖ ਵਿਦਵਾਨਾਂ, ਪ੍ਰਚਾਰਕਾਂ, ਕਥਾਕਾਰਾਂ, ਰਾਗੀਆਂ, ਪਾਠੀਆਂ, ਪ੍ਰਬੰਧਕਾਂ ਆਦਿ ਦਾ ਫ਼ਰਜ਼ ਹੈ ਕਿ ਇਸ ਸਭ ਕੁਝ ਦੀ ਆਵਾਜ਼ ਗੁਰੂ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਹੀਂ ਜਾਣੀ ਚਾਹੀਦੀ। ਜਿਸ ਨੇ ਵੀ ਸੁਣ ਕੇ ਲਾਭ ਪ੍ਰਾਪਤ ਕਰਨਾ ਹੋਵੇ, ਉਹ ਸੰਗਤ ਵਿਚ ਸਜ ਕੇ ਸਰਵਣ ਕਰੇ। ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਉਚੇ ਵਾਲਿਊਮ ਵਿਚ ਟੇਪ ਆਦਿ ਲਾ ਕੇ ਆਪ ਸੌਂ ਜਾਈਏ ਤੇ ਕਿਰਤੀਆਂ, ਵਿਦਿਆਰਥੀਆਂ, ਰੋਗੀਆਂ, ਬਜ਼ੁਰਗਾਂ ਆਦਿ ਦੀ ਕਾਰ ਤੇ ਆਰਾਮ ਵਿਚ ਖ਼ਲਲ ਪਾ ਕੇ, ਉਹਨਾਂ ਦੁਆਰਾ ਦੁਖੀ ਹੋ ਕੇ ਕਹੇ ਗਏ ਅੱਪਸ਼ਬਦਾਂ ਰਾਹੀਂ ਗੁਰਬਾਣੀ ਦੇ ਅਪਮਾਨ ਦਾ ਕਾਰਣ ਬਣੀਏ। ਇਕ ਰਹਿ ਚੁੱਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੀ ਵੱਲੋਂ, ਸਮੇ ਦੀ ਅਤਿਅੰਤ ਲੋੜ ਅਨੁਸਾਰ, ਇਕ ਹਦਾਇਤ ਕੌਮ ਦੇ ਨਾਂ ਜਾਰੀ ਕੀਤੀ ਗਈ ਸੀ ਕਿ ਪਾਠ, ਕੀਰਤਨ ਆਦਿ ਦੀ ਆਵਾਜ਼ ਗੁਰੂ ਘਰ ਤੋਂ ਬਾਹਰ ਨਹੀਂ ਜਾਣੀ ਚਾਹੀਦੀ ਪਰ ਇਸ ਅਤਿ ਸਮਝਦਾਰੀ ਵਾਲੀ ਹਦਾਇਤ ਵੱਲ, ਲੱਗਦਾ ਹੈ ਕਿ ਦੇਸ ਅੰਦਰ ਕਿਤੇ ਵੀ ਧਿਆਨ ਨਹੀਂ ਦਿੱਤਾ ਗਿਆ।

## ਸ਼ਰਧਾ ਸਹਿਤ ਲੰਗਰ ਛਕਣਾ

### (ਮਹਾਂਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਅਨੁਸਾਰ)

ਦੀਨੇ ਕਾਂਗੜ ਤੋਂ ਜ਼ਫ਼ਰਨਾਮਾ, ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਜੀ ਦੇ ਹੱਥ ਔਰੰਗਜ਼ੇਬ ਲਈ ਭੇਜ ਕੇ, ਸੰਨ ੧੭੦੫ ਦੇ ਦਿਨਾਂ ਦੌਰਾਨ, ਸਤਿਗੁਰੂ ਜੀ ਜੰਗਲ ਦੇਸ਼, ਜਿਸ ਨੂੰ ਬਾਅਦ ਵਿਚ ਮਹਾਰਾਜ ਜੀ ਨੇ 'ਮੇਰਾ ਮਾਲਵਾ' ਆਖ ਕੇ ਵਡਿਆਈ ਬਖ਼ਸ਼ੀ, ਦੇ ਪਿੰਡਾਂ

ਬੰਦਰ, ਬਰਗਾੜੀ, ਸਿਉਂਰਾਮੀ ਆਦਿ ਵਿਚ ਵਿਚਰ ਰਹੇ ਸਨ। ਕੋਟ ਕਪੂਰੇ ਦੇ ਰਾਠ 'ਤੇ ਸਤਿਗੁਰੂ ਜੀ ਦੇ ਇਕ ਸਿੱਖ ਕਪੂਰ ਸਿੰਘ ਤੋਂ ਸਤਿਗੁਰੂ ਜੀ ਨੇ ਸਰਹੰਦੀ ਫ਼ੌਜਾਂ ਦਾ ਟਾਕਰਾ ਕਰਨ ਲਈ ਕਿਲ੍ਹਾ ਮੰਗਿਆ ਪਰ ਚੌਧਰੀ ਕਪੂਰ ਸਿੰਘ ਸਮੇ ਦੀ ਹਕੂਮਤ ਨਾਲ ਵਿਰੋਧ ਪੈ ਜਾਣ ਦੇ ਡਰ ਤੋਂ, ਗੁਰੂ ਜੀ ਦਾ ਬਚਨ ਮੰਨ ਨਾ ਸਕਿਆ ਤੇ ਗੁਰੂ ਜੀ ਓਥੋਂ ਅੱਗੇ ਨੂੰ ਚਾਲੇ ਪਾ ਗਏ।

ਇਕ ਪਿੰਡ ਦੇ ਪੁਰਸ਼ ਚੱਲ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਤੇ ਲੰਗਰ ਹਿਤ ਕੁਝ ਰਸਦਾਂ ਵੀ ਲਿਆਏ। ਨਮਸਕਾਰ ਕਰ ਕੇ ਗੁਰੂ ਜੀ ਪਾਸ ਬੈਠ ਗਏ ਤੇ ਬਚਨ ਕੀਤਾ, "ਕੁਝ ਸਿੰਘ ਲੰਗਰ ਏਥੇ ਛਕ ਲੈਣ। ਬਾਕੀਆਂ ਨੂੰ ਸਿੱਖਾਂ ਦੇ ਘਰਾਂ ਵਿਚ ਭੇਜ ਦਿਓ। ਹਰੇਕ ਘਰ ਵਿਚ ਇਕ ਸਿੱਖ ਜਾ ਕੇ ਭੋਜਨ ਛਕ ਕੇ ਵਾਪਸ ਆ ਜਾਵੇ। ਜੋ ਬਿਬੇਕੀ ਸਿੰਘ ਹਨ ਉਹ ਗੁਰੂ ਜੀ ਦੇ ਪਾਸ ਹੀ ਛਕ ਲੈਣ। ਇਕ ਇਕ ਸਿੱਖ, ਹੈਸੀਅਤ ਮੁਤਾਬਕ ਆਪਣੇ ਆਪਣੇ ਘਰਾਂ ਨੂੰ ਸਿੱਖਾਂ ਨੂੰ ਲੈ ਗਏ ਲੰਗਰ ਛਕਾਉਣ ਵਾਸਤੇ। ਇਕ ਬਹੁਤ ਹੀ ਗ਼ਰੀਬ ਸਿੱਖ ਸੀ ਜਿਸ ਦੇ ਘਰ ਅੰਨ ਧਨ ਦਾ ਸਦਾ ਟੋਟਾ ਹੀ ਰਹਿੰਦਾ ਸੀ। ਸ਼ਰੀਕਾਂ ਨੇ ਚੁਕ ਚੁਕਾ ਕੇ ਉਸ ਨੂੰ ਵੀ ਮਜਬੂਰ ਕਰ ਦਿੱਤਾ ਕਿ ਇਕ ਸਿੱਖ ਨੂੰ ਉਹ ਵੀ ਜ਼ਰੂਰ ਆਪਣੇ ਘਰ ਲਿਜਾ ਕੇ ਭੋਜਨ ਛਕਾਵੇ। ਸ਼ਰੀਕਾਂ ਦਾ ਮਜਬੂਰ ਕੀਤਾ ਹੋਇਆ ਉਹ ਵੀ ਇਕ ਸਿੱਖ ਨੂੰ ਆਪਣੇ ਘਰ ਲੈ ਗਿਆ। ਘਰ ਲਿਜਾ ਕੇ ਆਪਣੀ ਬੁੱਕਲ ਵਾਲਾ ਖੇਸ ਉਤਾਰ ਕੇ ਸਿੱਖ ਦੇ ਬੈਠਣ ਵਾਸਤੇ ਭੁੰਜੇ ਵਿਛਾ ਦਿੱਤਾ। ਬੈਠੇ ਸਿੰਘ ਦੇ ਫੇਰ ਪ੍ਰੇਮ ਨਾਲ ਚਰਨ ਧੋਤੇ। ਸੁੱਕੇ ਹੋਏ ਪੀਲੂਆਂ ਦੀ ਮੁਠੀ ਲੈ ਕੇ ਆਂਦੀ ਤੇ ਨਰਮ ਕਰਨ ਵਾਸਤੇ ਪਾਣੀ ਵਿਚ ਭਿਉਂ ਕੇ, ਸ਼ਰਧਾ ਅਤੇ ਨਿਰਮਾਣਤਾ ਸਹਿਤ ਸਿੱਖ ਦੇ ਅੱਗੇ ਪੀਲੂ ਧਰੇ ਤੇ ਆਖਿਆ, "ਛਕੋ ਸਿੰਘ ਜੀ।" ਸਿੱਖ ਨੇ ਪ੍ਰੇਮ ਨਾਲ ਛਕ ਕੇ ਚੁਲਾ ਪੜ੍ਹਿਆ ਭਾਵ ਕਿ ਅਰਦਾਸ ਕੀਤੀ ਤੇ ਸਤਿਗੁਰੂ ਜੀ ਦੇ ਪਾਸ ਆ ਗਿਆ। ਘਰ ਵਾਲਾ ਸਿੱਖ ਵੀ ਗੁਰੂ ਜੀ ਦੇ ਹਜ਼ੂਰ ਉਸ ਸਿੱਖ ਨੂੰ ਪੁਚਾ ਕੇ ਵਾਪਸ ਆਪਣੇ ਘਰ ਨੂੰ ਮੁੜ ਗਿਆ। ਲੰਗਰ ਛਕਣ ਵਾਲੇ ਸਿੱਖ ਦਾ ਨਾਂ ਭਾਈ ਮੈਲਾਗਰ ਸਿੰਘ ਸੀ ਜੋ ਬਾਅਦ ਵਿਚ ਸਿੱਖ ਇਤਿਹਾਸ ਅੰਦਰ 'ਭਾਈ ਮੈਲਾਗਰ ਸਿੰਘ ਸੰਤੋਖੀ' ਦੇ ਨਾਂ ਨਾਲ ਪ੍ਰਸਿਧ ਹੋਇਆ ਅਤੇ ਦਮਦਮੇ ਸਾਹਿਬ ਵਿਖੇ ਜਿਨ੍ਹਾਂ ੪੮ ਸਿੰਘਾਂ ਨੇ ਗੁਰੂ ਜੀ ਦੇ ਮੁਖਾਰਬਿੰਦ ਤੋਂ ਗੁਰਬਾਣੀ ਦੇ ਅਰਥ ਸਰਵਣ ਕੀਤੇ ਸਨ, ਉਹਨਾਂ ਵਿਚ ਇਕ ਇਹ ਸਿੰਘ ਵੀ ਸ਼ਾਮਲ ਸੀ।

ਜਦੋਂ ਸਾਰੇ ਸਿੱਖ, ਸਿੱਖਾਂ ਦੇ ਘਰਾਂ ਵਿਚੋਂ ਲੰਗਰ ਛਕ ਕੇ, ਗੁਰੂ ਜੀ ਦੇ ਪਾਸ ਵਾਪਸ ਮੁੜ ਆਏ ਤਾਂ ਗੁਣਾਂ ਦੇ ਖ਼ਜ਼ਾਨੇ ਸਤਿਗੁਰੂ ਜੀ ਨੇ ਸਿੱਖਾਂ ਨੂੰ ਪੁੱਛਿਆ, "ਕੀ ਕੀ ਭੋਜਨ ਸਿੱਖੋ ਤੁਸੀਂ ਛਕਣਾ ਕੀਤਾ; ਦੱਸੋ ਸਾਰੇ!"

ਕਿਸੇ ਕਿਹਾ, "ਮੈਂ ਲੱਸੀ ਨਾਲ ਰੋਟਕਾ ਖਾਧੀ।" ਕੋਈ ਬੋਲਿਆ, "ਮੈਂ ਦਹੀਂ ਨਾਲ ਖਿਚੜੀ ਖਾਧੀ।" ਕਿਸੇ ਨੇ ਖੀਰ ਤੇ ਕਿਸੇ ਨੇ ਦਹੀਂ ਨਾਲ ਰੋਟੀ ਖਾਧੀ ਦੱਸੀ। ਕਿਸੇ ਨੇ ਜਵਾਂ ਦੀ ਦੁਪੜ ਖਾਣੀ ਦੱਸੀ। ਕਿਸੇ ਨੇ ਸ਼ੱਕਰ ਘਿਓ ਛਕਣ ਦਾ ਜ਼ਿਕਰ ਕੀਤਾ। ਇਸ ਤਰ੍ਹਾਂ ਸਭ ਨੇ ਆਪਣੇ ਆਪਣੇ ਭੋਜਨ ਛਕਣ ਦਾ ਵਰਨਣ ਕੀਤਾ। ਸਤਿਗੁਰੂ ਜੀ ਨੇ ਭਾਈ ਮੈਲਾਗਰ ਸਿੰਘ ਨੂੰ ਮੁਖ਼ਾਤਬ ਕੀਤਾ, "ਤੈਨੂੰ ਭਈ ਸਿੱਖ ਨੇ ਕੀ ਛਕਾਇਆ?" ਹੱਥ ਜੋੜ ਕੇ ਭਾਈ ਮੈਲਾਗਰ ਸਿੰਘ ਨੇ ਉਤਰ ਦਿੱਤਾ, "ਪਾਤਿਸ਼ਾਹ ਜੀ, ਮੈਂ ਪ੍ਰੇਮ ਸਹਿਤ ਪ੍ਰੋਸਿਆ ਏਨਾ ਸਵਾਦਿਸ਼ਟ ਭੋਜਨ ਛਕਿਆ ਹੈ ਕਿ ਜੀਵਨ ਭਰ ਕਦੀ ਐਸਾ ਸਵਾਦੀ ਭੋਜਨ ਨਹੀਂ ਛਕ ਸਕਿਆ।" ਇਹ ਸੁਣ ਕੇ ਓਥੇ ਬੈਠੇ ਸਿੱਖਾਂ ਨੇ ਹੈਰਾਨੀ ਨਾਲ ਕਿਹਾ, "ਉਸ ਕੰਗਾਲ ਦੇ ਘਰ ਤੇ ਕੁਝ ਵੀ ਨਹੀਂ ਸੀ। ਉਸ ਨੇ ਇਸ ਨੂੰ ਕੀ ਛਕਾ ਦਿੱਤਾ! ਓਥੇ ਤੇ ਭੁਖ ਨੰਗ ਤੋਂ ਬਿਨਾ ਹੋਰ ਹੈ ਹੀ ਕੁਝ ਨਹੀਂ; ਇਸ ਨੂੰ ਕਿਥੋਂ ਤੇ ਕੀ ਉਸ ਨੇ ਛਕਾਉਣਾ ਸੀ!" ਗੁਰੂ ਜੀ ਨੇ ਕਿਹਾ, "ਜਾਉ, ਉਸ ਸਿੱਖ ਨੂੰ ਬੁਲਾ ਕੇ ਲਿਆਉ। ਉਸ ਨੂੰ ਪੁੱਛੀਏ ਕਿ ਸਾਡੇ ਸਿੱਖ ਨੂੰ ਕੀ ਛਕਾਇਆ ਹੈ!" ਪਿੰਡ ਦੇ ਜ਼ਿਮੀਦਾਰਾਂ ਨੇ ਜਾ ਕੇ ਉਸ ਸਿੱਖ ਨੂੰ ਬੁਲਾ ਲਿਆਂਦਾ ਤੇ ਗੁਰੂ ਜੀ ਨੇ ਉਸ ਨੂੰ ਪੁੱਛਿਆ, "ਭਾਈ ਸਿੱਖਾ, ਤੂੰ ਸਾਡੇ ਸਿੱਖ ਨੂੰ ਕੀ ਛਕਾਇਆ ਹੈ?" ਹੱਥ ਜੋੜ ਕੇ ਨਿਮਰਤਾ ਸਹਿਤ ਸਿੱਖ ਨੇ ਦੱਸਿਆ, "ਮਹਾਰਾਜ, ਮੈਂ ਗ਼ਰੀਬ ਕੀ ਛਕਾਉਣ ਜੋਗਾ ਹਾਂ। ਇਹ ਸੰਤੋਖੀ ਸਿੱਖ ਮੇਰਾ ਗ਼ਰੀਬ ਦਾ ਪੜਦਾ ਕੱਜ ਰਿਹਾ ਹੈ।" ਸਤਿਗੁਰੂ ਜੀ ਦੇ ਦੋਬਾਰਾ ਪੁੱਛਣ 'ਤੇ ਸਿੱਖ ਨੇ ਹੱਥ ਜੋੜ ਕੇ ਕਿਹਾ, "ਮੁਠੀ ਭਰ ਕੋਕੜਾਂ (ਸੁੱਕੇ ਪੀਲੂ) ਦੀ ਲੱਪ ਹੀ ਮੇਰੇ ਘਰ ਵਿਚ ਸੀ। ਉਹ ਇਸ ਸੰਤੋਖੀ ਸਿੱਖ ਦੇ ਅੱਗੇ ਮੈਂ ਪਰੋਸ ਦਿੱਤੇ ਤੇ ਇਕ ਕਟੋਰਾ ਪਾਣੀ ਦਾ ਭੇਟ ਕਰ ਦਿੱਤਾ। ਇਹ ਸਿੱਖ ਓਹੀ ਛਕ ਕੇ ਤੇ ਚੁਲਾ ਪੜ੍ਹ ਕੇ ਉਠ ਆਇਆ ਹੈ। ਮੈਂ ਕਿਉਂਕਿ ਗ਼ਰੀਬ ਸਾਂ ਇਸ ਲਈ ਹੋਰ ਕੁਝ ਅਰਪਣ ਨਹੀਂ ਕਰ ਸਕਿਆ।"

ਗੁਰੂ ਜੀ ਦੋਹਾਂ ਸਿੱਖਾਂ ਦਾ ਪ੍ਰੇਮ ਤੇ ਸ਼ਰਧਾ ਵੇਖ ਕੇ ਪ੍ਰਸੰਨ ਹੋ ਕੇ ਬੋਲੇ, "ਧੰਨ ਸਿੱਖੀ, ਧੰਨ ਸਿੱਖੀ।" ਐਸੇ ਸਿੱਖ ਵੀ ਪੰਥ ਵਿਚ ਸੋਭਾ ਪਾ ਰਹੇ ਹਨ। ਸਤੀ ਦੇਣ ਵਾਲਾ ਤੇ ਸੰਤੋਖੀ ਖਾਣ ਵਾਲਾ ਹੋਵੇ ਤਾਂ ਦੋਹਾਂ ਦੇ ਬੇੜੇ ਪਾਰ! "ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ" ਦੇ ਮਹਾਂਵਾਕ ਅਨੁਸਾਰ ਪ੍ਰੇਮ ਨਾਲ ਛਕਣ ਵਾਲਾ ਸਿੱਖ ਵੀ ਗੁਰੂ ਦਾ ਰੂਪ ਅਤੇ ਸ਼ਰਧਾ ਨਾਲ ਛਕਾਉਣ ਵਾਲਾ ਵੀ ਗੁਰੂ ਦਾ ਹੀ ਰੂਪ। ਜੇਕਰ ਸਿੱਖ ਦੇ ਪਾਸ ਹੋਵੇ ਤੇ ਹੈਸੀਅਤ ਮੁਤਾਬਕ ਨਾ ਛਕਾਵੇ ਤਾਂ ਇਹ ਦੋਸ਼ ਸਮਝੋ। ਜੋ ਸਿੱਖ ਗ਼ਰੀਬ ਸਿੱਖ ਤੋਂ ਚੰਗੇਰੇ ਭੋਜਨ ਦੀ ਆਸ ਕਰੇ ਤਾਂ ਖਾਣ ਵਾਲਾ ਦੋਸ਼ੀ ਜਾਣੋ। ਇਸ ਲਈ ਪ੍ਰੇਮ ਨੂੰ ਹੀ ਮੁੱਢ ਜਾਣੋ। ਖਾਵਣਾ ਖਲਾਵਣਾ ਤੇ ਇਕ ਢੰਗ ਹੀ ਹੈ ਪ੍ਰੇਮ ਦੇ ਪ੍ਰਗਟਾਵੇ ਦਾ।

ਰਹਿਤਨਾਮੇ ਦਾ ਵੀ ਸੰਦੇਸ਼ ਹੈ, "ਖਾਵਣਾ ਖਿਲਾਵਣਾ ਖ਼ਾਲਸੇ ਨੋ ਹੁਕਮ ਹੈ।"

੧੯੬੫ ਵਿਚ ਤਿੰਨਾਂ ਸਿੱਖ ਮਹਾਰਾਜਿਆਂ, ਨਰਿੰਦਰ ਸਿੰਘ ਪਟਿਆਲਾ, ਭਰਪੂਰ ਸਿੰਘ ਨਾਭਾ ਤੇ ਸਰੂਪ ਸਿੰਘ ਜੀਂਦ, ਨੇ ਰਲ ਕੇ ਸਿੱਖ ਧਰਮ ਦੇ ਪ੍ਰਚਾਰ ਲਈ, ਸੰਤਾਂ ਦਾ 'ਧਰਮ ਧੁਜਾ ਨਿਰਮਲ ਅਖਾੜਾ' ਕਾਇਮ ਕੀਤਾ। ਇਸ ਅਖਾੜੇ ਦੇ 'ਦਸਤੂਰੁਲ ਅਮਲ' (ਸੰਵਿਧਾਨ) ਦੀਆਂ ਧਾਰਾਵਾਂ ਨੰਬਰ ੧੦ ਤੇ ੧੧ ਅਨੁਸਾਰ ਕਿਸੇ ਸਿੱਖ ਦੇ ਘਰ ਸੰਤਾਂ ਦਾ ਜਥਾ ਪ੍ਰਸ਼ਾਦਾ ਛਕਣ ਜਾਵੇ ਤਾਂ ਛਕਾਉਣ ਵਾਲਾ ਜੋ ਛਕਾਵੇ, ਓਹੀ ਛਕਿਆ ਜਾਵੇ। ਚੰਗੇਰੇ ਭੋਜਨ ਦੀ ਆਸ ਜਾਂ ਜਾਚਨਾ ਨਾ ਕੀਤੀ ਜਾਵੇ। ਹਾਂ, ਜੇਕਰ ਸੰਤ ਇਹ ਸਮਝਣ ਕਿ ਪ੍ਰਸ਼ਾਦਾ ਛਕਾਉਣ ਵਾਲੇ ਸਰਦਾਰ ਨੇ ਬੇਲੋੜੀ ਕੰਜੂਸੀ ਕੀਤੀ ਹੈ ਤਾਂ ਉਸ ਦੀ ਸ਼ਿਕਾਇਤ ਸਬੰਧਤ ਰਿਆਸਤ ਦੇ ਮਹਾਰਾਜੇ ਨੂੰ ਕੀਤੀ ਜਾਵੇ। ਇਸ ਬਾਰੇ ਸਬੰਧਤ ਮਹਾਰਾਜਾ ਸਾਹਿਬ ਯੋਗ ਕਾਰਵਾਈ ਕਰਨਗੇ। ਕੁਝ ਸਾਲ ਪਹਿਲਾਂ ਅਜਿਹਾ ਲਿਖਿਆ ਪੜ੍ਹਿਆ ਤਾਂ ਇਹ ਮਹੱਤਵਹੀਣ ਜਿਹੀ ਗੱਲ ਜਾਪੀ ਕਿ ਅਜਿਹੀ ਨਿਗੂਣੀ ਜਿਹੀ ਗੱਲ ਨੂੰ ਦਸਤੂਰੁਲ ਅਮਲ ਵਿਚ ਲਿਖਣ ਦੀ ਕੀ ਲੋੜ ਸੀ। ਹੁਣ ਇਸ ਸਾਖੀ ਤੋਂ ਇਸ ਅਸੂਲ ਦੇ ਮਹੱਤਵ ਦਾ ਪਤਾ ਲੱਗਾ।

ਕੋਲ ਹੋਏ ਨੂੰ ਦੂਸਰਿਆਂ ਨਾਲ ਵੰਡ ਕੇ ਛਕਣ ਦਾ ਖ਼ਾਲਸੇ ਨੂੰ ਹੁਕਮ ਹੈ ਪਰ ਚਾਦਰ ਤੋਂ ਵਧ ਪੈਰ ਪਸਾਰਨ ਤੋਂ ਸਿੱਖ ਨੂੰ ਸੰਕੋਚ ਹੀ ਚਾਹੀਏ। "ਹੋਤਾ ਨਾ ਰਾਖੈ ਇਕੇਲਾ ਨਾ ਖਾਇ॥" ਵੀ ਇਹੋ ਕੁਝ ਸਿਖਾਉਂਦਾ ਹੈ। ਦਾਣਾ ਪਾਣੀ ਤਾਂ ਹਮੇਸ਼ਾਂ ਗੁਰੂ ਜੀ ਦਾ ਹੀ ਹੈ। ਸਿੱਖਾਂ ਦੀ ਤਾਂ ਟਹਿਲ ਸੇਵਾ ਹੀ ਹੈ।

'ਸਿੱਖਾਂ ਦੀ ਟਹਿਲ ਸੇਵਾ' ਤੋਂ ਇਕ ਇਤਿਹਾਸਕ ਘਟਨਾ ਯਾਦ ਆ ਗਈ। ਅਠਾਰ੍ਹਵੀਂ ਸਦੀ ਵਿਚ ਜਦੋਂ ਸਮੇ ਸਮੇ ਮੁਗ਼ਲ ਤੇ ਪਠਾਣ ਹਾਕਮਾਂ ਦਾ, ਮਾਝੇ ਤੇ ਦੁਆਬੇ ਦੇ ਇਲਾਕੇ ਵਿਚ, ਜ਼ਿਆਦਾ ਜ਼ੋਰ ਪੈ ਜਾਣਾ ਤਾਂ ਸਿੰਘ ਦਲਾਂ ਨੇ ਸਤਲੁਜੋਂ ਪਾਰ, ਬਾਬਾ ਆਲਾ ਸਿੰਘ, ਜਿਸ ਦੀ ਰਾਜਧਾਨੀ ਉਸ ਸਮੇ ਬਰਨਾਲੇ ਵਿਚ ਹੁੰਦੀ ਸੀ, ਆ ਜਾਣਾ। ਉਸ ਨੇ ਜ਼ਖ਼ਮੀ ਸਿੰਘਾਂ ਦਾ ਇਲਾਜ, ਲੰਗਰ ਆਦਿ ਦੀ ਪੂਰੀ ਸੇਵਾ ਕਰਨੀ ਤੇ ਖ਼ਾਲਸੇ ਨੇ ਤਾਜ਼ਾ ਦਮ ਹੋ ਕੇ ਫੇਰ ਦੁਸ਼ਟਾਂ ਨੂੰ ਸੋਧਣ ਲਈ ਸਤਲੁਜ ਟੱਪ ਕੇ ਮਾਝੇ ਤੇ ਦੁਆਬੇ ਦੇ ਇਲਾਕੇ ਵਿਚ ਜਾ ਗ਼ਦਰ ਮਚਾਉਣਾ। ਇਕ ਦਿਨ ਲੰਗਰ ਛਕਣ ਉਪ੍ਰੰਤ ਸਿੰਘ ਵੱਲੋਂ ਕੀਤੀ ਗਈ ਇਹ ਅਰਦਾਸ, "ਦਾਣਾ ਪਾਣੀ ਗੁਰੂ ਕਾ, ਟਹਿਲ ਸੇਵਾ ਨੌਕਰਾਂ ਚਾਕਰਾਂ ਦੀ; ਹੇ ਅਕਾਲ ਪੁਰਖ ਲੇਖੇ ਲਾਉਣੀ।" ਬਾਬਾ ਆਲਾ ਸਿੰਘ ਜੀ ਦੀ ਸਿੰਘਣੀ, ਮਾਤਾ ਫ਼ਤਿਹ ਕੌਰ ਜੀ ਨੇ ਸੁਣੀ ਤਾਂ ਉਸ ਨੇ ਇਤਰਾਜ਼ ਕੀਤਾ, "ਅਸੀਂ ਸਮੇ ਦੀ ਜ਼ਾਲਮ ਹਕੂਮਤ ਦੀ ਵਿਰੋਧਤਾ ਦਾ ਖ਼ਤਰਾ ਸਹੇੜ ਕੇ ਸਿੰਘਾਂ ਦੀ ਗਾਖੜੀ ਸੇਵਾ ਕਰਦੇ ਹਾਂ ਪਰ ਸਾਡੇ ਨਾਂ ਦਾ ਅਰਦਾਸਾ ਵੀ ਸਿੰਘ ਨਹੀਂ ਕਰਦੇ!" ਜਥੇਦਾਰ ਕੋਲ ਸ਼ਿਕਾਇਤ ਜਾਣ 'ਤੇ ਉਸ ਨੇ ਆਖਿਆ, "ਇਹ ਤਾਂ ਠੀਕ ਅਰਦਾਸ ਹੈ। ਦਾਣਾ ਪਾਣੀ ਤਾਂ ਹੈ ਹੀ ਗੁਰੂ ਦਾ ਤੇ ਛਕਾਉਣ ਦੀ ਸੇਵਾ ਜਿਸ ਨੇ ਕੀਤੀ ਹੈ ਓਸੇ ਦੀ ਅਰਦਾਸ ਹੁੰਦੀ ਹੈ। ਤੁਸੀਂ ਆਪਣੇ ਨਾਂ ਦੀ ਅਰਦਾਸ ਕਰਵਾਉਣੀ ਹੈ ਤਾਂ ਹੱਥੀਂ ਸੇਵਾ ਕਰੋ।"

ਇਤਿਹਾਸ ਦੱਸਦਾ ਹੈ ਕਿ ਉਸ ਤੋਂ ਬਾਅਦ ਬਾਬਾ ਆਲਾ ਸਿੰਘ ਜੀ ਤੇ ਮਾਤਾ ਫ਼ਤਿਹ ਕੌਰ ਜੀ ਨੇ, ਖ਼ਾਲਸੇ ਨੂੰ ਲੰਗਰ ਛਕਾਉਣ ਦੀ ਸੇਵਾ ਆਪਣੀ ਹੱਥੀਂ ਕਰਨੀ ਸ਼ੁਰੂ ਕਰ ਦਿੱਤੀ।

ਇਕ ਹੋਰ ਚੇਤੇ ਆਈ ਸਾਖੀ ਦਾ ਸਾਰ ਇਉਂ ਹੈ:

ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਲੰਗਰ ਵਿਚ, ਸ੍ਰੀ ਖਡੂਰ ਸਾਹਿਬ ਵਿਖੇ, ਲੰਗਰ ਦੇ ਮੁਖ ਭੋਜਨ ਦਾਲ ਤੇ ਫੁਲਕਿਆਂ ਤੋਂ ਇਲਾਵਾ ਘਿਉ ਵਾਲੀ ਖੀਰ ਵੀ ਵਰਤਦੀ ਸੀ। ਇਸ ਲੰਗਰ ਦੀ ਸਾਰੀ ਜ਼ੁੰਮੇਵਾਰੀ, ਗੁਰੂ ਜੀ ਦੇ ਮਹਿਲ, ਮਾਤਾ ਖੀਵੀ ਜੀ, ਦੇ ਮੋਢਿਆਂ ਉਪਰ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਤ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ *(੯੬੭)*

ਇਸ ਸਾਖੀ ਤੋਂ ਮੇਰੀ ਸਮਝ ਅਨੁਸਾਰ ਸਾਨੂੰ ਸਿਖਿਆ ਕੁਝ ਇਸ ਤਰ੍ਹਾਂ ਦੀ ਪ੍ਰਾਪਤ ਹੁੰਦੀ ਹੈ ਕਿ ਗੁਰੂ ਕੇ ਲੰਗਰ ਵਿਚ ਨਾ ਤਾਂ ਬੇਲੋੜੀ ਸਾਦਗੀ ਬਾਰੇ ਹੀ ਕੱਟੜ ਰਵੱਈਆ ਅਪਨਾਇਆ ਜਾਵੇ ਤੇ ਨਾ ਹੀ ਤਰ੍ਹਾਂ ਤਰ੍ਹਾਂ ਦੇ ਪਕਵਾਨਾਂ ਦੇ ਬੇਲੋੜੇ ਭਾਰ ਨਾਲ, ਗੁਰੂ ਕੇ ਪਵਿੱਤਰ ਲੰਗਰ ਨੂੰ ਲੱਦਣ ਦਾ ਉਚੇਚਾ ਯਤਨ ਕੀਤਾ ਜਾਵੇ। ਸਭ ਕੁਝ ਕਰਨ ਦਾ ਉਦੇਸ਼ ਸੇਵਾ ਦੀ ਭਾਵਨਾ, ਪ੍ਰੇਮ ਅਤੇ ਸ਼ਰਧਾ ਹੋਵੇ।

## ਵੈਸਾਖੁ ਭਲਾ...

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਹੈ, "ਵੈਸਾਖੁ ਭਲਾ ਸਾਖਾ ਵੇਸ ਕਰੇ॥" (੧੧੦੮) ਜਿਸ ਦਾ ਅਰਥ ਹੈ ਕਿ ਵੈਸਾਖ ਦਾ ਮਹੀਨਾ ਭਲਾ ਹੈ ਕਿਉਂਕਿ ਇਸ ਮਹੀਨੇ ਵਿਚ ਬਿਰਛਾਂ ਦੀਆਂ ਟਾਹਣੀਆਂ ਨਵਾਂ ਵੇਸ ਧਾਰਨ ਕਰਦੀਆਂ ਹਨ।

ਵੈਸਾਖ ਦੇ ਮਹੀਨੇ ਦੇ ਆਰੰਭ ਦੇ ਦਿਨ ਨੂੰ ਪੰਜਾਬ ਦੇ ਵਸਨੀਕ ਵੈਸਾਖੀ ਦੇ ਨਾਮ ਨਾਲ ਯਾਦ ਕਰਦੇ ਹਨ ਤੇ ਬੇਅੰਤ ਸਦੀਆਂ ਤੋਂ ਇਸ ਦਿਨ ਨੂੰ ਵਿਸ਼ੇਸ਼ ਉਤਸ਼ਾਹ ਨਾਲ ਮਨਾਉਂਦੇ ਆ ਰਹੇ ਹਨ। ਅੱਜ ਅਸੀਂ ਇਸ ਵਿਸਥਾਰ ਵਿਚ ਨਹੀਂ ਜਾਣਾ ਕਿ ਇਸ ਵੈਸਾਖੀ ਦੇ ਮੇਲੇ ਨੂੰ ਇਕ ਪੰਜਾਬੀ ਕਿਸਾਨ, ਸੁਨਹਿਰੀ ਭਾਹ ਮਾਰਦੇ ਆਪਣੇ ਖੇਤ ਵੇਖ ਕੇ, ਕਿਸ ਤਰ੍ਹਾਂ ਮਨਾਉਂਦਾ ਹੈ ਜਾਂ ਇਕ ਪੰਜਾਬੀ ਦੁਕਾਨਦਾਰ ਕਿਵੇਂ ਇਸ ਦਿਨ ਦੀ ਉਡੀਕ ਵਿਚ ਦਿਨ ਗਿਣ ਰਿਹਾ ਹੁੰਦਾ ਹੈ ਕਿ ਕਦੋਂ ਵੈਸਾਖੀ ਦਾ ਮੇਲਾ ਆਵੇ ਤੇ ਉਹ ਸੌਦੇ-ਪੱਤੇ ’ਚੋਂ ਚਾਰ ਪੈਸੇ ਖੱਟੇ। ਜਾਂ ਫਿਰ ਪੰਜਾਬੀ ਨਢੇ ਨਢੀਆਂ ਕਿਵੇਂ ਢੋਲਾਂ ਦੇ ਡੱਗੇ ਨਾਲ ਪੈਰ ਥਿਰਕਾਉਂਦੇ, ਲੱਕ ਲਚਕਾਉਂਦੇ ਜਾਂ ਤਾਲ ਨਾਲ ਜਵਾਨ ਸਰੀਰਾਂ ਦੇ ਅੰਗ ਮਟਕਾਉਂਦੇ ਹਨ; ਬਲਕਿ ਸਿੱਖ ਇਤਿਹਾਸ ਨਾਲ ਸਬੰਧਤ ਇਕ ਮਹਾਨ ਇਤਿਹਾਸਕ ਘਟਨਾ ਦਾ ਸੰਖੇਪ ਵਿਚ ਜ਼ਿਕਰ ਕਰਨਾ ਹੈ।

ਸਿੱਖ ਇਤਿਹਾਸ ਤੋਂ ਸਾਨੂੰ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਸਾਲ ਵਿਚ ਦੋ ਇਕੱਠ, ਗੁਰੂ ਦਰਬਾਰ ਵਿਚ, ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਦੇ ਸਮੇ ਤੋਂ ਹੀ ਪ੍ਰਚੱਲਤ ਚਲੇ ਆ ਰਹੇ ਸਨ ਜਦੋਂ ਕਿ ਦੂਰ ਦੁਰਾਡੇ ਤੋਂ ਸਿੱਖ ਸੰਗਤਾਂ, ਆਪਣੇ ਆਪਣੇ ਆਗੂਆਂ ਦੀ ਅਗਵਾਈ ਵਿਚ ਸਤਿਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਹਾਜ਼ਰੀ ਭਰਨ ਵਾਸਤੇ ਹਾਜ਼ਰ ਹੋਇਆ ਕਰਦੀਆਂ ਸਨ। ੧੬੯੯ ਦੀ ਵੈਸਾਖੀ ਤੋਂ ਪਹਿਲਾਂ ਸਤਿਗੁਰੂ ਕਲਗੀਧਰ ਪਾਤਿਸ਼ਾਹ ਜੀ ਨੇ ਉਚੇਚੇ ਹੁਕਮਨਾਮੇ ਭੇਜ ਕੇ, ਇਸ ਵਾਰ ਦੀ ਵੈਸਾਖੀ ’ਤੇ, ਸੰਗਤਾਂ ਨੂੰ ਹਾਜ਼ਰ ਹੋਣ ਵਾਸਤੇ ਉਚੇਚੀ ਪ੍ਰੇਰਨਾ ਕੀਤੀ। ਸਤਿਗੁਰੂ ਜੀ ਦੇ ਉਚੇਚੇ ਹੁਕਮਨਾਮੇ ਪ੍ਰਾਪਤ ਕਰ ਕੇ ਸੰਗਤਾਂ ਹੁਮ ਹੁਮਾ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਧਾਰੀਆਂ। ਚੌਫੇਰੇ ਗਹਿਮਾ ਗਹਿਮ ਸੀ। ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵਿਛੇ ਮੈਦਾਨਾਂ ਵਿਚ ਉਚੇਚੀ ਚਹਿਲ ਪਹਿਲ ਸੀ। ਹਰ ਪਾਸੇ ਬਾਣੀ ਦੀਆਂ ਸੁਰੀਲੀਆਂ ਧੁਨਾਂ ਆਲਾਪੀਆਂ ਜਾ ਰਹੀਆਂ ਸਨ। ਅੰਮ੍ਰਿਤ ਵੇਲੇ ਦਾ ਦ੍ਰਿਸ਼ ਸੱਚਖੰਡੀ ਨਜ਼ਾਰਾ ਪੇਸ਼ ਕਰਦਾ ਸੀ। ਚੰਨ ਚਾਨਣੀ ਵਿਚ ਸਬਜ਼ ਪਹਾੜੀਆਂ, ਵਹਿੰਦੀਆਂ ਆਬਸ਼ਾਰਾਂ, ਵਲੇਵੇਂ ਖਾਂਦੀਆਂ ਮੈਦਾਨਾਂ ਵੱਲ ਨੂੰ ਦੌੜਦੀਆਂ ਨਦੀਆਂ, ਸੋਨੇ ਰੰਗੀ ਭਾਹ ਮਾਰਦੀਆਂ ਪੱਕੀਆਂ ਕਣਕਾਂ ਦੇ ਸੁਹਾਵਣੇ ਦ੍ਰਿਸ਼ ਤੱਕ ਕੇ, ਪ੍ਰਭੂ ਦੇ ਭਗਤਾਂ ਦੇ ਮੁਖੜਿਆਂ ’ਚੋਂ ਆਪ ਮੁਹਾਰੇ “ਸੁਭਾਨ ਤੇਰੀ ਕੁਦਰਤ” ਨਿਕਲਦਾ ਸੀ। ਥਾਂ ਥਾਂ ਸ਼ਾਮਿਆਨੇ, ਕਨਾਤਾਂ, ਤੰਬੂ ਆਦਿ ਲੱਗੇ ਅਲੌਕਕ ਸ਼ੋਭਾ ਪਾ ਰਹੇ ਸਨ। ਸੇਵਾਦਾਰ ਭੱਜ ਭੱਜ ਕੇ ਉਤਸ਼ਾਹ ਸਹਿਤ ਸੰਗਤਾਂ ਦੀ ਸੇਵਾ ਕਰ ਰਹੇ ਸਨ।

ਅਜਿਹੇ ਸੁਹਾਵਣੇ ਸਮੇ, ਅੰਮ੍ਰਿਤ ਵੇਲੇ ‘ਆਸਾ ਕੀ ਵਾਰ’ ਦੇ ਕੀਰਤਨ ਉਪ੍ਰੰਤ, ਗੁਰੂ ਜੀ ਸਟੇਜ ਪਿੱਛੇ ਸੁਸ਼ੋਭਤ ਤੰਬੂ ਵਿਚੋਂ ਬਾਹਰ ਨਿਕਲੇ। ਹੱਥ ਵਿਚ ਨੰਗੀ ਸ੍ਰੀ ਸਾਹਿਬ ਤੇ ਚੇਹਰੇ ਉਪਰ ਅਨੋਖਾ ਜਲਾਲ। ਸਟੇਜ ਉਪਰ ਖਲੋ ਕੇ, ਜੋਸ਼ੀਲੀ ਆਵਾਜ਼ ਵਿਚ ਬੋਲੇ, “ਮੈਨੂੰ ਇਕ ਸਿਰ ਦੀ ਲੋੜ ਹੈ। ਹੈ ਕੋਈ ਗੁਰੂ ਦਾ ਪਿਆਰਾ ਜੋ ਆਪਣਾ ਸੀਸ ਭੇਟ ਕਰੇ?” ਗੁਰੂ ਜੀ ਦਾ ਇਹ ਵਿਕੋਲਿਤਰਾ ਵਰਤਾਵ ਵੇਖ ਕੇ ਪਹਿਲਾਂ ਸੰਗਤਾਂ ਵਿਚ ਸੱਨਾਟਾ ਜਿਹਾ ਛਾ ਗਿਆ। ਕਿਸੇ ਦੀ ਸਮਝ ਵਿਚ ਨਾ ਆਇਆ ਕਿ ਕੀ ਹੋ ਰਿਹਾ ਹੈ ਤੇ ਗੁਰੂ ਜੀ ਇਹ ਕੀ ਜੱਗੋਂ ਬਾਹਰੀ ਜਿਹੀ ਮੰਗ ਕਰ ਰਹੇ ਹਨ! ਜਦੋਂ ਸਮਝ ਆਉਣ ਲੱਗੀ ਤਾਂ ਲੋਕੀਂ ਮੂੰਹ ਵਿਚ ਉਂਗਲਾਂ ਪਾਉਣ ਲੱਗ ਪਏ। ਜਿੰਨੇ ਮੂੰਹ ਓਨੀਆਂ ਗੱਲਾਂ। ਕੋਈ ਕੁਝ ਕਹੇ ਤੇ ਦੂਜਾ ਕੁਝ ਹੋਰ ਆਖੇ ਤੇ ਤੀਜਾ ਕੋਈ ਵੱਖਰਾ ਹੀ ਰਾਗ ਆਲਾਪੇ। ਕੋਈ ਕਿਆਸ ਲਾਵੇ ਕਿ ਮਹਾਰਾਜ ਦੇ ਸਿਰ ’ਤੇ ਦੇਵੀ ਸਵਾਰ ਹੋ ਗਈ ਹੈ। ਕੋਈ ਖਿਸਕਣ ਦੀ ਸਕੀਮ ਪਿਆ ਲੜਾਵੇ ਤੇ ਮੁਖੀ ਮਸੰਦ ਮਾਤਾ ਜੀ ਨਾਲ ਸਲਾਹ ਕਰ ਕੇ ਗੁਰੂ ਜੀ ਨੂੰ ਗੁਰੂਸ਼ਿਪ ਤੋਂ ਦਸਤਬਰਦਾਰ ਕਰ ਕੇ, ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਗੁਰੂ ਥਾਪਣ ਦੀਆਂ, ਦਿਲ ਹੀ ਦਿਲ ਵਿਚ ਗਿਣਤੀਆਂ ਪਏ ਗਿਣਨ।

ਅਜਿਹੀ ਕੱਚੇ ਪਿਲਿਆਂ ਦੀ ਮਨੋ ਮਨੀ ਉਧੇੜ ਬੁਣ ਵਿਚ, ਲਾਹੌਰ ਵਾਸੀ ਭਾਈ ਦਇਆ ਰਾਮ ਉਠਿਆ ਤੇ ਸੀਸ ਹਾਜ਼ਰ ਕਰ ਦਿੱਤਾ। ਪਾਤਿਸ਼ਾਹ ਨੇ ਭਾਈ ਦਇਆ ਰਾਮ ਨੂੰ ਬਾਹੋਂ ਫੜਿਆ ਅਤੇ ਤੰਬੂ ਦੇ ਅੰਦਰ ਲੈ ਗਏ। ਬਾਹਰ ਬੈਠੀ ਸੰਗਤ ਨੇ ਸੁਣਿਆ ਕਿ ਤੰਬੂ ਵਿਚੋਂ ਇਉਂ ਆਵਾਜ਼ ਆਈ ਜਿਵੇਂ ਕਿ ਤਲਵਾਰ ਦੇ ਇਕੋ ਭਰਵੇਂ ਵਾਰ ਨਾਲ ਸਿਰ ਨੂੰ ਧੜ ਤੋਂ ਅਲੱਗ ਕਰ ਦਿੱਤਾ ਗਿਆ ਹੋਵੇ। ਖ਼ੂਨ ਦੀ ਧਤੀਰੀ ਤੰਬੂ ’ਚੋਂ ਨਿਕਲਦੀ ਦਿਸੀ ਜਿਸ ਨੂੰ ਕੁਝ ਸੰਗਤਾਂ ਵੇਖ ਕੇ ਹੋਰ ਵੀ ਭੈ ਭੀਤ ਹੋ ਗਈਆਂ। ਲਹੂ ਲਿੱਬੜੀ ਸ੍ਰੀ ਸਾਹਿਬ ਹੱਥ ਵਿਚ ਫੜੀ ਗੁਰੂ ਜੀ ਫੇਰ ਤੰਬੂ ਤੋਂ ਬਾਹਰ ਆਏ। ਓਸੇ ਤਰ੍ਹਾਂ ਕੜਕਵੀਂ ਆਵਾਜ਼ ਵਿਚ ਇਕ ਹੋਰ ਸੀਸ ਦੀ ਮੰਗ ਕੀਤੀ। ਇਸ ਵਾਰ ਦਿੱਲੀ ਦਾ ਵਸਨੀਕ, ਭਾਈ ਧਰਮ ਦਾਸ ਉਠਿਆ। ਉਸ ਨਾਲ ਵੀ ਓਹੀ ਵਰਤਾ ਹੋਇਆ ਜੋ ਭਾਈ ਦਇਆ ਰਾਮ ਨਾਲ ਹੋਇਆ ਸੀ। ਤੀਜੀ ਵਾਰੀਂ ਦਵਾਰਕਾ ਨਿਵਾਸੀ ਭਾਈ ਮੋਹਕਮ ਚੰਦ ਜੀ ਉਠੇ। ਚੌਥੀ ਵਾਰ ਬਿਦਰ ਦੇ ਵਸਨੀਕ ਭਾਈ ਸਾਹਿਬ ਚੰਦ ਤੇ ਪੰਜਵੀਂ ਵਾਰ, ਭਾਈ ਹਿੰਮਤ ਰਾਇ ਜੀ, ਜਗਨਨਾਥ ਪੁਰੀ ਦੇ ਵਾਸੀ, ਨੇ ਹਿੰਮਤ ਕੀਤੀ।

ਪੰਜਾਂ ਨਾਲ ਹੀ ਵਾਰੀ ਵਾਰੀ ਸਤਿਗੁਰੂ ਜੀ ਨੇ ਓਹੀ ਵਰਤਾ ਕੀਤਾ। ਇਸ ਵਾਰੀਂ ਸਤਿਗੁਰੂ ਜੀ ਨੇ ਤੰਬੂ ਵਿਚੋਂ ਬਾਹਰ ਆਉਣ ਵਿਚ ਦੇਰ ਲਗਾ ਦਿੱਤੀ ਤੇ ਇਸ ਦੌਰਾਨ ਕਈ ਕੱਚੇ ਪਿੱਲੇ ਪੱਤਰਾ ਵਾਚ ਗਏ। ਗਿਣਤੀ ਦੇ ਸਿਦਕੀ ਹੀ, ਜਾਂ ਫਿਰ ਲੋੜੋਂ ਵਧ ਡਰਪੋਕ ਹੀ ਪੰਡਾਲ ਵਿਚ ਰਹਿ ਗਏ। ਕੁਝ ਸਮੇ ਬਾਅਦ ਦਿਲਚਸਪ ਦ੍ਰਿਸ਼ ਵੇਖ ਕੇ ਸੰਗਤਾਂ ਹੈਰਾਨ ਰਹਿ ਗਈਆਂ। ਪੰਜੇ ਹੀ ਉਚੇਚੇ ਬਸਤਰਾਂ ਵਿਚ ਸਜੇ ਹੋਏ, ਗੁਰੂ ਜੀ ਦੇ ਨਾਲ, ਮੁਸਕਰਾਉਂਦੇ ਚੇਹਰਿਆਂ ਨਾਲ, ਸਟੇਜ ’ਤੇ ਆ ਪਰਗਟ ਹੋਏ। ਹੁਣ ਕਈਆਂ ਦੇ ਮਨਾਂ ਵਿਚ ਹੁਕਮ ਨਾ ਮੰਨਣ ਦਾ ਪਛਤਾਵਾ ਵੀ ਹੋਇਆ।

ਸਤਿਗੁਰੂ ਜੀ ਨੇ, ਪੰਜ ਬਾਣੀਆਂ ਦਾ ਪਾਠ ਕਰਦਿਆਂ ਸਰਬ ਲੋਹ ਦੇ ਬਾਟੇ ਵਿਚ ਸਰਬ ਲੋਹ ਦਾ ਖੰਡਾ ਫੇਰ ਕੇ, ਅੰਮ੍ਰਿਤ ਤਿਆਰ ਕਰ ਕੇ, ਪਹਿਲਾਂ ਪੰਜਾਂ ਨੂੰ ਛਕਾ ਕੇ ਫੇਰ ਆਪ ਉਹਨਾਂ ਪਾਸੋਂ ਛਕਿਆ। ਰਹਿਤਾਂ ਕੁਰਹਿਤਾਂ ਦੀ ਸਿਖਿਆ ਬਖ਼ਸ਼ ਕੇ, ਉਹਨਾਂ ਪੰਜਾਂ ਨੂੰ ਖ਼ਾਲਸੇ ਸਜਾਇਆ। ਪੰਜ ਰਹਿਤਾਂ: ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕਛਹਿਰੇ ਦੀ ਰਹਿਤ ਦਾ ਆਦੇਸ਼ ਦੇ ਕੇ ਇਹਨਾਂ ਨੂੰ ਸਦਾ ਅੰਗ ਸੰਗ ਰੱਖਣ ਦੀ ਸਿਖਿਆ ਦਿੱਤੀ। ਤੰਬਾਕੂ, ਕੁੱਠਾ ਮਾਸ, ਪਰ ਇਸਤਰੀ ਤੇ ਕੇਸ ਕਤਲ ਕਰਨ ਨੂੰ ਚਾਰ ਬੱਜਰ ਕੁਰਹਿਤਾਂ ਗਰਦਾਨ ਕੇ, ਆਪਣੇ ਖ਼ਾਲਸਾ ਜੀ ਨੂੰ ਇਹਨਾਂ ਤੋਂ ਸਖ਼ਤੀ ਨਾਲ ਮਨਾਹੀ ਕੀਤੀ। ਅਜਿਹੇ ਰਹਿਤਵਾਨ ਸਿੰਘ ਨੂੰ "ਖ਼ਾਲਸਾ ਮੇਰੋ ਰੂਪ ਹੈ ਖ਼ਾਸ" ਦੀ ਪਦਵੀ ਬਖ਼ਸ਼ੀ; ਤੇ ਏਥੇ ਹੀ ਬੱਸ ਨਾ ਕਰਦਿਆਂ, "ਖ਼ਾਲਸਾ ਮੇਰੋ ਸਤਿਗੁਰ ਪੂਰਾ" ਆਖ ਕੇ ਮਾਣ ਦਿੱਤਾ।

ਇਤਿਹਾਸਕਾਰਾਂ ਅਨੁਸਾਰ ਇਸ ਅਹਿਮ ਅਵਸਰ 'ਤੇ ਤਕਰੀਬਨ ਅੱਸੀ ਹਜ਼ਾਰ ਦਾ ਇਕੱਠ ਸੀ ਅਤੇ ਪਹਿਲੇ ਦਿਨ ਵੀਹ ਹਜ਼ਾਰ ਦੇ ਕਰੀਬ ਸਿੱਖ ਅੰਮ੍ਰਿਤ ਛਕ ਕੇ ਸਿੰਘ ਸਜੇ।

## ਵੈਸਾਖੀ ਦੀ ਸਾਖੀ

## ਭਾਈ ਜੀਵਨ ਸਿੰਘ (ਭਾਈ ਜੈਤਾ) ਦੀ ਜ਼ਬਾਨੀ

੧੯੫੨ ਦੀ ਦੀਵਾਲੀ ਸਮੇਂ ਸ੍ਰੀ ਦਰਬਾਰ ਸਾਹਿਬ ਜੀ ਦੀ ਉਤਰੀ ਬਾਹੀ 'ਤੇ ਸਜੇ ਦੀਵਾਨ ਅੰਦਰ, ਸ਼ਾਮ ਦੇ ਸਮੇ ਢਾਡੀ ਜਥੇ ਪਾਸੋਂ ਵੈਸਾਖੀ ਦਾ ਪ੍ਰਸੰਗ ਸੁਣਨ ਤੋਂ ਲੈ ਕੇ ੧੯੫੮ ਵਿਚ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਪਾਸੋਂ ਸੁਣੇ ਜ਼ਬਾਨੀ ਬਿਰਤਾਂਤ ਤਕ, ਤੇ ਉਸ ਉਪ੍ਰੰਤ ਹੁਣ ਤੱਕ ਜੋ ਇਸ ਪ੍ਰਸੰਗ ਸਬੰਧੀ ਸੁਣਦੇ ਤੇ ਪੜ੍ਹਦੇ ਆ ਰਹੇ ਹਾਂ; ਉਸ ਸਾਰੀ ਜਾਣਕਾਰੀ ਦਾ ਸਾਰ, ਕੁਝ ਸਾਲ ਪਹਿਲਾਂ ਮੇਰੇ ਵੱਲੋਂ ਲਿਖੇ ਗਏ ਇਕ ਛੋਟੇ ਜਿਹੇ ਲੇਖ 'ਵੈਸਾਖੁ ਭਲਾ .....' ਵਿਚ ਆ ਗਿਆ ਹੈ।

ਹੁਣ ਥੋਹੜਾ ਹੀ ਸਮਾ ਪਹਿਲਾਂ 'ਗੁਰ ਕੇ ਬੇਟੇ' ਨਾਂ ਵਾਲੀ ਨਵੀਂ ਪੁਸਤਕ ਮੇਰੇ ਹੱਥ ਲੱਗੀ ਹੈ, ਜਿਸ ਦੇ ਵਿਦਵਾਨ ਲੇਖਕ, ਸ. ਜਸਵੰਤ ਸਿੰਘ ਜੀ ਹਨ। ਇਸ ਪੁਸਤਕ ਵਿਚ ਲੇਖਕ ਨੇ ਭਾਈ ਜੀਵਨ ਸਿੰਘ (ਭਾਈ ਜੈਤਾ) ਵੱਲੋਂ ਲਿਖੀ ਗਈ ਪੁਸਤਕ, "'ਸ੍ਰੀ ਗੁਰ ਕਥਾ' ਕ੍ਰਿਤ ਕਵੀ ਬਾਬਾ ਜੀਵਨ ਸਿੰਘ (ਭਾਈ ਜਯਤਾ)" ਦੇ ਮੂਲ ਪਾਠ ਨੂੰ ਵੀ ਅਰਥਾਂ ਸਮੇਤ ਸ਼ਾਮਲ ਕੀਤਾ ਹੈ। ਇਹ ਦੁਰਲਭ ਪੁਸਤਕ ਭਾਸ਼ਾ ਵਿਭਾਗ ਪਟਿਆਲਾ ਨੇ, ਮੇਰੇ ਪਰਮ ਮਿੱਤਰ ਡਾ. ਗੁਰਮੁਖ ਸਿੰਘ ਟ੍ਰਿਪਲ ਐਮ. ਏ., ਪੀ. ਐਚ. ਡੀ., ਪਟਿਆਲਾ, ਸਾਬਕਾ ਜ਼ਿਲ੍ਹਾ ਭਾਸ਼ਾ ਅਫ਼ਸਰ ਬਠਿੰਡਾ, ਪਾਸੋਂ ਸੰਪਾਦਤ ਕਰਵਾ ਕੇ ਪ੍ਰਕਾਸ਼ਤ ਕੀਤੀ ਹੈ।

ਭਾਈ ਜੀਵਨ ਸਿੰਘ ਜੀ ਦੇ ਅੱਖੀਂ ਵੇਖ ਕੇ ਵਰਨਣ ਕੀਤੇ ਵਾਕਿਆ ਨੂੰ ਜਾਨਣ ਉਪ੍ਰੰਤ ਸ਼ਾਇਦ ਅਸੀਂ ਉਸ ਵਾਦ ਵਿਵਾਦ ਤੋਂ ਕੁਝ ਰਾਹਤ ਪਾ ਲਵਾਂਗੇ, ਜੋ ਹਰੇਕ ਵਿਦਵਾਨ ਵਿਅਕਤੀ ਵੱਲੋਂ, ਇਸ ਵਾਕਿਆ ਦਾ ਵਰਨਣ ਕਰਨ ਸਮੇ, ਤੇ ਬਹੁਤੀ ਵਾਰੀਂ ਜਾਣ ਬੁਝ ਕੇ ਖ਼ੁਦ ਨੂੰ ਵੱਡਾ ਵਿਦਵਾਨ ਸਾਬਤ ਕਰਨ ਲਈ, ਪੈਦਾ ਕੀਤਾ ਜਾਂਦਾ ਹੈ।

ਇਸ ਤੋਂ ਅੱਗੇ ਪੜ੍ਹੋ ਸ. ਜਸਵੰਤ ਸਿੰਘ ਜੀ ਲਿਖਤ ਕਿਤਾਬ 'ਗੁਰੂ ਕੇ ਬੇਟੇ' ਵਿਚ ਪੰਨਾ ੪੨੪ ਤੋਂ ੪੨੯ ਤੱਕ ਵਰਨਣ ਕੀਤਾ ਗਿਆ ਬਿਰਤਾਂਤ :

ਆਪ (ਭਾਈ ਜੀਵਨ ਸਿੰਘ ਜੀ) ਆਪਣੀ ਰਚਨਾ ਵਿਚ ਸਮਕਾਲੀ ਇਤਿਹਾਸ ਬਾਰੇ ਭਰੋਸੇਯੋਗ ਤੇ ਅੱਖੀਂ ਡਿਠੀ ਜਾਣਕਾਰੀ ਦੇਣ ਵਾਲੇ ਮੋਢੀ ਇਤਿਹਾਸਕਾਰ ਹਨ। ਆਪ ਨੇ ਗੁਰੂ ਸਾਹਿਬਾਨ ਤੇ ਇਸ ਸਮੇਂ ਵਿਚ ਹੋਈਆਂ ਜੰਗਾਂ, ਸਮਾਜਕ ਵਿਵਸਥਾ, ਰਾਜਨੀਤਕ ਕੁਟਿਲਤਾ ਅਤੇ ਧਾਰਮਿਕ ਕੱਟੜਵਾਦ ਬਾਰੇ ਮੁੱਢਲੀ ਅਤੇ ਭਰੋਸੇਯੋਗ ਜਾਣਕਾਰੀ ਪ੍ਰਦਾਨ ਕੀਤੀ ਹੈ। ਔਰੰਗਜ਼ੇਬ ਦੀ ਰਾਜਨੀਤਕ ਕੁਟਿਲਤਾ ਅਤੇ ਧਾਰਮਿਕ ਕੱਟੜਵਾਦ ਅਤੇ ਉਸ ਦੇ ਜੀਵਨ ਮੰਤਵ ਤੇ ਮਨੋਰਥ ਬਾਰੇ ਵੀ ਵਿਸ਼ੇਸ਼ ਜਾਣਕਾਰੀ ਹਾਸਲ ਹੁੰਦੀ ਹੈ। ਉਹ ਮਨੋਰਥ ਇਹ ਸੀ ਕਿ ਸਾਰੇ ਭਾਰਤ ਵਿਚ ਇਕ ਹੀ ਧਰਮ ਕਰਨਾ ਹੈ – ਇਸਲਾਮ। ਔਰੰਗਜ਼ੇਬ ਨੇ ਇਸਲਾਮ ਦੇ ਪ੍ਰਚਾਰ ਅਤੇ ਪਸਾਰ ਲਈ ਹਰ ਹੀਲਾ ਵਰਤਿਆ – ਲਾਲਚ, ਡਰ, ਤਸ਼ੱਦਦ ਤੇ ਕਤਲਿਆਮ। ਕਸ਼ਮੀਰੀ ਪੰਡਿਤਾਂ ਨੇ ਫ਼ਰਿਆਦ ਕੀਤੀ। ਸਤਿਗੁਰੂ ਜੀ ਨੇ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕਰਨ ਦਾ ਅਹਿਮ ਫ਼ੈਸਲਾ ਲਿਆ। ਦਿੱਲੀ ਪੁੱਜ ਗਏ। ਔਰੰਗਜ਼ੇਬ ਵੱਲੋਂ ਰੱਖੀਆਂ ਦੋ ਸ਼ਰਤਾਂ ਠੁਕਰਾ ਦਿੱਤੀਆਂ। ਤੀਜੀ ਸ਼ਰਤ ਮੌਤ ਮਨਜ਼ੂਰ ਕੀਤੀ। ਹਕੂਮਤ ਵੱਲੋਂ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰਨ ਦਾ ਆਦੇਸ਼ ਦਿੱਤਾ ਗਿਆ। ਸਤਿਗੁਰੂ ਜੀ ਨੇ ਸਾਕਾ ਕਰ

ਵਿਖਾਇਆ। ਸਤਿਗੁਰੂ ਦੇ ਸੀਸ ਨੂੰ ਅਨੰਦਪੁਰ ਸਾਹਿਬ ਲਿਆਉਣ ਦੇ ਜੋਖਮ ਭਰੇ ਕਾਰਜ ਦੀ ਜ਼ਿੰਮੇਵਾਰੀ ਬਾਬਾ ਜੀਵਨ ਸਿੰਘ ਜੀ ਨੇ ਆਪਣੇ ਸਿਰ ਲਈ। ਸ਼ਾਹੀ ਹੰਕਾਰ ਦਾ ਸਿਖ਼ਰ ਸੀ ਕਿ ਚਾਂਦਨੀ ਚੌਕ ਵਿਚ ਸੀਸ ਤੇ ਧੜ ਪਿਆ ਰਹਿਣ ਦਿੱਤਾ ਤੇ ਢੰਡੋਰਾ ਪਿਟਵਾ ਦਿੱਤਾ ਕਿ ਜੇਕਰ ਕੋਈ ਗੁਰੂ ਦਾ ਸਿੱਖ ਹੈ ਤਾਂ ਉਹ ਸੀਸ ਤੇ ਧੜ ਉਠਾ ਲਵੇ। ਸਰਕਾਰੀ ਤਸ਼ੱਦਦ ਤੋਂ ਡਰਦੇ ਕਿਸੇ ਨੇ ਗੁਰੂ ਜੀ ਦੇ ਧੜ ਤੇ ਸੀਸ ਨੂੰ ਉਠਾਉਣ ਦੀ ਹਿੰਮਤ ਨਾ ਕੀਤੀ ਤੇ ਸਭ ਸਿੱਖ ਆਪਣੇ ਆਪ ਨੂੰ ਰਾਮ ਭਗਤ ਅਖਵਾ ਕੇ ਜਾਨ ਬਚਾ ਰਹੇ ਸਨ।

ਬਾਬਾ ਜੀਵਨ ਸਿੰਘ ਜੀ ਉਸ ਦੇ ਪਿਤਾ ਭਾਈ ਸਦਾ ਨੰਦ ਜੀ ਅਤੇ ਤਾਇਆ ਭਾਈ ਆਗਿਆ ਰਾਮ ਜੀ ਨੇ ਸੀਸ ਅਤੇ ਧੜ ਚੁੱਕਣ ਦੀ ਵਿਉਂਤ ਬਣਾ ਲਈ। ਵਿਉਂਤ ਮੁਤਾਬਿਕ ਭਾਈ ਸਦਾ ਨੰਦ ਨੇ ਆਪਣਾ ਸੀਸ ਆਪਣੀ ਹੀ ਤਲਵਾਰ ਨਾਲ ਕੱਟ ਦਿੱਤਾ। ਧੰਨ ਸਿੱਖੀ, ਧੰਨ ਗੁਰੂ ਦਾ ਪਿਆਰ! ਗੁਰੂ ਜੀ ਦੀ ਪ੍ਰੀਤ ਹਿਤ ਪਿਤਾ ਵਾਰ ਦਿੱਤਾ ਅਤੇ ਸੀਸ ਲੈ ਕੇ ਅਨੰਦਪੁਰ ਸਾਹਿਬ ਪਹੁੰਚ ਗਏ। ਸਤਿਗੁਰੂ ਜੀ ਦਾ ਸੀਸ ਵੇਖ ਕੇ ਸੰਗਤਾਂ ਵਿਆਕੁਲ ਹੋ ਗਈਆਂ। ਉਹਨਾਂ ਦੇ ਮਨ ਵਿਚ ਕ੍ਰੋਧ ਇਉਂ ਪੈਦਾ ਹੋ ਗਿਆ ਜਿਵੇਂ ਅੰਦਰ ਜ਼ਹਿਰ ਦੇ ਰੁੱਖ ਉਗ ਆਏ ਹੋਣ।

ਗੁਰੂ ਜੀ ਨੇ ਸੰਗਤਾਂ ਨੂੰ ਧੀਰਜ ਰੱਖਣ ਦਾ ਉਪਦੇਸ਼ ਦਿੱਤਾ ਤੇ ਬਾਬਾ ਜੀ ਨੂੰ ਗਲਵੱਕੜੀ ਵਿਚ ਲੈ ਆਪਣਾ ਬੇਟਾ ਆਖਿਆ।

ਗੁਰੂ ਜੀ ਦੇ ਸੀਸ ਦਾ ਸਸਕਾਰ ਗੁਰ ਮਰਯਾਦਾ ਅਨੁਸਾਰ ਕਰਨ ਉਪ੍ਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਮਨ ਵਿਚ ਵਿਚਾਰਾਂ ਕੀਤੀਆਂ ਕਿ ਇਹ ਸਭ ਕੁਝ ਕਿਉਂ ਹੋਇਆ? ਸਿੱਖਾਂ ਨੇ ਸਤਿਗੁਰੂ ਦੇ ਪਾਵਨ ਸੀਸ ਨੂੰ ਓਥੋਂ ਉਠਾਉਣ ਤੇ ਆਦਰ ਸਹਿਤ ਸਸਕਾਰ ਕਰਨ ਲਈ ਕਿਉਂ ਹਿੰਮਤ ਨਾ ਕੀਤੀ? ਤੁਰਕਾਂ ਨੇ ਸਿੱਖਾਂ ਨੂੰ ਕਿਉਂ ਨਹੀਂ ਪਛਾਣਿਆ? ਸਿੱਖਾਂ ਦੇ ਮਨ ਵਿਚ ਕਿਉਂ ਸ਼ਰਮ ਪੈਦਾ ਨਹੀਂ ਹੋਈ? ਇਤਿਆਦਿ।

ਗੁਰੂ ਜੀ ਨੇ ਫਿਰ ਫ਼ੈਸਲਾ ਕੀਤਾ ਕਿ ਮੈਂ ਸਿੱਖੀ ਸਰੂਪ ਵਿਚ ਅਜਿਹੀ ਅਹਿਮ ਤਬਦੀਲੀ ਕਰਾਂਗਾ ਕਿ ਜਿਸ ਦੀ ਪਛਾਣ ਲੱਖਾਂ ਕ੍ਰੋੜਾਂ ਵਿਚੋਂ ਆਪ ਮੁਹਾਰੇ ਹੋਇਆ ਕਰੇਗੀ ਕਿ ਉਹ ਗੁਰੂ ਦਾ ਸਿੱਖ ਹੈ।

ਕਿੰਨੇ ਦਿਨ ਦਮਦਮੇ ਵਿਚ ਬੈਠ ਕੇ ਸਤਿਗੁਰੂ ਜੀ ਨੇ ਵਿਚਾਰ ਕਰਨ ਉਪ੍ਰੰਤ ਘਿਓ ਆਦਿ ਸਮੱਗਰੀ ਨੂੰ ਅਗਨੀ ਦਿੱਤੀ। ਅੱਗ ਦੀ ਲਾਟ ਬਹੁਤ ਉਚੀ ਉਠੀ। ਗੁਰੂ ਜੀ ਨੰਗੀ ਤਲਵਾਰ ਹੱਥ ਵਿਚ ਲੈ ਕੇ ਦਮਦਮੇ ਵਿਚੋਂ, "ਜੈ ਤੇਗੰ, ਜੈ ਤੇਗੰ" ਉਚਾਰਦੇ ਦੀਵਾਨ ਵਿਚ ਆ ਗਏ ਤੇ ਕਹਿਣ ਲੱਗੇ, "ਇਕ ਸੀਸ ਦੀ ਜ਼ਰੂਰਤ ਹੈ।" ਇਕ ਸੇਵਕ ਹੱਥ ਜੋੜ ਕੇ ਖੜ੍ਹਾ ਹੋ ਗਿਆ। ਆਪ ਉਸਨੂੰ ਬਾਂਹ ਤੋਂ ਪਕੜ ਕੇ ਤੰਬੂ ਵਿਚ ਲੈ ਗਏ ਤੇ ਫਿਰ ਇਵੇਂ ਹੀ ਪੰਜ ਸਿੱਖਾਂ ਨੂੰ ਤੰਬੂ ਵਿਚ ਲੈ ਗਏ। ਕਾਫ਼ੀ ਦੇਰ ਤਕ ਸਤਿਗੁਰੂ ਤੇ ਕੋਈ ਸਿੱਖ ਤੰਬੂ ਤੋਂ ਬਾਹਰ ਨਾ ਨਿਕਲਿਆ ਤਾਂ ਸਿੱਖਾਂ ਵਿਚ ਘੁਸਰ-ਮੁਸਰ ਹੋਣ ਲੱਗੀ ਕਿ ਸਤਿਗੁਰੂ ਨੇ ਪੰਜ ਸਿੱਖ ਮਾਰ ਮੁਕਾਏ ਹਨ।

ਫਿਰ ਹੌਲੀ ਹੌਲੀ ਕੱਚੇ ਸਿੱਖ ਬਾਹਰ ਖਿਸਕਣ ਲੱਗੇ ਪਰ ਸਿਦਕਵਾਨ ਟਿਕੇ ਰਹੇ। ਫਿਰ ਮੰਚ ’ਤੇ ਸਤਿਗੁਰੂ ਜੀ ਸਿੱਖਾਂ ਨੂੰ ਸਿੰਘ ਸਜਾ ਕੇ ਲੈ ਆਏ।

ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਵਿਚ ਬੈਠ ਕੇ ਉਹਨਾਂ ਸਿੱਖਾਂ ਨੂੰ ਰਹਿਤਾਂ-ਕੁਰਹਿਤਾਂ ਬਾਰੇ ਸਮਝਾਇਆ। ਸਤਿ ਸੰਗਤ ਵਿਚ ਬੈਠੇ ਸਿੱਖ ਦੁਚਿੱਤੀ ਵਿਚ ਸਨ ਕਿ ਇਹ ਸਿੱਖ ਮੁੜ ਜੀਵਤ ਕਿਵੇਂ ਹੋ ਗਏ! ਪਰ ਇਹ ਰਹੱਸ ਹੈ। ਗੁਰੂ ਜੀ ਦੇ ਕੌਤਕ ਦਾ ਭੇਦ ਕੌਣ ਪਾ ਸਕਦਾ ਹੈ?

ਇਸ ਤਰ੍ਹਾਂ ਸਤਿਗੁਰੂ ਜੀ ਨੇ ਖ਼ਾਲਸਾ ਸਾਜਣ ਦਾ ਕੌਤਕ ਕੀਤਾ। ਖ਼ਾਲਸਾ ਸਾਜਣ ਵੇਲੇ ਬਾਬਾ ਜੀ ਗੁਰੂ ਜੀ ਦੇ ਕੌਤਕ ਨੂੰ ਕੌਤਕ ਵਜੋਂ ਪੇਸ਼ ਕਰਦਿਆਂ ਡੂੰਘੇ ਰਹੱਸਵਾਦੀ ਮਹਾਂਪੁਰਸ਼ ਨਜ਼ਰੀਂ ਪੈਂਦੇ ਹਨ। ਪੰਜ ਸਿੱਖਾਂ ਨੂੰ ਤੰਬੂ ਵਿਚ ਲਿਜਾਣ ਅਤੇ ਮੁੜ ਜੀਵਤ ਕਰਨ ਬਾਰੇ ਲੋਕਾਂ ਨੇ ਕਈ ਕਲਪਨਾਵਾਂ ਕੀਤੀਆਂ ਹਨ। ਪਰ ਗੁਰੂ ਦਰਬਾਰ ਵਿਚ ਹਾਜ਼ਰ ਅਤਿ ਪਿਆਰਾ, ਨਿਕਟਵਰਤੀ, ਗੁਰੂ ਕਾ ਬੇਟਾ ਪ੍ਰਚੱਲਤ ਵਿਚਾਰਾਂ ਨਾਲੋਂ ਵੱਖਰੀ ਗੱਲ ਕਰਦਾ ਹੈ। ਇਹ ਤਾਂ ਗੁਰੂ ਦਾ ਕੌਤਕ ਸੀ। ਇਸ ਦਾ ਥਹੁ ਕੌਣ ਪਾ ਸਕਦਾ ਹੈ! ਬਾਬਾ ਜੀ ਦੱਸਦੇ ਹਨ ਕਿ ਗੁਰੂ ਸਾਹਿਬ ਦੀ ਸਿਰਾਂ ਦੀ ਮੰਗ ਚਿੰਨ੍ਹਾਤਮਿਕ ਸੀ, ਜਿਸ ਦਾ ਇਹ ਭਾਵ ਸੀ ਕਿ ਗੁਰੂ ਲੇਖੇ ਲੱਗਾ ਸੀਸ ਤਲਵਾਰ ਲੇਖੇ ਲੱਗਾ ਸੀਸ ਜਾਣਿਆ ਜਾਵੇ। ਇਸ ਤੋਂ ਆਪ ਦੀ ਗੁਰੂ ਸ਼ਰਧਾ ਤੇ ਲੰਮੀ ਨਦਰ ਦਾ ਅਹਿਸਾਸ ਹੁੰਦਾ ਹੈ। ਬਾਬ ਜੀ ਨੇ ਗੁਰੂ ਦਰਬਾਰ ਵਿਚ ਰਹਿੰਦਿਆਂ ਸਭ ਕੁਝ ਅੱਖੀਂ ਵੇਖਿਆ। ਉਹਨਾਂ ਨੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਆਪਣੀ ਰਚਨਾ ਵਿਚ ਅੰਕਤ ਕੀਤੀ ਹੈ ਜੋ ਹਮੇਸ਼ਾਂ ਸਤਿਕਾਰੀ ਜਾਵੇਗੀ। ਆਪ ਨੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਬਾਰੇ ਦੱਸਦਿਆਂ ਅੱਖਾਂ ਸਾਹਮਣੇ ਇਕ ਚਿੱਤਰ ਹੀ ਬਣਾ ਕੇ ਰੱਖ ਦਿੱਤਾ ਹੈ। ਇਹ ਇਤਿਹਾਸਕ ਪੱਖੋਂ ਅਹਿਮ ਜਾਣਕਾਰੀ ਹੈ।

ਅੰਮ੍ਰਿਤ ਤਿਆਰ ਕਰਨ ਦੀ ਵਿਧੀ:

ਬਾਬਾ ਜੀ ਨੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਇਉਂ ਲਿਖੇ ਅਨੁਸਾਰ ਵਰਨਣ ਕੀਤੀ ਹੈ: ਜਦੋਂ ਅੰਮ੍ਰਿਤ ਛਕਣ ਦੇ ਅਭਿਲਾਖੀ ਸਿੱਖ ਆਉਣ ਤਾਂ ਪੰਜ ਅੰਮ੍ਰਿਤਧਾਰੀ ਸਿੱਖਾਂ ਨੂੰ ਚੁਣਨਾ ਚਾਹੀਦਾ ਹੈ ਜੋ ਅੰਮ੍ਰਿਤ ਤਿਆਰ ਕਰਨ। ਉਹ ਸਣੇ ਕੇਸੀਂ ਇਸ਼ਨਾਨ ਕਰਨ; ਸਵੱਛ ਬਸਤਰ ਧਾਰਨ ਕਰਨ। ਫਿਰ ਧਰਤੀ ਉਪਰ ਕੰਬਲ ਵਿਛਾਇਆ ਜਾਵੇ ਜਿਸ ਉਪਰ ਉਹ ਪੰਜੇ ਆਸਣ ਗ੍ਰਹਿਣ ਕਰਨ। ਲੋਹੇ ਦਾ ਬਾਟਾ ਉਸ ਕੰਬਲ ਉਪਰ ਰੱਖ ਕੇ ਉਸ ਵਿਚ ਜਲ ਪਾ ਲੈਣ ਤੇ ਆਪਣੀ ਨਜ਼ਰ ਉਸ ਬਾਟੇ ਵਿਚ ਟਿਕਾਉਣ। ਅੰਮ੍ਰਿਤ ਅਭਿਲਾਸ਼ੀ ਸਿੱਖਾਂ ਨੂੰ ਪੰਜ ਕਕਾਰ ਪਵਾ ਕੇ ਸਾਹਮਣੇ ਬਿਠਾ ਲੈਣ ਤੇ ਸਰਬਲੋਹ ਦੇ ਬਾਟੇ ਵਿਚ ਜਲ ਵਿਚ ਪਤਾਸੇ ਪਾ ਕੇ ਬੀਰ ਆਸਣ ਗ੍ਰਹਿਣ ਕਰੇ ਹੱਥ ਵਿਚ ਖੰਡਾ ਲੈ ਕੇ ਇਕ ਸਿੰਘ ਬਾਟੇ ਵਿਚ ਖੰਡਾ ਫੇਰੇ ਤੇ ਨਾਲ ਨਾਲ ਜਪੁਜੀ ਸਾਹਿਬ ਦਾ ਪਾਠ ਕਰੇ। ਦੂਜਾ ਹੱਥ ਬਾਟੇ ਉਪਰ ਰੱਖੇ। ਪੰਜਾਂ ਵਿਚੋਂ ਜੋ ਦੂਸਰੇ ਚਾਰੇ ਹਨ ਉਹ ਵੀ ਬਾਟੇ ’ਤੇ ਹੱਥ ਰੱਖਣ ਤੇ ਆਪਣੀ ਆਪਣੀ ਵਾਰੀ ਤੇ ਪੰਜਾਂ ਬਾਣੀਆਂ ਦਾ ਪਾਠ ਕਰਨ। ਉਹ ਪੰਜ ਬਾਣੀਆਂ ਹਨ – ਜਪੁਜੀ ਸਾਹਿਬ, ਜਾਪੁ ਸਾਹਿਬ, ਸਵੱਈਏ, ਚੌਪਈ ਅਤੇ ਅਨੰਦ ਸਾਹਿਬ। ਇਉਂ ਪੰਜ ਬਾਣੀਆਂ ਦੇ ਪਾਠ ਸੰਪੂਰਨ ਹੋਣ ਨਾਲ ਅੰਮ੍ਰਿਤ ਦਾ ਬਾਟਾ ਤਿਆਰ ਹੋ ਜਾਂਦਾ ਹੈ। ਫਿਰ ਹਰ ਅੰਮ੍ਰਿਤ ਅਭਿਲਾਖੀ ਦੇ ਪੰਜ ਚੁਲੇ ਮੂੰਹ ਵਿਚ, ਪੰਜ ਚੁਲੇ ਕੇਸਾਂ ਵਿਚ, ਪੰਜ ਚੁਲੇ ਅੱਖਾਂ ਵਿਚ ਪਾਏ ਜਾਣ। ਹਰ ਵਾਰ ਚੁਲੇ ਨਾਲ ਅੰਮ੍ਰਿਤ ਜਾਚਕ ਵਾਹਿਗੁਰੂ ਜੀ ਕੀ ਫ਼ਤਿਹ ਗੱਜਾਵੇ। ਇਕੋ ਬਾਟੇ ਵਿਚੋਂ ਸਾਰੇ ਅੰਮ੍ਰਿਤ ਛਕਣ। ਫਿਰ ਉਹਨਾਂ ਪੰਜਾਂ ਸਿੰਘਾਂ ਵਿਚੋਂ ਇਕ ਜਾਂ ਮੁਖੀ ਸਿੰਘ ਅੰਮ੍ਰਿਤ ਪਾਨ ਕਰਨ ਵਾਲਿਆਂ ਨੂੰ ਰਹਿਤ ਮਰਯਾਦਾ ਬਾਰੇ ਦੱਸੇ। ਇਸ ਉਪ੍ਰੰਤ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ। ਫਿਰ ਸਭ ਨੂੰ ਇਕੱਠੇ ਬਿਠਾ ਕੇ ਇਕ ਬਰਤਨ ਵਿਚ ਲੰਗਰ ਪਾਣੀ ਛਕਾਇਆ ਜਾਵੇ।

ਪੰਜ ਕਕਾਰ:

ਬਾਬਾ ਜੀਵਨ ਸਿੰਘ ਜੀ ਸਿੱਖ ਧਰਮ ਵਿਚ ਪੰਜ ਦੀ ਮਹੱਤਤਾ ਸਵੀਕਾਰ ਕਰਦੇ ਹਨ। ਪੰਚ ਪਰਵਾਨ ਤੇ ਪੰਚ ਪਰਧਾਨ; ਤੇ ਫਿਰ ਦੱਸਦੇ ਹਨ ਪੰਜ ਕਕਾਰ ਸਿੱਖ ਹਰ ਹਾਲਤ ਵਿਚ ਧਾਰਨ ਕਰੇ। ਉਹ ਕਕਾਰ ਹਨ: ਕ੍ਰਿਪਾਨ, ਕੜਾ, ਕੱਛ (ਕਛਹਿਰਾ), ਕੇਸ ਤੇ ਕੰਘਾ। ਇਹ ਪੰਜ ਕਕਾਰ ਜੋ ਸਤਿਗੁਰੂ ਨੇ ਦਿੱਤੇ ਹਨ, ਇਹ ਪੰਜ ਵਿਕਾਰਾਂ ਦਾ ਨਾਸ ਕਰਦੇ ਹਨ ਤੇ ਸਤਿਗੁਰੂ ਜੀ ਨੂੰ ਇਹ ਪੰਜ ਕਕਾਰ ਬੜੇ ਹੀ ਪਿਆਰੇ ਹਨ।

ਰਹਿਤ ਮਰਯਾਦਾ:

ਬਾਬਾ ਜੀਵਨ ਸਿੰਘ ਜੀ ਨੇ ਸਿੱਖਾਂ ਦੀ ਰਹਿਤ ਬਾਰੇ ਬੜੇ ਹੀ ਵਿਸਥਾਰ ਨਾਲ ਲਿਖਿਆ ਹੈ ਤੇ ਪੂਰਨ ਗੁਰਸਿੱਖ ਜਾਂ ਖ਼ਾਲਸਾ ਬਣਨ ਲਈ ਕੇਹੜੇ ਕੇਹੜੇ ਨਿਯਮ ਅਪਣਾਏ ਜਾਣੇ ਚਾਹੀਦੇ ਹਨ, ਉਹਨਾਂ ਦੀ ਵਿਆਖਿਆ ਕੀਤੀ ਹੈ।

੧ ਹਿਰਦੇ ਵਿਚ ਰੱਬ ਦਾ ਧਿਆਨ ਧਾਰਨ ਕਰੇ ਤੇ ਮਨ ਵਿਚ ਯੁੱਧ ਚਿਤਾਰੇ। ਯੁੱਧ ਤੋਂ ਭਾਵ ਧਰਮ ਯੁੱਧ ਹੈ।

੨ ਜਦੋਂ ਕੋਈ ਦੁਖੀ, ਦੀਨ, ਮਜ਼ਲੂਮ ਆ ਕੇ ਸਹਾਇਤਾ ਲਈ ਬੇਨਤੀ ਕਰੇ ਤਾਂ ਆਪਣੇ ਨਿਜੀ ਆਰਾਮ, ਸੁਖ, ਚੈਨ, ਆਨੰਦ ਨੂੰ ਤੁਰੰਤ ਤਿਆਗ ਕੇ ਉਸਦੀ ਸਹਾਇਤਾ ਲਈ ਚੱਲ ਪਵੇ।

੩ ਜਾਤ-ਸੁਜਾਤ ਦਾ ਵਿਚਾਰ ਨਾ ਕਰੇ। ਸਾਰੀ ਮਨੁੱਖ ਜਾਤੀ ਨੂੰ ਪਰਮਾਤਮਾ ਦੇ ਬੱਚੇ ਕਰਕੇ ਜਾਣੇ।

੪ ਬ੍ਰਾਹਮਣੀ ਰੀਤ ਰਿਵਾਜ ਕਰਮ ਕਾਂਡ, ਪੂਜਾ ਪਾਠ ਦਾ ਤਿਆਗ ਕਰੇ। ਗੁਰਮਤਿ ਅਨੁਸਾਰ ਚੱਲੇ। ਫਿਰ ਮੁਕਤੀ ਪ੍ਰਾਪਤ ਹੋ ਜਾਵੇਗੀ।

੫ ਸਰੀਰ ’ਤੇ ਪਿਆਰ ਸਹਿਤ ਸ਼ਸਤਰ ਸਜਾਵੇ ਜੋ ਪਰਮਾਤਮਾ ਦੇ ਸੁੰਦਰ ਚਿੰਨ੍ਹ ਹਨ। ਬਿਨਾ ਸ਼ਸਤਰ ਬੰਦਾ ਗਿੱਦੜ ਹੀ ਰਹਿ ਜਾਂਦਾ ਹੈ। ਸ਼ਸਤਰਧਾਰੀ ਖ਼ਾਲਸਾ ਜਪ, ਤਪ, ਸਤ, ਸੰਜਮ ਆਦਿ ਸ਼ਸਤਰਾਂ ਤੋਂ ਪ੍ਰਾਪਤ ਕਰਦਾ ਹੈ ਤੇ ਹਮੇਸ਼ਾਂ ਤਪ ਸਾਧਨਾ ਵਿਚ ਲੱਗਿਆ ਰਹਿੰਦਾ ਹੈ।

੬ ਕਦੇ ਆਪਣੇ ਰੋਮਾਂ ਭਾਵ ਕੇਸਾਂ ਦੀ ਬੇਅਦਬੀ ਨਾ ਕਰੇ। ਉਹ ਔਜ਼ਾਰ ਜਿਸ ਨਾਲ ਕੇਸ ਕਤਲ ਹੋ ਸਕਦੇ ਹਨ, ਨੂੰ ਕਦੇ ਕੇਸਾਂ ਨੂੰ ਨਾ ਲੱਗਣ ਦੇਵੇ।

੭ ਦਸਤਾਰ ਸਜਾ ਕੇ ਰੱਖੇ।

੮ ਨੱਕ ਕੰਨ ਨਾ ਵਿਨ੍ਹਾਵੇ।

੯ ਜਦੋਂ ਸਿੱਖ ਮਿਲੇ ਤਾਂ ਵਾਹਿਗੁਰੂ ਜੀ ਕੀ ਫ਼ਤਿਹ ਗਜਾਵੇ ਤੇ ਪ੍ਰਸ਼ਾਦਾ ਤਿਆਰ ਹੋ ਜਾਵੇ ਤਾਂ ਆਪ ਖਾਣ ਤੋਂ ਪਹਿਲਾਂ ਗ਼ਰੀਬਾਂ ਜਾਂ ਭੁੱਖਿਆਂ ਲੋਕਾਂ ਨੂੰ ਛਕਾਵੇ।

੧੦ ਹੁੱਕਾ, ਕੁੱਠਾ, ਚਰਸ, ਤਮਾਕੂ ਆਦਿ ਨਸ਼ੀਲੀਆਂ ਤੇ ਮਾੜੀਆਂ ਵਸਤਾਂ ਨੂੰ ਕਦੇ ਭੁੱਲ ਕੇ ਵੀ ਹੱਥ ਨਾ ਲਗਾਵੇ। ਹੁੱਕਾ ਪੀਣ ਵਾਲੇ ਨਾਲ ਸਾਂਝ ਨਾ ਬਣਾਵੇ ਤੇ ਲਾਲ ਸੂਹਾ ਕੱਪੜਾ ਅਤੇ ਨਸਵਾਰ ਨੂੰ ਹਮੇਸ਼ਾ ਲਈ ਤਿਆਗ ਦੇਵੇ।

੧੧ ਹਮੇਸ਼ਾਂ ਚੰਗੇ ਸਿੰਘਾਂ ਦੀ ਸੰਗਤ ਕਰੇ ਤੇ ਸਿੱਖੀ ਤੋਂ ਪਤਿਤ ਨਾਲ ਬਿਲਕੁਲ ਪਿਆਰ ਨਾ ਪਾਵੇ।

੧੨ ਆਪਣੀ ਪਤਨੀ ਨਾਲ ਹੀ ਪਿਆਰ ਕਰੇ। ਪਰਾਈ ਬਹੁ-ਬੇਟੀ ਨੂੰ ਆਪਣੀ ਮਾਤਾ ਭੈਣ ਸਮਾਨ ਜਾਣੇ।

੧੩ ਬ੍ਰਾਹਮਣੀ ਕਰਮ ਕਾਂਡ- ਅਰਪਣ, ਪੂਜਾ, ਸੁੱਖਾਂ ਮੰਗਣੀਆਂ, ਤਰਪਣ, ਪੁੱਛਾਂ ਲੈਣੀਆਂ, ਵਰਤ ਆਦਿ ਸਭ ਨੂੰ ਖ਼ਾਲਸਾ ਤਿਆਗ ਦੇਵੇ। ਸ਼ਗਨ, ਮਹੂਰਤ, ਜੰਤਰ, ਮੰਤਰ, ਤੰਤਰ ਆਦਿ ਵਿਚ ਨਾ ਭਰਮੇ। ਸ਼ਰਾਧ ਖ਼ਾਲਸੇ ਨੂੰ ਮਨ੍ਹਾ ਹਨ। ਰਾਸ਼ੀ, ਗ੍ਰਹਿ ਦਾ ਵਿਚਾਰ ਨਾ ਕਰੇ।

੧੪ ਝੂਠ, ਕਪਟ, ਛਲ, ਚੋਰੀ, ਜਾਰੀ, ਨਿੰਦਿਆ, ਜੂਆ ਅਨਿਆਂ ਆਦਿ ਸਭ ਦਾ ਸਿੱਖ ਤਿਆਗ ਕਰੇ।

੧੫ ਲੋਕ ਮੱਤ ਦੇ ਉਲਟ ਬਾਬਾ ਜੀਵਨ ਸਿੰਘ ਨੇ ਖੇਤੀ ਦੀ ਬਜਾਏ ਵਾਪਾਰ ਨੂੰ ਉਤਮ ਕਿਰਤ ਮੰਨਿਆ ਹੈ। ਵਾਪਾਰ ਵੀ ਇਮਾਨਦਾਰੀ ਨਾਲ ਕਰੇ। ਦੂਜੇ ਦਰਜੇ ਦਾ ਕੰਮ ਖੇਤੀਬਾੜੀ ਮੰਨਿਆ ਹੈ। ਸਿੱਖ ਨੂੰ ਦਸਾਂ ਨੌਹਾਂ ਦੀ ਕਿਰਤ ਕਰਨ ਲਈ ਹਦਾਇਤ ਕੀਤੀ ਹੈ। ਖ਼ਾਲਸੇ ਨੂੰ ਅੱਵਲ ਤਾਂ ਚਾਕਰ ਬਣਨਾ ਹੀ ਨਹੀਂ ਚਾਹੀਦਾ ਤੇ ਜੇਕਰ ਮਜਬੂਰੀ ਵੱਸ ਕਰਨੀ ਹੀ ਪਵੇ ਤਾਂ ਫ਼ੌਜ ਵਿਚ ਨੌਕਰੀ ਕਰੇ।

੧੬ ਕੇਵਲ ਅਕਾਲ ਪੁਰਖ ਨੂੰ ਮੰਨੇ ਤੇ ਉਸ ਨੂੰ ਨਮਸਕਾਰ ਕਰੇ। ਹੋਰ ਕਿਸੇ ਦੇਵੀ ਦੇਵਤੇ ਨੂੰ ਸੀਸ ਨਾ ਝੁਕਾਵੇ।

੧੭ ਖ਼ਾਲਸਾ ਪਰਾਏ ਧਨ, ਪਰਾਈ ਇਸਤਰੀ 'ਤੇ ਕਦੇ ਅੱਖ ਨਾ ਰੱਖੇ।

੧੮ ਕਿਸੇ ਹੋਰ ਦਾ ਹੱਕ ਬਿਲਕੁਲ ਨਾ ਮਾਰੇ।

੧੯ ਨਿਹੱਥੇ ’ਤੇ ਵਾਰ ਨਾ ਕਰੇ। ਕਿਸੇ ’ਤੇ ਪਿਛਿਉਂ ਜਾਂ ਪਿੱਠ ’ਤੇ ਵਾਰ ਨਾ ਕਰੇ।

੨੦ ਮੜ੍ਹੀ, ਮਸਾਣੀ, ਗੋਰ, ਕਬਰ, ਬੁੱਤ ਆਦਿ ਨੂੰ ਖ਼ਾਲਸਾ ਭੁੱਲ ਕੇ ਵੀ ਮੱਥਾ ਨਾ ਟੇਕੇ।

੨੧ ਜੋ ਸਿੱਖ ਆਪਣੇ ਆਪ ਨੂੰ ਪ੍ਰਿਤਪਾਲਕ ਜਾਣਦਾ ਹੈ ਉਹ ਮੂੜ੍ਹ ਹੈ; ਖ਼ਾਲਸਾ ਉਸ ਤੋਂ ਪ੍ਰਸ਼ਾਦ ਨਾ ਛਕੇ। ਆਪਣੇ ਇਸ਼ਟ ਬਿਨਾ ਕਿਸੇ ਹੋਰ ਦਾ ਪ੍ਰਸ਼ਾਦ ਨਾ ਛਕੇ ਕਿਉਂਕਿ ਅਜਿਹਾ ਕਰਨ ਨਾਲ ਮੱਤ ਭ੍ਰਿਸ਼ਟ ਹੋ ਜਾਂਦੀ ਹੈ।

੨੨ ਖ਼ਾਲਸਾ ਘੱਟ ਖਾਵੇ। ਘੱਟ ਸੌਵੇਂ ਤੇ ਲਾਲਚ ਵੱਸ ਕਦੇ ਵੀ ਜ਼ਿਆਦਾ ਨਾ ਛਕੇ। ਪ੍ਰਸ਼ਾਦ ਜਿਹੋ ਜਿਹਾ ਮਰਜ਼ੀ ਬਣਿਆ ਹੋਵੇ, ਸ਼ਰਧਾ ਸਹਿਤ ਛਕ ਲਵੇ ਤੇ ਕਦੇ ਭੁੱਲ ਕੇ ਵੀ ਪ੍ਰਸ਼ਾਦ ਦੀ ਨਿੰਦਿਆ ਨਾ ਕਰੇ। ਇਸ ਨੂੰ ਵਾਹਿਗੁਰੂ ਦੀ ਦੇਣ ਕਰਕੇ ਪ੍ਰਵਾਨ ਕਰੇ।

੨੩ ਉਹ ਖਾਣਾ-ਪੀਣਾ ਸਭ ਪਵਿੱਤਰ ਹੈ ਜੋ ਸਰੀਰ ਦੇ ਮਾਫਕ ਹੋਵੇ। ਸਭ ਅੰਨ ਪਵਿਤਰ ਹੈ।

੨੪ ਜਦੋਂ ਸਿੰਘ/ਖ਼ਾਲਸਾ ਸਰੀਰ ਤਿਆਗੇ ਤਾਂ ਉਸ ਦਾ ਸੋਗ ਨਾ ਮਨਾਇਆ ਜਾਵੇ ਕਿਉਂਕਿ ਇਹ ਵਾਹਿਗੁਰੂ ਦੇ ਭਾਣੇ ਵਿਚ ਹੀ ਹੁੰਦਾ ਹੈ। ਸਰੀਰ ਤਿਆਗਣ ਉਪ੍ਰੰਤ ਦੇਹ ਨੂੰ ਮੰਜੇ ’ਤੇ ਹੀ ਰਹਿਣ ਦਿੱਤਾ ਜਾਵੇ; ਭੁੰਜੇ ਧਰਤੀ ’ਤੇ ਨਾ ਲਿਟਾਇਆ ਜਾਵੇ। ਇਸ ਨੂੰ ਹਰਿ ਦਾ ਹੁਕਮ ਮੰਨੇ ਤੇ ਜਿਸ ਚੀਜ਼ ਨੂੰ ਮਨ ਮੰਨੇ, ਛਕ ਲਵੇ। ਸੂਤਕ ਪਾਤਕ ਦਾ ਵਿਚਾਰ ਨਾ ਕਰੇ। ਐਸੀ ਘੜੀ ਵਿਚ ਮਨ ਵਿਚ ਪਰਮਾਤਮਾ ਦਾ ਨਾਮ ਜਪੇ ਤੇ ਉਸ ਦੀ ਕੀਰਤੀ ਗਾਵੇ।

ਆਉ ਹੁਣ ਉਹਨਾਂ ਪੰਜ ਸਵੱਈਆਂ ’ਤੇ ਝਾਤੀ ਮਾਰੀਏ ਜਿਨ੍ਹਾਂ ਵਿਚ ਭਾਈ ਜਯਤਾ ਜੀ ਨੇ ਇਸ ਵਾਕਿਆ ਦਾ ਵਰਨਣ ਕੀਤਾ ਹੈ। ਇਹ ਉਹਨਾਂ ਦੁਆਰਾ ਰਚਿਤ ਗ੍ਰੰਥ 'ਸ੍ਰੀ ਗੁਰ ਕਥਾ' ਵਿਚ, ਸਵੱਈਏ ੫੬ ਤੋਂ ੬੦ ਤੱਕ ਵਿਚ ਦੱਸਿਆ ਹੈ। ਇਹ ਪੁਸਤਕ 'ਗੁਰੂ ਕੇ ਬੇਟੇ' ਪੰਨਾ ੩੯੦, ੩੯੨ ਉਪਰ ਅੰਕਤ ਹੈ।

੧

*ਆਇ ਜੁਰੇ ਦਮਦਮਹਿ ਸੁ ਸਿੱਖ ਗਨ, ਸਤਿਗੁਰ ਬੀਚ ਦੀਵਾਨ ਸੁਹਾਯੋ॥*
*ਧੂਹ ਕ੍ਰਿਪਾਨ ਖੋੜਿ ਤੇ ਬਾਹਰ, ਸੀਖਨ ਕਉ ਮੁੱਖ ਐਸ ਅਲਾਯੋ॥*
*ਕੋਊ ਸਿੱਖ ਹੋਇ ਤਉ ਦੀਜੈ, ਸੀਸ ਮੋਹਿ ਅਬ ਹੀ ਫੁਰਮਾਯੋ॥*
*ਦੋਇ ਕਰ ਜੋਰ ਉਠਯੋ ਇਕ ਸੇਵਕ, ਬਿਨਤੀ ਕਰ ਉਰ ਹਰਖ ਮਨਾਯੋ॥੫੬॥*
੨
*ਦੀਨ ਦਿਆਲ ਕ੍ਰਿਪਾ ਕੈ ਸਾਗਰ, ਮਮ ਸਿਰ ਕਉ ਨਿਜ ਲੇਖੇ ਪਾਯੋ॥*
*ਸਤਿਗੁਰ ਬਾਂਹਿ ਪਕਰ ਤਿਸ ਸਿਖ ਕਉ, ਨਿਕਟ ਤੰਬੂ ਮਹਿ ਜਾਇ ਬਿਠਾਯੋ॥*
*ਫੁਨ ਦੀਵਾਨ ਮਹਿ ਐਸ ਉਚਾਰਾ, ਅਵਰ ਏਕੁ ਕੋਇ ਸੀਸ ਲਗਾਯੋ॥*
*ਪੁਨ ਇਕ ਸਿੱਖ ਕਹੀ ਕਰ ਜੋਰੈ, ਸਤਿਗੁਰ ਸੇਵ ਮੋਹਿ ਏਹੁ ਭਾਯੋ॥੫੭॥*
੩
*ਤਿਹ ਭਿ ਸਤਿਗੁਰ ਬਾਂਹਿ ਪਕਰ ਕਰ, ਤੰਬੂ ਭੀਤਰ ਪਕਰ ਪਠਾਯੋ॥*
*ਈਵ ਹੀ ਸਤਿਗੁਰ ਪਾਂਚ ਸਿਖਨ ਕਉ, ਤੰਬੂ ਮਹਿ ਲੈ ਜਾਤ ਸੁਹਾਯੋ॥*
*ਕੇਤੀ ਬਾਰ ਭਈ ਸਤਿਗੁਰ ਤਉ, ਪੁਨ ਤੰਬੂ ਤੇ ਬਾਹਰ ਨਾ ਆਯੋ॥*
*ਖੁਸਰ ਮੁਸਰ ਸਿੱਖਨ ਮਹਿ ਹੋਇ ਕੈ, ਪਾਂਚਹੁ ਕੋ ਗੁਰ ਮਾਰ ਮੁਕਾਯੋ॥੫੮॥*
੪
*ਧੀਰੈ ਧੀਰੈ ਨਿਕਸਨ ਲਾਗੈ, ਜਿਹ ਸਿੱਖ ਕਾਚਾ ਨਾਮ ਧਰਾਯੋ॥*
*ਕਿਛ ਕਿਛ ਬੈਠ ਰਹਯੋ ਨਹਿ ਗਮਨੋ, ਕਿਵ ਗੁਰ ਘਰ ਮਹਿ ਮਾਨ ਰਹਾਯੋ॥*
*ਕਿਛ ਪੂਰੈ ਪ੍ਰੇਮੀ ਪਦ ਪੰਕਜ, ਬੈਠ ਰਹਯੋ ਨਹਿ ਬਾਰੀ ਆਯੋ॥*
*ਅਬ ਕੀ ਬਾਰ ਸੁ ਮੰਚ ਸੁਹਾਏ, ਪਾਂਚ ਸਿਖਨ ਕਉ ਸਿੰਘ ਸਜਾਯੋ॥੫੯॥*
੫
*ਬੀਚ ਸਭਾ ਮਹਿ ਬੈਠ ਕੇ ਸਤਿਗੁਰ, ਰਹਿਤ ਕੁਰਹਿਤ ਸਬਹਿ ਸਮਝਾਯੋ॥*
*ਤੇਜ ਲਿਲਾਟ ਨਿਹਾਰ ਸਿੰਘਨ ਕੇ, ਸਿੱਖ ਦੁਚਿਤੇ ਅਤਿ ਖੁਣਸਾਯੋ॥*
*ਪੁਨ ਕੈਸੇ ਸਿੱਖ ਜੀਵਤ ਭਏ ਹੈਂ, ਸਬਹਿਨ ਕੈ ਮਨ ਅਤਿ ਭਰਮਾਯੋ॥*
*ਸਰਧਾਹੀਨ ਭਏ ਅਤਿ ਬੌਨੇ, ਗੁਰ ਮਹਿਮਾ ਕੋ ਭੇਦ ਨ ਪਾਯੋ॥੬੦॥*

## ਦਸਮੇਸ਼ ਜੀ ਵੱਲੋਂ ਇਕ ਸੱਯਦ ਨੂੰ ਕਰਾਮਾਤਿ ਦਾ ਉਤਰ

(ਭਾਈ ਸੰਤੋਖ ਸਿੰਘ ਜੀ ਦੀ ਲਿਖਤ ਅਨੁਸਾਰ)

ਇਹ ਉਹਨਾਂ ਦਿਨਾਂ ਦਾ ਵਾਕਿਆ ਹੈ ਜਦੋਂ ਦਸਮ ਪਾਤਿਸ਼ਾਹ ਜੀ ਦੀ ਸਹਾਇਤਾ ਨਾਲ, ਸ਼ਹਿਜ਼ਾਦਾ ਮੁਅਜ਼ਮ ਆਪਣੇ ਭਰਾ, ਤਾਰਾ ਆਜ਼ਮ ਨੂੰ ਜਾਜੋਂ ਦੇ ਜੰਗ ਵਿਚ ਹਰਾ ਕੇ, ਬਹਾਦਰ ਸ਼ਾਹ ਦਾ ਲਕਬ ਧਾਰਨ ਕਰ ਕੇ, ਹਿੰਦੁਸਤਾਨ ਦਾ ਬਾਦਸ਼ਾਹ ਬਣ ਕੇ, ਆਗਰੇ ਵਿਚ ਤਖ਼ਤ 'ਤੇ ਬੈਠਾ ਸੀ ਤੇ ਸਤਿਗੁਰੂ ਜੀ ਵੀ ਇਸ ਦੇ ਸੱਦੇ ਉਪਰ ਦੁਸ਼ਟਾਂ ਨੂੰ ਸਜ਼ਾਵਾਂ ਦੇਣ ਸਬੰਧੀ, ਇਸ ਨਾਲ ਗੱਲਬਾਤ ਕਰਨ ਵਾਸਤੇ ਓਥੇ ਠਹਿਰੇ ਹੋਏ ਸਨ। ਇਕ ਦਿਨ ਆਪਣਾ ਭਲਾ ਵਿਚਾਰ ਕੇ, ਖ਼ਾਨਖ਼ਾਨਾ (ਵਜ਼ੀਰ), ਜਿਸ ਦਾ ਅਸਲੀ ਨਾਂ ਮੁਨਇਮ ਖ਼ਾਨ ਸੀ ਅਤੇ ਸਤਿਗੁਰੂ ਜੀ ਦਾ ਇਹ ਪ੍ਰੇਮੀ ਸੀ, ਨੇ ਆਗਰਾ ਵਿਖੇ ਆਪਣੇ ਘਰ ਪ੍ਰਸ਼ਾਦੇ ਵਾਸਤੇ, ਗੁਰੂ ਜੀ ਨੂੰ ਬੇਨਤੀ ਕਰ ਕੇ ਸੱਦਿਆ। ਉਸ ਨੇ ਸਤਿਗੁਰੂ ਜੀ ਦੀ ਆਮਦ ਦੀ ਖ਼ੁਸ਼ੀ ਵਿਚ ਆਪਣੇ ਘਰ ਵਿਚ ਪੂਰੀ ਤਿਆਰੀ ਕੀਤੀ। ਗੁਰੂ ਜੀ ਦੇ ਸਤਿਕਾਰ ਵਜੋਂ ਢੁਕਵੇਂ ਢੰਗ ਦਾ ਆਸਣ ਵਿਛਵਾਇਆ ਤੇ ਸੰਗਤਾਂ ਦੇ ਬੈਠਣ ਵਾਸਤੇ ਸੁੰਦਰ ਤੇ ਯੋਗ ਪ੍ਰਬੰਧ ਕੀਤਾ। ਸਤਿਗੁਰੂ ਜੀ ਨੂੰ ਸਤਿਕਾਰ ਸਹਿਤ ਸੁੰਦਰ ਆਸਣ 'ਤੇ ਸੁਸ਼ੋਭਤ ਕਰਵਾਉਣ ਉਪ੍ਰੰਤ ਨਿਮਰਤਾ ਸਹਿਤ ਭੇਟਾ ਧਰ ਕੇ ਮੱਥਾ ਟੇਕਿਆ ਤੇ ਹਰ ਤਰ੍ਹਾਂ ਯੋਗ ਸਤਿਕਾਰ ਕੀਤਾ।

ਖ਼ਾਨਖ਼ਾਨਾ ਦੀ ਸ਼ਰਧਾ ਭਾਵਨਾ ਤੇ ਨਿਮਰਤਾ ਵੇਖ ਕੇ, ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ, "ਪਹਿਲਾ ਖ਼ਾਨਖ਼ਾਨਾ, ਜੋ ਕਿ ਮਹਾਨ ਅਕਬਰ ਦਾ ਸਾਕੋਂ ਮਾਮਾ ਲੱਗਦਾ ਸੀ, ਉਸ ਨੇ ਵੀ ਜੱਗ ਵਿਚ ਬੜੀ ਨੇਕ ਕਮਾਈ ਕੀਤੀ ਸੀ ਤੇ ਤੂੰ ਵੀ ਉਸ ਦੇ ਬਰਾਬਰ ਹੀ ਨੇਕਨਾਮੀ ਖੱਟੀ ਹੈ।"

ਉਚੇ ਸਿੰਘਾਸਣ 'ਤੇ ਬਿਰਾਜਮਾਨ ਸਤਿਗੁਰੂ ਜੀ ਦੇ ਸੁਹਿਰਦ ਸੱਜਣ ਬਚਨ ਵੀ ਸੁਣ ਰਹੇ ਸਨ ਤੇ ਅੱਖਾਂ ਭਰ ਕੇ ਦਰਸ਼ਨ ਵੀ ਕਰ ਰਹੇ ਸਨ। ਸੂਝਵਾਨ ਤੁਰਕਾਂ ਦਾ ਸਮੂਹ ਵੀ ਬੈਠਾ ਹੋਇਆ ਸੀ ਸਮੇਤ ਕਾਜ਼ੀ, ਮੁੱਲਾਂ ਆਦਿ ਦੇ। ਸਭ ਦੇ ਵਿਚਕਾਰ ਸਤਿਗੁਰੂ ਜੀ ਗਲ ਵਿਚ ਸ਼ਮਸ਼ੀਰ ਸਜਾਈ ਸ਼ੇਰ ਸਮਾਨ ਸੁਸ਼ੋਭਤ ਸਨ। ਲੋਕ ਸਤਿਕਾਰ ਸਹਿਤ ਸਿਰ ਝੁਕਾ ਕੇ ਦਰਸ਼ਨ ਕਰਦੇ ਸਨ। ਜੋ ਵੀ ਕੋਈ ਪ੍ਰਸ਼ਨ ਕਰਦਾ ਸੀ, ਗੁਰੂ ਜੀ ਉਸ ਨੂੰ ਯੋਗ ਉਤਰ ਦੇ ਕੇ ਉਸ ਦੀ ਤਸੱਲੀ ਕਰਵਾਉਂਦੇ ਸਨ। ਸਤਿਗੁਰੂ ਜੀ ਦੀ ਐਸੀ ਮਹਾਨ ਵਡਿਆਈ ਦੁਸ਼ਟਾਂ ਤੋਂ ਜਰੀ ਨਹੀਂ ਸੀ ਜਾਂਦੀ। ਇਕ ਸਰਹੰਦ ਦਾ ਵਸਨੀਕ ਸੱਯਦ ਵੀ ਸਭਾ ਵਿਚ ਬੈਠਾ ਹੋਇਆ ਸੀ। ਗੁਰੂ ਜੀ ਦੀ ਵਡਿਆਈ ਉਸ ਈਰਖਾ ਭਰੀ ਮੱਤ ਵਾਲੇ ਤੋਂ ਸਹਾਰੀ ਨਾ ਗਈ ਤੇ ਈਰਖਾ ਵੱਸ ਹੋ ਕੇ ਬੋਲਿਆ:

ਤੁਸੀਂ ਹਿੰਦ ਦੇ ਪੀਰ ਅਖਵਾਉਂਦੇ ਹੋ। ਸਾਰੇ ਤੁਹਾਨੂੰ ਵੱਡਾ ਮੰਨਦੇ ਹਨ। ਕੀ ਤੁਹਾਡੇ ਪਾਸ ਕੋਈ ਕਰਾਮਾਤਿ ਵੀ ਹੈ? ਜੇ ਕੋਈ ਕਰਾਮਾਤਿ ਦਾ ਬਲ ਨਹੀਂ ਹੈ ਤਾਂ ਵੀ ਦੱਸ ਦਿਓ। ਚੁਫੇਰੇ ਤੁਹਾਡਾ ਜਸ ਫੈਲਿਆ ਹੋਇਆ ਹੈ ਕਿ ਤੁਸੀਂ ਵੱਡੇ ਸ਼ਕਤੀਵਾਨ ਹੋ। ਮੇਰੇ ਮਨ ਵਿਚ ਇਹ ਨਿਰਨਾ ਕਰਨ ਦਾ ਫੁਰਨਾ ਹੈ।

ਗੁਰੂ ਜੀ ਨੇ ਸੱਯਦ ਦੇ ਮਨ ਦੀ ਤਰਕ ਨੂੰ ਜਾਣ ਕੇ ਇਉਂ ਫ਼ਰਮਾਇਆ:

ਕਰਾਮਾਤਿ ਬਹਾਦਰ ਸ਼ਾਹ ਦੇ ਮੂੰਹ ਵਿਚ ਵੱਸਦੀ ਹੈ। ਉਹ ਚਾਹੇ ਤਾਂ ਰੰਕ ਨੂੰ ਰਾਜਾ ਬਣਾ ਦੇਵੇ। ਸਾਰੇ ਉਸ ਦੇ ਅਧੀਨ ਹਨ। ਗ਼ੁੱਸਾ ਖਾਵੇ ਤਾਂ ਰਾਜੇ ਨੂੰ ਰੰਕ ਕਰ ਦੇਵੇ। ਬਿਨਾ ਦੇਰ ਤੋਂ ਜਿਸ ਨੂੰ ਚਾਹੇ ਮਾਰ ਦੇਵੇ, ਜਿਸ ਨੂੰ ਚਾਹੇ ਬਖ਼ਸ਼ ਦੇਵੇ।

ਸੱਯਦ ਨੇ ਫੇਰ ਤਰਕ ਕਰਦਿਆਂ ਕਿਹਾ:

ਤੁਸੀਂ ਵੀ ਕੋਈ ਕਰਾਮਾਤਿ ਰੱਖਦੇ ਹੋ ਕਿ ਨਹੀਂ? ਉਹ ਤਾਂ ਬਾਦਸ਼ਾਹ ਦੀ ਕਰਾਮਾਤਿ ਹੈ ਤੇ ਉਸਦਾ ਹੀ ਹੁਕਮ ਚੱਲਦਾ ਹੈ। ਅਸੀਂ ਤੁਹਾਡੀ ਕਰਾਮਾਤਿ ਦੀ ਗੱਲ ਕਰਦੇ ਹਾਂ; ਜੇਕਰ ਕੋਈ ਹੈ ਤਾਂ ਦੱਸੋ!

ਸਾਰਿਆਂ ਦੇ ਵਿਚ ਜਦੋਂ ਗੁਰੂ ਜੀ ਨੇ ਇਹ ਤਰਕ ਸੁਣੀ ਤਾਂ ਜੇਬ ਵਿਚ ਹੱਥ ਪਾ ਕੇ ਇਕ ਮੋਹਰ ਕੱਢੀ ਤੇ ਸਭ ਨੂੰ ਸੁਣਾ ਕੇ ਕਿਹਾ:

ਇਹ ਦੂਜੀ ਕਰਾਮਾਤਿ ਹੈ। ਜਿਸ ਪਾਸ ਧਨ ਹੋਵੇ ਉਹ ਜੋ ਚਾਹੇ ਸੋ ਕਰੇ। ਹਜ਼ਾਰਾਂ ਨੂੰ ਆਪਣੇ ਲਈ ਲੜ ਮਰਨ ਵਾਸਤੇ ਉਹ ਤਨਖ਼ਾਹ 'ਤੇ ਨੌਕਰ ਰੱਖ ਸਕਦਾ ਹੈ। ਵੱਡੇ ਵੱਡੇ ਵਿਦਵਾਨਾਂ, ਮਜ਼ਹਬੀ ਆਗੂਆਂ, ਸੂਰਮਿਆਂ ਆਦਿ ਨੂੰ ਇਹ ਧਨ ਖ਼ਰੀਦ ਸਕਦਾ ਹੈ; ਤੇ ਏਥੋਂ ਤੱਕ ਕਿ ਉਹ ਮਰਨ ਲਈ ਵੀ ਤਿਆਰ ਹੋ ਜਾਂਦੇ ਹਨ ਇਸ ਧਨ ਦੀ ਖ਼ਾਤਰ।

ਸੱਯਦ ਚੁੱਪ ਨਾ ਕੀਤਾ ਤੇ ਫੇਰ ਬੋਲਿਆ:

ਤੁਹਾਡੇ ਵਿਚ ਕੇਹੜੀ ਕਰਾਮਾਤਿ ਹੈ ਜਿਸ ਕਰਕੇ ਹਜ਼ਾਰਾਂ ਹੀ ਲੋਕ ਤੁਹਾਨੂੰ ਮੰਨਦੇ ਤੇ ਭੇਟਾ ਅਰਪਦੇ ਹਨ!

ਇਹ ਸੁਣ ਕੇ ਸਤਿਗੁਰੂ ਜੀ ਕੁਝ ਜੋਸ਼ ਵਿਚ ਆ ਗਏ। ਮਿਆਨ ਵਿਚੋਂ ਗਾਤਰੇ ਪਾਈ ਚਮਕਦੀ ਸ਼ਮਸ਼ੀਰ ਕੱਢ ਕੇ ਤੇ ਚੇਹਰੇ 'ਤੇ ਜਲਾਲ ਲਿਆ ਕੇ ਬੋਲੇ:

ਇਹ ਵੀ ਇਕ ਕਰਾਮਾਤਿ ਹੈ। ਹੁਣੇ ਹੀ ਤੇਰਾ ਸਿਰ ਇਸ ਤਰ੍ਹਾਂ ਧੜ ਤੋਂ ਲਾਹ ਕੇ ਇਹ ਧਰਤੀ 'ਤੇ ਧਰ ਦੇਵੇਗੀ ਜਿਵੇਂ ਟਾਹਣੀ ਨਾਲੋਂ ਪੱਕਾ ਫਲ ਧਰਤੀ 'ਤੇ ਡਿਗ ਪੈਂਦਾ ਹੈ। ਫੇਰ ਤੇਰੇ ਮੂੰਹੋਂ ਕੋਈ ਸਵਾਲ ਜਵਾਬ ਨਹੀਂ ਹੋ ਸਕੇਗਾ ਜੋ ਫ਼ਜ਼ੂਲ ਕਰ ਕਰ ਕੇ ਤੂੰ ਆਪਣਾ ਜਨਮ ਗਵਾ ਰਿਹਾ ਹੈਂ।

ਸਤਿਗੁਰੂ ਜੀ ਦਾ ਭਾਰੀ ਤੇਜ ਵੇਖ ਕੇ ਸੱਯਦ ਸ਼ਰਮਿੰਦਾ ਜਿਹਾ ਹੋ ਕੇ ਧੌਣ ਨੀਵੀਂ ਕਰ ਕੇ ਚੁਪ ਹੋ ਗਿਆ ਤੇ ਫੇਰ ਹੋਰ ਕੁਝ ਵੀ ਅੱਗੋਂ ਬੋਲ ਨਾ ਸਕਿਆ।

## ਦਸਮ ਗ੍ਰੰਥ ਬਾਰੇ ਮੱਤਭੇਦ

ਇਸ ਗ੍ਰੰਥ ਨੇ ਇਸ ਸਮੇ ਸਿੱਖ ਕੌਮ ਨੂੰ ਬੜੀ ਬੁਰੀ ਤਰ੍ਹਾਂ ਦੋ ਧੜਿਆਂ ਵਿਚ ਵੰਡ ਦਿੱਤਾ ਹੈ। ਇਕ ਪਾਸੇ ਕਈ ਸਾਲਾਂ ਤੋਂ 'ਵਿਚਾਰਾਂ' ਵਾਲਾ ਧੜਾ 'ਕਲਮ-ਘਸਾਈ' ਕਰੀ ਆ ਰਿਹਾ ਸੀ ਪਰ ਹੁਣ ਮੁਕਾਬਲੇ 'ਤੇ 'ਤਲਵਾਰਾਂ' ਵਾਲਾ ਧੜਾ ਵੀ ਆ ਡਟਿਆ ਹੈ। ਜਿਥੇ ਪਹਿਲਾਂ ਕਲਮਾਂ ਵਾਲੇ ਕਲਮਾਂ ਨਾਲ, ਨਕਲੀ ਜਿਹਾ, ਗਤਕਾ ਖੇਡ ਰਹੇ ਸਨ ਓਥੇ ਹੁਣ ਕਿਰਪਾਨਾਂ ਵਾਲੇ ਅਸਲੀ ਗਤਕਾ ਖੇਡਣ ਲਈ ਮੈਦਾਨ ਵਿਚ ਆ ਕੁੱਦੇ ਹਨ ਤੇ ਆਪਣੇ ਜੌਹਰ ਦਾ ਭਲੀ ਭਾਂਤ ਡਟ ਕੇ ਵਿਖਾਲਾ ਕਰ ਰਹੇ ਹਨ। ਇਹ ਸਾਰਾ ਕੁਝ ਵੇਖ ਕੇ ਸਿੱਖ ਕੌਮ ਦੇ ਦੋਖੀ ਬਾਘੀਆਂ ਪਾ ਰਹੇ ਹਨ ਤੇ ਸਿੱਖਾਂ ਦੀ ਖਿੱਲੀ ਉਡਾ ਰਹੇ ਹਨ।

ਬਚਪਨ ਤੋਂ ਬਚਗਾਨਾ ਸੋਚ ਵਿਚ ਸਿੱਖ ਧਾਰਮਿਕ ਸਾਹਿਤ ਦੇ ਸਤਿਕਾਰ ਦੀ ਤਰਤੀਬ ਕੁਝ ਇਸ ਤਰ੍ਹਾਂ ਦੀ ਬੈਠੀ ਹੋਈ ਸੀ: ਸਭ ਤੋਂ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਫਿਰ ਦਸਮ ਗ੍ਰੰਥ ਸਾਹਿਬ, ਫਿਰ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਤੇ ਫਿਰ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ। ਇਸ ਤੋਂ ਅੱਗੇ ਤਾਂ ਮੇਰੀ ਸਾਹਿਤਕ ਦੁਨੀਆ ਹੀ ਮੁੱਕ ਜਾਂਦੀ ਸੀ।

ਚਾਰ ਕੁ ਦਹਾਕਿਆਂ ਤੋਂ ਕੁਝ ਸ਼ੰਕਿਆਂ ਸੰਜੁਗਤ 'ਖੁਸਰ-ਫੁਸਰ' ਜਿਹੀ ਦਸਮ ਗ੍ਰੰਥ ਦੇ ਖ਼ਿਲਾਫ਼ ਕੰਨਾਂ ਵਿਚ ਪੈਣ ਲੱਗ ਪਈ ਪਰ ਗੱਲ ਕੋਈ ਬਹੁਤੀ ਗੌਲ਼ੀ ਨਾ; ਇਹ ਸੋਚ ਕੇ ਕਿ ਭਈ ਇਹ ਵਿਦਵਾਨਾਂ ਦਾ ਕੰਮ ਹੈ; ਆਪੇ ਕੋਈ ਸਹੀ ਫ਼ੈਸਲਾ ਕਰ ਲੈਣਗੇ ਤੇ ਅਸੀਂ ਉਸ ਨੂੰ ਮੰਨ ਲਵਾਂਗੇ ਪਰ, "ਮਰਜ਼ ਬੜ੍ਹਤਾ ਗਇਆ, ਜੂੰ ਜੂੰ ਦੁਆ ਕੀ।" ਇਹ ਆਏ ਦਿਨ ਦੀ ਦੁਵੱਲੀ 'ਝਖਣਾ ਝਾਖ' ਸਦਕਾ ਗੱਲ ਦਾ ਗਲੈਣ ਹੀ ਬਣਦਾ ਚਲਾ ਗਿਆ।

੧੯੯੬ ਵਿਚਲੀ ਵੈਨਕੂਵਰ ਫੇਰੀ ਦੌਰਾਨ ਸ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਜੀ ਮੈਨੂੰ ਦੋ ਚਾਰ ਵਾਰੀ ਆਪਣੇ ਘਰ ਲੈ ਕੇ ਗਏ। ਪ੍ਰਸ਼ਾਦ ਪਾਣੀ ਵੀ ਹਰੇਕ ਵਾਰ ਉਹਨਾਂ ਨੇ ਛਕਾਇਆ ਤੇ ਸਾਰਾ ਸਮਾ ਆਪਣਾ ਦਸਮ ਗ੍ਰੰਥ 'ਤੇ ਕੀਤਾ ਕੰਮ ਵਿਖਾ ਕੇ, ਹਰੇਕ ਸਮੇ ਏਸੇ ਇਕੋ ਮਸਲੇ ਬਾਰੇ ਹੀ ਗੱਲਾਂ ਕਰਦੇ ਰਹੇ। ਮੈਂ ਹੈਰਾਨੀ ਨਾਲ ਕਿਹਾ ਕਿ ਇਹ ਕਾਰਜ ਤਾਂ ਕਿਸੇ ਯੂਨੀਵਰਸਿਟੀ ਜਾਂ ਸ਼੍ਰੋਮਣੀ ਕਮੇਟੀ ਵਰਗੀ ਸੰਸਥਾ ਦੇ ਕਰਨ ਦਾ ਹੈ; ਤੁਸੀਂ ਰਾਤ ਦਿਨੇ ਖ਼ਫ਼ਤੀਆਂ ਵਾਂਗ ਇਸ ਪਿੱਛੇ ਪਏ ਹੋਏ ਹੋ। ਕੁਦਰਤੀ ਉਹਨਾਂ ਨੂੰ ਮੇਰੇ ਇਹ ਮੂਰਖਤਾ ਭਰੇ ਸ਼ਬਦ ਚੰਗੇ ਤਾਂ ਨਾ ਲੱਗੇ ਪਰ ਬਾਵਜੂਦ ਪੁਲਸੀ ਪਿਛੋਕੜ ਹੋਣ ਦੇ ਵੀ ਉਹਨਾਂ ਨੇ ਮੇਰਾ ਲਿਹਾਜ਼ ਹੀ ਰੱਖਿਆ।

੨੦੦੩ ਵਿਚ ਆਪਣੀ ਦੁਨੀਆ ਦੁਆਲੇ ਦੀ ਬੇਮਤਲਬ ਜਿਹੀ ਫੇਰੀ ਦੌਰਾਨ, ਸਰੀ ਤੋਂ ਇਕ ਗੁਰਸਿੱਖ ਨੌਜਵਾਨ ਦੇ ਟਰੱਕ ਰਾਹੀਂ, ਅਧੀ ਰਾਤ ਤੇ ਇਕ ਦਿਨ ਦਾ ਸਫ਼ਰ ਕਰ ਕੇ, ਕੈਲੇਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਪੁੱਜਾ। ਕੁਝ ਮਜਬੂਰੀਆਂ ਕਾਰਨ ਟਰੱਕ ਸ਼ਹਿਰ ਵਿਚ ਦਾਖ਼ਲ ਨਹੀਂ ਸੀ ਹੋ ਸਕਦਾ। ਭਾਈ ਮੁਖਤਿਆਰ ਸਿੰਘ ਜੀ ਦੀ ਮੈਨੂੰ ਚੁੱਕਣ ਦੀ ਫੋਨ ਰਾਹੀਂ ਡਿਊਟੀ ਲਾ ਕੇ, ਉਹ ਸੁਹਿਰਦ ਗੁਰਸਿੱਖ ਮੈਨੂੰ ਸੜਕ ਦੇ ਕਿਨਾਰੇ ਉਤਾਰ ਗਏ ਤੇ ਓਥੋਂ ਫੌਰਨ ਹੀ ਮੈਨੂੰ ਭਾਈ ਮੁਖਤਿਆਰ ਸਿੰਘ ਜੀ ਨੇ ਚੁੱਕਿਆ, ਤੇ ਮੇਰੀ ਬੇਨਤੀ ਅਨੁਸਾਰ, ਮੈਨੂੰ ਗੁਰਦੁਆਰਾ ਸਾਹਿਬ ਵਿਖੇ ਉਤਾਰ ਗਏ। ਅਜੇ ਨਹਾ ਕੇ ਕੱਪੜੇ ਬਦਲ ਕੇ ਤੇ ਮੱਥਾ ਟੇਕ ਕੇ ਬੈਠਾ ਹੀ ਸਾਂ ਕਿ ਇਕ ਨੌਜਵਾਨ ਨੇ ਆ ਕੇ ਪਹਿਲਾ ਹੀ ਸਵਾਲ ਇਹ ਕਰ ਦਿੱਤਾ, "ਦਸਮ ਗ੍ਰੰਥ ਬਾਰੇ ਤੁਹਾਡਾ ਕੀ ਵਿਚਾਰ ਹੈ?" ਅਚਾਨਕ ਇਸ ਅਢੁਕਵੇਂ ਸਮੇ 'ਤੇ ਕੀਤੇ ਗਏ ਅਢੁਕਵੇਂ ਸਵਾਲ ਨੇ ਮੈਨੂੰ ਕੁਝ ਵਿਚਲਤ ਜਿਹਾ ਕਰ ਦਿੱਤਾ। ਸਹਿਣਸ਼ੀਲਤਾ ਦੀ ਘਾਟ ਕਾਰਨ ਮੈਂ ਇਸ ਦਾ ਜਵਾਬ ਦੇਣੋ ਨਾ ਰੁਕ ਸਕਿਆ ਤੇ ਕਹਿ ਦਿੱਤਾ, "ਇਹ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ, ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਹਜ਼ੂਰੀ ਵਿਚ ਪੰਥ ਹੀ ਫ਼ੈਸਲਾ ਕਰ ਸਕਦਾ ਹੈ; ਮੈਂ ਕੀ ਆਖ ਸਕਦਾ ਹਾਂ!" ਹਾਲਾਂ ਕਿ ਜੇ ਅਕਲ ਹੁੰਦੀ ਤਾਂ ਇਸ ਸਵਾਲ ਦਾ ਜਵਾਬ ਦੇਣ ਤੋਂ ਸ਼ਾਇਦ ਟਾਲ਼ਾ ਵੀ ਵੱਟਿਆ ਜਾ ਸਕਦਾ ਸੀ ਪਰ ਕਾਹਲੀ ਅੱਗੇ ਟੋਏ। ਸਭ ਕਾਹਲੀਆਂ ਦੇ ਹੀ ਪੱਟੇ ਹੋਏ ਨੇ!

ਮੇਰਾ ਇਹ ਜਵਾਬ ਸੁਣ ਕੇ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਬੈਠੇ ਇਕ ਸਕਾਲਰ ਦਿਸਣ ਵਾਲੇ ਸੱਜਣ ਕੁਝ ਜੋਸ਼ ਨਾਲ ਬੋਲ ਉਠੇ, "ਫ਼ੈਸਲੇ ਦਾ ਕੀ ਮਤਲਬ? ਇਹ ਦਸਮ ਪਾਤਿਸ਼ਾਹ ਜੀ ਦੀ ਬਾਣੀ ਹੈ। ਇਸ 'ਤੇ ਕੌਣ ਫ਼ੈਸਲਾ ਦੇ ਸਕਦਾ ਹੈ?" ਮੈਨੂੰ ਇਹ ਸਥਿਤੀ ਕੁਝ ਖ਼ੁਸ਼ਗਵਾਰ ਜਿਹੀ ਨਾ ਲੱਗੀ। ਮੇਰੇ 'ਤੇ ਸਵਾਲ ਕਰਨ ਵਾਲਾ ਨੌਜਵਾਨ ਤਾਂ ਇਹ 'ਸ਼ਰਾਰਤੀ' ਜਿਹਾ ਸਵਾਲ ਕਰ ਕੇ ਅਲੋਪ ਹੋ ਗਿਆ। ਕੁਝ ਸਮੇ ਬਾਅਦ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਸਾਹਿਬ ਆ ਗਏ। ਉਹਨਾਂ ਨੂੰ ਮੇਰੇ ਬਾਰੇ ਜਾਣਕਾਰੀ ਹੋਈ ਤਾਂ ਉਹਨਾਂ ਨੇ ਐਤਵਾਰ ਦੇ

ਦੀਵਾਨ ਵਿਚ ਹਾਜ਼ਰੀ ਭਰਨ ਲਈ ਵੀ ਆਖਿਆ। ਪਰ ਮੇਰਾ ਮਨ ਓਥੋਂ ਉਪਰਾਮ ਜਿਹਾ ਹੋ ਚੁੱਕਿਆ ਸੀ। ਉਹ ਰਾਤ ਤਾਂ ਮੈਂ ਓਥੇ ਕੱਟੀ ਤੇ ਅਗਲੀ ਸਵੇਰ ਹੀ 'ਅਲ ਸਬਰਾਂਤੇ' ਆ ਸਾਹ ਲਿਆ।

ਬਚਪਨ ਵਿਚ ਇਕ ਵਾਰ ਮੇਰੇ ਮੂੰਹੋਂ ਅਸਾਵਧਾਨੀ ਵਿਚ 'ਦਸਮ ਗੁਰੂ ਗ੍ਰੰਥ ਸਾਹਿਬ' ਨਿਕਲ ਗਿਆ ਤਾਂ ਭਾਈਆ (ਪਿਤਾ) ਜੀ ਨੇ ਓਸੇ ਵੇਲੇ ਟੋਕ ਕੇ ਆਖਿਆ, " 'ਦਸਮ ਗੁਰੂ ਗ੍ਰੰਥ ਸਾਹਿਬ' ਨਹੀਂ; 'ਦਸਮ ਗ੍ਰੰਥ ਸਾਹਿਬ'।" ਨਾਲ 'ਕਿਉਂ' ਵੀ ਸਮਝਾਇਆ। ਇਸ ਦੇ ਉਲਟ, ਕੁਝ ਸਾਲ ਹੋਏ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜੀ ਦੁਆਰਾ ਲਿੱਪੀਬਧ ਕੀਤੇ, ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਜੀ ਦੀ ਕਥਾ ਵਾਲੇ ਗ੍ਰੰਥ ਵਿਚ 'ਦਸਮ ਗੁਰੂ ਗ੍ਰੰਥ ਸਾਹਿਬ' ਪੜ੍ਹ ਕੇ ਹੈਰਾਨੀ ਹੋਈ। ਇਕ ਦੁਕਾਨ ਦੇ ਸ਼ੋ ਰੂਮ ਵਿਚ ਤਾਂ ਗਾਹਕਾਂ ਦੇ ਦ੍ਰਿਸ਼ਟੀਗੋਚਰ ਕਰਨ ਲਈ, ਪੁਸਤਕ ਪ੍ਰਦਰਸ਼ਨੀ ਵਿਚ ਰੱਖੇ ਗਏ ਇਸ ਗ੍ਰੰਥ ਉਪਰ:

ਦਸਮ

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**

ਪ੍ਰਕਾਸ਼ਤ ਕੀਤਾ ਹੋਇਆ ਵੀ ਨਜ਼ਰੀਂ ਪਿਆ।

ਕਈ ਸਾਲ ਪਹਿਲਾਂ ਬਹੁਤ ਸਾਰੀਆਂ ਹੋਰ ਕਿਤਾਬਾਂ ਦੇ ਨਾਲ ਦਸਮ ਗ੍ਰੰਥ ਵੀ ਟੀਕੇ ਸਹਿਤ ਮੰਗਵਾਇਆ। ਮੇਰੀ ਮੂਰਖਤਾ ਨਾਲ ਦਿੱਤੀ ਗਈ ਢਿੱਲ ਕਾਰਨ ਦੁਕਾਨਦਾਰ ਨੇ ਪੰਜਾਬੀ ਵਿਚ ਟੀਕੇ ਮਿਲਦੇ ਹੋਣ ਦੇ ਬਾਵਜੂਦ ਵੀ ਹਿੰਦੀ ਵਿਚ ਕੀਤਾ ਹੋਇਆ, ਡਾ. ਜੋਧ ਸਿੰਘ ਦਾ ਟੀਕਾ ਭੇਜ ਦਿੱਤਾ। ਇਸ ਦੇ ਅਰਥ ਮੈਨੂੰ ਮੂਲ ਪਾਠ ਨਾਲੋਂ ਵੀ ਕਿਤੇ ਵਧ ਔਖੇ ਲੱਗੇ ਤੇ ਮੈਂ ਇਸ ਟੀਕੇ ਨਾਲ ਮਗ਼ਜ਼ਮਾਰੀ ਕਰਨੀ ਹੀ ਛੱਡ ਦਿੱਤੀ।

ਹੁਣ ਜਦੋਂ ਕਿ ਕੁਝ ਲੇਖਕ ਸੱਜਣ ਇਸ ਗ੍ਰੰਥ ਵਿਚੋਂ ਕੁਝ ਟੋਟਕਿਆਂ ਦੀਆਂ ਟੂਕਾਂ ਦੇ ਹਵਾਲੇ ਦੇ ਕੇ, ਇਸ ਬਾਰੇ ਕੁਝ ਅਣਭਾਉਂਦੇ ਜਿਹੇ ਵਿਚਾਰ ਪਰਗਟ ਕਰਦੇ ਹਨ ਤਾਂ ਇਸ ਮਸਲੇ ਦੀ ਗੰਭੀਰਤਾ ਦਾ ਅਹਿਸਾਸ ਹੋਇਆ।

## ਇਸ ਸਮੱਸਿਆ ਦੇ ਹੱਲ ਬਾਰੇ ਇਕ ਸੁਝਾ

ਹਰੇਕ ਵਿਚਾਰਧਾਰਾ ਦੇ ਵਿਦਵਾਨ, ਹਰੇਕ ਸੰਪਰਦਾ, ਜਥੇਬੰਦੀ ਦੇ ਨੁਮਾਇੰਦੇ, ਹੁਣ ਤਕ ਜਿੰਨਿਆਂ ਨੇ ਇਸ ਦੇ ਟੀਕੇ ਕੀਤੇ ਹਨ, ਸਾਰੇ ਦਲਾਂ, ਜਿਨ੍ਹਾਂ ਦੀ ਬਹੁਲਤਾ ਕਾਰਨ 'ਦਲ ਦਲ' ਹੋਈ ਪਈ ਹੈ, ਦੇ ਨੁਮਾਇੰਦੇ, ਹੋਰ ਵੀ ਜੋ ਸੱਜਣ ਇਸ ਵਿਚ ਦਿਲਚਸਪੀ ਰੱਖਦੇ ਹੋਣ, ਉਹਨਾਂ ਸਾਰਿਆਂ ਨੂੰ ਇਕ ਵਾਰੀਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੱਦੇ ਪੱਤਰ ਭੇਜ ਕੇ ਸੱਦ ਲਿਆ ਜਾਵੇ। ਸਭ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਇਕੱਠੇ ਕਰ ਲਿਆ ਜਾਵੇ। ਇਸ ਸਾਰੇ ਕੁਝ ਦਾ ਪ੍ਰਬੰਧ, ਖ਼ਰਚ, ਖੇਚਲ ਆਦਿ ਸ਼੍ਰੋਮਣੀ ਗੁ. ਪ੍ਰ. ਕਮੇਟੀ ਕਰੇ। ਹਰੇਕ ਵਿਦਵਾਨ ਦਾ ਕਿਰਾਇਆ, ਤਨਖ਼ਾਹ ਦਾ ਘਾਟਾ, ਭੋਜਨ ਤੇ ਹੋਰ ਵੀ ਸਭ ਲੋੜੀਂਦੀਆਂ ਸਹੂਲਤਾਂ ਆਦਿ ਦਾ ਕਮੇਟੀ ਪ੍ਰਬੰਧ ਕਰੇ। ਕਿੰਨਾ ਵੀ ਖ਼ਰਚ ਹੋ ਜਾਵੇ ਤੇ ਭਾਵੇਂ ਕਿੰਨਾ ਵੀ ਚਿਰ ਇਸ ਕਾਰਜ ਲਈ ਲੱਗ ਜਾਵੇ; ਇਹਨਾਂ ਵਿਦਵਾਨਾਂ ਨੂੰ ਅਦਾਲਤਾਂ ਵਿਚਲੀ ਜਿਊਰੀ ਵਾਂਗ, ਫ਼ੈਸਲਾ ਕੀਤੇ ਬਿਨਾ ਘਰਾਂ ਨੂੰ ਨਾ ਮੁੜਨ ਦਿੱਤਾ ਜਾਵੇ। ਇਸ ਕਾਰਜ ਲਈ ਭਾਵੇਂ ਸਖ਼ਤੀ ਵੀ ਵਰਤਣੀ ਪਵੇ ਤਾਂ ਵੀ ਗੁਰੇਜ਼ ਨਾ ਕੀਤਾ ਜਾਵੇ। ਫਿਰ ਜੋ ਫ਼ੈਸਲਾ ਵਿਦਵਾਨ ਕਰ ਕੇ ਉਠਣ, ਉਸ ਦਿਨ ਤੋਂ ਉਸ 'ਤੇ ਅਮਲ ਸ਼ੁਰੂ ਹੋ ਜਾਵੇ ਤੇ ਜੇਹੜਾ ਫਿਰ ਇਸ ਵਿਚ 'ਰੋਲ-ਘਚੋਲਾ' ਪਾਉਣ ਦੀ ਕੁਚੇਸ਼ਟਾ ਕਰੇ, ਉਸ ਨਾਲ ਮਰਯਾਦਾ ਅਨੁਸਾਰ ਵਿਹਾਰ ਕੀਤਾ ਜਾਵੇ। ਇਹ ਕੌਮ ਦੀ ਬੁਨਿਆਦ ਦਾ ਮਸਲਾ ਹੈ। ਕੋਈ ਬੱਚਿਆਂ ਦੀ ਖੇਡ ਨਹੀਂ। ਰੋਜ਼ ਰੋਜ਼ ਦੀ ਘੈਂਸ ਘੈਂਸ ਮੁਕਾਉਣ ਵਿਚ ਹੀ ਕੌਮ ਦੀ ਭਲਾਈ ਹੈ। ਜਿੰਨਾ ਸਮਾ, ਸ਼ਕਤੀ, ਵਸੀਲੇ ਆਦਿ ਇਸ ਬੇਲੋੜੀ ਬਹਿਸ ਵਿਚ ਬਰਬਾਦ ਕੀਤੇ ਜਾ ਰਹੇ ਹਨ, ਉਹਨਾਂ ਨੂੰ ਕੌਮ ਦੀ ਭਲਾਈ ਹਿਤ ਕਿਤੇ ਸਕਾਰਥੇ ਲਾਇਆ ਜਾਵੇ।

ਇਸ ਸੱਚਾਈ ਤੋਂ ਤਾਂ ਅਸੀਂ ਸਾਰੇ ਜਾਣੂ ਹੀ ਹਾਂ ਕਿ ਇਹ ਗ੍ਰੰਥ ਇਸ ਸਰੂਪ ਵਿਚ, ਦਸਮ ਪਾਤਿਸ਼ਾਹ ਜੀ ਦੇ ਸਰੀਰਕ ਰੂਪ ਵਿਚ ਮੌਜੂਦ ਹੋਣ ਸਮੇ ਵਜੂਦ ਵਿਚ ਨਹੀ ਸੀ ਆਇਆ। ਪਾਤਿਸ਼ਾਹ ਜੀ ਦੇ ਮਾਤਲੋਕ ਵਿਚੋਂ ਅਲੋਪ ਹੋ ਜਾਣ ਪਿੱਛੋਂ ਹੀ ਸਿੱਖਾਂ ਨੇ ਇਹ ਸਾਰੀਆਂ ਰਚਨਾਵਾਂ ਇਕ ਜਿਲਦ ਵਿਚ ਇਕੱਤਰ ਕੀਤੀਆਂ ਸਨ। ਇਹ ਵੀ ਅਸੀਂ ਜਾਣਦੇ ਹਾਂ ਕਿ ਦਸਮ ਗੁਰੂ ਜੀ ਦੇ ਦਰਬਾਰ ਵਿਚ ਬਵੰਜਾ ਕਵੀ, ਅੱਠ ਖੁਸ਼ਖ਼ਤ ਲਿਖਾਰੀ ਰਹਿੰਦੇ ਸਨ। ਇਹਨਾਂ ਇਲਾਵਾ ਹੋਰ ਵੀ ਸਮੇ ਸਮੇ ਆਉਣ ਜਾਣ ਵਾਲ਼ੇ ਵਿਦਵਾਨਾਂ ਦੀ ਆਵਾ ਜਾਈ ਰਹਿੰਦੀ ਹੋਵੇਗੀ। ਇਹ ਵੀ ਇਤਿਹਾਸ ਤੋਂ ਵਿੱਦਤ ਹੈ ਕਿ ਗੁਰੂ ਜੀ ਦੇ ਦਰਬਾਰੀ ਕਵੀ ਮੌਲਿਕ ਰਚਨਾਵਾਂ ਵੀ ਕਰਦੇ ਸਨ ਅਤੇ ਗੁਰੂ ਜੀ ਦੀ ਪ੍ਰੇਰਨਾ ਨਾਲ਼ ਪੁਰਾਤਨ ਸੰਸਕ੍ਰਿਤ ਵਿਚ ਰਚੇ ਵਿਦਵਾਨਾਂ ਦੇ ਧਾਰਮਿਕ ਤੇ ਨੀਤੀ ਗ੍ਰੰਥਾਂ ਦਾ, "ਦਸਮ ਕਥਾ ਭਗਾਉਤ ਕੀ ਭਾਖਾ ਕਰੀ ਬਨਾਇ॥" ਅਨੁਸਾਰ ਗ੍ਰੰਥਾਂ ਦੇ ਤਰਜਮੇ ਵੀ ਕਰਦੇ/ਕਰਵਾਉਂਦੇ ਸਨ। ਇਸ ਲਈ ਹੋ ਸਕਦਾ ਹੈ ਕਿ ਇਸ ਗ੍ਰੰਥ ਵਿਚ ਉਹਨਾਂ ਦਰਬਾਰੀ ਵਿਦਵਾਨਾਂ ਦੀਆਂ

ਰਚਨਾਵਾਂ ਵੀ ਸ਼ਾਮਲ ਹੋ ਗਈਆ ਹੋਣ! ਮੌਜੂਦਾ ਕੌਮੀ ਵਿਦਵਾਨ ਅਤੇ ਧਾਰਮਿਕ ਪੁਰਸ਼ ਰਲ਼ ਬੈਠ ਕੇ, ਹੰਸ ਬਿਰਤੀ ਦਾ ਸੁਚੱਜਾ ਪ੍ਰਯੋਗ ਕਰਕੇ ਨਿਰਨਾ ਕਰ ਲੈਣ ਕਿ ਕੇਹੜੀ ਬਾਣੀ 'ਸ੍ਰੀ ਮੁਖਵਾਕ' ਹੈ ਅਤੇ ਕੇਹੜੀ ਨਹੀ।

ਇਸ ਤੋਂ ਇਲਾਵਾ ਇਸ ਗੱਲ ਦਾ ਸਾਨੂੰ ਗੁਰੂ ਕੇ ਸਿੱਖ ਅਖਵਾਉਣ ਵਾਲ਼ਿਆਂ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਗੁਰੂ ਜੀ ਨੇ ਗੁਰਤਾ ਗੱਦੀ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਬਖ਼ਸ਼ੀ ਹੈ; ਕਿਸੇ ਵੀ ਹੋਰ ਵਿਅਕਤੀ ਜਾਂ ਪੁਸਤਕ ਨੂੰ ਨਹੀ। ਕਿਸੇ ਵੀ ਹੋਰ ਗ੍ਰੰਥ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਬਣਾ ਕੇ, ਗੁਰੂ ਦਾ ਲਕਬ ਦੇ ਕੇ, ਨਾਲ਼ ਪ੍ਰਕਾਸ਼ਤ ਕਰਨਾ ਘੋਰ ਮਨਮਤਿ ਹੀ ਨਹੀ ਬਲਕਿ ਨਾ ਬਖ਼ਸ਼ਿਆ ਜਾਣ ਵਾਲ਼ਾ ਬਹੁਤ ਵੱਡਾ ਪਾਪ ਹੈ ਜਿਸ ਤੋਂ ਸਾਨੂੰ ਫੌਰਨ ਸੰਕੋਚ ਕਰਨਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਕਲ ਕਰਕੇ ਕਿਸੇ ਵੀ ਹੋਰ ਗ੍ਰੰਥ ਦਾ ਇਸ ਦੇ ਬਰਾਬਰ ਪ੍ਰਕਾਸ਼ ਕਰਨਾ, ਮੁਖਵਾਕ ਲੈਣਾ, ਸਹਿਜ ਪਾਠ, ਅਖੰਡ ਪਾਠ ਆਦਿ ਦੇ ਪ੍ਰਪੰਚ ਰਚ ਕੇ ਕੌਮ ਨੂੰ ਧੋਖੇ ਵਿਚ ਪਾਉਣਾ ਅਤੇ, "ਇਕਾ ਬਾਣੀ ਇਕੁ ਗੁਰੁ ਇਕੋ ਸ਼ਬਦੁ ਵੀਚਾਰਿ॥" (੬੪੬) ਵਾਲ਼ੇ ਗੁਰੂ ਹੁਕਮ ਤੋਂ ਮੁਖ ਮੋੜ ਕੇ, ਗੁਰੂ ਦੋਖੀ ਬਣਨ ਦੇ ਕੁਰਾਹੇ ਪੈਣਾ ਹੈ।

## ਸਿਰੋਪਾ

ਸਿਰੋਪਾ ਜਾਂ ਸਿਰੋਪਾਉ ਦਾ ਸ਼ਬਦੀ ਅਰਥ ਹੈ ਸਿਰ ਤੋਂ ਲੈ ਕੇ ਪੈਰਾਂ ਤਕ ਪਰਦਾ ਕੱਜਣ ਵਾਲਾ ਬਸਤਰ। ਗੁਰੂ ਜੀ ਦੀ ਬਖ਼ਸ਼ਿਸ਼ ਦਾ ਸਦਕਾ ਗੁਰੂ ਦੇ ਸਿੱਖਾਂ ਦੇ ਪਰਦੇ ਗੁਰੂ ਆਪ ਕੱਜਦਾ ਹੈ। ਹੁਕਮ ਵੀ ਹੈ :

ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ। *(੫੨੦)*

ਗੁਰੂ ਘਰ ਵੱਲੋਂ ਕਿਸੇ ਵਿਅਕਤੀ ਦੀ ਸੇਵਾ ਦੀ ਪ੍ਰਸੰਸਾ ਵਜੋਂ ਉਸ ਨੂੰ ਸਿਰੋਪੇ ਦੀ ਬਖ਼ਸ਼ਿਸ਼ ਕੀਤੀ ਜਾਂਦੀ ਹੈ। ਅੱਜ ਕਲ੍ਹ ਆਮ ਤੌਰ 'ਤੇ ਗਲ ਵਿਚ ਪਾਉਣ ਵਾਲੇ ਬਸੰਤੀ ਰੰਗ ਦੇ ਹਜ਼ੂਰੀਏ ਦੇ ਰੂਪ ਵਿਚ ਜਾਂ ਲੋਈ, ਪੁਸਤਕਾਂ ਆਦਿ ਦੇ ਰੂਪ ਵਿਚ, ਗੁਰਦੁਆਰਾ ਸਾਹਿਬ ਵਿਖੇ ਮਹਾਰਾਜ ਦੀ ਹਜ਼ੂਰੀ ਵਿਚ, ਸੰਗਤ ਦੇ ਸਨਮੁਖ, ਗੁਰੂ ਘਰ ਦੇ ਸੇਵਾਦਾਰਾਂ ਵੱਲੋਂ, ਬਖ਼ਸ਼ਿਆ ਜਾਂਦਾ ਹੈ। ਬਖ਼ਸ਼ਿਆ ਵੀ ਉਸ ਸੱਜਣ ਨੂੰ ਜਾਂਦਾ ਹੈ ਜਿਸ ਨੇ ਕੋਈ ਧਰਮ ਲਈ, ਮਨੁੱਖਤਾ ਦੀ ਸੇਵਾ ਜਾਂ ਗੁਰੂ ਘਰ ਦੀ ਕੋਈ ਉਚੇਚੀ ਵਰਨਣ ਯੋਗ ਸੇਵਾ ਕੀਤੀ ਹੋਵੇ। ਇਸ 'ਬਖ਼ਸ਼ਿਸ਼' ਨੂੰ ਕਿਸੇ ਕਿਸਮ ਦੇ ਆਰਥਕਤਾ ਦੇ ਪੱਖ ਤੋਂ ਨਹੀਂ ਬਲਕਿ ਸਨਮਾਨਤ 'ਬਖ਼ਸ਼ੀਸ਼' ਵਜੋਂ ਬਖ਼ਸ਼ਿਆ ਅਤੇ ਪ੍ਰਾਪਤ ਕੀਤਾ ਜਾਂਦਾ ਹੈ। ਇਸ ਨੂੰ ਪ੍ਰਾਪਤ ਕਰਨ ਦਾ ਦਾਅਵੇਦਾਰ ਨਹੀਂ ਕੋਈ ਬਣ ਸਕਦਾ ਬਲਕਿ ਇਸ ਦੀ, ਸਤਿਗੁਰੂ ਜੀ ਦੀ ਮੇਹਰ ਸਦਕਾ, ਗੁਰੂ ਘਰ ਵੱਲੋਂ ਬਖ਼ਸ਼ਿਸ਼ ਦੇ ਰੂਪ ਵਿਚ ਹੀ ਪ੍ਰਾਪਤੀ ਹੁੰਦੀ ਹੈ। ਇਹ ਇਕ ਚਿੰਨ੍ਹਾਤਮਿਕ ਸਨਮਾਨ ਹੈ ਉਸ ਵਿਅਕਤੀ ਵੱਲੋਂ ਕੀਤੀ ਗਈ ਸੇਵਾ ਨੂੰ ਸਵੀਕਾਰਨ ਦਾ।

ਮੇਰੀ ਇਹਨਾਂ ਸੰਖੇਪ ਸ਼ਬਦਾਂ ਰਾਹੀਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ, ਗ੍ਰੰਥੀ ਸਿੰਘਾਂ, ਮੀਡੀਆ ਵਾਲਿਆਂ ਅਤੇ ਹੋਰ ਸਰਬੱਤ ਸਬੰਧਤ ਸੱਜਣਾਂ ਦੀ ਸੇਵਾ ਵਿਚ, ਨਿਮਰਤਾ ਸਹਿਤ ਬੇਨਤੀ ਹੈ ਕਿ ਉਹ "ਸਿਰੋਪਾ ਭੇਟ ਕੀਤਾ ਗਿਆ" ਆਖਣ ਦੀ ਬਜਾਏ "ਸਿਰੋਪਾ ਬਖ਼ਸ਼ਿਸ਼ ਕੀਤਾ ਗਿਆ" ਕਿਹਾ ਕਰਨ; ਕਿਉਂਕਿ ਭੇਟਾ ਹਮੇਸ਼ਾਂ ਛੋਟੇ ਵੱਲੋਂ ਵੱਡੇ ਨੂੰ ਦਿੱਤੀ ਜਾਂਦੀ ਹੈ ਜਦੋਂ ਕਿ ਸਿਰੋਪਾ, ਮਾਣ ਵਧਾਉਣ ਵਾਸਤੇ ਹਮੇਸ਼ਾਂ ਵੱਡੇ ਵੱਲੋਂ ਛੋਟੇ ਨੂੰ, ਬਖ਼ਸ਼ਿਸ਼ ਦੇ ਰੂਪ ਵਿਚ, ਦਿੱਤਾ ਜਾਂਦਾ ਹੈ। ਸੋ ਜਦੋਂ ਸਤਿਗੁਰੂ ਜੀ ਦੇ ਦਰ ਤੋਂ, ਕਿਸੇ ਗੁਰੂ ਕੇ ਲਾਲ ਨੂੰ, ਉਸ ਦੀ ਸੇਵਾ 'ਤੇ ਪ੍ਰਸੰਨ ਹੋ ਕੇ ਸਿਰੋਪੇ ਦੀ ਬਖ਼ਸ਼ਿਸ਼ ਕੀਤੀ ਜਾਂਦੀ ਹੈ ਤਾਂ ਅਸੀਂ "ਸਿਰੋਪਾ ਭੇਟ ਕੀਤਾ ਗਿਆ" ਬੋਲ ਕੇ ਜਾਂ ਲਿਖ ਕੇ, ਸਤਿਗੁਰੂ ਜੀ ਦੇ ਸਨਮਾਨ ਨੂੰ ਘਟਾਉਣ ਦਾ ਪਾਪ ਕਰ ਰਹੇ ਹੁੰਦੇ ਹਾਂ।

ਇਹ ਵੱਖਰੀ ਗੱਲ ਹੈ ਕਿ ਇਹਨੀਂ ਦਿਨੀਂ ਸਿਰੋਪੇ ਦੀ ਏਨੀ ਬੇਕਦਰੀ ਹੋ ਗਈ ਹੈ ਕਿ ਜਦੋਂ ਕਿਸੇ ਗੁਰਦੁਆਰਾ ਸਾਹਿਬ ਤੋਂ ਰਾਗੀ ਜਥੇ ਨੂੰ ਵਿਦਾਇਗੀ ਵਿਚ ਸਿਰੋਪਾ ਦਿੱਤਾ ਜਾਂਦਾ ਹੈ ਤਾਂ ਉਹ ਜਿਸ ਕਮਰੇ ਵਿਚ ਰਹਿ ਰਹੇ ਹੁੰਦੇ ਹਨ, ਓਥੋਂ ਜਾਣ ਸਮੇ ਓਥੇ ਹੀ ਸਿਰੋਪੇ ਵੀ ਛੱਡ ਜਾਂਦੇ ਹਨ ਜਿਥੇ ਉਹ ਆਪਣੇ ਪੁਰਾਣੇ ਕੱਪੜੇ, ਵਾਹ ਕੇ ਸੁੱਟੇ ਹੋਏ ਕੇਸ, ਜੂਠੇ ਭਾਂਡੇ ਆਦਿ ਛੱਡ ਜਾਂਦੇ ਹਨ।

ਸਿਰੋਪਾ ਕਿਸੇ ਗੁਰਸਿੱਖ ਦੀ ਖ਼ਾਸ ਸੇਵਾ ਤੋਂ ਪ੍ਰਭਾਵਤ ਹੋ ਕੇ, ਗੁਰੂ ਘਰਾਂ ਦੇ ਪ੍ਰਬੰਧਕ ਬਖ਼ਸ਼ਿਆ ਕਰਦੇ ਸਨ ਪਰ ਹੁਣ ਤਾਂ ਇਹ ਗੱਲ ਏਨੀ ਆਮ ਹੋ ਗਈ ਹੈ ਕਿ ਕਿਸੇ ਨੂੰ ਇਸ ਦੀ ਕਦਰ ਹੀ ਨਹੀਂ ਰਹੀ। ਰਹੇ ਵੀ ਕਿਵੇਂ ਜਦੋਂ ਕਿ ਹਰੇਕ ਜਣਾ ਖਣਾ ਉਠ ਕੇ ਹਰੇਕ ਜਣੇ ਖਣੇ ਨੂੰ ਸਿਰੋਪਾ 'ਭੇਟ' ਕਰਨ ਲੱਗ ਪਿਆ ਹੈ। ਏਥੋਂ ਤੱਕ ਕਿ ਕਿਸੇ ਪੋਲੀਟੀਕਲ ਪਾਰਟੀ ਦੀ ਆ ਰਹੀ ਚੋਣ ਵਿਚ ਹਾਰ ਜਾਣ ਦੀ ਭਿਣਕ ਲੱਗਣ 'ਤੇ ਹੀ, ਸਾਲਾਂ ਬਧੀ ਉਸ ਪਾਰਟੀ ਦਾ ਖੱਟਿਆ ਖਾਣ ਵਾਲਾ, ਉਸ ਪਾਰਟੀ ਨਾਲ ਗ਼ਦਾਰੀ ਕਰ ਕੇ, ਜਦੋਂ ਜੇਤੂ ਹੋ ਰਹੀ ਪਾਰਟੀ ਵਿਚ ਸ਼ਾਮਲ ਹੁੰਦਾ ਹੈ ਤਾਂ ਉਸ ਦੀ ਗ਼ਦਾਰੀ ਨੂੰ ਪ੍ਰਮਾਣਤ ਕਰਨ ਲਈ, ਉਸ ਨੂੰ ਜਨਤਕ ਤੌਰ 'ਤੇ ਸਿਰੋਪਾ 'ਭੇਟ' ਕਰਨ ਦਾ ਡਰਾਮਾ ਕਰਨ ਦਾ ਰਿਵਾਜ

ਵੀ ਹੁਣ ਆਮ ਹੀ ਦਿਸਣ ਲੱਗ ਪਿਆ ਹੈ। ਕਿਤੇ ਅਜਿਹਾ ਨਾ ਹੋਵੇ ਕਿ ਇਹ ਮਹਾਨ ਰਸਮ ਵੀ ਕੇਵਲ ਇਕ ਦਿਖਾਵਾ ਹੀ ਬਣ ਕੇ ਰਹਿ ਜਾਵੇ!

*ਨਾਨਕ ਪ੍ਰਕਾਸ਼* ਵਿਚ ਸਾਖੀ ਆਉਂਦੀ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਪ੍ਰਸੰਨ ਹੋ ਕੇ ਬਾਬਾ ਬੁੱਢਾ ਜੀ ਨੂੰ 'ਭਾਈ' ਪਦ ਬਖ਼ਸ਼ਿਆ:

ਭਾਈ ਪਦ ਬਖ਼ਸ਼ਨ ਕਰਿਉ, ਸੁਨਤ ਸਿੱਖ ਸਮੁਦਾਇ। *(ਨਾਨਕ ਪ੍ਰਕਾਸ਼)*

ਫੇਰ ਜਦੋਂ ਢੋਲਕੀ ਵਾਲਾ ਭਾਈ, ਚਿਮਟੇ ਵਾਲਾ ਭਾਈ, ਰੇਹੜੀ ਵਾਲਾ ਭਾਈ, ਵਾਜੇ ਵਾਲਾ ਭਾਈ, ਗੱਲ ਕੀ ਹਰੇਕ ਬੰਦੇ ਨੂੰ ਤ੍ਰਿਸਕਾਰਤ ਢੰਗ ਨਾਲ, ਭਾਈ ਆਖ ਕੇ ਸੰਬੋਧਨ ਕਰਨ ਦਾ ਰਿਵਾਜ ਹੋ ਗਿਆ ਤਾਂ ਲੋਕ ਭਾਈ ਅਖਵਾਉਣੋ ਆਨਾ ਕਾਨੀ ਕਰਨ ਲੱਗ ਪਏ। ਏਹੋ ਹਾਲ 'ਗਿਆਨੀ' ਪਦ ਦਾ ਹੋਇਆ, ਜਦੋਂ ਕਿਸੇ ਨੌਜਵਾਨ ਸਿੱਖ ਨੂੰ ਉਸ ਦੇ ਸਾਥੀ ਟਾਂਚ ਵਜੋਂ 'ਓਇ ਗਿਆਨੀ' ਆਖ ਕੇ ਸੰਬੋਧਨ ਕਰਨ ਲੱਗ ਪਏ ਜੋ ਕਿ ਦਾਹੜੀ ਨਹੀਂ ਸੀ ਤਰਾਸ਼ਿਆ ਕਰਦਾ। ਉਤਰ ਵਿਚ ਅੱਗੋਂ ਉਹ ਕੁਝ ਗ਼ੁੱਸੇ ਤੇ ਰੋਸੇ ਜਿਹੇ ਵਿਚ ਇਉਂ ਆਖਿਆ ਕਰਦਾ ਸੀ, "ਤੈਂ ਮੇਰਾ ਕੀ ਗਿਆਨੀ ਵੇਖਿਆ ਓਇ!" ਕੁਝ ਸਮਾ ਹੋਇਆ ਏਥੇ ਇਕ ਪੜ੍ਹੇ ਲਿਖੇ ਸੱਜਣ ਨੂੰ, ਜੋ ਕਿ ਖ਼ੁਸ਼ਕਿਸਮਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਕਰ ਲੈਂਦਾ ਹੈ, ਨੂੰ ਗੁਰਦੁਆਰਾ ਕਮੇਟੀ ਦੇ ਇਕ ਆਗੂ ਨੇ 'ਗਿਆਨੀ ਜੀ' ਆਖ ਕੇ ਸੰਬੋਧਨ ਕਰ ਲਿਆ ਜਿਸ ਦਾ ਉਸ ਵਿਦਵਾਨ ਸੱਜਣ ਨੇ ਬੜਾ ਬੁਰਾ ਮਨਾਇਆ। ਏਹੋ ਹਾਲ ਮੈਨੂੰ 'ਸੰਤ' ਤੇ 'ਬਾਬਾ' ਪਦ ਦਾ ਹੋ ਜਾਣ ਦੇ ਅਮਕਾਨ ਵੀ ਭਾਸਦੇ ਹਨ। ਕਿਥੇ ਬਾਬਾ ਬੁੱਢਾ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਿਹ ਸਿੰਘ ਜੀ ਤੇ ਕਿਥੇ ਅੱਜ ਦਾ ਹਰੇਕ ਡੇਰੇਦਾਰ ਸਾਧ, ਮੰਗਤਾ 'ਬਾਬਾ' ਬਣ ਗਿਆ ਹੈ।

ਮੈਨੂੰ ਡਰ ਹੈ ਕਿ ਕਿਤੇ ਗੁਰੂ ਜੀ ਦੇ ਦੁਆਰੇ ਤੋਂ ਪ੍ਰਾਪਤ ਹੋਣ ਵਾਲੇ ਇਸ ਅਤੀ ਮਹਾਨ, ਪਵਿੱਤਰ ਤੇ ਸਤਿਕਾਰ ਸਰੂਪ ਚਿੰਨ੍ਹ, ਸਿਰੋਪੇ ਦਾ ਵੀ ਏਹੀ ਹਾਲ ਨਾ ਹੋ ਜਾਵੇ!

# ਜਾਂ ਕੁਆਰੀ ਤਾ ਚਾਉ

ਗੁਰਬਾਣੀ ਅਨੁਸਾਰ ਹਰੇਕ ਉਹ ਬੱਚੀ ਜੋ ਮਾਨਸਿਕ ਅਤੇ ਸਰੀਰਕ ਪੱਖੋਂ ਯੋਗ ਹੈ, ਆਪਣੇ ਮਨ ਵਿਚ ਆਪਣੇ ਵਾਸਤੇ ਯੋਗ ਵਰ ਦੀ ਤਸਵੀਰ ਚਿਤਵਦੀ ਹੈ। ਮਾਤਾ, ਹੋਰ ਸਿਆਣੀਆਂ ਪਰਵਾਰਕ ਇਸਤਰੀਆਂ, ਸਖੀਆਂ ਆਦਿ ਵੀ ਉਸ ਨੂੰ ਸਦਾ ਚੇਤੇ ਕਰਵਾਉਂਦੀਆਂ ਰਹਿੰਦੀਆਂ ਹਨ ਕਿ ਤੂੰ ਆਪਣੇ ਅਸਲੀ ਘਰ ਜਾਣਾ ਹੈ। ਇਹ ਘਰ ਤੇਰੇ ਮਾਪਿਆਂ ਦਾ ਘਰ ਹੈ ਜਿਥੇ ਤੇਰੀਆਂ ਭਰਜਾਈਆਂ ਨੇ ਆਉਣਾ ਹੈ। ਤੇਰਾ ਅਸਲੀ ਘਰ ਤੇਰੇ ਹੋਣ ਵਾਲੇ ਮਾਹੀ ਦਾ ਘਰ ਹੈ। ਗੁਰਬਾਣੀ ਵੀ ਇਸ ਦੀ ਮਿਸਾਲ ਦਿੰਦਿਆਂ ਹੋਇਆਂ ਜੀਵ-ਆਤਮਾ ਨੂੰ ਮੁੜ ਮੁੜ ਸਮਝਾਉਣੀਆਂ ਦਿੰਦੀ ਹੋਈ ਆਖਦੀ ਹੈ:

ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ॥ *(੫੦)*

ਇਹ ਸਾਨੂੰ ਸਦਾ ਯਾਦ ਰਹੇ ਕਿ ਗੁਰਬਾਣੀ ਵਿਚ ਜਦੋਂ ਵੀ ਦੁਨਿਆਵੀ ਰਿਸ਼ਤਿਆਂ ਦੀ ਗੱਲ ਕੀਤੀ ਗਈ ਹੈ ਤਾਂ ਸਿਰਫ਼ ਅਲੰਕਾਰ ਵਜੋਂ ਹੀ ਇਹਨਾਂ ਦਾ ਪ੍ਰਯੋਗ ਕੀਤਾ ਗਿਆ ਹੈ, ਭਾਵ ਸਤਿਗੁਰਾਂ ਦਾ ਦੁਨਿਆਵੀ ਮਿਸਾਲਾਂ ਨੂੰ ਉਦਾਹਰਣ ਵਜੋਂ ਵਰਤ ਕੇ ਅਸਲੀ ਉਪਦੇਸ਼ ਮਾਰਫ਼ਤ ਦਾ ਹੀ ਦੇਣਾ ਸੀ/ਹੈ।

ਪਹਿਲਾਂ ਤੇ ਨਢੀ ਨੂੰ ਵਿਆਹ ਦਾ, ਪਤੀ ਦਾ, ਸਹੁਰੇ ਘਰ ਦਾ ਚਾ ਹੁੰਦਾ ਹੈ ਤੇ ਪਤਾ ਫਿਰ ਲੱਗਦਾ ਹੈ ਜਦੋਂ ਸਹੁਰੇ ਘਰ ਦੇ ਖਲਜਗਣਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਏਸੇ ਕਰਕੇ ਹੀ ਫ਼ਰੀਦ ਜੀ ਨੇ ਆਖਿਆ ਹੈ:

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥੬੩॥ *(੧੩੮੧)*

ਗੁਰਬਾਣੀ ਵਿਚ ਇਕ ਹੋਰ ਵਿਕੋਲਿਤਰੀ ਜਿਹੀ ਸਥਿਤੀ ਦਾ ਵਰਨਣ ਵੀ ਮਿਲਦਾ ਹੈ। ਕੋਈ ਕੋਈ ਨਢੀ ਕਦੀ ਸਹੇਲੀਆਂ ਸੰਗ ਆਪਣੇ ਪਤੀ ਬਾਰੇ ਹਾਸੇ ਭਰੀਆਂ ਬਾਤਾਂ ਦੁਆਰਾ ਮਨੋਰੰਜਕ ਵਾਤਾਵਰਣ ਪੈਦਾ ਕਰ ਕੇ, ਸਹੇਲੀਆਂ ਸਮੇਤ ਹਾਸੇ ਵਾਲਾ ਵਾਤਾਵਰਣ ਵੀ

ਸਿਰਜਦੀ ਹੈ ਪਰ ਜਦੋਂ ਪਤੀ ਘਰ ਵਿਚ ਪ੍ਰਵੇਸ਼ ਕਰੇ ਤਾਂ ਸੰਗ ਜਿਹੀ ਅਨੁਭਵ ਕਰਦੀ ਹੋਈ ਸਿਰ ਦੇ ਲੀੜੇ ਨਾਲ ਆਪਣਾ ਮੂੰਹ ਢੱਕ ਲੈਂਦੀ ਹੈ। ਇਸ ਬਾਰੇ ਵਰਨਣ ਇਸ ਪ੍ਰਕਾਰ ਹੈ:

ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ॥
ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ ਤਬ ਮੁਖੁ ਕਾਜਿ ਲਜੋ॥੧॥ (੧੨੦੩)

ਪਤੀ ਦੀ ਗ਼ੈਰ ਹਾਜ਼ਰੀ ਜਾਂ ਅਣਗੌਲਤਾ ਦੇ ਕਾਰਨ ਪਤਨੀ ਦੀ ਘਰ ਵਿਚ ਅਣਪੁੱਛਤਾ ਜਿਹੀ ਨੂੰ ਗੁਰਬਾਣੀ ਵਿਚ ਵੀ ਇਉਂ ਬਿਆਨਿਆ ਹੈ:

ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥੧॥ *(੧੦੯੫)*

ਬਹੁਤੀ ਹੀ ਸੌੜੀ ਸੋਚ ਵਾਲੀ ਕੋਈ ਕੋਈ ਸੱਸ ਨਵੀਂ ਨੂੰਹ ਦਾ ਏਨਾ ਕਾਫੀਆ ਵੀ ਤੰਗ ਕਰ ਸਕਦੀ ਹੈ ਕਿ ਗੁਰਬਾਣੀ ਅਨੁਸਾਰ ਹਾਲਤ ਕੁਝ ਇਸ ਹੱਦ ਤੱਕ ਵੀ ਅੱਪੜ ਜਾਂਦੀ ਹੈ:

ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥ *(੩੫੫)*

ਪਰ ਗੁਰਮਤਿ ਦੀ ਸਿੱਖਿਆ ਅਨੁਸਾਰ ਇਸ ਸੰਸਾਰ ਵਿਚ ਆਉਣਾ ਵੀ ਨਿਰੰਕਾਰ ਦੇ ਵੱਸ ਹੈ ਤੇ ਆਉਣ ਉਪ੍ਰੰਤ ਕਾਦਰ ਦੀ ਸਾਜੀ ਕੁਦਰਤ ਦੇ ਨੇਮਾਂ ਅਨੁਸਾਰ ਪਰਵਾਰਕ ਜੀਵਨ ਵਿਚ ਵੀ ਪ੍ਰਵੇਸ਼ ਕਰਨਾ ਹੈ। ਦੁੱਖ ਤਾਂ ਹਰ ਅਵਸਥਾ ਵਿਚ ਹੀ ਸੰਸਾਰ ਅੰਦਰ ਹਨ ਤੇ ਇਹਨਾਂ ਦੀ ਸਮਾਪਤੀ ਜੀਂਦੇ ਜੀ ਕਦੀ ਨਹੀਂ ਹੋ ਸਕਦੀ। ਗੁਰਬਾਣੀ ਦਾ ਫ਼ਰਮਾਨ ਹੈ:

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁੱਖ॥ *(੧੪੯)*

ਨਿਰੰਕਾਰ ਵੱਲੋਂ ਬਖ਼ਸ਼ੀ ਹੋਈ ਉਮਰ ਸੰਸਾਰ ਅੰਦਰ ਪੂਰੀ ਕਰਨੀ ਹੀ ਹੈ ਪਰ ਉਸ ਦੀ ਰਜ਼ਾ ਅੰਦਰ ਰਾਜ਼ੀ ਰਹਿ ਕੇ ਬਿਤਾਉਣ ਨਾਲ ਦੁੱਖਾਂ ਦੀ ਅਗਨੀ ਦਾ ਸੇਕ ਮਨੁੱਖ ਨੂੰ ਘੱਟ ਲੱਗੇਗਾ।

ਇਕ ਚਲਚਿਤਰੀ ਗਾਣੇ ਵਿਚ ਇਕ ਬੀਬੀ ਵੀ ਇਉਂ ਵੀ ਗਾਉਂਦੀ ਦਰਸਾਈ ਹੈ:

ਦੁਨੀਆ ਮੇ ਹਮ ਆਏ ਹੈਂ ਤੋ ਜੀਨਾ ਹੀ ਪੜੇਗਾ।
ਜੀਵਨ ਹੈ ਅਗਰ ਜ਼ਹਿਰ ਤੋ ਪੀਨਾ ਹੀ ਪੜੇਗਾ।

ਗੁਰਬਾਣੀ ਜੀਵਨ ਨੂੰ ਜ਼ਹਿਰ ਨਹੀਂ ਬਲਕਿ ਅਨਮੋਲ ਰੱਬੀ ਤੋਹਫ਼ਾ ਸਮਝ ਕੇ ਉਸ ਦੀ ਯਾਦ ਤੇ ਰਜ਼ਾ ਵਿਚ ਵਿਚਰਨ ਦਾ ਉਪਦੇਸ਼ ਦਿੰਦੀ ਹੋਈ ਸਾਡੇ ਕਲਿਆਣ ਹਿਤ ਉਪਦੇਸ਼ ਬਖ਼ਸ਼ਿਸ਼ ਕਰਦੀ ਹੈ :

ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥ *(੩੭੪)*

## ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਅਨੁਸਾਰ ਪੰਜ ਠੱਗ

ਮ: ੧॥ ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥
ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥ *(੧੨੮੮)*

***ਅਰਥ:*** ਰਾਜ, ਧਨ, ਸੁੰਦਰਤਾ, ਜਾਤਿ, ਤੇ ਜੁਆਨੀ; ਇਹ ਪੰਜੇ ਹੀ ਮਾਨੋ ਠੱਗ ਹਨ, ਇਹਨਾਂ ਠੱਗਾਂ ਨੇ ਜਗਤ ਨੂੰ ਠੱਗ ਲਿਆ ਹੈ। ਜੋ ਭੀ ਇਹਨਾਂ ਦੇ ਅੱਡੇ ਚੜ੍ਹਿਆ, ਕਿਸੇ ਨੇ ਇਹਨਾਂ ਤੋਂ ਆਪਣੀ ਇੱਜ਼ਤ ਨਹੀਂ ਬਚਾਈ।

ਇਹਨਾਂ ਠੱਗਾਂ ਨੂੰ ਭੀ ਉਹ ਠੱਗ ਭਾਵ, ਸਿਆਣੇ ਬੰਦੇ ਦਾਉ ਲਾ ਜਾਂਦੇ ਹਨ; ਭਾਵ, ਉਹ ਬੰਦੇ ਇਹਨਾਂ ਦੀ ਚਾਲ ਵਿਚ ਨਹੀਂ ਆਉਂਦੇ ਜੋ ਸਤਿਗੁਰੂ ਦੀ ਸ਼ਰਨ ਆਉਂਦੇ ਹਨ। ਹੇ ਨਾਨਕ! ਹੋਰ ਬੜੇ ਭਾਗਹੀਣ ਇਹਨਾਂ ਦੇ ਢਹੇ ਚੜ੍ਹ ਕੇ ਲੁੱਟੇ ਜਾ ਰਹੇ ਹਨ।

ਉਪ੍ਰੋਕਤ ਸਲੋਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੰਜ ਠੱਗਾਂ ਦਾ ਜ਼ਿਕਰ ਕਰ ਕੇ ਇਹਨਾਂ ਤੋਂ ਸਾਵਧਾਨਤਾ ਵਾਸਤੇ ਤਾਕੀਦ ਕੀਤੀ ਹੈ। ਗੁਰਬਾਣੀ ਵਿਚ ਪੰਜ ਚੋਰਾਂ ਦਾ ਵਰਨਣ ਤਾਂ ਬਹੁਤ ਥਾਈਂ ਮਿਲਦਾ ਹੈ ਪਰ ਇਹਨਾਂ ਪੰਜ ਠੱਗਾਂ ਦਾ ਸ਼ਾਇਦ ਏਥੇ ਇਕ ਥਾਂ ਹੀ ਵਰਨਣ ਹੈ। ਪੰਜ ਚੋਰਾਂ ਨੂੰ ਕਈ ਥਾਂ ਚੋਰ, ਸੂਰਬੀਰ, ਦੂਤ, ਮਹਾਂਬਲੀ ਆਦਿ ਨਾਂਵਾਂ ਨਾਲ ਵੀ ਗੁਰਬਾਣੀ ਵਿਚ ਸੰਬੋਧਨ ਕੀਤਾ ਗਿਆ ਹੈ। ਸਾਰਾ ਸੰਸਾਰ ਇਹਨਾਂ ਪੰਜਾਂ ਦੇ ਅਧੀਨ ਹੀ ਸਭ ਚੰਗੇ ਮਾੜੇ ਕਰਮ ਕੁਕਰਮ ਕਰਦਾ ਆ ਰਿਹਾ ਹੈ। ਗੁਰਬਾਣੀ ਦਾ ਫ਼ਰਮਾਨ ਵੀ ਹੈ:

ਪਾਪ ਕਰਹਿ ਪੰਚਾਂ ਕੇ ਬਸਿ ਰੇ॥
ਤੀਰਥਿ ਨਾਇ ਕਹਹਿ ਸਭਿ ਉਤਰੇ॥
ਬਹੁਰਿ ਕਮਾਵਹਿ ਹੋਇ ਨਿਸੰਕ॥
ਜਮ ਪੁਰਿ ਬਾਂਧਿ ਖਰੇ ਕਾਲੰਕ॥੨॥ *(੧੩੪੮)*

ਸਿਆਣੇ ਆਖਦੇ ਨੇ ਕਿ ਦੁਸ਼ਮਣਾਂ, ਦੋਖੀਆਂ, ਡਾਕੂਆਂ, ਲੁਟੇਰਿਆਂ ਆਦਿ ਤੋਂ ਤਾਂ ਕਿਸੇ ਵਸੀਲੇ, ਮੁਕਾਬਲਾ, ਦੌੜ, ਸਰਕਾਰ, ਆਦਿ ਦੀ ਸਹਾਇਤਾ ਨਾਲ ਕਿਸੇ ਹੱਦ ਤੱਕ ਬਚਾ ਹੋ ਜਾਣ ਦੀ ਸੰਭਾਵਨਾ ਹੁੰਦੀ ਹੈ ਪਰ ਠੱਗਾਂ ਤੋਂ ਬਚਣਾ ਏਨਾ ਸਹਿਲ ਕਾਰਜ ਨਹੀਂ ਹੁੰਦਾ। ਠੱਗ ਸਾਡੇ ਮਿੱਤਰ ਬਣ ਕੇ ਸਾਨੂੰ ਧੋਖਾ ਦੇ ਕੇ ਲੁੱਟਦੇ ਹਨ ਜਿਨ੍ਹਾਂ ਦੀ ਸਮੇ ਸਿਰ ਪਛਾਣ ਕਰ ਸਕਣੀ ਮੁਸ਼ਕਲ ਹੁੰਦੀ ਹੈ। ਏਥੇ ਗੁਰਬਾਣੀ ਵਿਚ ਅਧਿਆਤਮਿਕ ਠੱਗਾਂ ਦਾ ਪਾਤਿਸ਼ਾਹ ਵਰਨਣ ਕਰਦੇ ਹਨ ਜਿਨ੍ਹਾਂ ਦੁਆਰਾ ਅਸੀਂ ਸਾਰੀ ਉਮਰ ਲੁੱਟ ਖਾਈ ਜਾ ਰਹੇ ਹਾਂ ਪਰ ਸਾਨੂੰ ਇਹਨਾਂ ਠੱਗਾਂ ਦੀ ਤੇ ਇਹਨਾਂ ਦੀ ਠੱਗੀ ਦੀ ਪਛਾਣ ਨਹੀਂ ਆਉਂਦੀ।

### ੧. ਰਾਜ

ਰਾਜਸੀ ਸ਼ਕਤੀ ਆਪਣੇ ਆਪ ਵਿਚ ਇਕ ਬਹੁਤ ਵੱਡਾ ਨਸ਼ਾ ਹੈ ਜਿਸ ਨਸ਼ੇ ਦੇ ਅਧੀਨ ਮਨੁੱਖ ਆਪਣਾ ਪਰਾਇਆ ਨਹੀਂ ਸੋਚਦਾ। ਪਹਿਲਾਂ ਤਾਂ ਇਸ ਨੂੰ ਪ੍ਰਾਪਤ ਕਰਨ ਵਾਸਤੇ ਕੁਝ ਵੀ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਦੁਨੀਆ ਦਾ ਜੋ ਵੀ ਪਾਪ ਹੈ, ਉਹ ਝੱਟ ਕਰਨ ਲਈ ਤਿਆਰ ਹੋ ਜਾਂਦਾ ਹੈ। ਕਿਸੇ ਵੀ ਮਿੱਤਰ ਜਾਂ ਰਿਸ਼ਤੇਦਾਰ ਨੂੰ ਧੋਖਾ ਦੇਣਾ ਪਵੇ ਜਾਂ ਕਤਲ ਕਰਨਾ ਪਵੇ; ਤਸੀਹੇ ਦੇ ਦੇ ਕੇ ਜੇਹਲਾਂ ਵਿਚ ਸਾੜਨਾ ਪਵੇ; ਕਦੀ ਵੀ ਦੂਜਾ ਵਿਚਾਰ ਮਨ ਵਿਚ ਨਹੀਂ ਲਿਆਉਂਦਾ। ਝੱਟ ਹੀ ਐਸੇ ਕੁਕਰਮ ਨੂੰ ਸਰੰਜਾਮ ਦੇਣ ਲਈ ਤਿਆਰ ਹੋ ਜਾਂਦਾ ਹੈ। ਪੁਰਾਣੇ ਸਮੇ ਵਿਚ ਇਹ ਰਾਜਸੀ ਸ਼ਕਤੀ ਹਥਿਆਉਣ ਲਈ ਜਿਥੇ ਮਾਰੂ ਹਥਿਆਰ ਵਰਤੇ ਜਾਂਦੇ ਸਨ, ਓਥੇ, ਜਿਥੇ ਹੁਣ 'ਜਮਹੂਰੀ ਤਮਾਸ਼ਾ' ਹੁੰਦਾ ਹੈ, ਵੋਟਾਂ ਦੀ ਵਰਤੋਂ ਹੁੰਦੀ ਹੈ। ਫਿਰ ਸਾਰੇ ਜਾਇਜ਼ ਨਾਜਾਇਜ਼ ਤਰੀਕੇ ਵਰਤਣ ਤੋਂ ਪਿੱਛੋਂ ਜਦੋਂ ਰਾਜ ਹੱਥ ਵਿਚ ਆ ਜਾਵੇ ਫਿਰ ਉਂਜ ਹੀ ਮਨੁੱਖ ਦੀ ਆਪਣੀ ਅਕਲ 'ਤੇ ਇਸ ਨਸ਼ੇ ਦਾ ਅਜਿਹਾ ਪੜਦਾ ਪੈਂਦਾ ਹੈ ਕਿ ਇਸ ਨੂੰ ਫਿਰ ਆਪਣੇ ਪਰਾਏ ਦੀ ਪਛਾਣ ਹੀ ਭੁੱਲ ਜਾਂਦੀ ਹੈ। ਆਪਣੇ ਲਾਭ ਹਿਤ ਫਿਰ ਇਹ ਉਸ ਤਾਕਤ ਦੀ ਕੁਵਰਤੋਂ ਕਰਦਾ ਹੈ ਰਾਤ ਦਿਨ। "ਰਾਜ ਪਿਆਰੇ ਰਾਜਿਆਂ ਵੀਰ ਦੁਪਿਆਰੇ" ਅਨੁਸਾਰ ਕੌਣ ਕਿਸ ਦਾ ਰਿਸ਼ਤੇਦਾਰ! ਅੰਤ ਕੀ ਹੁੰਦਾ ਹੈ: "ਤਪੋਂ ਰਾਜ ਤੇ ਰਾਜੋਂ ਨਰਕ।" ਕਲਗ਼ੀਧਰ ਪਾਤਿਸ਼ਾਹ ਦਾ ਫ਼ਰਮਾਨ ਹੈ:

ਮਾਨ ਸੇ ਮਹੀਪ ਔ ਦਿਲੀਪ ਕੈਸੇ ਛਤ੍ਰਧਾਰੀ
ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥
ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ
ਭੋਗ ਭੋਗ ਭੂਮਿ ਅੰਤ ਭੂਮਿ ਮੈ ਮਿਲਤ ਹੈਂ॥

### ੨. ਮਾਲ

ਮਾਲ ਦਾ ਮਤਲਬ ਹੈ, ਧਨ ਪਦਾਰਥ। ਜਿਸ ਪਾਸ ਧਨ ਹੈ ਉਹ ਵੱਡੇ ਵੱਡੇ ਧਰਮੀਆਂ, ਤਿਆਗੀਆਂ, ਵਿਦਵਾਨਾਂ, ਯੋਧਿਆਂ, ਏਥੋਂ ਤੱਕ ਕਿ ਰਾਜਿਆਂ ਦੇ ਇਮਾਨ ਵੀ ਖ਼ਰੀਦ ਸਕਦਾ ਹੈ। ਧਨ ਦੀ ਏਨੀ ਸ਼ਕਤੀ ਹੈ। ਲੋਕ ਅਖਾਣ ਹੈ, "ਤੇਲ ਤਮ੍ਹਾ ਜਾਕੋ ਮਿਲੇ ਤੁਰਤ ਨਰਮ ਹੋ ਜਾਇ।" ਕੋਈ ਵੀ ਕੰਮ, ਚਾਹੇ ਜਾਇਜ਼ ਹੈ ਤੇ ਚਾਹੇ ਨਾਜਾਇਜ਼, ਸੰਸਾਰਕ ਪਧਰ 'ਤੇ, ਧਨ ਦੀ ਵਰਤੋਂ ਕਰ ਕੇ ਪੂਰਾ ਕੀਤਾ ਜਾ ਸਕਦਾ ਹੈ। ਸੋ ਧਨ ਦਾ ਨਸ਼ਾ ਵੀ ਮਨੁੱਖ ਨੂੰ ਅੰਨ੍ਹਾ ਬੋਲ਼ਾ ਬਣਾ ਦਿੰਦਾ ਹੈ। ਤੀਜੇ ਗੁਰੂ ਜੀ ਦਾ ਇਸ ਬਾਰੇ ਇਉਂ ਫ਼ਰਮਾਨ ਹੈ:

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ *(੩੧੩)*

ਧਨ ਦੇ ਨਸ਼ੇ ਵਿਚ ਧਨੀ ਪੁਰਸ਼ ਕਿਸੇ ਨੂੰ ਆਪਣੀ ਅੱਖ ਹੇਠ ਹੀ ਨਹੀਂ ਲਿਆਉਂਦਾ। ਕਬੀਰ ਜੀ ਇਉਂ ਆਖਦੇ ਨੇ:

ਨਿਰਧਨ ਆਦਰੁ ਕੋਈ ਨ ਦੇਇ॥
ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ॥੧॥ਰਹਾਉ॥
ਜਉ ਨਿਰਧਨੁ ਸਰਧਨ ਕੈ ਜਾਇ॥
ਆਗੇ ਬੈਠਾ ਪੀਠਿ ਫਿਰਾਇ॥੧॥
ਜਉ ਸਰਧਨੁ ਨਿਰਧਨ ਕੈ ਜਾਇ॥
ਦੀਆ ਆਦਰੁ ਲੀਆ ਬੁਲਾਇ॥੨॥ *(੧੧੫੯)*

ਉਪ੍ਰੋਕਤ ਉਪਦੇਸ਼ ਅਨੁਸਾਰ ਕੇਵਲ ਧਨਵਾਨ ਦੀ ਹੀ ਭਾਈਚਾਰੇ ਵਿਚ ਪੁੱਛ ਪ੍ਰਤੀਤ ਹੁੰਦੀ ਵੇਖ ਕੇ ਭਾਵੇਂ ਕੋਈ ਵੀ ਉਪੱਦਰ ਕਰਨਾ ਪਵੇ, ਜੇਕਰ ਧਨ ਦੀ ਪ੍ਰਾਪਤੀ ਦੀ ਆਸ ਹੋਵੇ ਤਾਂ ਕਰਨੋਂ ਨਹੀਂ ਟਲਦਾ। ਸ਼ਾਇਦ ਏਸੇ ਲਈ ਮਨੁੱਖ ਸਾਰੀ ਉਮਰ ਹਰ ਤਰੀਕਾ ਵਰਤ ਕੇ ਧਨ ਇਕੱਠਾ ਕਰਨ ਦੇ ਯਤਨਾਂ ਵਿਚ ਹੀ ਲੱਗਾ ਰਹਿੰਦਾ ਹੈ। ਏਥੋਂ ਤੱਕ ਕਿ, "ਸਹਸ ਖਟੇ ਲਖ ਕਉ ਉਠਿ ਧਾਵੈ। ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ। (੨੭੮) ਅਨੁਸਾਰ ਇਸ ਦੀ ਪ੍ਰਾਪਤੀ ਨਾਲ ਵੀ, "ਲਾਖ ਕਰੋਰੀ ਬੰਧੁ ਨ ਪਰੈ (੨੬੪) ਵਾਲੀ ਹਾਲਤ ਹੀ ਮਨੁੱਖ ਦੀ ਹੋ ਜਾਂਦੀ ਹੈ। ਨੌਵੇਂ ਪਾਤਿਸ਼ਾਹ ਵੀ ਇਸ ਪ੍ਰਥਾਇ ਇਸ ਪ੍ਰਕਾਰ ਫ਼ਰਮਾਉਂਦੇ ਹਨ:

ਦਾਰਾ ਮੀਤ ਪੂਤ ਸਨਬੰਧੀ ਸਗਲੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥੧॥ *(੬੩੩)*

ਜਦੋਂ ਮਨੁੱਖ ਹੈ ਹੀ ਸਮਾਜਕ ਪ੍ਰਾਣੀ ਤੇ ਦੁਨਿਆਵੀ ਸਾਥ ਤੋਂ ਬਿਨਾ ਇਸ ਦਾ ਸੰਸਾਰ ਵਿਚ ਵਿਚਰਨਾ ਕਠਿਨ ਹੈ ਤਾਂ ਫਿਰ ਮਨੁੱਖਾਂ ਦੇ ਸਾਥ ਲਈ ਇਸ ਨੂੰ ਧਨ ਦੀ ਲੋੜ ਅਨੁਭਵ ਹੁੰਦੀ ਹੈ ਤਾਂ ਕਿ ਇਸ ਨੂੰ ਮਨੁੱਖਾਂ ਦਾ ਸਾਥ ਮਿਲਦਾ ਰਹੇ।

## ੩. ਰੂਪ

ਅਰਥਾਤ ਖ਼ੂਬਸੂਰਤੀ। ਸੁੰਦਰਤਾ ਦਾ ਵੀ ਇਕ ਆਪਣਾ ਹੀ ਨਸ਼ਾ ਹੁੰਦਾ ਹੈ। ਜਿਸ ਮਨੁੱਖ ਨੂੰ ਚਾਰ ਬੰਦੇ ਸੋਹਣਾ ਆਖ ਦੇਣ, ਉਹ ਫੁੱਲਿਆ ਨਹੀਂ ਸਮਾਉਂਦਾ। ਆਪਣੇ ਆਪ ਨੂੰ ਦੂਜਿਆਂ ਨਾਲੋਂ ਸੋਹਣਾ ਸਮਝ ਕੇ ਹੋਰ ਕਿਸੇ ਨੂੰ ਅੱਖ ਹੇਠ ਹੀ ਨਹੀਂ ਲਿਆਉਂਦਾ। ਸ਼ਾਇਦ ਏਸੇ ਕਰਕੇ ਹੀ ਵਿਅਕਤੀ ਰਾਤ ਦਿਨ ਸੁੰਦਰ ਬਣਨ ਦੀ ਲਾਲਸਾ ਵਿਚ ਹੀ ਹਾਰ ਸ਼ਿੰਗਾਰ ਕਰਦਾ ਰਹਿੰਦਾ ਹੈ ਕਿ ਮੈਂ ਦੂਜਿਆਂ ਨੂੰ ਸੋਹਣਾ ਲੱਗਾਂ। ਇਸ ਵਿਚ ਵੀ ਕੋਈ ਕੁਦਰਤ ਦਾ ਭੇਦ ਹੀ ਹੋਵੇਗਾ ਕਿ ਅਸੀਂ ਸਾਰੇ ਰਾਤ ਦਿਨ ਆਪਣੀ ਖ਼ੂਬਸੂਰਤੀ ਬਣਾਉਣ ਵਿਚ ਕਿੰਨਾ ਸਮਾ, ਸਾਧਨ, ਕਮਾਈ ਰੋੜ੍ਹਦੇ ਹਾਂ। ਕਿੰਨੇ ਵਪਾਰਕ ਅਦਾਰੇ ਰਾਤ ਦਿਨ ਸੁਹੱਪਣ ਵਧਾਊ ਸਾਧਨਾਂ ਦੀ ਪੈਦਾਵਾਰ ਤੇ ਵਿੱਕਰੀ ਵਿਚ ਰੁਝੇ ਹੋਏ ਹਨ। ਥਾਂ ਥਾਂ ਬਿਊਟੀ ਪਾਰਲਰ ਖੁਲ੍ਹੇ ਹੋਏ ਹਨ। ਅੱਜ ਹੀ ਖ਼ਬਰ ਪੜ੍ਹੀ ਹੈ ਕਿ ਇਕ ਧਰਮ ਸਥਾਨ ਦੇ ਅੰਦਰ ਰਹਿ ਰਹੀਆਂ ਬੀਬੀਆਂ ਵਾਸਤੇ ਵੀ ਸਪੈਸ਼ਲ ਬਿਊਟੀ ਪਾਰਲਰ ਬਣਾਇਆ ਹੋਇਆ ਹੈ ਤਾਂ ਕਿ ਉਹਨਾਂ ਦੀ ਸੁੰਦਰਤਾ ਵਾਲੀ ਦਿੱਖ ਵਿਚ ਕੋਈ ਘਾਟ ਨਾ ਰਹਿ ਜਾਵੇ। ਇਸ ਦੇ ਨਸ਼ੇ ਦੇ ਅਧੀਨ ਵੀ ਮਨੁੱਖ ਰਾਤ ਦਿਨ, "ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ" (੫੦) ਵਾਲੀ ਹਾਲਤ ਵਿਚ ਵਿਚਰ ਰਿਹਾ ਹੈ।

## **੪. ਜਾਤ**

ਮਨੁੱਖ ਨੂੰ ਆਪਣੀ ਉਚੀ ਜਾਤ ਦਾ ਵੀ ਕਿੰਨਾ ਹੰਕਾਰ ਹੁੰਦਾ ਹੈ; ਇਸ ਤੋਂ ਵੀ ਅਸੀਂ ਭਲੀ ਪ੍ਰਕਾਰ ਜਾਣੂ ਹਾਂ। ਹਿੰਦੁਸਤਾਨ ਵਿਚ ਤਾਂ ਇਸ ਦੀ ਅਖ਼ੀਰ ਹੀ ਹੋ ਗਈ ਹੋਈ ਹੈ। ਨਵੀਂ ਰੌਸ਼ਨੀ, ਵਿੱਦਿਆ, ਆਦਿ ਦਾ ਵਰਤਾਰਾ ਹੋ ਜਾਣ ਨਾਲ ਵੀ ਇਸ ਵਿਚ ਕੋਈ ਫ਼ਰਕ ਨਹੀਂ ਪਿਆ। *ਮੰਨੂੰ ਸਿਮ੍ਰਿਤੀ* ਦੀ ਗ਼ਲਤ ਵਿਆਖਿਆ ਕਾਰਨ, ਜਾਤ ਪਾਤ ਦਾ ਕੋਹੜ ਹਿੰਦੀ ਸਮਾਜ ਵਿਚ, ਹਜ਼ਾਰਾਂ ਸਾਲਾਂ ਤੋਂ ਏਨੀ ਬੁਰੀ ਤਰ੍ਹਾਂ ਪਸਰਿਆ ਹੋਇਆ ਹੈ ਕਿ ਸਦੀਆਂ ਤੋਂ ਸਮੇ ਸਮੇ ਪੈਦਾ ਹੋਣ ਵਾਲੇ ਮਹਾਂ ਪੁਰਸ਼ਾਂ ਦੀਆਂ ਬੇਅੰਤ ਘਾਲਣਾਂ ਤੇ ਕੁਰਬਾਨੀਆਂ ਦੇ ਬਾਵਜੂਦ ਵੀ ਇਸ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਹਿੰਦੀ ਭਾਈਚਾਰਾ ਅੱਜ ਵੀ ਇਸ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਮਹਾਂ ਰਿਸ਼ੀ ਮੰਨੂੰ ਜੀ ਨੇ ਜਾਤ ਵੰਡ ਅਸਲ ਵਿਚ ਕਿੱਤਾ ਵੰਡ ਕੀਤੀ ਸੀ। ਪੰਡਿਤ ਦਾ ਪੁੱਤਰ ਵਿੱਦਿਆ ਪੜ੍ਹ ਕੇ ਪੰਡਿਤ ਬਣੇ ਤਾਂ ਉਸ ਵਿਚ ਵਧੇਰੇ ਯੋਗਤਾ ਪੈਦਾ ਹੋ ਸਕਣ ਦੀ ਸੰਭਾਵਨਾ ਹੁੰਦੀ ਹੈ ਬਜਾਇ ਇਕ ਮਜ਼ਦੂਰ ਦੇ ਪੁੱਤਰ ਦੇ; ਪਰ ਫਿਰ ਵੀ ਜੇਕਰ ਰੱਬੀ ਦਾਤ ਵਜੋਂ ਇਕ ਮਜ਼ਦੂਰ ਦੇ ਪੁੱਤਰ ਵਿਚ ਵੀ ਪੰਡਿਤ ਬਣ ਸਕਣ ਦੀ ਯੋਗਤਾ ਹੋਵੇ ਤਾਂ ਉਸ ਦੇ ਰਸਤੇ ਵਿਚ ਰੁਕਾਵਟ ਨਹੀਂ ਸੀ ਹੁੰਦੀ; ਪਰ ਸਮੇ ਨਾਲ ਸਵਾਰਥੀ ਲੋਕਾਂ ਨੇ ਇਸ

ਦਾ ਅਰਥ ਏਹੀ ਬਣਾ ਲਿਆ ਕਿ ਪੰਡਿਤ ਦਾ ਪੁੱਤਰ ਹੀ ਪੰਡਿਤ ਹੋਵੇਗਾ ਭਾਵੇਂ ਕਿ ਉਸ ਦੀ ਬਿਰਤੀ ਚੰਡਾਲ ਵਾਲੀ ਹੀ ਹੋਵੇ। ਏਸੇ ਤਰ੍ਹਾਂ ਇਕ ਮਜ਼ਦੂਰ ਦਾ ਪੁੱਤਰ ਮਜ਼ਦੂਰ ਹੀ ਬਣ ਸਕੇਗਾ ਭਾਵੇਂ ਉਸ ਵਿਚ ਪੰਡਿਤ ਬਣ ਸਕਣ ਦੀ ਖ਼ੂਬੀ ਵੀ ਹੋਵੇ। ਸੁਣਨ ਵਿਚ ਆਉਂਦਾ ਹੈ ਕਿ ਅੱਜ ਵੀ ਦੱਖਣ ਵਿਚ ਅਖਾਉਤੀ ਨੀਵੀਂ ਜਾਤ ਵਾਲਿਆਂ ਨਾਲ ਬਹੁਤ ਹੀ ਦੁਰ ਵਿਹਾਰ ਹੁੰਦਾ ਹੈ। ਉਤਰੀ ਹਿੰਦੁਸਤਾਨ ਤੇ ਖ਼ਾਸ ਕਰਕੇ ਪੰਜਾਬ ਵਿਚ ਗੁਰੂ ਸਾਹਿਬਾਨ ਦੀ ਕਿਰਪਾ ਨਾਲ ਇਹ ਬਿਮਾਰੀ ਕਿਸੇ ਹੱਦ ਤੱਕ ਘੱਟ ਖ਼ਤਰਨਾਕ ਮਹਿਸੂਸ ਹੁੰਦੀ ਹੈ।

## ੫. ਜੋਬਨ

ਜੋਬਨ ਅਰਥਾਤ ਜਵਾਨੀ। ਜਵਾਨੀ ਵੀ ਬੜੀ ਮਸਤਾਨੀ ਹੁੰਦੀ ਹੈ। ਇਸ ਵਿਚ ਵੀ ਮਨੁੱਖ ਨੂੰ ਦੂਜੇ ਇਨਸਾਨ ਕੀੜੇ ਮਕੌੜੇ ਹੀ ਨਜ਼ਰ ਆਉਂਦੇ ਹਨ। ਜਵਾਨੀ ਦੇ ਜੋਸ਼ ਵਿਚ ਮਨੁੱਖ ਬਹੁਤ ਉਪੱਦਰ ਕਰ ਬੈਠਦਾ ਹੈ ਜਿਨ੍ਹਾਂ ਦਾ ਕਿ ਮੁੜ ਸਾਰੀ ਉਮਰ ਇਸ ਨੂੰ ਪਛਤਾਵਾ ਰਹਿੰਦਾ ਹੈ। ਜਵਾਨੀ ਨੂੰ ਜੇਕਰ ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਸਿੱਧੇ ਪਾਸੇ ਨੂੰ ਤੋਰਿਆ ਜਾ ਸਕੇ ਤਾਂ ਇਹ ਬਹੁਤ ਹੀ ਚੰਗੇ ਚੰਗੇ, ਮਨੁੱਖਤਾ ਦੀ ਭਲਾਈ ਦੇ ਕਾਰਜ ਕਰ ਸਕਣ ਦੇ ਸਮਰੱਥ ਹੁੰਦੀ ਹੈ। ਇਕ ਸੁਲਝਿਆ ਹੋਇਆ ਨੌਜਵਾਨ ਆਪਣੇ ਦੇਸ਼, ਕੌਮ, ਪਰਵਾਰ, ਸਾਥ ਆਦਿ ਦੀ ਭਲਾਈ ਵਾਸਤੇ ਜਿੰਨਾ ਭਰਪੂਰ ਹਿੱਸਾ ਪਾ ਸਕਦਾ ਹੈ, ਓਨਾ ਇਕ ਬਾਲਕ ਜਾਂ ਬਿਰਧ ਨਹੀਂ ਕਰ ਸਕਦਾ। ਇਸ ਦੇ ਉਲਟ ਖੋਟੀ ਸੰਗਤ ਦੇ ਅਸਰ ਹੇਠ ਕੁਰਾਹੇ ਪਿਆ ਜਵਾਨ ਮਨੁੱਖਤਾ ਦਾ ਘਾਣ ਕਰਨ, ਆਪਣੇ ਕੁਕਰਮਾਂ ਕਾਰਨ, ਦੇਸ਼, ਕੌਮ, ਧਰਮ ਤੇ ਸਾਥ ਲਈ ਨੁਕਸਾਨਦਾਇਕ ਸਾਬਤ ਹੋਣ ਦੇ ਨਾਲ ਨਾਲ, ਆਪਣੇ ਘਰਾਣੇ ਦਾ ਠੂਠਾ ਮੂਧਾ ਮਾਰਨ ਤੱਕ ਦੀ ਨੌਬਤ ਵੀ ਲਿਆ ਸਕਦਾ ਹੈ।

ਆਪਣੀ ਸਮਝ ਨਾਲ ਜੇਕਰ ਕੋਈ ਇਹਨਾਂ ਠੱਗਾਂ ਤੋਂ ਬਚਣਾ ਚਾਹੇ ਤਾਂ ਬੜੀ ਹੀ ਮੁਸ਼ਕਲ ਜਿਹੀ ਗੱਲ ਲੱਗਦੀ ਹੈ ਪਰ ਗੁਰੂ ਦਰੋਂ ਪ੍ਰਾਪਤ ਹੋਈ ਬਿਬੇਕ ਬੁੱਧੀ ਦੁਆਰਾ ਇਹਨਾਂ ਤੋਂ ਬਚਣ ਦੀ ਸੰਭਾਵਨਾ ਹੋ ਸਕਦੀ ਹੈ। ਉਹ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ, "ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥" (੬੪੧) ਵਾਲੀ ਅਵਸਥਾ ਨਾਲ ਭਾਵੇਂ ਕਿਸੇ ਵਿਰਲੇ ਨੂੰ ਹੀ ਬਿਬੇਕ ਬੁਧੀ ਪ੍ਰਾਪਤ ਹੋ ਸਕੇ!

*ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਸਹਸਕ੍ਰਿਤੀ' ਦੀ ਰੋਸ਼ਨੀ ਵਿਚ ਪ੍ਰਬਲ ਪ੍ਰਾਕ੍ਰਿਤਕ ਪ੍ਰੇਰਨਾਵਾਂ*

# ਗੁਰਬਾਣੀ ਅਨੁਸਾਰ ਪੰਜ ਚੋਰ

*'ਸਹਸਕ੍ਰਿਤੀ' ਨਾਮੀ ਬਾਣੀ ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਖੇਪ ਵਿਚ ਇਹਨਾਂ ਦਾ ਜ਼ਿਕਰ ਕਰ ਕੇ ਇਹਨਾਂ ਤੋਂ ਮਨੁੱਖਾਂ ਨੂੰ ਬਚਣ ਦੀ ਪ੍ਰੇਰਨਾ ਕੀਤੀ ਹੈ। ਆਮ ਤੌਰ 'ਤੇ ਜਿਸ ਤਰਤੀਬ ਵਿਚ ਇਹਨਾਂ ਨੂੰ ਬੋਲਿਆ ਜਾਂਦਾ ਹੈ ਅਤੇ ਹੋਰ ਥਾਂਵਾਂ 'ਤੇ ਗੁਰਬਾਣੀ ਵਿਚ ਜੋ ਇਹਨਾਂ ਪੰਜਾਂ ਦੇ ਨਾਂ ਜਿਸ ਤਰਤੀਬ ਵਿਚ ਆਏ ਹਨ, ਉਹਨਾਂ ਨਾਲੋਂ ਏਥੇ ਤਰਤੀਬ ਵਿਚ ਇਕ ਫ਼ਰਕ ਹੈ। ਉਹ ਇਹ ਹੈ ਕਿ ਏਥੇ ਮੋਹ ਦਾ ਜ਼ਿਕਰ, ਚੌਥੇ ਥਾਂ 'ਤੇ ਕਰਨ ਦੀ ਥਾਂ, ਸਭ ਤੋਂ ਪਹਿਲਾਂ ਕੀਤਾ ਗਿਆ ਹੈ। ਇਸ ਲੇਖ ਵਿਚ ਇਹਨਾਂ ਦੀ ਸੰਖੇਪ ਵਿਆਖਿਆ ਕਰਨ ਸਮੇ, ਤਰਤੀਬ ਗੁਰਬਾਣੀ ਵਿਚ ਹੋਰਨਾਂ ਥਾਂਵਾਂ ਵਾਲੀ ਅਤੇ ਆਮ ਬੋਲੇ ਜਾਣ ਵਾਲੀ ਹੀ ਰੱਖੀ ਗਈ ਹੈ ਤਾਂ ਕਿ ਪਾਠਕਾਂ ਦੇ ਮਨ ਵਿਚ ਕੋਈ ਸ਼ੰਕਾ ਨਾ ਪੈਦਾ ਹੋਵੇ।*

ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥ *(੧੧੭੮)*

## ੧. ਕਾਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ ੧੩੫੩ ਤੋਂ ੧੩੬੦ ਉਪਰ, 'ਸਲੋਕ ਸਹਸਕ੍ਰਿਤੀ' ਨਾਮ ਦੀ ਬਾਣੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿਤਰ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੋਈ, ਅੰਕਤ ਹੈ। ਇਸ ਬਾਣੀ ਦੇ ਸਲੋਕਾਂ ਦੀ ਕੁੱਲ ਗਿਣਤੀ ੬੭ ਹੈ। ਪੰਨਾ ਨੰਬਰ ੧੩੫੮ ਉਪਰ ਪੰਜ ਸਲੋਕਾਂ, ਨੰਬਰ ੪੫ ਤੋਂ ੪੯ ਵਿਚ, ਗੁਰੂ ਜੀ ਨੇ ਮਨੁੱਖ ਦੀਆਂ ਜ਼ਬਰਦਸਤ ਪੰਜ ਪ੍ਰਾਕ੍ਰਿਤਕ ਪ੍ਰੇਰਨਾਵਾਂ ਦਾ ਵਰਨਣ ਕੀਤਾ ਹੈ। ਇਹਨਾਂ ਨੂੰ ਅਸੀਂ ਆਮ ਧਾਰਮਿਕ ਬੋਲੀ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਖਦੇ ਹਾਂ। ਇਹਨਾਂ ਨੂੰ ਗੁਰਬਾਣੀ ਵਿਚ ਵੱਖ ਵੱਖ ਨਾਵਾਂ ਨਾਲ ਬਿਆਨਿਆ ਗਿਆ ਹੈ; ਜਿਵੇਂ ਕਿ, ਪੰਚ ਚੋਰ, ਪੰਚ ਸੂਰਬੀਰ, ਪੰਚ ਦੋਖ, ਪੰਜ ਚੰਡਾਲ, ਪੰਜ ਮਹਾਂਬਲੀ, ਪੰਜ ਮਹਾਂਬਲੀ ਆਦਿ।

'ਸਲੋਕ ਸਹਸਕ੍ਰਿਤੀ' ਬਾਣੀ ਵਿਚ ਇਹਨਾਂ ਦੀ ਇਸ ਪ੍ਰਕਾਰ ਦੀ ਤਰਤੀਬ ਵਿਚ ਅੰਤਰ ਹੈ, ਅਰਥਾਤ ਗੁਰੂ ਜੀ ਨੇ ਪਹਿਲਾਂ ਜ਼ਿਕਰ ਮੋਹ ਦਾ ਕੀਤਾ ਹੈ। ਇਸ ਤੋਂ ਉਪ੍ਰੰਤ ਫਿਰ ਕਾਮ ਤੋਂ ਸ਼ੁਰੂ ਕਰ ਕੇ, ਬਾਕੀ ਤਿੰਨਾਂ ਨੂੰ ਬਿਆਨਿਆ ਹੈ।

ਪਹਿਲੇ ਮੋਹ ਦਾ ਜ਼ਿਕਰ ਗੁਰੂ ਜੀ ਨੇ ਤਿੰਨ ਲਾਈਨਾਂ ਦੇ ਸਲੋਕ ਵਿਚ ਕੀਤਾ ਹੈ। ਕਾਮ ਅਤੇ ਕ੍ਰੋਧ ਦਾ ਚਾਰ ਚਾਰ ਲਾਈਨਾਂ ਦੇ ਸਲੋਕਾਂ ਵਿਚ ਅਤੇ ਲੋਭ ਅਤੇ ਅਹੰਕਾਰ ਦਾ ਜ਼ਿਕਰ ਪੰਜ ਪੰਜ ਲਾਈਨਾਂ ਦੇ ਸਲੋਕਾਂ ਵਿਚ ਕੀਤਾ ਹੈ। ਇਹਨਾਂ ਪੰਜਾਂ ਮਹਾਂਬਲੀਆਂ ਬਾਰੇ ਵਿਚਾਰ ਪਹਿਲਾਂ ਆਪਾਂ ਪ੍ਰਚਲਤ ਤਰਤੀਬ ਅਨੁਸਾਰ ਆਏ 'ਕਾਮ' ਦੀ ਵਿਆਖਿਆ ਤੋਂ ਹੀ ਆਰੰਭ ਕਰਦੇ ਹਾਂ।

ਮਹਾਰਾਜ ਜੀ ਇਸ ਪ੍ਰਥਾਇ ਇਹਨਾਂ ਚਾਰ ਪੰਕਤੀਆਂ ਦੇ ਸਲੋਕ ਨੰਬਰ ੪੬ ਵਿਚ ਇਸ ਪ੍ਰਕਾਰ ਫ਼ਰਮਾਉਂਦੇ ਹਨ:

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥
ਚਿਤ ਹਰਣੰ ਤ੍ਰੈ ਲੋਕ ਗਮੵੰ ਜਪ ਤਪ ਸੀਲ ਬਿਦਾਰਣਹ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥
ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥੪੬॥ *(੧੩੫੮)*

***ਅਰਥ:*** ਹੇ ਕਾਮ! ਤੂੰ ਜੀਵਾਂ ਨੂੰ ਆਪਣੇ ਵੱਸ ਵਿਚ ਕਰ ਕੇ ਨਰਕ ਵਿਚ ਅਪੜਾਣ ਵਾਲਾ ਅਤੇ ਕਈ ਜੂਨਾਂ ਵਿਚ ਭਟਕਾਣ ਵਾਲਾ ਹੈਂ। ਤੂੰ ਜੀਵਾਂ ਦੇ ਮਨ ਭਰਮਾ ਲੈਂਦਾ ਹੈਂ, ਤਿੰਨਾਂ ਹੀ ਲੋਕਾਂ ਵਿਚ ਤੇਰੀ ਪਹੁੰਚ ਹੈ। ਤੂੰ ਜੀਵਾਂ ਦੇ ਜਪ ਤਪ ਤੇ ਸ਼ੁਧ ਆਚਰਣ ਦਾ ਨਾਸ ਕਰ ਦਿੰਦਾ ਹੈਂ। ਹੇ ਚੰਚਲ ਕਾਮ! ਤੂੰ ਸੁਖ ਤਾਂ ਥੋਹੜਾ ਹੀ ਦਿੰਦਾ ਹੈਂ, ਪਰ ਇਸ ਦੇ ਨਾਲ ਤੂੰ ਜੀਵਾਂ ਨੂੰ ਧਨ ਤੋਂ ਸੱਖਣਾ ਕਰ ਦਿੰਦਾ ਹੈਂ। ਜੀਵ ਉਚੇ ਹੋਣ, ਜਾਂ ਨੀਵੇਂ, ਸਭਨਾਂ ਵਿਚ ਤੂੰ ਪਹੁੰਚ ਜਾਂਦਾ ਹੈਂ। ਸਾਧ ਸੰਗਤ ਵਿਚ ਪਹੁੰਚਿਆਂ ਤੇਰੇ ਡਰ ਤੋਂ ਖ਼ਲਾਸੀ ਮਿਲਦੀ ਹੈ। ਹੇ ਨਾਨਕ! ਪ੍ਰਭੂ ਦੀ ਸ਼ਰਨ ਲੈ।

***ਭਾਵ:*** ਮਨੁੱਖ ਉਚੀ ਜਾਤਿ ਦੇ ਹੋਣ ਚਾਹੇ ਨੀਵੀਂ ਜਾਤਿ ਦੇ, ਕਾਮਦੇਵ ਸਭਨਾਂ ਨੂੰ ਆਪਣੇ ਕਾਬੂ ਵਿਚ ਕਰ ਲੈਂਦਾ ਹੈ। ਇਸ ਦੀ ਮਾਰ ਤੋਂ ਉਹੀ ਬਚਦਾ ਹੈ ਜੋ ਸਾਧ ਸੰਗਤਿ ਵਿਚ ਟਿਕ ਕੇ ਪਰਮਾਤਮਾ ਦਾ ਆਸਰਾ ਲੈਂਦਾ ਹੈ।

ਕਾਮ ਹਰ ਪ੍ਰਕਾਰ ਦੇ ਜੀਵਾਂ ਵਿਚ ਅਜਿਹਾ ਨਿਰੰਕਾਰੀ ਤੋਹਫ਼ਾ ਹੈ ਜਿਸ ਦੀ ਅਣਹੋਂਦ ਵਿਚ ਸੰਸਾਰ ਦੀ ਉਤਪਤੀ ਦਾ ਹੋਣਾ ਅਸੰਭਵ ਹੈ। ਮਨੋਵਿਗਿਆਨੀ ਦੱਸਦੇ ਹਨ ਕਿ ਇਹ ਹਰੇਕ ਜੀਵ ਵਿਚ ਵਿਦਮਾਨ ਹੈ; ਬਚਪਨ ਤੋਂ ਲੈ ਕੇ ਮੌਤ ਤੱਕ, ਜੀਵ ਵਿਚ ਇਸ ਦਾ ਵਾਸਾ ਹੁੰਦਾ ਹੈ। ਸਮਝੋ ਕਿ ਕੰਪਿਊਟਰ ਦੇ ਪ੍ਰੋਗਰਾਮ ਵਾਂਗ ਆਰੰਭ ਤੋਂ ਹੀ ਕਾਦਰ ਦੀ ਕੁਦਰਤ ਵੱਲੋਂ, ਜਿਵੇਂ ਜੀਵ ਵਿਚ ਇਹ 'ਪ੍ਰੋਗਰਾਮਡ' ਹੀ ਕਰ ਦਿੱਤਾ ਜਾਂਦਾ ਹੈ। ਭਗਤ ਬੇਣੀ ਜੀ ਇਸ ਤੱਥ ਦੀ ਪ੍ਰੋੜ੍ਹਤਾ ਇਉਂ ਕਰਦੇ ਹਨ:

ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ॥ *(੯੩)*

ਅਰਥਾਤ ਸਰੀਰਕ ਬਲ ਦੇ ਹਾਰ ਜਾਣ ਦੇ ਬਾਵਜੂਦ ਵੀ ਕਾਮ ਜੀਵ ਨੂੰ ਮਧਾਣੀ ਵਾਂਗ ਰਿੜਕਦਾ ਰਹਿੰਦਾ ਹੈ।

ਸ਼ਾਇਦ ਸੰਸਾਰ ਦਾ ਸਾਰਾ ਰਜੋ ਗੁਣੀ ਪਸਾਰਾ ਇਸ ਦੀ ਕਿਰਪਾ ਨਾਲ ਹੀ ਵਜੂਦ ਵਿਚ ਆ ਅਤੇ ਕਾਇਮ ਰਹਿ ਰਿਹਾ ਹੈ। ਤਿੰਨਾਂ ਗੁਣਾਂ ਦੇ ਭਰਮ ਵਿਚ ਹੀ ਸਾਰਾ ਸੰਸਾਰਕ ਪਸਾਰਾ ਗੁਰਬਾਣੀ ਨੇ ਮੰਨਿਆ ਹੈ। ਅਨੰਦੁ ਸਾਹਿਬ ਨਾਮੀ ਬਾਣੀ ਵਿਚ, ਸ੍ਰੀ ਗੁਰੂ ਅਮਰ ਦਾਸ ਜੀ ਦਾ ਫ਼ਰਮਾਨ ਹੈ, "ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ" ਅਤੇ ਇਸ ਭਰਮ ਦੀ ਨੀਂਦ ਵਿਚ ਹੀ ਜੀਵ ਦੀ, "ਸੁਤਿਆ ਰੈਣਿ ਵਿਹਾਣੀ" ਅਨੁਸਾਰ ਜੀਵਨ ਰੂਪੀ ਆਰਜਾ ਵਿਹਾ ਜਾਂਦੀ ਹੈ।

ਗੁਰਮਤਿ ਇਸ ਨੂੰ ਖ਼ਤਮ ਕਰਨ ਦਾ ਉਪਦੇਸ਼ ਨਹੀਂ ਦਿੰਦੀ ਅਤੇ ਅਜਿਹਾ ਉਪਦੇਸ਼ ਕਦੇ ਗੁਰਮਤਿ ਦੇ ਹੀ ਨਹੀਂ ਸਕਦੀ ਜੋ ਕਿ ਕਾਦਰ ਦੀ ਕੁਦਰਤ ਦੇ ਨੇਮਾਂ ਦੇ ਉਲਟ ਹੋਵੇ ਬਲਕਿ ਨਿਰੰਕਾਰੀ ਤੋਹਫ਼ਿਆਂ ਦੀ ਸੁਚੱਜੀ ਤੇ ਸੰਜਮ ਭਰਪੂਰ ਵਰਤੋਂ ਕਰ ਕੇ, ਇਸ ਦਾ ਲਾਭ ਉਠਾਉਣ ਦੇ ਨਾਲ ਨਾਲ, ਇਹ ਦਾਤ ਦੇਣ ਵਾਲੇ ਮਹਾਨ ਦਾਤੇ ਨੂੰ ਵੀ ਸਦਾ ਆਪਣੀ ਯਾਦ ਵਿਚ ਬਿਠਾਈ ਰੱਖਣਾ ਹੈ। ਇਹ ਨਾ ਕਿਤੇ ਗੁਰੂ ਕਾ ਸਿਖ ਕਰੇ ਕਿ, "ਦਾਤਿ ਪਿਆਰੀ ਵਿਸਰਿਆ ਦਾਤਾਰੁ" ਵਾਲੀ ਹਾਲਤ ਵਿਚ ਚਲਿਆ ਜਾਵੇ।

ਆਮ ਸੰਸਾਰੀ ਜੀਵ ਪਰਾਏ ਧਨ ਤੇ ਪਰਾਏ ਤਨ ਪਿੱਛੇ ਪਾਗਲ ਹੋਏ ਫਿਰਦੇ ਹਨ। ਗੁਰਬਾਣੀ ਇਸ ਨੂੰ ਇਉਂ ਆਖਦੀ ਹੈ ਕਿ ਜਿਨ੍ਹਾਂ ਗੁਰਮੁਖਾਂ ਨੇ, "ਪਰ ਧਨ ਪਰ ਦਾਰਾ ਪਰਹਰੀ" (੧੧੯੩) ਦੇ ਉਪਦੇਸ਼ ਉਪਰ ਅਮਲ ਕੀਤਾ ਹੈ, "ਤਾ ਕੈ ਨਿਕਟਿ ਬਸੈ ਨਰਹਰੀ" ਵਾਲੀ ਉਹਨਾਂ ਦੀ ਅਵਸਥਾ ਹੋ ਜਾਂਦੀ ਹੈ। ਏਸੇ ਵਾਸਤੇ ਗੁਰਮਤਿ ਨੇ, "ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ" ਆਖ ਕੇ, ਸੰਸਾਰਕ ਗ੍ਰਿਹਸਤੀ ਜੀਵਨ ਨੂੰ ਵਡਿਆਇਆ ਹੈ। "ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ" (੨੭੪) ਆਖ ਕੇ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਿੱਖਾਂ ਨੂੰ ਇਸ ਕੁਕਾਰਜ ਤੋਂ ਵਰਜਿਆ ਹੋਇਆ ਹੈ। 'ਰਹਿਤਨਾਮੇ' ਵਿਚ ਵੀ ਇਸ ਬਾਰੇ ਇਉਂ ਸੰਕੇਤ ਹੈ:

ਆਪਣੀ ਸਿੰਘਣੀ ਸਿਉਂ ਰਤ ਹੋਈ॥
ਰਹਿਤਵਾਨ ਗੁਰ ਕਾ ਸਿੰਘ ਸੋਈ॥ *(ਰਹਿਤਨਾਮਾ)*

ਦਸਮ ਪਾਤਿਸ਼ਾਹ ਦੇ ਸਮੇ ਦੀ ਇਕ ਪ੍ਰਸਿਧ ਸਾਖੀ ਇਸ ਪ੍ਰਕਾਰ ਹੈ:

ਗੁਰੂ ਘਰ ਦੇ ਦੋਖੀ ਹਮਲਾਵਰਾਂ ਤੇ ਸਿੱਖਾਂ ਦੇ ਇਕ ਜਥੇ ਦਰਮਿਆਨ ਹੋਈ ਹਥਿਆਰਬੰਦ ਝੜਪ ਵਿਚ, ਦੁਸ਼ਮਣ ਹਮਲਾਵਰ ਨੂੰ ਹਾਰ ਤੇ ਖ਼ਾਲਸੇ ਨੂੰ ਫ਼ਤਿਹ ਪ੍ਰਾਪਤ ਹੋਈ। ਇਸ ਜਿੱਤ ਵਿਚੋਂ ਵਿਰੋਧੀ ਧਿਰ ਦੇ ਆਗੂ ਦਾ ਡੋਲਾ ਸਿੱਖਾਂ ਦੇ ਹੱਥ ਆ ਗਿਆ। ਸਿੱਖ ਵੀ ਉਸ ਨਾਲ ਓਹੀ ਸਲੂਕ ਕਰਨਾ ਚਾਹੁੰਦੇ ਸਨ ਜੋ ਕਿ ਇਕ ਜੇਤੂ, ਆਪਣੇ ਹਾਰੇ ਹੋਏ ਦੁਸ਼ਮਣ ਨਾਲ ਕਰਦਾ ਹੈ। ਇਹ ਭ੍ਰਿਸ਼ਟ ਵਰਤਾਰਾ ਅੱਜ ਇਕੀਵੀਂ ਸਦੀ ਵਿਚ ਵੀ ਜੇਤੂ ਧੜੇ ਵੱਲੋਂ ਹਾਰੇ ਹੋਏ ਧੜੇ ਦੇ ਕਮਜ਼ੋਰ ਅੰਗ ਨਾਲ ਕੀਤਾ ਜਾਂਦਾ ਹੈ; ਭਾਵੇਂ ਕਿੰਨੀਆਂ ਵੀ 'ਜੈਨੇਵਾ ਕਨਵੈਨਸ਼ਨਾਂ', ਜ਼ਾਲਮ ਹੱਥੋਂ ਮਜ਼ਲੂਮ ਨੂੰ ਬਚਾਉਣ ਲਈ ਰਚ ਲਈਆਂ ਜਾਣ ਪਰ ਤਾਕਤ ਦੇ ਹੰਕਾਰ ਵਿਚ ਮਨੁੱਖ ਮਾੜਿਆਂ ਉਪਰ ਆਪਣੀ ਧੌਂਸ ਜਮਾਉਣੋ ਬਾਜ਼ ਨਹੀਂ ਆਉਂਦਾ। ਜੂਨ ੧੯੮੪ ਵਿਚ ਅਤੇ ਉਸ ਤੋਂ ਪਿੱਛੋਂ ਵੀ ਇਕ ਦਹਾਕੇ ਤੱਕ, ਪੰਜਾਬ ਦੀ ਧਰਤੀ ਅੰਦਰ, ਸਨਮਾਨਤ ਸਿੱਖ ਪਰਵਾਰਾਂ ਨਾਲ ਹਿੰਦੁਸਤਾਨੀ ਫ਼ੌਜਾਂ ਵੀ ਅਜਿਹਾ ਘਿਨਾਉਣਾ ਸਲੂਕ ਕਰਦੀਆਂ ਰਹੀਆਂ ਹਨ। ਕਿਸੇ ਕੜੇ ਕਾਨੂੰਨ ਅਤੇ ਅੜੇ ਇਖ਼ਲਾਕ ਦੀ ਕਿਸੇ ਜ਼ਾਲਮ ਨੇ ਪਰਵਾਹ ਨਹੀਂ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਸ ਪ੍ਰਥਾਇ ਫ਼ਰਮਾਨ ਵੀ ਹੈ:

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ *(੭)*

ਪਰ ਕਲਗ਼ੀਧਰ ਪਾਤਿਸ਼ਾਹ ਜੀ ਨੇ ੧੬੯੯ ਵਿਚ ਹੀ ਆਪਣੇ ਸਿੱਖਾਂ ਨੂੰ ਸਦੀਵੀ ਸਦਾਚਾਰ ਦੇ ਉਪਦੇਸ਼ ਦੇ ਕੇ, ਤਾੜਨਾ ਭਰੇ ਸ਼ਬਦਾਂ ਰਾਹੀਂ, ਅਜਿਹੀ ਬਦਲੇ ਦੀ ਭਾਵਨਾ ਦੇ ਵਿਰੁੱਧ ਸੁਚੇਤ ਕਰ ਦਿੱਤਾ ਸੀ। ਜਦੋਂ ਜੇਤੂ ਸਿੱਖਾਂ ਨੇ ਦੁਬਿਧਾ ਵੱਸ ਹੋ ਕੇ, ਕਲਗ਼ੀਧਰ ਦੇ ਦਰਬਾਰ ਵਿਚ ਆ ਕੇ ਸ਼ੰਕਾ ਨਿਵਿਰਤੀ ਲਈ ਇਉਂ ਬੇਨਤੀ ਕੀਤੀ:

ਪੁਨ ਸਿੱਖਨ ਬੂਝੇ ਗੁਣਖਾਨੀ॥
ਸਕਲ ਤੁਰਕ ਭੁਗਵਹਿ ਹਿੰਦਵਾਨੀ॥
ਸਿੱਖ ਬਦਲਾ ਲੈ ਭਲਾ ਜਨਾਵੈ॥
ਗੁਰ ਸ਼ਾਸਤਰ ਕਿਉਂ ਬਰਜਿ ਹਟਾਵੈ॥

ਇਹ ਬੇਨਤੀ ਸੁਣ ਕੇ:

ਸੁਣ ਸਤਿਗੁਰ ਬੋਲੇ ਤਿਸ ਬੇਰੇ॥
ਹਮ ਲੇ ਜਾਣੋ ਪੰਥ ਉਚੇਰੇ॥
ਨਾਹਿ ਅਧੋਗਤਿ ਬਿਖੈ ਪੁਚਾਵੈਂ॥
ਤਾਂ ਤੇ ਕਲਮਲ ਕਰਨ ਹਟਾਵੈਂ॥

ਅਜਿਹਾ ਉਪਦੇਸ਼ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਬਖ਼ਸ਼ਿਆ ਹੈ ਤਾਂ ਕਿ ਉਹਨਾਂ ਦੇ ਸਿੱਖ ਵੀ ਬਾਕੀ ਖ਼ਲਕਤ ਵਾਂਗ ਹੀ ਪਾਪਾਂ ਵਿਚ ਨਾ ਖੱਚਤ ਹੋ ਜਾਣ।

ਇਸ ਮਹਾਨ ਉਪਦੇਸ਼ ਦੀ ਅੱਜ ਵੀ ਓਨੀ ਹੀ ਲੋੜ ਹੈ ਜਿੰਨੀ ਸਤਿਗੁਰਾਂ ਦੇ ਸਮੇ ਸੀ। ਹਰੇਕ ਜੰਗ ਜਾਂ ਉਥਲ ਪੁਥਲ ਸਮੇ, ਜਦੋਂ ਧਾਰਮਿਕ, ਸਦਾਚਾਰਕ, ਸਮਾਜਕ ਅਤੇ ਸਰਕਾਰੀ ਜ਼ਬਤ ਕਾਇਮ ਨਾ ਰਹੇ, ਇਸਤਰੀ ਜਾਤੀ ਉਪਰ ਜ਼ੁਲਮ ਹੁੰਦੇ ਹਨ। ਉਸ ਦੇ ਮਾਣ ਸਨਮਾਨ ਨੂੰ ਠੇਸ ਪੁਚਾਈ ਜਾਂਦੀ ਹੈ। ਜੁਝਾਰੂ ਦੌਰ ਸਮੇ ਹਥਿਆਰਬੰਦ ਫ਼ੌਜਾਂ ਅਤੇ ਜੁਝਾਰੂਆਂ ਦੇ ਭੇਸ ਵਿਚ ਫਿਰਦੇ ਸਰਕਾਰੀ ਲੁਟੇਰਿਆਂ ਵੱਲੋਂ, ਸਿੱਖ ਕੌਮ ਦੀ ਕੌਮੀ ਅਣਖ ਨੂੰ ਪੈਰਾਂ ਹੇਠ ਰੋਲਣ ਵਾਸਤੇ, ਸਿੱਖ ਪਰਵਾਰਾਂ ਦੀਆਂ ਬੱਚੀਆਂ ਨਾਲ ਅਜਿਹੇ ਵਾਧੇ ਕੀਤੇ ਗਏ ਤਾਂ ਕਿ ਅਣਖੀ ਜੁਝਾਰੂ ਨੌਜਵਾਨ ਇਸ ਰਸਤੇ ਤੋਂ ਹਟਾਏ ਜਾ ਸਕਣ।

ਅੱਜ ਮਨੁੱਖ ਇਸ ਪੱਖੋਂ ਅਸੰਜਮੀ ਜੀਵਨ ਜੀਣ ਕਾਰਨ, ਅਣਗਿਣਤ ਬਿਮਾਰੀਆਂ ਵਿਚ ਗ੍ਰਸੇ ਹੋਏ ਹਨ। ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ, ਏਡਜ਼ ਨਾਮ ਦੀ ਭਿਆਨਕ ਤੇ ਲਾ ਇਲਾਜ ਬਿਮਾਰੀ ਲਭਣ ਕਾਰਨ ਸੰਸਾਰ ਕਿੰਨਾ ਦੁਖੀ ਹੈ; ਇਸ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ। ਅਜਿਹੇ ਰੋਗਾਂ ਤੋਂ ਛੁਟਕਾਰਾ ਗੁਰੂ ਸਾਹਿਬਾਂ ਦੇ ਮਹਾਨ ਉਪਦੇਸ਼ ਉਪਰ ਅਮਲ ਕੀਤਿਆਂ ਹੀ ਪ੍ਰਾਪਤ ਹੋ ਸਕਦਾ ਹੈ।

## ੨. ਕ੍ਰੋਧ

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥
ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ॥
ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ॥
ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖੵਾ ਕਰੋਤਿ॥੪੭॥ (੧੩੫੮)

***ਅਰਥ:*** ਹੇ ਝਗੜੇ ਦੇ ਮੁੱਢ ਕ੍ਰੋਧ! ਤੇਰੇ ਅੰਦਰ ਕਦੇ ਦਇਆ ਨਹੀਂ ਪੈਦਾ ਹੁੰਦੀ। ਤੂੰ ਵਿਸ਼ਈ ਜੀਵਾਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈਂ। ਤੇਰੇ ਵੱਸ ਵਿਚ ਆਇਆ ਜੀਵ ਬਾਂਦਰ ਵਾਂਗ ਨੱਚਦਾ ਹੈ। ਤੇਰੀ ਸੰਗਤ ਵਿਚ ਜੀਵ ਨੀਚ ਸੁਭਾ ਵਾਲੇ ਬਣ ਜਾਂਦੇ ਹਨ। ਜਮਦੂਤ ਉਹਨਾਂ ਨੂੰ ਅਨੇਕਾਂ ਹੁਕਮ ਤੇ ਦੰਡ ਦਿੰਦੇ ਹਨ। ਹੇ ਨਾਨਕ! ਦੀਨਾਂ ਦੇ ਦੁੱਖ ਦੂਰ ਕਰਨ ਵਾਲਾ ਦਿਆਲ ਪ੍ਰਭੂ ਹੀ ਇਸ ਕ੍ਰੋਧ ਤੋਂ ਸਭ ਜੀਵਾਂ ਦੀ ਰੱਖਿਆ ਕਰਦਾ ਹੈ।

***ਭਾਵ:*** ਬਲੀ ਕ੍ਰੋਧ ਦੇ ਵੱਸ ਵਿਚ ਆ ਕੇ ਮਨੁੱਖ ਕਈ ਝਗੜੇ ਖੜ੍ਹੇ ਕਰ ਲੈਂਦਾ ਹੈ ਤੇ ਆਪਣਾ ਜੀਵਨ ਦੁਖੀ ਬਣਾ ਲੈਂਦਾ ਹੈ। ਇਸ ਦੀ ਮਾਰ ਤੋਂ ਬਚਣ ਲਈ ਭੀ ਪਰਮਾਤਮਾ ਦੀ ਸ਼ਰਨ ਹੀ ਇਕੋ ਇਕ ਵਸੀਲਾ ਹੈ।

ਦੁਨੀਆ ਦੇ ਹਰ ਪ੍ਰਕਾਰ ਦੇ ਝਗੜਿਆਂ ਦਾ ਮੂਲ ਕ੍ਰੋਧ ਹੈ। ਜਦੋਂ ਮਨੁੱਖ ਦੀ ਮਨ ਚਿਤਵੀ ਮਨਸ਼ਾ ਪੂਰੀ ਨਹੀਂ ਹੁੰਦੀ ਤਾਂ ਉਹ ਜ਼ਬਰਦਸਤੀ ਉਸ ਦੀ ਪੂਰਤੀ ਕਰਨੀ ਚਾਹੁੰਦਾ ਹੈ। ਜਦੋਂ ਉਸ ਦੇ ਰਸਤੇ ਵਿਚ ਕੋਈ ਅੜਿਕਾ ਪਾਉਣ ਦਾ ਯਤਨ ਕਰਦਾ ਹੈ ਤਾਂ ਉਸ ਵਿਅਕਤੀ ਉਪਰ ਉਸ ਨੂੰ ਕ੍ਰੋਧ ਆਉਂਦਾ ਹੈ। ਕੁਝ ਸਿਆਣਿਆਂ ਦਾ ਮੱਤ ਹੈ ਕਿ ਮਨੁੱਖ ਦੀਆਂ ਮੁਢਲੀਆਂ ਪ੍ਰਬਲ ਪ੍ਰਾਕ੍ਰਿਤਕ ਪ੍ਰੇਰਨਾਵਾਂ ਵਿਚੋਂ ਮੁਢਲੀ, ਅਰਥਾਤ ਕਾਮ ਦੀ ਜਦੋਂ ਪੂਰਤੀ ਨਹੀਂ ਹੁੰਦੀ ਤਾਂ ਮਨੁੱਖ ਉਪਰ ਕ੍ਰੋਧ ਹਾਵੀ ਹੋ ਜਾਂਦਾ ਹੈ। ਉਸ ਕ੍ਰੋਧਤ ਸਮੇ ਮਨੁੱਖ ਕਿਸੇ ਦਾ ਘਾਣ ਵੀ ਕਰ ਸਕਦਾ ਹੈ। ਕਿੰਨੇ ਹੀ ਜੰਗ ਯੁਧ ਦੁਨੀਆ ਉਪਰ ਹੋਏ ਤੇ ਹੋ ਰਹੇ ਹਨ; ਇਹਨਾਂ ਜੰਗਾਂ ਦਾ ਕਾਰਨ ਤਿੰਨ ਜ਼, ਭਾਵ ਜ਼ਰ, ਜ਼ੋਰੂ ਤੇ ਜ਼ਮੀਨ ਪਿੱਛੇ ਹੀ ਹੋਏ, ਸਿਆਣੇ ਮੰਨਦੇ ਹਨ। ਇਹਨਾਂ ਤਿੰਨਾਂ ਚੀਜ਼ਾਂ ਦੀ ਪ੍ਰਾਪਤੀ ਦੇ ਰਸਤੇ ਵਿਚ ਜਦੋਂ ਕੋਈ ਰੁਕਾਵਟ ਬਣਦਾ ਹੈ ਤਾਂ ਜਾਬਰ ਪੁਰਸ਼ ਉਪਰ ਕ੍ਰੋਧ ਹਾਵੀ ਹੋ ਜਾਂਦਾ ਹੈ। ਫਿਰ ਉਹ ਹਿੰਸਕ ਹੋ ਕੇ ਉਸ ਰੁਕਾਵਟ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਸਿੱਖ ਇਤਿਹਾਸ ਕੀ ਹੈ? ਭਗਤ ਕਬੀਰ ਜੀ ਦੇ ਸ਼ਬਦਾਂ ਵਿਚ "ਓਹੁ ਗਰੀਬੁ ਮੋਹਿ ਭਾਵੈ" ਦੇ ਨਤੀਜਿਆਂ ਦਾ ਵਿਸਥਾਰ। ਸਮੇ ਦੇ ਜਾਬਰ ਹਾਕਮਾਂ ਦੇ ਜ਼ੁਲਮਾਂ ਦੇ ਖ਼ਿਲਾਫ਼ ਭਗਤਾਂ, ਗੁਰੂ ਸਾਹਿਬਾਨ ਅਤੇ ਉਹਨਾਂ ਦੇ ਸਿਦਕੀ ਸਿੱਖਾਂ ਨੇ ਸਟੈਂਡ ਲਿਆ ਅਤੇ ਸਮੇ ਦੇ ਜਾਬਰ ਨੂੰ ਇਹ ਭਾਇਆ ਨਾ। ਸ਼ਾਂਤਮਈ ਸ਼ਹੀਦੀਆਂ ਦੇ ਨਾਲ ਹਥਿਆਰਬੰਦ ਜਦੋ-ਜਹਿਦ ਵੀ, ਛੇਵੇਂ ਪਾਤਿਸ਼ਾਹ ਜੀ ਦੇ ਸਮੇ ਤੋਂ ਹੁਣ ਤੱਕ, ਜ਼ਾਲਮ ਜ਼ੋਰਾਵਰਾਂ ਦੇ ਖ਼ਿਲਾਫ਼, ਸੱਚਾ ਖ਼ਾਲਸਾ ਸਦਾ ਤੋਂ ਕਰਦਾ ਆਇਆ ਹੈ। ਇਤਿਹਾਸ ਵਿਚ ਇਹ ਵਾਰਤਾ ਪ੍ਰਤੱਖ ਹੈ।

ਸਿੱਖ ਪੰਥ ਦੇ ਇਤਿਹਾਸ ਤੋਂ ਇਲਾਵਾ ਵੀ ਅਸੀਂ ਭਾਰਤ ਜਾਂ ਦੁਨੀਆ ਦੇ ਇਤਿਹਾਸ 'ਤੇ ਨਿਗਾਹ ਮਾਰੀਏ ਤਾਂ ਸਾਨੂੰ ਇਹੋ ਹੀ ਦਿਸਦਾ ਹੈ ਕਿ ਜੋ ਵੀ ਲੜਾਈ ਭਿੜਾਈ ਹੋਈ, ਸਭ ਕ੍ਰੋਧ ਦੇ ਅਧੀਨ ਹੀ ਹੋਈ। ਕਈ ਵਾਰੀਂ ਮਾਮੂਲੀ ਗੱਲ ਤੋਂ ਵੀ ਝਗੜਾ ਹੋ ਜਾਂਦਾ ਹੈ। ਇਕ ਪੁਰਸ਼ ਨੇ, ਆਪਣੇ ਸੁਭਾ ਮੁਤਾਬਿਕ, ਕਿਸੇ ਨੂੰ ਸਹਿਜ ਸੁਭਾ ਮਖ਼ੌਲ ਕਰ ਦਿੱਤਾ ਤਾਂ ਦੂਜਾ ਲੋਹਾ ਲਾਖਾ ਹੋ ਗਿਆ। ਇਸ ਤੋਂ ਝਗੜਾ ਛਿੜ ਪਿਆ। ਫਿਰ ਇਹ ਵੀ ਵੇਖਣ ਵਿਚ ਆਇਆ ਹੈ ਕਿ ਜੋ ਵਿਅਕਤੀ ਹਰੇਕ ਨੂੰ ਮਖ਼ੌਲ ਕਰਨ ਦਾ ਆਦੀ ਹੋਵੇ, ਜਦੋਂ ਕੋਈ ਉਸ ਨੂੰ ਮਖ਼ੌਲ ਕਰੇ ਤਾਂ ਉਹ ਅੱਗੋਂ ਕ੍ਰੋਧ ਕਰ ਬੈਠਦਾ ਹੈ। ਦੁਨੀਆ ਵਿਚ ਦੁਨਿਆਵੀ ਰਿਸ਼ਤਿਆਂ ਦਰਮਿਆਨ ਵੀ ਟਿਚਕਰਬਾਜ਼ੀ ਚੱਲੀ ਹੀ ਆਈ ਹੈ। ਵਿਆਹ ਸਮੇ ਕੁੜਮਾਂ ਤੇ ਜਾਂਞੀਆਂ ਨੂੰ ਸਿੱਠਣੀਆਂ ਦੇ ਰੂਪ ਵਿਚ ਮਖ਼ੌਲ ਕਰਨ ਦਾ ਪੁਰਾਣੇ ਸਮੇ ਵਿਚ ਰਿਵਾਜ ਸੀ। ਭਰਜਾਈ ਤੇ ਸਾਲੀ ਦੇ ਥਾਂ ਲੱਗਣ ਵਾਲੀਆਂ ਬੀਬੀਆਂ ਵੀ ਦੇਰਾਂ, ਜੇਠਾਂ, ਜੀਜਿਆਂ ਨੂੰ ਮਖ਼ੌਲ ਕਰ ਲਿਆ ਕਰਦੀਆਂ ਸਨ। ਅਜਿਹਾ ਹੀ ਮਖ਼ੌਲ ਕਰ ਬੈਠੀ ਦ੍ਰੋਪਦੀ, ਆਪਣੇ ਦੇਰ ਦੁਰਯੋਧਨ ਨੂੰ। ਨਤੀਜੇ ਵਜੋਂ ਮਹਾਂਭਾਰਤ ਮਚ ਗਿਆ। ਗੱਲ ਤਾਂ ਮਾਮੂਲੀ ਸੀ ਪਰ ਦੁਰਯੋਧਨ ਆਪਣੀ ਤਾਕਤ ਦੇ ਅਹੰਕਾਰ ਵਿਚ ਕ੍ਰੋਧਵਾਨ ਹੋ ਗਿਆ ਤੇ ਨਤੀਜਾ ਏਨਾ ਭਿਆਨਕ ਨਿਕਲਿਆ ਕਿ ਭਾਰਤ ਦੀ ਸਾਰੀ ਸਭਿਅਤਾ ਤਬਾਹ ਹੋ ਗਈ।

ਗੁਰਬਾਣੀ ਵਿਚ ਕਾਮ ਅਤੇ ਕ੍ਰੋਧ ਦੀ ਪ੍ਰਬਲਤਾ ਵਾਲੇ ਵਿਅਕਤੀ ਨੂੰ ਸੰਬੋਧਨ ਕਰਦੇ ਹੋਏ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥ *(੯੩੨)*

ਅਰਥਾਤ ਜਿਵੇਂ ਸੋਨੇ ਨੂੰ ਸੁਹਾਗਾ ਢਾਲ ਦਿੰਦਾ ਹੈ, ਏਸੇ ਤਰ੍ਹਾਂ ਹੀ ਇਹ ਦੋਵੇਂ ਦੋਖ ਮਨੁੱਖ ਦੇ ਸਰੀਰ ਤੇ ਆਤਮਾ ਨੂੰ ਕਮਜ਼ੋਰ ਕਰ ਦਿੰਦੇ ਹਨ। ਇਕ ਹੋਰ ਥਾਂ ਗੁਰਬਾਣੀ ਵਿਚ ਇਉਂ ਵੀ ਆਇਆ ਹੈ:

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥ *(੪੦)*

ਅਰਥਾਤ ਜਿਨ੍ਹਾਂ ਮਨੁੱਖਾਂ ਅੰਦਰ ਕ੍ਰੋਧ ਰੂਪੀ ਚੰਡਾਲ ਦਾ ਵਾਸਾ ਹੈ, ਉਹਨਾਂ ਦੇ ਨੇੜੇ ਵੀ ਨਹੀਂ ਜਾਣਾ ਚਾਹੀਦਾ।

ਇਕ ਨੀਤੀ ਦੇ ਗ੍ਰੰਥਕਾਰ ਨੇ ਕ੍ਰੋਧ ਨੂੰ ਜ਼ਹਿਰ ਨਾਲੋਂ ਵੀ ਵਧ ਖ਼ਤਰਨਾਕ ਦੱਸਦਿਆਂ ਇਉਂ ਆਖਿਆ ਹੈ:

ਕਾਲਕੂਟ ਅਰ ਕ੍ਰੋਧ ਕੋ, ਬੜੋ ਅੰਤਰੋ ਆਹਿ॥
ਕ੍ਰੋਧ ਨਿਜ ਆਸਰੇ ਦਹੈ, ਬਿਖ ਨਹਿ ਨਿਜ ਆਸਰੇ ਦਾਹਿ॥

ਮਤਲਬ ਕਿ ਜ਼ਹਿਰ ਤੇ ਕ੍ਰੋਧ ਵਿਚ ਬੜਾ ਫ਼ਰਕ ਹੈ। ਜ਼ਹਿਰ ਆਪਣੇ ਭਾਂਡੇ ਦਾ ਕੁਝ ਨਹੀਂ ਵਿਗਾੜਦਾ; ਸਿਰਫ਼ ਪੀਣ ਵਾਲੇ ਦਾ ਹੀ ਕੂੰਡਾ ਕਰਦਾ ਹੈ। ਇਸ ਦੇ ਉਲਟ ਕ੍ਰੋਧ ਜਿਸ ਭਾਂਡੇ ਵਿਚ ਪੈਂਦਾ ਹੈ, ਪਹਿਲਾਂ ਉਸ ਨੂੰ ਸਾੜਦਾ ਹੈ ਤੇ ਫਿਰ ਦੂਜੇ ਤੱਕ ਸੇਕ ਪੁਚਾਉਂਦਾ ਹੈ।

ਦੂਜੇ ਬੰਨੇ ਗੁਰੂ ਸਾਹਿਬਾਨ ਨੇ ਸਿੱਖਿਆ ਦੁਆਰਾ ਜੋ ਇਸ ਦਾ ਸੁਧਰਿਆ ਹੋਇਆ ਰੂਪ ਆਪਣੇ ਸਿੱਖਾਂ ਨੂੰ ਸਮਝਾਇਆ ਹੈ, ਉਸ ਨੂੰ ਅਸੀਂ ਸਿੱਖ ਧਾਰਮਿਕ ਸ਼ਬਦਾਵਲੀ ਵਿਚ 'ਜੋਸ਼' ਆਖਦੇ ਹਾਂ। ਬਿਨਾ ਜੋਸ਼ ਤੋਂ ਅਸੀਂ ਆਪਣੇ ਸਵੈਮਾਣ, ਧਰਮ, ਇਜ਼ਤ, ਅਣਖ, ਮਾਣ, ਸਨਮਾਨ ਅਤੇ ਆਜ਼ਾਦੀ ਦੀ ਰਾਖੀ ਨਹੀਂ ਕਰ ਸਕਦੇ। ਕ੍ਰੋਧ ਦੇ ਅਧੀਨ ਹੋ ਕੇ ਨਿੱਕੀ ਨਿੱਕੀ ਗੱਲ ਤੋਂ ਐਵੇਂ ਹੀ ਸੰਪਰਕ ਵਿਚ ਆਉਣ ਵਾਲੇ ਜੀਵਾਂ ਨਾਲ ਬਖੇੜੇ ਖੜ੍ਹੇ ਕਰੀ ਰੱਖਣੇ; ਬੇਸੂਦ ਲੜਾਈਆਂ ਲੜੀ ਜਾਣੀਆਂ ਕੇਵਲ ਆਪਣੀ ਸੂਰਮਗਤੀ ਵਿਖਾਉਣ ਲਈ; ਇਸ ਦਾ ਗੁਰਸਿੱਖੀ ਵਿਚ ਕੋਈ ਸਥਾਨ ਨਹੀਂ ਹੈ। ਮਨੁੱਖਾ ਜੀਵਨ ਕੋਈ ਏਨੀ ਸਸਤੀ ਵਸਤੂ ਨਹੀਂ ਕਿ ਇਸ ਨੂੰ ਜੀਵਨ ਦੇ ਹਰੇਕ ਦਾ ਉਪਰ ਜੂਏ ਵਾਂਗ ਲਗਾ ਦਿੱਤਾ ਜਾਵੇ ਪਰ ਏਨਾ ਮਹਿੰਗਾ ਵੀ ਨਹੀਂ ਕਿ ਸਵੈਮਾਨ ਜਾਂਦਾ ਵੇਖ ਕੇ ਵੀ, ਇਸ ਨਾਲ ਮੋਹ ਕਰਕੇ ਹਰੇਕ ਤਰੀਕੇ ਨਾਲ ਇਸ ਨੂੰ ਬਚਾਉਣ ਦਾ ਯਤਨ ਕੀਤਾ ਜਾਵੇ।

ਗੁਰੂ ਸਾਹਿਬਾਨ, ਭਗਤਾਂ, ਸੱਚੇ ਸੰਤਾਂ ਅਤੇ ਉਹਨਾਂ ਦੇ ਪੂਰਨਿਆਂ ਉਪਰ ਚੱਲਣ ਵਾਲੇ ਗੁਰਸਿੱਖਾਂ, ਸ਼ਹੀਦਾਂ ਆਦਿ ਨੇ ਸਮਾ ਆਉਣ ਉਤੇ ਜੋਸ਼ ਨੂੰ ਵਰਤਿਆ ਹੈ ਪਰ ਹੋਸ਼ ਨੂੰ ਕਾਇਮ ਰੱਖ ਕੇ। ਕ੍ਰੋਧ ਅਧੀਨ ਹੋ ਕੇ ਲੜ ਮਰਨ ਨੂੰ ਗੁਰੂ ਸਾਹਿਬਾਨ ਨੇ ਨਹੀਂ ਪਰਵਾਨਿਆ, ਬਲਕਿ ਮਾਰੂ ਰਾਗ ਵਾਲੀ ਵਾਰ ਦੀ, ਨੌਵੀਂ ਪਉੜੀ ਵਿਚ, ਸ੍ਰੀ ਗੁਰੂ ਅਮਰ ਦਾਸ ਜੀ ਦਾ ਫ਼ਰਮਾਨ ਇਉਂ ਹੈ:

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ॥
ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ॥
ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥੯॥

*(੧੦੮੯)*

***ਅਰਥ:*** ਜੋ ਮਨੁੱਖ ਅਹੰਕਾਰ ਵਿਚ ਮਰਦੇ ਖਪਦੇ ਹਨ ਤੇ ਦੁਖ ਪਾਉਂਦੇ ਹਨ, ਉਹਨਾਂ ਨੂੰ ਸੂਰਮੇ ਨਹੀਂ ਆਖਿਆ ਜਾ ਸਕਦਾ। ਉਹ ਅਹੰਕਾਰ ਵਿਚ ਅੰਨ੍ਹੇ ਆਪਣੀ ਅਸਲੀਅਤ ਨਹੀਂ ਪਛਾਣਦੇ ਅਤੇ ਮਾਇਆ ਦੇ ਮੋਹ ਵਿਚ ਖ਼ੁਆਰ ਹੁੰਦੇ ਹਨ। ਬੜੇ ਕ੍ਰੋਧ ਵਿਚ ਆ ਕੇ ਦੂਜਿਆਂ ਨਾਲ ਲੜਦੇ ਹਨ। ਦੋਹਾਂ ਲੋਕਾਂ ਵਿਚ ਦੁਖ ਹੀ ਪਾਉਂਦੇ ਹਨ। ਧਾਰਮਿਕ ਗ੍ਰੰਥ ਵੀ ਉਚੀ ਆਵਾਜ਼ ਵਿਚ ਕਹਿੰਦੇ ਹਨ ਕਿ ਰੱਬ ਨੂੰ ਅਹੰਕਾਰ ਨਹੀਂ ਭਾਉਂਦਾ। ਅਹੰਕਾਰੀ ਪੁਰਸ਼ਾਂ ਦੀ ਗਤੀ ਨਹੀਂ ਹੁੰਦੀ। ਉਹ ਜਨਮ ਮਰਨ ਦੇ ਚੱਕਰ ਵਿਚ ਫਸੇ ਰਹਿੰਦੇ ਹਨ।

ਇਸ ਦੇ ਉਲਟ ਸੱਚੇ ਸੂਰਮਿਆਂ ਵੱਲੋਂ, ਸੱਚੇ ਕਾਜ਼ ਲਈ ਜੂਝ ਕੇ ਸ਼ਹੀਦੀ ਪ੍ਰਾਪਤ ਕਰ ਲੈਣ ਵਾਲੇ ਮਹਾਨ ਬਲੀਦਾਨ ਨੂੰ, ਮਹਾਰਾਜ ਜੀ ਪਰਵਾਨਗੀ ਬਖ਼ਸ਼ਦੇ ਹੋਏ ਇਉਂ ਆਖਦੇ ਹਨ:

ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥...
ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥ *(੫੮੦)*

ਅਹੰਕਾਰ ਵਿਚ ਕਿਸੇ ਨਾਲ ਲੜ ਮਰਨ ਅਤੇ ਕਿਸੇ ਉਚੇਰੇ ਕਾਜ਼ ਲਈ ਜਾਨ ਦੀ ਬਾਜ਼ੀ ਲਾ ਦੇਣ ਵਿਚਲਾ ਭੇਦ, ਆਮ ਮਨੁੱਖ ਦੀ ਸਮਝ ਵਿਚ ਆਉਣਾ ਮੁਸ਼ਕਲ ਹੈ। ਸਤਿਗੁਰੂ ਜੀ ਹੀ ਆਪਣੇ ਸਿੱਖਾਂ ਉਪਰ ਮੇਹਰ ਕਰ ਕੇ, ਬਿਬੇਕ ਬੁਧੀ ਪ੍ਰਦਾਨ ਕਰਨ ਤਾਂ ਕੋਈ ਵਿਰਲਾ ਭਾਗਸ਼ਾਲੀ ਗੁਰਸਿੱਖ ਹੀ ਇਸ ਭੇਦ ਨੂੰ ਸਮਝ ਸਕਦਾ ਹੈ।

੩. ਲੋਭ

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥
ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ॥
ਅਕਰਣੰ ਕਰੋਤਿ ਅਖਾਦਿ ਖਾਦ੍ਯੰ ਅਸਾਜ੍ਯੰ ਸਾਜਿ ਸਮਜਯਾ॥
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ॥੪੮॥ (੧੩੫੮)

***ਅਰਥ:*** ਹੇ ਲੋਭ ਤੂੰ ਏਨਾ ਬਲੀ ਹੈਂ ਕਿ ਮੁਖੀ ਬੰਦੇ ਵੀ ਤੇਰੇ ਅਸਰ ਨਾਲ ਵਿਕਾਰਾਂ ਵਿਚ ਡੁੱਬ ਜਾਂਦੇ ਹਨ। ਤੇਰੀਆਂ ਲਹਿਰਾਂ ਵਿਚ ਅਨੇਕਾਂ ਕਲੋਲ ਕਰਦੇ ਹਨ। ਤੇਰੇ ਵੱਸ ਵਿਚ ਆਏ ਹੋਏ ਜੀਵ ਕਈ ਤਰ੍ਹਾਂ ਭਟਕਦੇ ਫਿਰਦੇ ਹਨ। ਅਨੇਕਾਂ ਤਰੀਕਿਆਂ ਨਾਲ ਡੋਲਦੇ ਹਨ। ਤੇਰੇ ਅਸਰ ਹੇਠ ਰਹਿਣ ਕਰਕੇ ਉਹਨਾਂ ਨੂੰ ਨਾ ਕਿਸੇ ਮਿੱਤਰ ਦਾ, ਨਾ ਗੁਰੂ ਪੀਰ ਦਾ, ਨਾ ਸੰਬੰਧੀਆਂ ਦਾ ਅਤੇ ਨਾ ਹੀ ਮਾਂ ਪਿਉ ਦਾ ਕੋਈ ਲਿਹਾਜ਼ ਰਹਿੰਦਾ ਹੈ। ਤੇਰੇ ਪ੍ਰਭਾਵ ਨਾਲ ਜੀਵ ਖੁਲ੍ਹੇ ਤੌਰ ’ਤੇ ਸਮਾਜ ਵਿਚ ਉਹ ਕੰਮ ਕਰਦਾ ਹੈ ਜੋ ਨਹੀਂ ਕਰਨੇ ਚਾਹੀਦੇ; ਉਹ ਚੀਜ਼ਾਂ ਖਾਂਦਾ ਹੈ ਜੋ ਨਹੀਂ ਖਾਣੀਆਂ ਚਾਹੀਦੀਆਂ; ਉਹ ਗੱਲਾਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ ਜੋ ਨਹੀਂ ਕਰਨੀਆਂ ਚਾਹੀਦੀਆਂ। ਹੇ ਨਾਨਕ! ਲੋਭ ਤੋਂ ਬਚਣ ਲਈ ਇਉਂ ਅਰਦਾਸ ਕਰ: ਹੇ ਪ੍ਰਭੂ! ਹੇ ਸੁਆਮੀ! ਮੈਂ ਤੇਰੀ ਸ਼ਰਨ ਆਇਆ ਹਾਂ, ਮੈਨੂੰ ਇਸ ਲੋਭ ਤੋਂ ਬਚਾ ਲੈ, ਬਚਾ ਲੈ।੪੮।

ਭਾਵ ਕਿ ਲੋਭ ਦੇ ਅਸਰ ਹੇਠ ਮਨੁੱਖ ਸ਼ਰਮ ਛੱਡ ਕੇ ਅਯੋਗ ਕਰਤੂਤਾਂ ਕਰਨ ਲੱਗ ਪੈਂਦਾ ਹੈ। ਪਰਮਾਤਮਾ ਦੇ ਦਰ ’ਤੇ ਹੀ ਅਰਦਾਸਾਂ ਕਰ ਕੇ ਇਸ ਤੋਂ ਬਚਿਆ ਜਾ ਸਕਦਾ ਹੈ।

ਲੱਬ, ਲੋਭ, ਲਾਲਸਾ, ਲਾਲਚ, ਪਦਾਰਥ ਦੀ ਭੁੱਖ ਇਕੋ ਹੀ ਭਾਵ ਦੇ ਲਖਾਇਕ ਸ਼ਬਦ ਹਨ; ਜਿਸ ਦਾ ਸੰਖੇਪ ਅਰਥ ਹੈ ਦੂਸਰੇ ਦੇ ਪਦਾਰਥ ਉਪਰ ਕਬਜ਼ੇ ਦੀ ਇੱਛਾ।

ਲੋਭ, ਗੁਰਬਾਣੀ ਅਨੁਸਾਰ, ਮੁਢਲੀਆਂ ਪੰਜ ਪ੍ਰਾਕ੍ਰਿਤਕ ਪ੍ਰੇਰਨਾਵਾਂ ਵਿਚੋਂ ਇਕ ਹੈ ਤੇ ਇਸ ਦੇ ਅਸਰ ਅਧੀਨ, ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਮਨੁੱਖ ਅਜਿਹੀਆਂ ਕਮੀਣੀਆਂ ਕਰਤੂਤਾਂ ਕਰ ਜਾਂਦਾ ਹੈ ਕਿ ਜੋ ਕਰਨੀਆਂ ਸਭਿਅਕ ਮਨੁੱਖ ਨੂੰ ਨਹੀਂ ਸੋਭਦੀਆਂ। ਇਸ ਦੇ ਅਧੀਨ ਹੋ ਚੁੱਕੇ ਮਨੁੱਖ ਦੀ ਹਾਲਤ ਨੂੰ ਹਲਕਾਏ ਕੁੱਤੇ ਦੇ ਸਮਾਨ ਗੁਰਬਾਣੀ ਫ਼ਰਮਾਉਂਦੀ ਹੈ:

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥ *(੫੦)*

ਜਿਸ ਤਰ੍ਹਾਂ ਹਲਕਾਇਆ ਹੋਇਆ ਕੁੱਤਾ ਚਾਰ ਚੁਫੇਰੇ, ਹਰੇਕ ਸਾਹਮਣੇ ਆਉਣ ਵਾਲੇ ਜੀਵ ਨੂੰ ਚੱਕ ਮਾਰਨ ਲਈ, ਭੱਜਾ ਫਿਰਦਾ ਹੈ, ਏਸੇ ਤਰ੍ਹਾਂ ਲੋਭ ਦੇ ਅਧੀਨ ਮਨੁੱਖ, ਦੂਜਿਆਂ ਦਾ ਵੀ ਸਭ ਕੁਝ ਆਪਣੇ ਕਬਜ਼ੇ ਕਰ ਕੇ, ਹਜ਼ਮ ਕਰਨ ਦੇ ਫ਼ਿਕਰ ਵਿਚ ਵਿਚਰਦਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਇਸ ਹਲਕਾ ਦੇ ਅਸਰ ਅਧੀਨ ਹੀ:

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥ *(੯੮੩)*

ਅਰਥਾਤ ਜਿਸ ਤਰ੍ਹਾਂ ਹਲਕਾ, ਸਮਝਦਾਰ ਤੇ ਵਫ਼ਾਦਾਰ ਕੁੱਤੇ ਨੂੰ ਵੀ ਵਿਗਾੜ ਦਿੰਦਾ ਹੈ ਅਤੇ ਇਸ ਦੇ ਅਸਰ ਅਧੀਨ ਉਹ ਆਪਣੇ ਮਾਲਕ ਨੂੰ ਵੀ ਨਹੀਂ ਬਖ਼ਸ਼ਦਾ; ਏਸੇ ਤਰ੍ਹਾਂ ਸਮਝਦਾਰ ਮਨੁੱਖ ਉਪਰ ਵੀ ਜਦੋਂ ਲੋਭ ਰੂਪੀ ਹਲਕਾ ਦਾ ਅਸਰ ਹੁੰਦਾ ਹੈ ਤਾਂ ਇਸ ਨੂੰ ਵੀ ਆਪਣੇ ਪਰਾਏ ਦੀ ਸੋਝੀ ਨਹੀਂ ਰਹਿੰਦੀ। ਇਹ ਹਰੇਕ ਨਾਲ ਧੋਖਾ, ਹਰੇਕ ਦੀ ਲੁੱਟ, ਹਰੇਕ ਦਾ ਨੁਕਸਾਨ ਕਰਨ ਦੀਆਂ ਸੋਚਾਂ ਹੀ ਸੋਚਣ ਦਾ ਆਦੀ ਹੋ ਜਾਂਦਾ ਹੈ। ਹਾਲਤ ਫਿਰ ਇਸ ਦੀ ਇਹ ਹੋ ਜਾਂਦੀ ਹੈ :

ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ *(੫੫੪)*

ਭਗਤ ਨਾਮਦੇਵ ਜੀ ਵੀ ਇਸ ਪ੍ਰਥਾਇ ਫ਼ਰਮਾਉਂਦੇ ਹਨ:

ਲੋਭ ਲਹਰਿ ਅਤਿ ਨੀਝਰ ਬਾਜੈ॥
ਕਾਇਆ ਡੂਬੈ ਕੇਸਵਾ॥੧॥
ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ॥
ਤਾਰਿ ਲੈ ਬਾਪ ਬੀਠੁਲਾ॥੧॥ਰਹਾਉ॥ *(੧੧੯੬)*

ਹੇ ਮੇਰੇ ਸੋਹਣੇ ਕੇਸਾਂ ਵਾਲੇ ਬੀਠਲ ਰੱਬ ਜੀ, ਮੈਨੂੰ ਲੋਭ ਦੇ ਠਾਠਾਂ ਮਾਰਦੇ ਤਿੱਖੇ ਵਹਿਣ ਵਿਚ ਡੁੱਬਦੇ ਨੂੰ ਬਚਾ ਲੈ। ਇਸ ਸੰਸਾਰ ਸਮੁੰਦਰ ਵਿਚ ਮੇਰਾ ਸਰੀਰ ਡੁੱਬਦਾ ਜਾ ਰਿਹਾ ਹੈ; ਇਸ ਵਿਚੋਂ ਤੁਸੀਂ ਹੀ ਮੈਨੂੰ ਬਚਾ ਸਕਦੇ ਹੋ।

ਗੁਰਬਾਣੀ ਦੱਸਦੀ ਹੈ ਕਿ ਮਨੁੱਖ ਏਨਾ ਸਵਾਰਥੀ ਹੈ ਕਿ ਉਹ ਆਪਣਾ ਮੇਲ ਜੋਲ, ਰਿਸ਼ਤੇਦਾਰੀ, ਮਿੱਤਰਤਾ ਆਦਿ ਸਭ ਕੁਝ ਲੋਭ ਦੇ ਅਸਰ ਥੱਲੇ ਹੋ ਕੇ ਹੀ ਕਿਸੇ ਨਾਲ ਰੱਖਦਾ ਹੈ। ਇਸ ਪ੍ਰਥਾਇ ਫ਼ਰਮਾਨ ਹੈ:

ਅਪਨੇ ਲੋਭ ਕਉ ਕੀਨੋ ਮੀਤੁ॥ *(੧੯੫)*

ਅਰਥਾਤ ਸਾਡਾ ਸਭ ਕੁਝ ਹੀ ਲੋਭ ਤੋਂ ਪ੍ਰਭਾਵਤ ਹੈ। ਸੰਸਾਰੀ ਤੇ ਨਿਰੰਕਾਰੀ ਸਾਰੀਆਂ ਹੀ ਸਾਡੀਆਂ ਸਰਗਰਮੀਆਂ ਦਾ ਕੇਂਦਰੀ ਧੁਰਾ ਸਾਡਾ ਸਵਾਰਥ ਹੈ। ਸੰਸਾਰ ਦੇ ਸਾਰੇ ਸਬੰਧ ਹੀ ਇਸ ਦੁਆਲੇ ਘੁੰਮਦੇ ਹਨ। ਇਸ ਸਚਾਈ ਦੀ ਸੋਝੀ ਸਾਨੂੰ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਇਉਂ ਕਰਵਾਉਂਦੇ ਹਨ:

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥ *(੮੬੦)*

ਗੁਰਮਤਿ ਸਾਨੂੰ ਦੱਸਦੀ ਹੈ:

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥ *(੧੪੧੭)*

ਅਰਥਾਤ ਜਿਥੋਂ ਤਕ ਵੀ ਵਾਹ ਚੱਲੇ, ਲੋਭੀ ਦਾ ਯਕੀਨ ਨਹੀਂ ਕਰਨਾ।

ਕੋਈ ਵਿਰਲਾ ਸੂਰਮਾ ਹੀ ਗੁਰਬਾਣੀ ਦੀ ਸਿਖਿਆ ਦੀ ਰੋਸ਼ਨੀ ਵਿਚ, ਇਸ ਰੱਬੋਂ ਬਖ਼ਸ਼ੀ ਦਾਤ ਦੀ ਸੰਜਮ ਸਹਿਤ ਵਰਤੋਂ ਕਰ ਕੇ, ਭਲਾਈ ਵਾਲੇ ਪਾਸੇ ਜੀਵਨ ਨੂੰ ਲਾ ਸਕਦਾ ਹੈ। ਬਿਬੇਕ ਬੁਧੀ ਦੁਆਰਾ ਲੋਭ ਨੂੰ ਸੇਵਾ, ਸਹਾਇਤਾ, ਸਿਮਰਨ, ਲੋਕ ਭਲਾਈ ਆਦਿ ਸੁਚੱਜੇ ਕਾਰਜਾਂ ਨੂੰ ਸਰੰਜਾਮ ਦੇਣ ਹਿਤ ਵੀ ਵਰਤਿਆ ਜਾ ਸਕਦਾ ਹੈ। ਇਹ ਬਿਬੇਕ ਬੁਧੀ ਸਤਿਗੁਰੂ ਜੀ ਦੀ ਸ਼ਰਨ ਤੋਂ ਬਿਨਾ ਪ੍ਰਾਪਤ ਹੋਣੀ ਅਸੰਭਵ ਹੈ।

## ੪. ਮੋਹ

ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ॥
ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ॥
ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ॥੪੫॥ *(੧੩੫੮)*

***ਅਰਥ:*** ਹੇ ਨਾ ਜਿੱਤੇ ਜਾਣ ਵਾਲੇ ਮੋਹ! ਤੂੰ ਯੁੱਧ ਦਾ ਸੂਰਮਾ ਹੈਂ। ਤੂੰ ਅਨੇਕਾਂ ਮਹਾਂਬਲੀਆਂ ਨੂੰ ਮਲ ਦੇਣ ਵਾਲਾ ਹੈਂ। ਗਣ, ਗੰਧਰਬ, ਦੇਵਤੇ, ਮਨੁੱਖ, ਪਸ਼ੂ, ਪੰਛੀ ਆਦਿ ਸਾਰਿਆਂ ਨੂੰ ਤੂੰ ਮੋਹ ਲੈਂਦਾ ਹੈਂ। ਹੇ ਨਾਨਕ! ਇਸ ਦੀ ਮਾਰ ਤੋਂ ਬਚਣ ਲਈ ਜਗਤ ਦੇ ਮਾਲਕ ਪ੍ਰਭੂ ਦੀ ਸਰਨ ਲੈ ਅਤੇ ਜਗਤ ਦੇ ਰਚਣਹਾਰ ਹਰੀ ਨੂੰ ਨਮਸਕਾਰ ਕਰ॥੪੫॥

ਭਾਵ ਕਿ ਮੋਹ ਜਗਤ ਦੇ ਸਾਰੇ ਜੀਵਾਂ ਉਤੇ ਭਾਰੂ ਹੈ। ਇਸ ਦੀ ਮਾਰ ਤੋਂ ਕੇਵਲ ਓਹੀ ਬਚਦੇ ਹਨ ਜੋ ਜਗਤ ਦੇ ਮਾਲਕ ਪਰਮਾਤਮਾ ਦਾ ਆਸਰਾ ਲੈਂਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ 'ਸਹਸਕ੍ਰਿਤੀ' ਵਿਚ ਪੰਜਾਂ ਮਹਾਂਬਲੀਆਂ ਦਾ ਜ਼ਿਕਰ ਕਰਨ ਸਮੇ ਮੋਹ ਨੂੰ ਸਭ ਤੋਂ ਪਹਿਲੀ ਅਰਥਾਤ ਪੰਤਾਲਵੀਂ ਪਉੜੀ ਦੀਆਂ ਉਪ੍ਰੋਕਤ ਤਿੰਨਾਂ ਲਾਈਨਾਂ ਵਿਚ ਬਿਆਨਿਆ ਹੈ। ਮੋਹ ਬਾਰੇ ਗੁਰਬਾਣੀ ਵਿਚ ਹੋਰ ਵੀ ਬਹੁਤ ਥਾਵਾਂ 'ਤੇ

ਜ਼ਿਕਰ ਆਉਂਦਾ ਹੈ। ਸੰਸਾਰ ਦਾ ਸਾਰਾ ਪਸਾਰਾ ਮੋਹ ਦੇ ਅਧੀਨ ਹੀ ਚੱਲ ਰਿਹਾ ਹੈ ਤੇ ਇਸ ਦੇ ਅਧੀਨ ਹੀ ਸਾਰੇ ਜੀ ਦੁਖ ਭੋਗ ਰਹੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ:

ਹੇਤ ਰੋਗ ਕਾ ਸਗਲ ਸੰਸਾਰਾ॥ *(੧੧੪੦)*

ਅਰਥਾਤ ਮੋਹ ਦੀ ਪਕੜ ਦਾ ਰੋਗ ਸਾਰੇ ਸੰਸਰ ਨੂੰ ਚੰਬੜਿਆ ਹੋਇਆ ਹੈ ਜਿਸ ਦੀ ਫਾਹੀ ਵਿਚ ਫਸ ਕੇ ਸਾਰੇ ਸੰਸਾਰ ਦੇ ਜੀਵ ਦੁਖੀ ਹੁੰਦੇ ਹਨ। ਗੁਰੂ ਬਚਨਾਂ ਅਨੁਸਾਰ ਗੁਰੂ ਕੇ ਸਿੱਖ ਵਾਸਤੇ ਇਸ ਦੀ ਲਪੇਟ ਵਿਚ ਫਸ ਕੇ ਦੁਖੀ ਹੋਣ ਦੀ ਬਜਾਇ, ਇਸ ਸੰਸਾਰ ਰੂਪੀ ਸਰੋਵਰ ਦੇ ਪਾਣੀ ਵਿਚ ਕਮਲ ਫੁੱਲ ਦੀ ਤਰ੍ਹਾਂ ਉਚੇਰੇ ਹੋ ਕੇ, ਖਿੜ ਕੇ, ਸੰਸਾਰ ਨੂੰ ਆਪਣੀ ਸੁਗੰਧੀ ਅਤੇ ਸੁੰਦਰਤਾ ਨਾਲ ਸੁਖ ਪੁਚਾਉਣ ਅਤੇ ਖ਼ੁਦ ਸੁਖੀ ਰਹਿਣ ਵਾਸਤੇ ਹੁਕਮ ਹੈ। ਸਿੱਖ ਨੂੰ ਬਾਕੀ ਸੰਸਾਰ ਵਾਸੀਆਂ ਵਾਂਗ ਹੀ ਮੋਹ ਰੂਪੀ ਚਿੱਕੜ ਵਿਚ ਖੁਭ ਕੇ ਖ਼ੁਦ ਦੁਖੀ ਹੋਣ ਅਤੇ ਸੰਪਰਕ ਵਿਚ ਆਉਣ ਵਾਲੇ ਸਾਥੀਆਂ ਨੂੰ ਦੁਖੀ ਕਰਨ ਵਾਲੀ ਅਗਿਆਨਤਾ ਤੋਂ ਬਚਣਾ ਸ਼ੋਭਨੀਕ ਹੈ। ਇਸ ਮੋਹ ਦਾ ਵਰਨਣ, ਸ਼ਾਇਦ ਸਤਿਗੁਰੂ ਅਰਜਨ ਦੇਵ ਜੀ ਨੇ ਪੰਜਾਂ ਵਿਚੋਂ ਸਭ ਤੋਂ ਬਲੀ ਜਾਣ ਕੇ ਹੀ ਸਭ ਤੋਂ ਪਹਿਲਾਂ ਕੀਤਾ ਹੈ; ਵਰਨਾ ਆਮ, ਬੋਲਚਾਲ ਵਿਚ ਵੀ ਅਤੇ ਬਾਣੀ ਵਿਚ ਆਏ ਬਾਕੀ ਬਹੁਤ ਸਾਰੇ ਥਾਂਵਾਂ ਉਪਰ ਇਸ ਨੂੰ ਬਿਆਨ ਕਰਨ ਸਮੇ ਇਸ ਦਾ ਜ਼ਿਕਰ ਚੌਥੇ ਸਥਾਨ ’ਤੇ ਹੀ ਆਉਂਦਾ ਹੈ।

ਸ਼ਾਹ ਮੁਹੰਮਦ ਦੀ ਕਵਿਤਾ ਵਿਚ ਵੀ ਇਉਂ ਆਇਆ ਹੈ:

ਏਥੇ ਆਇਆਂ ਨੂੰ ਦੁਨੀਆ ਮੋਹ ਲੈਂਦੀ

ਦਗ਼ੇਦਾਰ ਦਾ ਧਾਰ ਕੇ ਭੇਸ ਮੀਆਂ॥

ਇਸ ਸੰਸਾਰ ਰੂਪੀ ਵਿਸ਼ਾਲ ਬਾਗ਼ ਦੇ ਮਹਾਨ ਮਾਲੀ ਰੱਬ ਦੀ ਮਾਇਆ ਜੀਵ ਦੇ ਸੰਸਾਰ ਅੰਦਰ ਪ੍ਰਵੇਸ਼ ਕਰਦਿਆਂ ਹੀ ਇਸ ਉਪਰ ਅਸਰ ਅੰਦਾਜ਼ ਹੋ ਜਾਂਦੀ ਹੈ ਤੇ ਇਸ ਦੇ ਮੋਹ ਵਿਚ ਫਸਿਆ ਹੋਇਆ ਹੀ ਇਹ ਆਪਣਾ ਸਾਰਾ ਜੀਵਨ ਬਿਤਾ ਕੇ, ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ ਦਾ ਫ਼ਰਮਾਨ ਹੈ:

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥ *(੯੨੧)*

ਜਿਸ ਤਰ੍ਹਾਂ ਮਾਤਾ ਦੇ ਪੇਟ ਅੰਦਰ ਮਨੁੱਖ ਨੂੰ ਜਠਰਾਗਨੀ ਨੇ ਘੇਰਿਆ ਹੁੰਦਾ ਹੈ, ਏਸੇ ਤਰ੍ਹਾਂ ਹੀ ਬਾਹਰ ਆਉਣ ’ਤੇ ਜੀਵ ਦੀ ਆਤਮਾ ਨੂੰ ਮਾਇਆ ਘੇਰ ਲੈਂਦੀ ਹੈ। ਇਸ ਦੇ ਪ੍ਰਭਾਵ ਹੇਠ, “ਮੇਰੀ ਮੇਰੀ ਕਰਤੇ ਜਨਮੁ ਗਇਓ” (੪੭੯) ਵਾਲੀ ਹਾਲਤ ਹੀ ਸਾਰੀ ਉਮਰ ਮਨੁੱਖ ਦੀ ਰਹਿੰਦੀ ਹੈ।

ਮੋਹ ਦੀ ਮਾਇਆ ਬਿਨਾ ਕਰਤਾਰ ਦੇ ਸੰਸਾਰ ਦਾ ਵਿਹਾਰ ਨਹੀਂ ਚੱਲ ਸਕਦਾ। ਮੋਹ ਨਾ ਹੋਵੇ ਤਾਂ ਇਕ ਮਾਂ ਕਿਵੇਂ ਆਪਣੇ ਬੱਚੇ ਦੀ ਲੰਮੇ ਸਮੇ ਤੱਕ ਪਾਲਣਾ ਕਰ ਸਕਦੀ ਹੈ! ਸੰਸਾਰ ਨਾਲ ਮੋਹ ਨਾ ਹੋਵੇ ਤਾਂ ਮਨੁੱਖ ਵੱਲੋਂ ਕੀਤੀਆਂ ਗਈਆਂ ਹੁਣ ਤੱਕ ਦੀਆਂ ਸੰਸਾਰਕ ਪ੍ਰਾਪਤੀਆਂ ਵਾਲੀ ਤਰੱਕੀ ਹੋ ਸਕਣੀ ਸੰਭਵ ਨਹੀਂ ਸੀ। ਮੋਹ ਦਾ ਸੁਧਰਿਆ ਹੋਇਆ ਰੂਪ ਹੈ ਫ਼ਰਜ਼। ਗੁਰੂ ਕੇ ਸਿੱਖ ਨੇ ਮੋਹ ਤੋਂ ਬਚਣਾ ਹੈ ਤੇ ਫ਼ਰਜ਼ ਦੀ ਪਾਲਣਾ ਕਰਨ ਤੋਂ ਮੂੰਹ ਨਹੀਂ ਮੋੜਨਾ। ਸਾਡੀ ਆਮ ਮਨੁੱਖਾਂ ਦੀ ਹਾਲਤ ਇਹ ਹੈ ਕਿ ਅਸੀਂ ਸਾਰੇ ਮੋਹ ਵਿਚ ਫਸੇ ਹੋਏ ਹਾਂ। ਸਾਡੇ ਵਿਚੋਂ ਜੇਹੜੇ ਬਹੁਤ ਥੋਹੜਿਆਂ ਨੂੰ ਇਸ ਮੋਹ ਤੋਂ ਬਚਣ ਦੀ ਸੋਝੀ ਆਉਂਦੀ ਹੈ ਤਾਂ ਉਹਨਾਂ ਵਿਚੋਂ ਵੀ ਬਹੁਤ ਸਾਰੇ ਮੋਹ ਨੂੰ ਤਿਆਗਣ ਸਮੇ ਆਪਣੇ ਫ਼ਰਜ਼ਾਂ ਨੂੰ ਵੀ ਤਿਆਗ ਜਾਂਦੇ ਹਨ। ਅਜਿਹੇ ਤਿਆਗੀਆਂ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਇਸ ਪ੍ਰਕਾਰ ਹੈ:

ਧੂੰਅਰ ਤਾਪ ਗੇਰੀ ਕੇ ਬਸਤ੍ਰਾ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥ *(੧੩੪੮)*

ਸਿੱਖ ਇਤਿਹਾਸ ਅਤੇ ਗੁਰਬਾਣੀ ਵਿਚੋਂ ਸਾਨੂੰ ਅਨੇਕਾਂ ਸਿਖਿਆ ਭਰਪੂਰ ਸਾਖੀਆਂ ਤੇ ਉਪਦੇਸ਼ਾਂ ਦਾ ਪਤਾ ਲੱਗਦਾ ਹੈ ਕਿ ਗ੍ਰਿਹਸਤੀ ਸਿੱਖ ਨੇ ਸਾਰੇ ਗ੍ਰਿਹਸਤੀ ਕਰਤਵਾਂ ਨੂੰ ਨਿਭਾਉਂਦਿਆਂ ਹੋਇਆਂ ਵੀ ਮੋਹ ਤੋਂ ਬਚ ਕੇ ਰਹਿਣਾ ਹੈ। ਭਾਈ ਭਿਖਾਰੀ ਵਾਲੀ ਸਾਖੀ ਇਕ ਆਦਰਸ਼ਕ ਸਿੱਖ ਦੀ ਸ਼ਖ਼ਸੀਅਤ ਦੇ ਸਾਨੂੰ ਦਰਸ਼ਨ ਕਰਵਾਉਂਦੀ ਹੈ। ਕਿਵੇਂ ਸਭ ਕੁਝ ਜਾਣਦਿਆਂ ਹੋਇਆਂ ਵੀ ਉਹ ਪੁੱਤਰ ਦੇ ਵਿਆਹ ਦੇ ਸਾਰੇ ਕਾਰਜ ਵੀ ਭੁਗਤਾ ਰਿਹਾ ਹੈ ਤੇ ਨਾਲ ਨਾਲ ਉਸ ਦੇ ਸਰੀਰਕ ਅੰਤ ਉਪ੍ਰੰਤ ਪੈਦਾ ਹੋਣ ਵਾਲੀ ਅਵਸਥਾ ਬਾਰੇ ਵੀ ਤਿਆਰੀ ਕਰੀ ਜਾ ਰਿਹਾ ਹੈ। ਸਾਰਾ ਭਾਣਾ ਵਰਤ ਜਾਣ ਉਪ੍ਰੰਤ, ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਭੇਜੇ ਗਏ ਸਿੱਖ, ਭਾਈ ਗੁਰਮੁਖ ਦੇ ਇਸ ਸਵਾਲ ਕਿ ਜੇ ਤੁਸੀਂ

ਜਾਣਦੇ ਸੀ ਕਿ ਇਹ ਭਾਣਾ ਵਰਤਣਾ ਹੈ ਤਾਂ ਸਮੇ ਸਿਰ ਇਸ ਦਾ ਉਪਾ ਕਿਉਂ ਨਾ ਕੀਤਾ। ਤਾਂ ਭਾਈ ਭਿਖਾਰੀ ਜੀ ਨੇ ਆਖਿਆ ਸੀ ਕਿ ਇਹ ਭਾਣਾ ਇਸ ਤਰ੍ਹਾਂ ਹੀ ਵਰਤਣਾ ਸੀ।

ਭਗਤ ਰਵਿਦਾਸ ਜੀ ਦੇ ਸ਼ਬਦਾਂ ਵਿਚ ਆਮ ਮਨੁੱਖ ਦੀ ਹਾਲਤ ਇਸ ਪ੍ਰਕਾਰ ਹੈ:

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥

ਤੇ ਜੇ ਕੁਝ ਨੁਕਸਾਨ ਹੋਵੇ ਤਾਂ ਫਿਰ:

ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥ *(੪੮੭)*

ਵਾਲੀ ਹਾਲਤ ਹੋ ਜਾਂਦੀ ਹੈ। ਗੁਰੂ ਕੇ ਸਿੱਖ ਵਾਸਤੇ ਹੁਕਮ ਹੈ ਕਿ ਉਹ ਹਰੇਕ ਅਵਸਥਾ ਨੂੰ ਵਾਹਿਗੁਰੂ ਜੀ ਦੀ ਦੇਣ ਸਮਝ ਕੇ, ਹਰ ਹਾਲਤ ਵਿਚ ਭਾਣਾ ਮੰਨਣ ਵਾਲੀ ਸਿਖਿਆ ਨੂੰ ਅਪਨਾਵੇ। ਉਸ ਵਾਸਤੇ ਹਮੇਸ਼ਾਂ ਹੀ, "ਦੁਖੁ ਸੁਖੁ ਭਾਣਾ ਤੇਰਾ ਹੋਵੈ" (੩੫੪) ਵਾਲੀ ਅਵਸਥਾ ਹੀ ਹੋਣੀ ਚਾਹੀਦੀ ਹੈ।

ਗੁਰੂ ਨਾਨਕ ਪਾਤਿਸ਼ਾਹ ਦੇ ਸਮੇ ਬਹੁਤ ਸਾਰੇ ਅਜਿਹੇ ਤਿਆਗੀ ਲੋਕ ਸਨ, ਜੋ ਸੰਸਾਰ ਦੀ ਮੋਹ ਮਾਇਆ ਨੂੰ ਤਿਆਗ ਕੇ ਜੰਗਲੀਂ ਪਰਬਤੀਂ ਜਾ ਬਿਰਾਜੇ ਸਨ। ਗੁਰੂ ਜੀ ਨੇ ਉਹਨਾਂ ਨੂੰ, ਉਹਨਾਂ ਦੇ ਟਿਕਾਣਿਆਂ 'ਤੇ ਜਾ ਕੇ ਗੁਰਮਤਿ ਦਾ ਸਹੀ ਮਾਰਗ ਦਰਸਾਇਆ।

## ੫. ਅਹੰਕਾਰ

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥
ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥
ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ॥੪੯॥ *(੧੩੫੮)*

***ਅਰਥ:*** ਹੇ ਪਾਪੀ ਅਹੰਕਾਰ! ਤੂੰ ਜੀਵਾਂ ਦੇ ਜਨਮ ਮਰਨ ਦਾ ਕਾਰਨ ਹੈਂ। ਮਾਇਆ ਦੇ ਅਨੇਕਾਂ ਖਿਲਾਰੇ ਖਿਲਾਰ ਕੇ ਤੂੰ ਮਿੱਤਰਾਂ ਦਾ ਤਿਆਗ ਕਰਾ ਕੇ ਵੈਰੀ ਪੱਕੇ ਕਰਾਈ ਜਾਂਦਾ ਹੈਂ। ਤੇਰੇ ਵੱਸ ਵਿਚ ਹੋ ਕੇ ਜੀਵ ਜਨਮ ਮਰਨ ਦੇ ਗੇੜ ਵਿਚ ਪੈ ਕੇ ਥੱਕ ਜਾਂਦੇ ਹਨ। ਅਨੇਕਾਂ ਦੁਖ ਸੁਖ ਭੋਗਦੇ ਹਨ। ਭਟਕਣਾ ਵਿਚ ਪੈ ਕੇ, ਮਾਨੋ, ਡਰਾਉਣੇ ਜੰਗਲ ਵਿਚੋਂ ਦੀ ਲੰਘਦੇ ਹਨ। ਬੜੇ ਭਿਆਨਕ ਲਾ ਇਲਾਜ ਰੋਗਾਂ ਵਿਚ ਫਸੇ ਹੋਏ ਹਨ। ਅਹੰਕਾਰ ਦੇ ਰੋਗ ਤੋਂ ਬਚਾਣ ਵਾਲਾ ਹਕੀਮ ਪਰਮਾਤਮਾ ਹੀ ਹੈ। ਹੇ ਨਾਨਕ! ਉਸ ਪ੍ਰਭੂ ਨੂੰ ਹਰ ਵੇਲੇ ਸਿਮਰ॥੪੯॥

***ਭਾਵ:*** ਪਰਮਾਤਮਾ ਹੀ ਇਕ ਐਸਾ ਹਕੀਮ ਹੈ ਜੋ ਅਹੰਕਾਰ ਦੇ ਰੋਗ ਤੋਂ ਜੀਵਾਂ ਨੂੰ ਬਚਾਂਦਾ ਹੈ। ਅਹੰਕਾਰ ਦੇ ਵੱਸ ਹੋ ਕੇ ਜੀਵ ਅਨੇਕਾਂ ਵੈਰੀ ਸਹੇੜ ਲੈਂਦਾ ਹੈ।

ਅਹੰਕਾਰ, ਹੰਕਾਰ, ਹਉਮੈ, ਮੈਂ ਮੇਰੀ, ਅਭਿਮਾਨ, ਗਰਬ ਆਦਿ ਸ਼ਬਦ ਇਕੋ ਭਾਵ ਦੇ ਲਖਾਇਕ ਹਨ। ਮਨੁੱਖ ਵਿਚ ਸਭ ਤੋਂ ਵਧ ਪ੍ਰਬਲ ਮਾਨਸਿਕ ਰੋਗ ਹਉਮੈ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਤਾਂ ਆਸਾ ਕੀ ਵਾਰ ਨਾਮੀ ਬਾਣੀ ਵਿਚ ਇਸ ਨੂੰ ਦੀਰਘ ਅਰਥਾਤ ਵੱਡਾ ਰੋਗ ਆਖਦੇ ਹਨ ਪਰ ਨਾਲ ਹੀ ਇਸ ਦਾ ਇਲਾਜ ਵੀ ਦੱਸਦੇ ਹਨ:

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥੨॥ *(੪੬੬)*

ਸ੍ਰੀ ਗੁਰੂ ਅਰਜਨ ਦੇਵ ਜੀ ਭੈਰਉ ਰਾਗ ਵਿਚ ਇਹਨਾਂ ਰੋਗਾਂ ਬਾਰੇ ਵਾਹਵਾ ਵਿਸਥਾਰ ਵਿਚ ਵਰਨਣ ਕਰਦੇ ਹਨ। ਬਾਕੀ ਜੀਵਾਂ ਵਿਚ ਪ੍ਰਬਲ ਇਕ ਇਕ ਰੋਗ ਬਾਰੇ ਵੀ ਜਾਣਕਾਰੀ ਦਿੰਦੇ ਹਨ। ਜਿਵੇਂ ਕਿ ਕਾਮ ਦਾ ਰੋਗ ਹਾਥੀ ਨੂੰ, ਜੀਭ ਦਾ ਰੋਗ ਮੱਛੀ ਨੂੰ, ਕੰਨ ਦਾ ਰੋਗ ਮਿਰਗ ਨੂੰ, ਦ੍ਰਿਸ਼ਟੀ ਦਾ ਰੋਗ ਪਤੰਗੇ ਨੂੰ ਆਦਿ ਦਾ ਵਰਨਣ ਕਰਨ ਦੇ ਆਰੰਭ ਵਿਚ ਹੀ, "ਹਉਮੈ ਰੋਗੁ ਮਾਨੁਖ ਕਉ ਦੀਨਾ" (੧੧੪੦) ਦੱਸਦੇ ਹਨ।

ਆਸਾ ਰਾਗ ਵਿਚ ਭਗਤ ਸ੍ਰੀ ਰਵਿਦਾਸ ਜੀ ਲਿਖਦੇ ਹਨ:

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥ *(੪੮੬)*

ਭਗਤ ਜੀ ਉਪ੍ਰੋਕਤ ਵਰਨਣ ਕੀਤੇ ਗਏ ਜੀਵਾਂ ਨਾਲੋਂ ਵੀ ਮਨੁੱਖ ਦੀ ਵਧ ਨਾਜ਼ਕ ਹਾਲਤ ਦੱਸਦੇ ਹਨ। ਫ਼ਰਮਾਉਂਦੇ ਹਨ ਕਿ ਇਹਨਾਂ ਜੀਵਾਂ ਵਿਚ ਇਕ ਇਕ ਦੋਖ ਹੋਣ ਕਰਕੇ ਵੀ ਇਹ ਮਾਰੇ ਜਾਂਦੇ ਹਨ ਤੇ ਜਿਸ ਮਨੁੱਖ ਵਿਚ ਨਾ ਸਾਧੇ ਜਾ ਸਕਣ ਵਾਲੇ ਪੰਜ ਦੋਖ ਹਨ; ਉਸ ਦੀ ਸਲਾਮਤੀ ਦੀ ਆਸ ਕਿਥੋਂ ਤੱਕ ਕੀਤੀ ਜਾ ਸਕਦੀ ਹੈ!

ਸ੍ਰੀ ਗੁਰੂ ਅਮਰ ਦਾਸ ਜੀ ਦਾ ਤਾਂ ਸਪੱਸ਼ਟ ਉਪਦੇਸ਼ ਹੈ:

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥ *(੧੦੮੯)*

ਲੋਕੋਕਤੀ ਵੀ ਹੈ:

ਹੰਕਾਰਿਆ, ਸੋ ਮਾਰਿਆ।

ਗੁਰੂ ਕੇ ਸਿੱਖ ਵਾਸਤੇ ਸਵੈਮਾਨੀ ਹੋਣਾ ਯੋਗ ਹੈ ਅਤੇ ਅਭਿਮਾਨ ਤੋਂ ਬਚਣ ਲਈ ਹੁਕਮ ਹੈ ਪਰ ਇਹਨਾਂ ਦੋਹਾਂ ਵਿਚਲੇ ਫ਼ਰਕ ਦਾ ਪਤਾ ਕਿਵੇਂ ਲੱਗੇ! ਹੋ ਸਕਦਾ ਹੈ ਕਿ ਜਿਸ ਨੂੰ ਅਸੀਂ ਆਪਣਾ ਸਵੈਮਾਨ ਸਮਝ ਕੇ ਚੁੱਕੀ ਫਿਰੀਏ, ਉਹ ਸਾਡਾ ਅਭਿਮਾਨ ਹੀ ਹੋਵੇ! ਇਸ ਪ੍ਰਥਾਇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ:

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ਰਹਾਉ॥ *(੬੪੧)*

ਆਪਣੇ ਮਨ ਦੀ ਮਤ ਨੂੰ ਤਿਆਗ ਕੇ, ਸਤਿਗੁਰੂ ਪਾਤਿਸ਼ਾਹ ਦੇ ਚਰਨਾਂ ਵਿਚ ਢਹਿ ਕੇ ਹੀ ਉਸ ਪਾਸੋਂ ਉਸ ਬਿਬੇਕ ਬੁਧੀ ਦੀ ਮੰਗ ਕਰਨੀ ਚਾਹੀਦੀ ਹੈ ਜਿਸ ਤੋਂ ਸਾਨੂੰ ਇਹਨਾਂ ਦੋਹਾਂ ਵਿਚਲੇ ਫ਼ਰਕ ਦੀ ਸੋਝੀ ਆ ਸਕੇ।

## ਚਰਚਾ ਚਾਰ ਪ੍ਰਕਾਰ ਦੀ

ਸਤਿਗੁਰੂ ਸਾਹਿਬਾਨ ਸਮੇ ਕਿਸੇ ਵਾਪਰੀ ਖਾਸ ਘਟਨਾ ਜਾਂ ਕਿਸੇ ਜਗਿਆਸੂ ਵੱਲੋਂ ਪੁੱਛੇ ਗਏ ਪ੍ਰਸ਼ਨ ਦੇ ਉਤਰ ਵਿਚ ਜੋ ਸਤਿਗੁਰੂ ਜੀ ਫੁਰਮਾਇਆ ਕਰਦੇ ਸਨ ਉਹ, "ਪ੍ਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ।।" (ਪੰਨਾ ੬੪੭) ਦੇ ਕਥਨ ਅਨੁਸਾਰ, ਸਦੀਵ ਕਾਲ ਵਾਸਤੇ ਮਨੁਖਤਾ ਦੀ ਭਲਾਈ ਹਿਤ ਉਪਦੇਸ਼ ਹੁੰਦਾ ਸੀ ਤੇ ਹੈ।

ਅਜਿਹਾ ਹੀ ਇਕ ਵਾਕਿਆ ਛੇਵੇਂ ਪਾਤਿਸ਼ਾਹ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇ ਵਾਪਰਿਆ। ਗੁਰੂ ਘਰ ਦੇ ਸੂਝਵਾਨ, ਧੀਰਜਵਾਨ, ਅਨਿਨ ਸੇਵਕ, ਗੁਰੂ ਦਰਬਾਰ ਦੀ ਭਰਪੂਰ ਸੇਵਾ ਕਰਨ ਵਾਲ਼ੇ, ਭਾਈ ਦਰਗਾਹਾ ਭੰਡਾਰੀਆ ਨੇ ਗੁਰੂ ਜੀ ਪਾਸੋਂ ਪੁੱਛਿਆ ਕਿ ਕਈ ਵਾਰ ਸਿੱਖ ਗੁਰਬਾਣੀ ਦੀ ਚਰਚਾ ਕਰਨ ਸਮੇ, ਆਪਸ ਵਿਚ ਲੜ ਪੈਂਦੇ ਹਨ। ਆਪਣੀ ਆਪਣੀ ਸਮਝ ਵਿਚ ਆਏ ਗੁਰਬਾਣੀ ਦੇ ਅਰਥਾਂ ਉਪਰ ਅੜ ਕੇ, ਝਗੜ ਪੈਂਦੇ ਹਨ ਪਰ ਆਪੋ ਆਪਣੇ ਵਿਚਾਰਾਂ ਉਪਰ ਡਟੇ ਰਹਿੰਦੇ ਹਨ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਉਪਦੇਸ਼ ਬਖ਼ਸ਼ਦਿਆਂ ਫੁਰਮਾਇਆ ਕਿ ਚਰਚਾ ਚਾਰ ਪ੍ਰਕਾਰ ਦੀ ਹੁੰਦੀ ਹੈ; ਸਿੱਖਾਂ ਨੂੰ ਦੋ ਪ੍ਰਕਾਰ ਦੀ ਚਰਚਾ ਕਰਨੀ ਚਾਹੀਏ ਅਤੇ ਦੋ ਤੋਂ ਸਦਾ ਹੀ ਬਚਣਾ ਚਾਹੀਏ:

ਪਹਿਲੀ ਹੈ ਵਾਦ ਚਰਚਾ:

ਗੁਰਮੁਖ ਜਨ ਗੁਰਬਾਣੀ ਦੇ ਜੇਹੜੇ ਅਰਥਾਂ ਦੀ ਸਮਝ ਨਾ ਲੱਗੇ ਤਾਂ ਪਰੇਮ ਅਤੇ ਸਤਿਕਾਰ ਸਹਿਤ ਦੂਸਰੇ ਕੋਲ਼ੋਂ ਪੁੱਛ ਲੈਂਦੇ ਹਨ ਤੇ ਸੁਣ ਕੇ ਪ੍ਰੇਮ ਸਹਿਤ ਧਾਰਨ ਕਰਦੇ ਹਨ।

ਦੂਜੀ ਹੈ ਹੇਤ ਚਰਚਾ:

ਜੋ ਖ਼ੁਦ ਨੂੰ ਪਤਾ ਹੈ ਉਸ ਦਾ ਬਿਆਨ ਕਰਨਾ ਤੇ ਜੋ ਦੂਜਾ ਕਹੇ ਉਸ ਨੂੰ ਪ੍ਰੇਮ ਸਹਿਤ ਧਿਆਨ ਦੇ ਕੇ ਸੁਣਨਾ। ਪਰਸਪਰ ਵਿਚਾਰ ਵਟਾਂਦਰੇ ਤੋਂ ਬਾਅਦ ਜੋ ਸਹੀ ਲੱਗੇ, ਬਿਨਾ ਸ਼ੰਕਾ ਉਸ ਨੂੰ ਮੰਨ ਲੈਣਾ। ਆਪ ਵਰਗੇ ਜਾਂ ਆਪ ਤੋਂ ਵਧੇਰੇ ਸਮਝਦਾਰ ਦੇ ਵਿਚਾਰਾਂ ਨੂੰ, ਜਿਵੇਂ ਉਹ ਸੁਣਾਵੇ, ਭਲੀ ਪ੍ਰਕਾਰ ਸੁਣਨਾ ਚਾਹੀਦਾ ਹੈ। ਹਉਮੈ, ਪੱਖਵਾਦ ਆਦਿ ਨੂੰ ਤਜ ਕੇ, ਸਹੀ ਨਿਰਨਾ ਕਰਕੇ, ਯਥਾਰਥਕ ਗਿਆਨ ਨੂੰ ਹਿਰਦੇ ਵਿਚ ਧਾਰਨਾ। ਇਕ ਨੂੰ ਅਰਥ ਸਮਝ ਨਾ ਆਇਆ ਤੇ ਦੂਜੇ ਤੋਂ ਸੁਣ ਲਿਆ; ਦੋਵਾਂ ਨੇ ਮਿਲ਼ ਕੇ, ਬਹੁਤ ਪਰੇਮ ਨਾਲ਼ ਆਪਣੀ ਆਪਣੀ ਸਮਝ ਅਨੁਸਾਰ, ਆਪਣਾ ਵਿਚਾਰ ਪਰਗਟ ਕਰ ਦਿਤਾ। ਇਉਂ ਦੋਹਾਂ ਦੇ ਗਿਆਨ ਵਿਚ ਵਾਧਾ ਹੋਇਆ। ਜਿਵੇਂ ਦੀਵੇ ਦੇ ਥੱਲੇ ਹਨੇਰਾ ਰਹਿ ਜਾਂਦਾ ਹੈ ਪਰ ਦੂਜੇ ਦੀਵੇ ਨਾਲ਼ ਦੋਹਾਂ ਦਾ ਹਨੇਰਾ ਦੂਰ ਹੋ ਜਾਂਦਾ ਹੈ। ਏਸੇ ਤਰ੍ਹਾਂ ਦੋਵੇਂ ਸ਼ਰਧਾਵਾਨ ਗੁਰਸਿੱਖ ਇਕ ਦੂਜੇ ਦਾ ਅਗਿਆਨ ਰੂਪੀ ਹਨੇਰਾ ਦੂਰ ਕਰ ਦਿੰਦੇ ਹਨ। ਦੂਜੇ ਦੀ ਗੱਲ ਨਾ ਸੁਣਨ ਵਾਲ਼ਾ ਇਕੱਲਾ ਆਪਣੀ ਵਿਦਵਤਾ ਦੇ ਹੰਕਾਰ ਵਿਚ ਰਹਿੰਦਾ ਹੈ ਤੇ ਉਸ ਦੇ ਗਿਆਨ ਵਿਚ ਵਾਧਾ ਨਹੀਂ ਹੁੰਦਾ ਪਰ ਦੋਵੇਂ ਮਿਲ਼ ਕੇ ਸ਼ਬਦ ਦਾ ਸਹੀ ਅਨੰਦ ਲੈਂਦੇ ਹਨ। ਇਸ ਪ੍ਰਕਾਰ ਮਹਾਂ ਫਲ ਪ੍ਰਾਪਤ ਹੁੰਦਾ ਹੈ।

ਤੀਜੀ ਹੈ ਜਲਪਾ ਚਰਚਾ:

ਜੋ ਆਪਣੀ ਗੱਲ ਹੀ ਸੁਣਾਉਂਦਾ ਹੈ ਤੇ ਦੂਸਰੇ ਦੀ ਨਹੀਂ ਸੁਣਦਾ। ਆਪਣੀ ਗ਼ਲਤ ਗੱਲ ਤੇ ਵੀ ਅੜਿਆ ਰਹਿੰਦਾ ਹੈ। ਸਹੀ ਗੱਲ ਨੂੰ ਸਮਝ ਕੇ ਮੰਨਣ ਦੀ ਬਜਾਇ, ਦੋਵੇਂ ਆਪਣੀ ਆਪਣੀ ਗੱਲ ਤੇ ਅੜੇ ਰਹਿੰਦੇ ਹਨ। ਉਕਤੀਆਂ ਜੁਗਤੀਆਂ ਕਰਕੇ ਦੋਵੇਂ ਆਪਣੇ ਆਪਣੇ ਪੱਖ ਨੂੰ, ਭਾਵੇਂ ਗ਼ਲਤ ਹੀ ਹੋਵੇ, ਸਿਧ ਕਰਨ ਦਾ ਯਤਨ ਕਰਦੇ ਹਨ। ਜਿਉਂ ਤਿਉਂ ਕਰਕੇ ਆਪਣੇ ਆਪਣੇ ਅਰਥਾਂ ਉਪਰ ਜਿਦ ਨਾਲ਼ ਦ੍ਰਿੜ੍ਹ ਰਹਿ ਕੇ, ਦੂਜੇ ਦੀ ਗੱਲ ਨੂੰ, ਭਾਵੇਂ ਸਹੀ ਹੀ ਹੋਵੇ, ਰੱਦ ਕਰਨ ਲਈ ਬਹਿਸ ਕਰਦੇ ਹਨ। ਇਉਂ ਆਪਣੇ ਕ੍ਰੋਧ ਵਿਚ ਵਾਧਾ ਕਰਦੇ ਹਨ। ਕਚਹਿਰੀ ਵਿਚਲੇ ਵਕੀਲਾਂ ਵਾਂਙ, ਅਨੇਕਾਂ ਦਲੀਲਾਂ ਦੇ ਦੇ ਕੇ, ਦੂਜੇ ਨੂੰ

ਗ਼ਲਤ ਸਾਬਤ ਕਰਨ ਦੀ ਕੁਚੇਸ਼ਟਾ ਕਰਦੇ ਹਨ। ਇਸ ਤਰ੍ਹਾਂ ਕ੍ਰੋਧ ਦੇ ਵਸ ਹੋ ਕੇ, ਆਪਸ ਵਿਚ ਵੈਰ ਵਧਾਉਂਦੇ ਹਨ। ਇਕ ਦੂਜੇ ਨੂੰ ਜਰਦੇ ਨਹੀਂ ਤੇ ਨਾ ਹੀ ਇਕ ਨੂੰ ਦੂਜੇ ਦਾ ਜਸ ਭਾਉਂਦਾ ਹੈ। ਅਜਿਹਾ ਕਰਨ ਨਾਲ਼ ਵੈਰ ਭਾਵ ਉਪਜਦਾ ਹੈ।

ਚੌਥੀ ਵਿਤੰਡਾ ਚਰਚਾ ਹੈ:

ਇਸ ਚਰਚਾ ਅਨੁਸਾਰ ਆਪ ਨੂੰ ਕੁਝ ਸਮਝ ਨਹੀਂ ਤੇ ਦੂਜਾ ਜੋ ਆਖੇ ਉਸ ਨੂੰ ਮੰਨਣਾ ਨਹੀਂ। ਵਿਦਵਾਨ ਲੋਕ ਅਜਿਹੇ ਵਿਅਕਤੀ ਦੇ ਰਵਈਏ ਤੋਂ ਦੁਖੀ ਹੁੰਦੇ ਹਨ। ਅਜਿਹੀ ਚਰਚਾ ਵੀ ਸਿੱਖ ਨੇ ਤਿਆਗਣੀ ਹੈ।

ਸਿੱਖ ਨੂੰ ਚਾਹੀਦਾ ਹੈ ਕਿ ਉਹ ਪਰੇਮ ਸਹਿਤ ਸਾਰ ਨੂੰ ਗ੍ਰਹਿਣ ਕਰੇ। ਕਿਸੇ ਦਾ ਵੀ ਮਨ ਬਹਿਸ ਕਰਕੇ ਦੁਖਾਵੇ ਨਾ। ਪਰੇਮ ਸਹਿਤ ਗੁਰਬਾਣੀ, ਗੁਰੂ ਕੀ ਸਾਖੀ ਉਚਾਰ ਕੇ ਸਭ ਹਿਰਦਿਆਂ ਵਿਚ ਪ੍ਰਸੰਨਤਾ ਉਪਜਾਵੇ।

ਗੁਰੂ ਜੀ ਦੇ ਮੁਖੋਂ ਇਹ ਬਚਨ ਸੁਣ ਕੇ ਸਭ ਨੇ ਹਿਰਦੇ ਵਿਚ ਸ਼ਰਧਾ ਧਾਰੀ।

(ਭਾਈ ਸੰਤੋਖ ਸਿੰਘ ਜੀ ਲਿਖਤ ਗੁਰਪ੍ਰਤਾਪ ਸੂਰਜ ਗ੍ਰੰਥ, ਦੇ ਅਧਿਆਇ ਇਕਤਾਲੀਵਾਂ, ਰਾਸ ਪੰਜਵੀਂ, ਬੰਦ ੧ ਤੋਂ ੧੭ ਤੱਕ, ਉਪਰ ਆਧਾਰਤ)

## ਵਕਤੇ ਅਤੇ ਸਰੋਤੇ ਦੇ ਚੌਦਾਂ ਗੁਣ

ਇਸ ਸਮੇ ਸਿਖ ਸੰਸਾਰ ਵਿਚ ਜਿਥੇ ਸੰਤ ਮਹਾਤਮਾਂ, ਕੀਰਤਨੀਏ, ਲੇਖਕ, ਵਿਦਵਾਨ ਆਦਿ ਸਤਿਗੁਰਾਂ ਦੀ ਕਿਰਪਾ ਸਦਕਾ ਸਿੱਖ ਪੰਥ ਦੀ ਆਪਣੀ ਆਪਣੀ ਯੋਗਤਾ ਅਤੇ ਵਿੱਦਿਆ ਰਾਹੀਂ ਸੇਵਾ ਕਰ ਰਹੇ ਹਨ ਓਥੇ ਕਥਾਕਾਰ ਅਤੇ ਪ੍ਰਚਾਰਕ ਵੀ ਪੂਰਾ ਪੂਰਾ ਹਿੱਸਾ ਪਾ ਰਹੇ ਹਨ। ਪਹਿਲਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਸਿੱਖ ਪੁਰਾਤਨ ਧਾਰਮਿਕ ਅਤੇ ਇਤਿਹਾਸਕ ਗ੍ਰੰਥਾਂ ਦੀ ਇਕ ਇਕ ਤੁਕ ਦਾ ਪਾਠ ਕਰਕੇ ਤੇ ਫਿਰ ਉਸ ਦੀ ਜੋ ਵਿਆਖਿਆ ਕੀਤੀ ਜਾਂਦੀ ਸੀ, ਉਸ ਨੂੰ ਕਥਾ ਆਖਿਆ ਜਾਂਦਾ ਸੀ। ਜਿਵੇਂ ਅੰਮ੍ਰਿਤਸਰ ਦੇ ਗੁਰਦੁਆਰਾ ਮੰਜੀ ਸਾਹਿਬ ਸਮੇਤ ਇਤਿਹਸਕ ਗੁਰਦੁਆਰਾ ਸਾਹਿਬਾਨ ਵਿਖੇ ਅੱਜ ਵੀ ਇਸ ਤਰ੍ਹਾਂ ਹੀ ਕਥਾ ਕੀਤੀ ਜਾਂਦੀ ਹੈ। ਅਧੀ ਕੁ ਸਦੀ ਪਹਿਲਾਂ ਕੁਝ ਵਿਦਵਾਨ ਜੋ ਧਾਰਮਿਕ ਵਿਖਿਆਨ ਕਰਿਆ ਕਰਦੇ ਸਨ, ਅਜੋਕੇ ਸਮੇ ਉਹਨਾਂ ਨੂੰ ਕਥਾ ਆਖਿਆ ਜਾਂਦਾ ਹੈ। ਸਿੱਖ ਵਿਦਵਾਨਾਂ ਦੇ ਸੰਸਾਰ ਵਿਚ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਆਗਮਨ ਨਾਲ਼ ਇਸ ਵਿਖਿਆਨ ਦਾ ਨਾਂ ਕਥਾ ਦਾ ਪੈ ਗਿਆ ਹੈ ਅਤੇ ਅੱਜ ਕਲ੍ਹ ਇਸ ਨੂੰ ਕਥਾ ਹੀ ਆਖਿਆ ਜਾਂਦਾ ਹੈ। ਇਸ ਦੇ ਕੁਝ ਕਾਰਨ ਹਨ; ਇਕ ਤਾਂ ਕਥਾ ਨਾਂ ਤੋਂ ਧਾਰਮਿਕਤਾ ਦਾ ਪ੍ਰਭਾਵ ਪੈਂਦਾ ਹੈ ਜਦੋਂ ਕਿ ਵਿਖਿਆਨ ਸ਼ਬਦ ਤੋਂ ਓਨੀ ਧਾਰਮਿਕਤਾ ਦਾ ਆਭਾਸ ਨਹੀਂ ਹੁੰਦਾ। ਫਿਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ, ਪੁਰਾਤਨ ਕਥਾ ਦੀ ਪ੍ਰੰਪਰਾ ਤੋਂ ਹਟ ਕੇ, ਵਿਲੱਖਣ ਤਰੀਕੇ ਨਾਲ਼ ਸਿੱਖ ਸਟੇਜਾਂ ਉਪਰ ਕੀਤੇ ਗਏ ਵਿਖਿਆਨਾਂ ਨੂੰ, ਸੰਗਤਾਂ ਵੱਲੋਂ ਕਥਾ ਤਸੱਵਰ ਕਰ ਲਿਆ ਗਿਆ ਹੈ। ਵੀਹਵੀਂ ਸਦੀ ਦੇ ਹਿੰਦੀ ਸੰਸਾਰ ਦੇ ਅਤੀ ਪ੍ਰਭਾਵਸ਼ਾਲੀ ਬੁਲਾਰੇ ਆਚਾਰੀਆ ਰਜਨੀਸ਼ (ਓਸ਼ੋ) ਦੇ ਬੋਲਣ ਦੀ ਸ਼ੈਲੀ ਨੂੰ, ਗਿਆਨੀ ਮਸਕੀਨ ਜੀ ਨੇ ਏਨੀ ਸਫ਼ਲਤਾ ਸਹਿਤ ਸਿੱਖ ਧਾਰਮਿਕ ਸੰਸਾਰ ਵਿਚ ਹਰਮਨ ਪਿਆਰਤਾ ਪ੍ਰਦਾਨ ਕਰ ਦਿਤੀ ਕਿ ਇਸ ਨੂੰ ਸਿੱਖ ਧਾਰਮਿਕ ਵਿਦਵਾਨਾਂ ਨੇ ਬੜੇ ਉਤਸ਼ਾਹ ਸਹਿਤ ਸਵੀਕਾਰ ਕਰ ਲਿਆ ਤੇ ਸਿੱਖ ਸੰਗਤਾਂ ਵੱਲੋਂ ਵੀ ਇਸ ਸ਼ੈਲੀ ਨੂੰ ਮਾਨਤਾ ਪ੍ਰਾਪਤ ਹੋ ਗਈ ਅਤੇ ਇਹ ਕਥਾ ਸਵੀਕਾਰੀ ਗਈ। ਮਸਕੀਨ ਜੀ ਉਪਰ ਗੁਰੂ ਜੀ ਦੀ ਏਨੀ ਬਖ਼ਸ਼ਿਸ਼ ਹੋਈ ਕਿ ਉਹਨਾਂ ਨੇ ਓਸ਼ੋ ਦੀ ਸ਼ੈਲੀ ਨੂੰ, ਸ਼ੇਖ਼ ਸਾਅਦੀ ਦੀਆਂ ਦੋ ਕਿਤਾਬਾਂ ਗੁਲਿਸਤਾਂ ਅਤੇ ਬੋਲਿਸਤਾਂ ਦੀ ਫ਼ਿਲਾਸਫ਼ੀ ਦੀ ਪੁਠ ਚਾਹੜ ਕੇ, ਸਿੱਖ ਸਾਹਿਤ ਅਤੇ ਸਿੱਖ ਧਾਰਮਿਕ ਰੰਗਣ ਏਨੀ ਸਫ਼ਲਤਾ ਨਾਲ਼ ਦੇ ਦਿਤੀ ਕਿ ਉਹਨਾਂ ਦੇ ਬੋਲਣ ਢੰਗ ਨੂੰ ਤਕਰੀਬਨ ਸਾਰੇ ਸਿੱਖ ਸਟੇਜ ਦੇ ਬੁਲਾਰਿਆਂ ਨੇ ਅਪਨਾ ਲਿਆ। ਮਸਕੀਨ ਜੀ ਦੀ ਅਦਾਇਗੀ ਨਾਲ਼ ਇਹ ਸ਼ੈਲੀ ਏਨੀ ਪਸੰਦੀਦਾ ਬਣ ਗਈ ਕਿ ਕਿ ਤਿੰਨ ਸਦੀਆਂ ਪੁਰਾਣੀ, ਦਮਦਮੀ ਟਕਸਾਲ ਦੇ ਕਥਾਕਾਰ ਵੀ ਇਸ ਸ਼ੈਲੀ ਤੋਂ ਪ੍ਰਭਾਵਤ ਹੋਣੋ ਨਾ ਰਹਿ ਸਕੇ। ਸਿੱਖ ਸੰਸਾਰ ਵਿਚ ਮਸਕੀਨ ਜੀ ਦੀ ਸਰਬਪੱਖੀ ਸਫ਼ਲਤਾ ਵੇਖ ਕੇ, ਕਈ ਬੁਲਾਰੇ ਤਾਂ ਉਹਨਾਂ ਵਰਗੇ ਬਸਤਰ ਵੀ ਪਹਿਨਣ ਲੱਗ ਪਏ ਹਨ। ਇਕੋ ਰੰਗ ਦਾ ਕੁਰਤਾ ਪਜਾਮਾ ਅਤੇ ਜੈਕਟ ਵਾਲ਼ੇ ਥ੍ਰੀ ਪੀਸ ਸੂਟ ਦਾ ਪ੍ਰਚੱਲਣ ਗਿਆਨੀ ਮਸਕੀਨ ਜੀ ਤੋਂ ਹੀ ਤੁਰਿਆ ਸੀ। ਦਸਤਾਰ ਦਾ ਕਾਲ਼ਾ ਰੰਗ ਭੀ ਕਥਾਵਾਚਕਾਂ ਨੇ, ਉਹਨਾਂ ਤੋਂ ਹੀ ਪ੍ਰਭਾਵਤ ਹੋ ਕੇ ਅਪਣਾਇਆ। ਏਥੋਂ ਤੱਕ ਕਿ ਕੁਝ ਬੁਲਾਰੇ ਤਾਂ ਆਪਣੀ ਦਾਹੜੀ ਵਿਚ ਵਲ਼ ਵੀ ਓਨੇ ਹੀ ਪਾਉਣ ਲੱਗ ਪਏ ਜਿੰਨੇ ਗਿਆਨੀ ਮਸਕੀਨ ਜੀ ਦੀ ਦਾਹੜੀ ਵਿਚ ਹੁੰਦੇ ਸਨ।

ਅਜਿਹਾ ਹੋ ਜਾਣਾ ਸੁਭਾਵਕ ਹੀ ਹੈ ਤੇ ਇਸ ਵਿਚ ਕੋਈ ਗੁਰਮਤਿ ਤੋਂ ਉਲ਼ਟ ਜਾਂ ਗ਼ਲਤ ਗੱਲ ਵੀ ਨਹੀਂ। ਕਿਸੇ ਵਿਅਕਤੀ ਦੀਆਂ ਚੰਗਿਆਈਆਂ ਨੂੰ ਅਪਣਾਉਣਾ, ਉਸ ਵਰਗੇ ਬਣਨ ਦਾ ਯਤਨ ਕਰਨਾ, ਬਿਲਕੁਲ ਕੁਦਰਤੀ ਵਰਤਾਰਾ ਹੈ।

ਇਸ ਲੇਖ ਦੁਆਰਾ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵਕਤੇ ਅਤੇ ਸਰੋਤੇ ਦੇ ਗੁਣਾਂ ਦਾ ਜੋ ਗਿਆਨ, ਆਪਣੇ ਸ਼ਰਧਾਲੂ ਸਿੱਖਾਂ ਨੂੰ ਬਖ਼ਸ਼ਿਆ ਸੀ, ਉਸ ਦਾ ਸੰਖੇਪ ਵਿਚ ਜ਼ਿਕਰ ਕੀਤਾ ਜਾ ਰਿਹਾ ਹੈ। "ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥" (੬੪੭) ਵਾਲ਼ੇ ਮਹਾਵਾਕ ਅਨੁਸਾਰ, ਗੁਰੂ ਸਾਹਿਬਾਨ ਦੇ ਬਚਨ ਸਦੀਵ ਕਾਲ ਵਾਸਤੇ ਹੀ ਮਨੁਖਤਾ ਲਈ ਚਾਨਣ ਮੁਨਾਰਾ ਹੁੰਦੇ ਹਨ।

ਭਾਈ ਤੁਲਸੀਆ, ਭਾਈ ਦਰਗਾਹ, ਭਾਈ ਤਖਤੂ ਧੀਰ ਅਤੇ ਭਾਈ ਤੀਰਥ ਉਪਲ ਚਾਰ ਸਿੱਖ ਮਨਸ਼ਾ ਧਾਰ ਕੇ ਇਕੱਠੇ ਹੋ ਕੇ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਬੰਦਨਾ ਕਰਕੇ ਸਾਰੇ ਗੁਰੂ ਜੀ ਪਾਸ ਬੈਠ ਗਏ। ਹੱਥ ਜੋੜ ਕੇ ਉਹਨਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਇਉਂ ਬੇਨਤੀ ਕੀਤੀ, "ਹੇ ਸੱਚੇ ਪਾਤਿਸ਼ਾਹ ਜੀ! ਜੇਹੜੇ ਅਨੇਕ ਸਿੱਖ ਕਥਾ, ਵਿਖਿਆਨ ਅਤੇ ਗੁਰਬਾਣੀ ਦੇ ਅਰਥ ਕਰਦੇ ਹਨ, ਅਸੀਂ ਉਹ ਸੁਣਦੇ ਹਾਂ; ਸੁਣ ਕੇ ਕਿਸੇ ਦੇ ਵੀ ਮਨ ਨੂੰ ਸ਼ਾਤੀ ਨਹੀਂ ਆਉਂਦੀ। ਏਧਰ ਓਧਰ ਤੋਂ ਹਟ ਕੇ ਬਿਰਤੀ ਸਥਿਰ ਨਹੀਂ ਰਹਿੰਦੀ ਹੈ ਪਰ ਜਦੋਂ ਭਾਈ ਨਿਵਲਾ ਅਤੇ ਨਿਹਾਲੂ ਦੋਵੇਂ ਕਥਾ ਕਰਦੇ ਹਨ ਤਾਂ ਉਹਨਾਂ ਦੇ ਮੁਖੋਂ ਕਥਾ ਸੁਣ ਕੇ ਮਨ ਪ੍ਰਭਾਵਤ ਹੁੰਦਾ ਤੇ ਵਿਕਾਰਾਂ ਤੋਂ ਡਰ ਲੱਗਣ ਲੱਗਦਾ ਹੈ। ਹਿਰਦੇ ਵਿਚੋਂ ਦੁਰਮਤਿ ਦਾ ਨਾਸ ਤੇ ਗੁਰਮਤਿ ਦਾ ਪ੍ਰਕਾਸ਼ ਹੁੰਦਾ ਹੈ। ਅਨੇਕਾਂ ਗੁਣ ਹਿਰਦੇ ਵਿਚ ਪਰਗਟ ਹੋ ਜਾਂਦੇ ਹਨ ਤੇ ਮਨ ਵਿਚ ਪਰਉਪਕਾਰ ਕਰਨ ਦਾ ਉਮਾਹ ਪੈਦਾ ਹੁੰਦਾ ਹੈ।"

ਸਿਖਾਂ ਦੀ ਇਹ ਬੇਨਤੀ ਸੁਣ ਕੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਮੁਖੋਂ ਉਚਾਰਿਆ ਕਿ ਸਤਿਗੁਰੂ ਜੀ ਦਾ ਸ਼ਬਦ ਅੰਮ੍ਰਿਤ ਸਮਾਨ ਮਹਾਨ ਹੈ। ਇਸ ਦੀ ਕਥਾ ਕਰਨ ਵਾਲ਼ੇ ਬੁਲਾਰੇ ਵਿਚ ਚੌਦਾਂ ਗੁਣ ਹੋਣੇ ਚਾਹੀਦੇ ਹਨ। ਜਿਸ ਵਿਚ ਇਹ ਚੌਦਾਂ ਗੁਣ ਹੋਣ ਉਸ ਤੋਂ ਗੁਰਬਾਣੀ ਦੀ ਕਥਾ ਸੁਣ ਕੇ ਗੁਰਸਿੱਖ ਗਿਆਨ ਪਰਾਪਤ ਕਰ ਲੈਂਦੇ ਹਨ। ਜਿਵੇਂ ਵਕਤੇ ਵਿਚ ਚੌਦਾਂ ਗੁਣ ਚਾਹੀਦੇ ਹਨ ਓਸੇ ਤਰ੍ਹਾਂ ਸਰੋਤੇ ਵਿਚ ਵੀ

ਚੌਦਾਂ ਗੁਣ ਹੋਣ ਤਾਂ ਸੋਨੇ ਤੇ ਸੁਹਾਗੇ ਵਾਲ਼ੀ ਗੱਲ ਬਣ ਜਾਂਦੀ ਹੈ। ਅਜਿਹਾ ਸਰੋਤਾ ਗੁਣਵਾਨ ਵਕਤੇ ਤੋਂ ਸੁਣ ਕੇ ਤੁਰਤ ਗਿਆਨ ਪਰਾਪਤ ਕਰ ਲੈਂਦਾ ਹੈ। ਜੇ ਦੋਹਾਂ ਵਿਚ ਚੌਦਾਂ ਗੁਣ ਨਾ ਹੋਣ ਤਾਂ ਫਿਰ ਤੁਰਤ ਗਿਆਨ ਪਰਾਪਤ ਨਹੀਂ ਹੁੰਦਾ। ਜੇਕਰ ਵਕਤਾ ਵਿਚ ਵੀ ਸਾਰੇ ਗੁਣ ਹੋਣ ਤਾਂ ਉਸ ਨੂੰ ਸੁਣ ਕੇ ਸਰੋਤਿਆਂ ਨੂੰ ਵੀ ਅਜਿਹੇ ਗੁਣ ਪਰਾਪਤ ਹੋ ਜਾਂਦੇ ਹਨ।

ਸਤਿਗੁਰੂ ਜੀ ਦੇ ਮੁਖਰਬਿੰਦ ਤੋਂ ਅਜਿਹੇ ਬਚਨ ਸੁਣ ਕੇ ਫਿਰ ਸਿੱਖਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਜੇਹੜੇ ਚੌਦਾਂ ਗੁਣ ਆਪ ਜੀ ਨੇ ਦੱਸੇ ਹਨ ਉਹਨਾਂ ਬਾਰੇ ਸਾਨੂੰ ਵਿਸਥਾਰ ਸਹਿਤ ਦੱਸਣ ਦੀ ਕਿਰਪਾ ਕਰੋ। ਆਪਣੇ ਸੇਵਕ ਜਾਣ ਕੇ ਸਾਡੇ ਤੇ ਇਹ ਕਿਰਪਾ ਕਰੋ। ਉਹਨਾਂ ਸਾਰੇ ਗੁਣਾਂ ਬਾਰੇ ਇਕੱਲੇ ਇਕੱਲੇ ਤੇ ਚਾਨਣਾ ਪਾਓ ਜੀ।

ਤਦੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਉਂ ਸੁਣਾਇਆ:

ਸਿੱਖੋ, ਇਹ ਸੁਣੋ ਤੇ ਸਾਰੇ ਧਾਰਨ ਕਰੋ। ਚੰਗੇ ਵਕਤੇ ਦਾ ਪਹਿਲਾ (੧) ਗੁਣ ਇਹ ਹੈ ਕਿ ਉਸ ਦੀ ਆਵਾਜ਼ ਅਤੇ ਬਾਣੀ ਸੁੰਦਰ ਹੋਵੇ। ਉਹ ਸਮੂਹ ਬੋਲੇ ਜਾਣ ਵਾਲ਼ੇ ਸ਼ਬਦਾਂ ਦਾ ਸਰੂਪ ਜਾਣਦਾ ਹੋਵੇ। ਹਾਜਰ ਸਰੋਤਿਆਂ ਦੀ ਗਿਣਤੀ ਅਨੁਸਾਰ ਹੀ ਆਪਣੀ ਆਵਾਜ਼ ਦੀ ਸੁਰ ਰੱਖੇ; ਇਹ ਨਾ ਹੋਵੇ ਕਿ ਸਰੋਤੇ ਥੋਹੜੇ ਹੋਣ ਪਰ ਆਵਾਜ਼ ਬਹੁਤ ਉਚੀ ਹੋਵੇ ਤੇ ਨਾ ਹੀ ਭਾਰੀ ਗਿਣਤੀ ਵਿਚ ਸਰੋਤਿਆਂ ਦੀ ਹਾਜਰੀ ਵਿਚ ਏਨਾ ਹੌਲ਼ੀ ਬੋਲੇ ਕਿ ਸਾਰੇ ਸਰੋਤੇ ਸੁਣ ਹੀ ਨਾ ਸਕਣ। ਅਰਥਾਤ ਸਮਾ ਵਿਚਾਰ ਕੇ ਆਪਣੀ ਆਵਾਜ਼ ਦਾ ਪਧਰ ਲੋੜ ਅਨੁਸਾਰ ਰੱਖੇ। ਫਿਰ ਜਿਸ ਗ੍ਰੰਥ ਦੀ ਕਥਾ ਕਰਨੀ ਹੋਵੇ ਉਸ ਦਾ ਉਚਾਰਣ ਉਸ ਦੇ ਛੰਦ ਅਨੁਸਾਰ ਕਰੇ। ਭਾਵ ਕਿ ਚੌਪਈ ਨੂੰ ਚੌਪਈ ਵਾਂਙ, ਸਵੱਈਏ ਨੂੰ ਸਵੱਈਏ, ਕਬਿੱਤ ਨੂੰ ਕਬਿੱਤ, ਦੋਹਰੇ ਨੂੰ ਦੋਹਰੇ, ਸੋਰਠੇ ਆਦਿ ਨੂੰ, ਉਹਨਾਂ ਦੇ ਤੋਲ, ਚਾਲ ਆਦਿ ਅਨੁਸਾਰ ਉਚਾਰੇ, ਜਿਵੇਂ ਛੰਦ ਦਾ ਬਹਿਰ ਹੋਵੇ।

ਦੂਸਰਾ (੨) ਗੁਣ ਵਕਤੇ ਦਾ ਇਹ ਹੈ ਕਿ ਉਹ ਕਥਾ ਦੇ ਵਿਸਥਾਰ ਤੇ ਸੰਕੋਚ ਦਾ ਜਾਣੂ ਹੋਵੇ; ਕਿਸ ਸਮੇ ਵਿਖਿਆਨ ਨੂੰ ਵਧਾਉਣਾ ਹੈ ਜਾਂ ਸਮੇ ਤੇ ਸਰੋਤਿਆਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਉਸ ਨੂੰ ਕਦੋਂ ਸਮੇਟਣਾ ਹੈ। ਇਹ ਵੀ ਵੇਖ ਲਵੇ ਕਿ ਉਸ ਦੇ ਵਿਖਿਆਨ ਤੋਂ ਸਰੋਤੇ ਕਿਸ ਤਰ੍ਹਾਂ ਪ੍ਰਭਾਵਤ ਹੋ ਰਹੇ ਹਨ।

ਤੀਜਾ (੩) ਗੁਣ ਇਹ ਹੈ ਕਿ ਸਰੋਤਿਆਂ ਦੀ ਬਿਰਤੀ ਜਦ ਉਤਮ ਰੂਪ ਵਿਚ ਠਹਿਰੀ ਹੋਵੇ, ਓਥੇ ਉਹ ਅਰਥਾਂ ਦਾ ਵਿਸਥਾਰ ਕਰੇ। ਜਿਸ ਥਾਂ ਬਿਰਤੀ ਉਦਾਸ ਹੋਵੇ, ਓਥੇ ਸੰਖੇਪ ਵਿਚ ਉਚਾਰਣ ਕਰੇ। ਕਥਾ ਦੇ ਪ੍ਰਸੰਗ ਨੂੰ ਰੋਚਕ ਬਣਾ ਕੇ ਆਖਣਾ ਜਾਣਦਾ ਹੋਵੇ।

ਇਹ ਵਕਤੇ ਦਾ ਚੌਥਾ (੪) ਗੁਣ ਸਮਝੋ: ਮਿੱਠੀ ਆਵਾਜ਼ ਨਾਲ਼ ਆਪਣੇ ਸ਼ਬਦਾਂ ਨੂੰ ਇਸ ਤਰ੍ਹਾਂ ਉਚਾਰੇ ਕਿ ਉਸ ਦੇ ਬੋਲ ਸਭ ਨੂੰ ਪਿਆਰੇ ਲੱਗਣ।

ਪੰਜਵਾਂ (੫) ਗੁਣ ਵਕਤੇ ਦਾ ਇਹ ਹੈ ਕਿ ਸੱਚੇ ਬਚਨ ਉਹ ਕਹੇ ਜੇਹੜੇ ਕਰਮ, ਉਪਾਸ਼ਨਾ ਅਤੇ ਗਿਆਨ ਨਾਲ਼ ਸਬੰਧਤ ਹੋਣ। ਸ਼ਬਦ ਦੇ ਸਿਧਾਂਤ ਨੂੰ ਵਰਨਣ ਕਰੇ। ਨਿਰਣੇ ਕਰ ਕਰ ਕੇ ਅਰਥ ਕਰੇ।

ਛੇਵਾਂ (੬) ਗੁਣ ਵਕਤੇ ਦਾ ਇਹ ਹੈ ਕਿ ਉਹ ਸਰੋਤੇ ਦੇ ਸ਼ੰਕੇ ਦੀ ਨਵਿਰਤੀ ਕਰ ਸਕਦਾ ਹੋਵੇ। ਜੇ ਕੋਈ ਪ੍ਰਸ਼ਨ ਕਰੇ ਤਾਂ ਢੁਕਵਾਂ ਉਤਰ ਦੇਣ ਜਾਣਦਾ ਹੋਵੇ। ਜਿਵੇਂ ਸ਼ਬਦ ਦਾ ਆਸ਼ਾ ਹੋਵੇ, ਉਸ ਤਰ੍ਹਾਂ ਹੀ ਸਾਖੀ ਦਾ ਪ੍ਰਮਾਣ ਦੇਵੇ। ਜਿਸ ਤਰ੍ਹਾਂ ਸਰੋਤਾ, ਸਤਿਗੁਰਾਂ ਦੀ ਸਿੱਖਿਆ ਨੂੰ ਚੰਗੀ ਤਰ੍ਹਾਂ ਸਮਝ ਸਕੇ। ਆਪਣੇ ਵਿਖਿਆਨ ਦੌਰਾਨ ਵਕਤਾ ਉਦਾਹਰਣ ਵੀ ਪ੍ਰਸੰਗ ਅਨੁਸਾਰ ਦੇਵੇ।

ਸੱਤਵਾਂ (੭) ਗੁਣ ਵਕਤੇ ਦਾ ਇਹ ਹੈ ਕਿ ਉਹ ਸਾਰੇ ਮੱਤਾਂ ਦਾ ਜਾਣੂ ਹੋਵੇ: ਸ਼ਾਸਤਰਾਂ ਵਿਚਲੇ ਗਿਆਨ ਤੇ ਵਿਰੋਧਾਂ ਬਾਰੇ ਵੀ ਜਾਣਕਾਰੀ ਰੱਖਦਾ ਹੋਵੇ। ਅੱਠਵਾਂ (੮) ਗੁਣ ਇਹ ਹੈ ਕਿ ਕਥਾ ਵਿਚ ਵਿਖੇਪ ਨਾ ਕਰੇ। ਅਰਥਾਤ ਜੇ ਕਥਾ ਹੋਰ ਹੋਵੇ ਤਾਂ ਸਾਖੀ ਹੋਰ ਪ੍ਰਸੰਗ ਦੀ ਨਾ ਸੁਣਾਵੇ ਬਲਕਿ ਪ੍ਰਸੰਗ ਨੂੰ ਹੋਰ ਸਪੱਸ਼ਟ ਕਰਨ ਵਾਲ਼ੀ ਸਾਖੀ ਹੀ ਸੁਣਾਵੇ। ਕਥਾ ਦੇ ਪ੍ਰਸੰਗੋਂ ਬਾਹਰ ਨਾ ਜਾਵੇ। ਹੋਰਨਾਂ ਮੱਤਾਂ ਦੇ ਜੇ ਪ੍ਰਮਾਣ ਦੇਣ ਦੀ ਲੋੜ ਹੋਵੇ ਤਾਂ ਉਹਨਾਂ ਦਾ ਆਸ਼ਾ ਸਮਝ ਕੇ ਆਪਣੀ ਕਥਾ ਵਿਚ ਵਰਨਣ ਕਰੇ।

ਨੌਵੇਂ (੯) ਗੁਣ ਦਾ ਨਾਂ ਅਵਿੰਗ ਹੈ। ਭਾਵ ਕਿ ਚੰਗੀ ਤਰ੍ਹਾਂ ਸੋਹਣਾ ਸਿਧਾ ਬੈਠੇ ਤੇ ਮਨ ਦੀ ਵਿਧੀ ਵੀ ਓਸੇ ਤਰ੍ਹਾਂ ਸਰਲ ਰੱਖੇ। ਘੜੀ ਮੁੜੀ ਚੌਂਕੜੀ ਹੀ ਨਾ ਬਦਲਦਾ ਰਹੇ।

ਦਸਵਾਂ (੧੦) ਜਨ ਰੰਜਕ ਪਛਾਣੇ, ਭਾਵ ਸਰੋਤਿਆਂ ਦੇ ਦਿਲਾਂ ਨੂੰ ਪ੍ਰਸੰਨ ਕਰਨਾ ਜਾਣਦਾ ਹੋਵੇ। ਜਿਵੇਂ ਜਿਵੇਂ ਸਰੋਤੇ ਕੰਨ ਦੇ ਕੇ ਸੁਣਨ ਤਿਵੇਂ ਤਿਵੇਂ ਉਹਨਾਂ ਵਿਚ ਪ੍ਰਭੂ ਪ੍ਰੀਤ ਦਾ ਰੰਗ ਚੜ੍ਹੇ। ਇਸ ਤਰ੍ਹਾਂ ਕਹਿ ਕੇ ਸਾਰੀ ਸਭਾ ਵੱਸ ਕਰ ਲਵੇ।

ਗਿਆਰਵਾਂ (੧੧) ਗੁਣ ਹੈ ਸਭਾ ਨੂੰ ਜਿੱਤਣਾ। ਸਰੋਤਿਆਂ ਨੂੰ ਮੋਹਤ ਕਰ ਲੈਣ ਵਾਲਾ ਹੋਵੇ। ਸਾਰੇ ਸਰੋਤੇ ਸਾਹਮਣੇ ਮੁਖ ਕਰਕੇ ਸਾਵਧਾਨ ਹੋ ਕੇ ਸੁਣ ਰਹੇ ਹੋਣ। ਉਹਨਾਂ ਦੇ ਕੰਨ ਤੇ ਅੱਖਾਂ ਵਕਤੇ ਵੱਲ ਹੋਣ। ਉਹ ਇਹ ਚਾਹੁਣ ਕਿ ਵਕਤਾ ਅੱਗੇ ਕੀ ਕਹੇਗਾ। ਅੱਗੇ ਕੀ ਉਚਾਰਣ ਕਰੇਗਾ?

ਬਾਰਵਾਂ (੧੨) ਗੁਣ ਹੈ ਇਹ ਹੈ ਕਿ ਵਕਤਾ ਹੰਕਾਰ ਰਹਿਤ ਹੋਵੇ। ਹਿਰਦੇ ਦੇ ਸਾਰੇ ਹੰਕਾਰ ਦੂਰ ਕਰੇ। ਸਾਰਿਆਂ ਦੇ ਨਾਲ਼ ਮਨ ਨੂੰ ਨੀਵਾਂ ਰੱਖੇ। ਆਪਣੇ ਵਿਚ ਵੱਡੇ ਗੁਣ ਜਾਣ ਕੇ ਕਿਸੇ ਦੇ ਚਿੱਤ ਨੂੰ ਨਾ ਦੁਖਾਵੇ।

ਤੇਰਵਾਂ (੧੩) ਗੁਣ ਇਹ ਹੈ ਕਿ ਵਕਤਾ ਧਾਰਮਿਕ ਵਿਚਾਰਾਂ ਵਾਲਾ ਹੋਵੇ। ਜੋ ਕਹੇ ਉਹ ਆਪ ਵੀ ਕਮਾਉਣ ਵਾਲਾ ਹੋਵੇ। ਵਕਤੇ ਦਾ ਆਸਤਕ ਹੋਣਾ ਜਰੂਰੀ ਹੈ; ਉਹ ਨਾਸਤਕ ਨਾ ਹੋਵੇ।

ਚੌਦਵਾਂ (੧੪) ਗੁਣ ਵਕਤੇ ਦਾ ਸੰਤੋਖੀ ਹੋਣਾ ਹੈ। ਜੋ ਕੁਝ ਸਤਿਕਾਰ ਸਹਿਤ ਸੰਗਤ ਵੱਲੋਂ ਪਰਾਪਤ ਹੋਵੇ ਉਸ ਨੂੰ ਆਪਣਾ ਭਾਗ ਅਤੇ ਸਿਰੋਪਾ ਸਮਝ ਕੇ ਸਵੀਕਾਰ ਕਰੇ। ਜੋ ਕੁਝ ਵੀ ਪਾਵੇ ਉਹ ਅਨੰਦ ਸਹਿਤ ਲੈ ਲਵੇ। ਇਹ ਸਮਝੇ ਕਿ ਬਿਨਾ ਮੰਗੇ ਜੋ ਕੋਈ ਕਥਾ ਦੀ ਭੇਟਾ ਕਰੇ ਸੋ ਅੰਮ੍ਰਿਤ ਸਮਾਨ ਹੈ। ਵਾਧੂ ਪਦਾਰਥਾਂ ਦੀ ਚਾਹਤ ਨਾ ਧਾਰਨ ਕਰੇ। ਜੋ ਕੁਝ ਪਾਸ ਹੋਵੇ ਉਸ ਨੂੰ ਹੀ ਵਰਤ ਲਵੇ। "ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਇ॥" (੧੦੧੩)

ਇਕ ਚੰਗੇ ਵਕਤਾ ਦੇ ਇਹ ਚੌਦਾਂ ਗੁਣ ਹੁੰਦੇ ਹਨ। ਜੇਹੜਾ ਸਿੱਖ ਅਜਿਹੇ ਵਕਤੇ ਪਾਸੋਂ ਕਥਾ ਸੁਣਦਾ ਹੈ ਉਸ ਵਿਚ ਵੀ ਇਹਨਾਂ ਗੁਣਾਂ ਦਾ ਪ੍ਰਵੇਸ਼ ਹੋ ਜਾਂਦਾ ਹੈ।

ਹੁਣ ਸਰੋਤਾ ਦੇ ਗੁਣ ਸੁਣੋ ਕਿ ਉਹ ਵਕਤਾ ਦੀ ਕਰਨੀ ਦਾ ਮਨ, ਬਚਨ ਅਤੇ ਕਰਮ ਕਰਕੇ ਪ੍ਰਸੰਸਕ ਹੋਵੇ। ਇਸ ਨੂੰ ਸਰੋਤੇ ਦਾ ਪਹਿਲਾ (੧) ਗੁਣ ਜਾਣੋ। ਦੂਜਾ (੨) ਗੁਣ, ਇਹ ਹੈ ਕਿ ਉਸ ਦੇ ਮਨ ਵਿਚ ਕੋਈ ਹੰਕਾਰ ਨਾ ਹੋਵੇ। ਇਹ ਜਾਣੇ ਕਿ ਮੈਂ ਵੱਡੀ ਸੇਵਾ ਧਾਰਨ ਕੀਤੀ ਹੈ। ਤੀਸਰਾ (੩) ਗੁਣ, ਉਸ ਵਿਚ ਸੁਣਨ ਦੀ ਸ਼ਰਧਾ ਹੋਵੇ। ਮਨ ਨੂੰ ਉਚਾਟ ਨਾ ਕਰੇ। ਚੌਥਾ (੪) ਆਪਣੇ ਚਿੱਤ ਦੀ ਚਤਰਾਈ ਵਕਤੇ ਉਪਰ ਲਾਗੂ ਨਾ ਕਰੇ। ਪੰਜਵਾਂ (੫) ਗੁਣ, ਵਕਤਾ ਜੇਹੜੇ ਅਰਥ ਕਰੇ, ਉਹਨਾਂ ਨੂੰ ਸਮਝਣ ਦੇ ਸਮਰਥ ਹੋਵੇ। ਛੇਵਾਂ (੬) ਗੁਣ, ਵਕਤੇ ਨੂੰ ਪ੍ਰਸੰਨ ਕਰਨ ਜਾਣਦਾ ਹੋਵੇ। ਸੱਤਵਾਂ (੭), ਗ੍ਰੰਥ ਨੂੰ ਕੰਨ ਦੇ ਕੇ ਬਹੁਤ ਧਿਆਨ ਨਾਲ ਸੁਣੇ। ਅੱਠਵਾਂ (੮) ਆਲਸ ਨਾ ਧਾਰਨ ਕਰੇ। ਨੌਵਾਂ (੯) ਨੀਂਦ ਨੂੰ ਵੱਸ ਵਿਚ ਰੱਖੇ। ਦਸਵਾਂ (੧੦), ਜੋ ਸੁਣੇ ਉਸ ਨੂੰ ਹਿਰਦੇ ਵਿਚ ਧਾਰਨ ਕਰੇ। ਯਾਰਵਾਂ (੧੧) ਜੋ ਪਾਸ ਹੋਵੇ ਉਸ ਨੂੰ ਵੰਡ

ਕੇ ਖਾਵੇ। ਬਾਰਵਾਂ (੧੨), ਜੋ ਗੱਲ ਸਿਧਾਂਤ ਅਨੁਸਾਰ ਹੋਵੇ ਉਸ ਅਨੁਸਾਰ ਚਿੱਤ ਸ਼ਾਂਤ ਕਰਕੇ ਸੁਣੇ। ਜੇ ਵਿਖਿਆਨ ਗੁਰੂ ਸਿਧਾਂਤ ਦੇ ਉਲਟ ਹੋਵੇ ਤਾਂ ਉਸ ਨੂੰ ਤਿਆਗ ਦੇਵੇ। ਤੇਹਰਵਾਂ (੧੩) ਗੁਣ, ਤਨ ਵਿਚ ਸੁੱਚਮ ਧਾਰਨ ਕਰੇ ਅਤੇ ਚੌਧਵਾਂ (੧੪) ਗੁਣ ਇਹ ਹੈ ਕਿ ਸਭ ਪਖੰਡਾਂ ਦਾ ਤਿਆਗ ਕਰੇ। ਮਨ ਨੂੰ ਪ੍ਰਭੂ ਦੇ ਸ਼ਬਦ ਨਾਲ਼ ਜੋੜੇ ਤੇ ਅਖੰਡ ਚਿੱਤ ਹੋ ਕੇ ਅਨਹਦ ਨਾਦ ਸੁਣੇ।

ਇਸ ਤਰ੍ਹਾਂ ਚੌਦਾਂ ਚੌਦਾਂ ਗੁਣਾਂ ਦੇ ਧਾਰਨੀ ਜੇਹੜੇ ਸਰੋਤਾ ਤੇ ਵਕਤਾ ਹੁੰਦੇ ਹਨ ਉਹ ਦੋਵੇਂ ਗਿਆਨ ਨੂੰ ਪਰਾਪਤ ਕਰ ਲੈਂਦੇ ਹਨ।

ਜੇਹੜਾ ਸਿੱਖ ਇਹ ਲੱਛਣ ਧਾਰਨ ਕਰਦਾ ਹੈ, ਉਹ ਨਿਹਾਲ ਹੋ ਜਾਂਦਾ ਹੈ। ਉਸ ਸਿੱਖ ਦੀ ਹਮੇਸ਼ਾਂ ਸੰਗਤ ਕਰੋ। ਤੁਹਾਡੇ ਵਿਚ ਵੀ ਉਸ ਦੇ ਬਹੁਤ ਗੁਣ ਆ ਜਾਣਗੇ। ਉਸ ਦੇ ਮੁਖ ਤੋਂ ਸੁੰਦਰ ਕਥਾ ਸੁਣੋ। ਤੁਹਾਡੇ ਜੀ ਦੀ ਫਿਰ ਕਿਉਂ ਮੁਕਤੀ ਨਹੀਂ ਹੋਵੇਗੀ? ਗੁਰੂ ਜੀ ਦੇ ਮੁਖ ਤੋਂ ਅਜਿਹਾ ਉਪਦੇਸ਼ ਸੁਣ ਕੇ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ।

ਨੋਟ: ਇਹਨਾਂ ਚੌਦਾਂ ਗੁਣਾਂ ਦੇ ਅਰਥ ਇਸ ਪ੍ਰਕਾਰ ਹਨ:

੧. ਵਾਗਮੀ, ਭਾਵ ਰਸੀਲੀ ਆਵਾਜ਼ ਅਤੇ ਸੁਰ ਨਾਲ ਬੋਲ ਸਕਣਾ।

੨. ਵਿਆਸ: ਭਾਵ ਸਰੋਤਿਆ ਦੀ ਪਸੰਦ ਅਨੁਸਾਰ ਵਿਸਥਾਰ ਨਾਲ਼ ਸਮਝਾ ਸਕਣਾ।

੩. ਸਮਾਸ ਵਤ: ਭਾਵ ਲੋੜ ਅਨੁਸਾਰ ਸੰਖੇਪ ਕਰ ਸਕਣਾ।

੪. ਪ੍ਰਿਯ ਕਥਾ ਦਾ ਪ੍ਰਸਤਾਵ: ਭਾਵ ਦਿਲ ਲੁਭਾਉਣ ਵਾਲ਼ੀਆਂ ਕਥਾਵਾਂ ਕਹਿਣਾ।

੫. ਸਪੱਸ਼ਟ ਵਾਕ: ਭਾਵ ਸਾਫ ਬੋਲਣਾ ਤੇ ਸਪੱਸ਼ਟ ਕਰਕੇ ਸਮਝਾ ਸਕਣਾ।

੬. ਸੰਦੇਹ ਛਿਦਰ: ਭਾਵ ਸ਼ੰਕਿਆਂ ਨੂੰ ਦੂਰ ਕਰ ਸਕਣਾ।

੭. ਅਸ਼ੇਖ ਸ਼ਾਸਤਰ ਕੁਸ਼ਲ: ਭਾਵ ਸਾਰੇ ਸ਼ਾਸਤਰਾਂ ਦਾ ਜਾਣਕਾਰ ਹੋਣਾ।

੮. ਨਖਯਾਤ ਵਿਖੇਪ ਕ੍ਰਿਤ: ਭਾਵ ਕਥਾ ਦੇ ਪ੍ਰਸੰਗ ਵਿਚ ਹੋਰ ਪ੍ਰਸੰਗ ਤੋਂ ਉਲਟ ਪ੍ਰਮਾਣ ਦਾ ਦੇਣਾ।

੯. ਅਵਯੰਗੋ: ਭਾਵ ਸੋਹਣੀ ਤਰ੍ਹਾਂ ਸਿਧਾ ਬੈਠਣਾ।

੧੦. ਜਨ ਰੰਜਕੋ: ਭਾਵ ਸਰੋਤਿਆ ਦੇ ਦਿਲਾਂ ਨੂੰ ਪ੍ਰਸੰਨ ਕਰਨਾ।

੧੧. ਜਿਤ ਸਭੋ: ਸਭ ਨੂੰ ਜਿੱਤਣਾ ਭਾਵ ਸਰੋਤਿਆਂ ਨੂੰ ਆਪਣੇ ਤੇ ਮੋਹਤ ਕਰ ਲੈਣਾ।

੧੨. ਨਾ ਹੰਕ੍ਰਤੋ: ਭਾਵ ਹੰਕਾਰ ਰਹਿਤ ਹੋਣਾ।

੧੩. ਧਾਰਮਿਕੋ: ਜੋ ਕਹੇ ਉਹ ਆਪ ਵੀ ਕਮਾਉਣ ਵਾਲ਼ਾ ਹੋਵੇ।

੧੪. ਸੰਤੋਖੀ: ਭਾਵ ਸੰਤੋਖ ਵਾਲਾ ਹੋਵੇ।

(ਪੰਜਵੀਂ ਰਾਸ ਦੇ ਬਤਾਲੀਵੇ ਅਧਿਆਇ ਦੀਆਂ ੧ ਤੋਂ ੩੦ ਪਉੜੀਆਂ ਵਿਚ ਆਏ ਉਪਦੇਸ਼ ਉਪਰ ਆਧਾਰਤ)

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਥਾਨ ਬਾਰੇ ਸ਼ੰਕਾ

ਕੁਝ ਦਿਨ ਹੋਏ 'ਗੁਰਮਤਿ ਲਰਨਿੰਗ ਜ਼ੋਨ' ਦੀ ਸਾਈਟ ਉਪਰ ਕਿਸੇ ਪ੍ਰੇਮੀ ਨੇ ਸਵਾਲ ਪੁੱਛਿਆ ਸੀ, ਕੀ ਕਿਸੇ ਬਿਲਡਿੰਗ ਦੀ ਥੱਲਵੀਂ ਮੰਜ਼ਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਸਕਦਾ ਹੈ ਜਿਸ ਦੀ ਉਪਰਲੀ ਛੱਤ ਉਪਰ ਵਿਅਕਤੀ ਵਿਚਰ ਸਕਦਾ ਹੋਵੇ? ਉਤਰ ਸਪੱਸ਼ਟ ਹਾਂ ਜਾਂ ਨਾਂਹ ਵਿਚ ਮੰਗਿਆ ਗਿਆ ਸੀ। ਮੈਂ ਆਪਣੀ ਸੀਮਤ ਸੋਚ ਅਨੁਸਾਰ ਇਹ ਉਤਰ ਦਿੱਤਾ ਸੀ ਕਿ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜਾਓ ਤੇ ਓਥੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜੋ ਵਰਤਾਰਾ ਵਰਤਦਾ ਹੈ, ਉਸ ਅਨੁਸਾਰ ਜਾਂ ਉਸ ਦੇ ਨਾਲ ਮਿਲਦਾ ਜੁਲਦਾ ਰਵੱਈਆ ਅਖ਼ਤਿਅਰ ਕਰੋ। ਪਤਾ ਨਹੀਂ ਉਸ ਜਗਿਆਸੂ ਸੱਜਣ ਨੂੰ ਮੇਰਾ ਉਤਰ ਜਚਿਆ ਹੋਵੇ ਜਾਂ ਨਾਂਹ। ਇਹ ਨਹੀਂ ਪਤਾ ਕਿ ਹੋਰ ਕਿਸੇ ਵਿਦਵਾਨ ਸੱਜਣ ਨੇ ਕੀ ਜਵਾਬ ਦਿੱਤਾ ਹੋਵੇ ਤੇ ਮੇਰੇ ਵੱਲੋਂ ਦਿੱਤਾ ਗਿਆ ਜਵਾਬ ਵੀ ਮੇਰੇ ਕੰਪਿਊਟਰ ਸਕਰੀਨ 'ਤੇ ਪਰਗਟ ਨਹੀਂ ਹੋਇਆ।

ਇਸ ਸਵਾਲ ਜਵਾਬ ਤੋਂ ਕੁਝ ਸਮਾ ਪਹਿਲਾਂ ਖ਼ੁਦ ਨਾਲ ਵਾਪਰੀ ਇਕ ਘਟਨਾ ਵੀ ਚੇਤੇ ਆ ਗਈ। ਇਕ ਦੇਸ਼ ਦੇ ਗੁਰਦੁਆਰਾ ਸਾਹਿਬ ਜੀ ਦੇ, ਤਿਆਰ ਬਰ ਤਿਆਰ ਅੰਮ੍ਰਿਤਧਾਰੀ, ਬਹੁਤ ਸ਼ਰਧਾਲੂ ਤੇ ਦਮਦਮੀ ਟਕਸਾਲ ਦੀ ਮਰਯਾਦਾ ਉਪਰ ਤਤਪਰਤਾ ਨਾਲ ਪਹਿਰਾ ਦੇਣ ਵਾਲੇ, ਨੌਜਵਾਨ ਸਿੰਘਾਂ ਦੀ ਕਮੇਟੀ ਵੱਲੋਂ ਸੱਦਾ ਆਇਆ ਕਿ ਮੈਂ ਉਹਨਾਂ ਪਾਸ ਕੁਝ ਦਿਨਾਂ ਲਈ ਪ੍ਰਚਾਰ ਹਿਤ ਪੁੱਜਾਂ। ਹੁਕਮ ਮੰਨ ਕੇ ਮੈਂ ਹਾਜ਼ਰ ਹੋ ਗਿਆ।

ਇਕ ਇਤਿਹਾਸਕ ਦਿਨ ਦੇ ਸਬੰਧ ਵਿਚ ਓਥੇ ਸ੍ਰੀ ਅਖੰਡਪਾਠ ਆਰੰਭ ਕਰਨਾ ਸੀ। ਗ੍ਰੰਥੀ ਸਿੰਘ ਨੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਪ੍ਰਕਾਸ਼ ਕਰ ਕੇ ਨਿਤਨੇਮ ਉਪ੍ਰੰਤ ਮਹਾਰਾਜ ਦੇ ਸਰੂਪ ਦੀ ਸਮਾਪਤੀ ਕਰ ਕੇ ਆਸਣ ’ਤੇ ਬਿਰਾਜਮਾਨ ਕਰ ਦਿੱਤੇ। ਉਪਰਲੀ ਛੱਤ ਉਪਰ ਝੁੱਲਣ ਵਾਲੇ ਨਿਸ਼ਾਨ ਸਾਹਿਬ ਦਾ ਉਸ ਦਿਨ ਚੋਲ਼ਾ ਵੀ ਬਦਲਿਆ ਜਾਣਾ ਸੀ। ਨਿਸ਼ਾਨ ਸਾਹਿਬ ਉਤਾਰ ਕੇ, ਪੁਰਾਣਾ ਚੋਲ਼ਾ ਲਾਹ ਕੇ ਪਹਿਲਾਂ ਪਤਲੇ ਕੀਤੇ ਦਹੀਂ ਨਾਲ ਉਸ ਦਾ ਇਸ਼ਨਾਨ ਕਰਵਾਇਆ ਗਿਆ। ਪਹਿਲਾਂ ਕੁਝ ਸਾਲਾਂ ਤੋਂ ਵੇਖਿਆ ਜਾਂਦਾ ਸੀ ਕਿ ਨਿਸ਼ਾਨ ਸਾਹਿਬ ਦਾ ਇਸ਼ਨਾਨ, ਦੁਧ ਤੇ ਪਾਣੀ ਮਿਲਾ ਕੇ ਬਣਾਈ ਗਈ ‘ਕੱਚੀ ਲੱਸੀ’ ਨਾਲ ਕਰਵਾਇਆ ਜਾਂਦਾ ਸੀ। ਇਹ ਇਸ਼ਨਾਨ ਵਾਲਾ ਦ੍ਰਿਸ਼ ਵੀ ਮੈਨੂੰ ਵੇਖਣ ਦਾ ਸੁਭਾਗ, ਮਲਾਵੀ ਮੁਲਕ ਵਿਚ, ੧੯੭੩ ਦੀ ਵੈਸਾਖੀ ਨੂੰ, ਸ਼ਹਿਰ ਲਿੰਬੀ ਵਿਖੇ ਹੋਇਆ ਸੀ। ਇਸ ਸਮੇ ਪਹਿਲੀ ਵਾਰ ਵੇਖਣ ਵਿਚ ਆਇਆ ਕਿ ਨਿਸ਼ਾਨ ਸਾਹਿਬ ਦਾ ਦਹੀਂ ਵਿਚ ਪਾਣੀ ਮਿਲਾ ਕੇ ਬਣਾਈ ਗਈ ‘ਪੱਕੀ ਲੱਸੀ’ ਨਾਲ ਇਸ਼ਨਾਨ ਕਰਵਾਇਆ ਜਾ ਰਿਹਾ ਸੀ। ਮੈਂ ਵੀ ਕੁਝ ਹੋਰ ਸੱਜਣਾਂ ਨਾਲ ਸ਼ਰਧਾ ਵੱਸ ਹੱਥ ਜੋੜ ਕੇ ਕੋਲ ਖਲੋਤਾ ਰਿਹਾ ਕਿਉਂਕਿ ਸੇਵਾ ਵਿਚ ਹੋਰਾਂ ਦੇ ਨਾਲ ਸ਼ਾਮਲ ਹੋ ਸਕਣ ਦੀ ਨਾ ਤਾਂ ਲੋੜ ਸੀ ਤੇ ਨਾ ਹੀ ਗੁੰਜਾਇਸ਼ ਸੀ। ਕਾਫ਼ੀ ਸੰਗਤਾਂ ਇਸ ਸੇਵਾ ਵਿਚ ਲੱਗੀਆਂ ਹੋਈਆਂ ਹੋਣ ਕਰਕੇ, ਸੇਵਾ ਵਿਚ ਸ਼ਾਮਲ ਹੋਣ ਲਈ, ਹੋਰ ਸਥਾਨ ਹੀ ਨਹੀਂ ਸੀ ਬਚਦਾ। ਕੱਚੀ ਲੱਸੀ ਜਾਂ ਪੱਕੀ ਲੱਸੀ ਨਾਲ ਨਿਸ਼ਾਨ ਸਾਹਿਬ ਦਾ ਇਸ਼ਨਾਨ ਕਿਉਂ ਕਰਵਾਇਆ ਜਾਂਦਾ ਹੈ, ਇਸ ਗੱਲ ਦੇ ਇਤਿਹਾਸਕ ਜਾਂ ਸ਼ਰਧਾਤਮਿਕ ਪਿਛੋਕੜ ਦਾ ਮੈਨੂੰ ਅਜੇ ਤੱਕ ਕੋਈ ਗਿਆਨ ਨਹੀਂ। ਮੈਂ ਤਾਂ ਆਪਣੇ ਬਚਪਨ ਵਿਚ, ੧੯੫੩ ਦੇ ਦਿਨਾਂ ਤੋਂ, ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਮਿਆਨ, ਝੰਡੇ ਬੁੰਗੇ ਨਾਲ ਸੋਭਾ ਪਾ ਰਹੇ, ਦੋ ਨਿਸ਼ਾਨ ਸਾਹਿਬਾਂ ਦੇ ਚੋਲ਼ੇ ਬਦਲਣ ਸਮੇ ਦੇ ਦਰਸ਼ਨ ਕਰਦਾ ਰਿਹਾ ਹਾਂ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਸ ਸਮੇ ਇਕ ਸੇਵਾਦਾਰ, ਭਾਈ ਚਰਨ ਸਿੰਘ ਖਾਰਾ, ਇਹ ਸੇਵਾ ਕਰਿਆ ਕਰਦੇ ਸਨ। ਉਹਨਾਂ ਦੇ ਨਾਲ ਇਸ ਸੇਵਾ ਵਿਚ ਸਹਾਇਤਾ ਇਕ ਨਿਹੰਗ ਸਿੰਘ ਜੀ ਕਰਿਆ ਕਰਦੇ ਸਨ। ਨਿਸ਼ਾਨ ਸਾਹਿਬ ਦਾ ਪੁਰਾਣਾ ਚੋਲ਼ਾ ਉਹ ਨਿਹੰਗ ਸਿੰਘ ਜੀ ਲੈ ਜਾਇਆ ਕਰਦੇ ਸਨ। ਅਸੀਂ ਵੀ ਦੋ ਚਾਰ ਛੋਹਰਾਂ ਨੇ ਸੇਵਾ ਦੀ ਸੰਪੂਰਨਤਾ ਉਪ੍ਰੰਤ ਵਰਤਾਏ ਜਾਂਦੇ ਪ੍ਰਸ਼ਾਦ ਦਾ ਛਾਂਦਾ ਲੈਣ ਲਈ ਉਹਨਾਂ ਦੇ ਨਾਲ ਸ਼ਾਮਲ ਹੋ ਜਾਣਾ। ਉਸ ਸਮੇ ਕਦੀ ਵੀ ਪੱਕੀ ਜਾਂ ਕੱਚੀ ਲੱਸੀ ਨਾਲ ਇਸ਼ਨਾਨ ਕਰਵਾਏ ਜਾਣ ਦੇ ਦਰਸ਼ਨ ਨਹੀਂ ਸਨ ਹੋਏ। ਅਜਿਹੀ ਸ਼ਰਧਾ ਭਰੀ ਮਰਯਾਦਾ ਦਾ ਆਰੰਭ ਪਤਾ ਨਹੀਂ ਕਦੋਂ ਤੋਂ ਹੋਇਆ ਹੈ।

ਖ਼ੈਰ, ਨਿਸ਼ਾਨ ਸਾਹਿਬ ਦੇ ਪੱਕੀ ਲੱਸੀ ਨਾਲ ਕਰਵਾਏ ਗਏ ਇਸ਼ਨਾਨ ਉਪ੍ਰੰਤ ਚੋਲ਼ਾ ਬਦਲ ਕੇ ਚੜ੍ਹਾਉਣ ਦੀ ਸੇਵਾ ਮੁਕੰਮਲ ਹੋ ਜਾਣ ਮਗਰੋਂ ਬਾਕੀ ਸੰਗਤਾਂ ਦੇ ਨਾਲ ਮੈਂ ਵੀ ਹੇਠਾਂ ਪ੍ਰਕਾਸ਼ ਸਥਾਨ ਵਾਲੀ ਮੰਜ਼ਲ ’ਤੇ ਪਹੁੰਚ ਗਿਆ। ਗ੍ਰੰਥੀ ਜੀ ਨੇ ਮਹਾਰਾਜ ਜੀ ਦਾ ਸਰੂਪ ਪਲੰਘੇ ਤੋਂ ਲੈ ਕੇ ਸਤਿਕਾਰ ਸਹਿਤ ਪ੍ਰਕਾਸ਼ ਕਰਨ ਦੀ ਸੇਵਾ ਮੇਰੇ ਪਹੁੰਚਣ ਤੋਂ ਪਹਿਲਾਂ ਹੀ ਆਰੰਭ ਕਰ ਦਿੱਤੀ ਸੀ। ਜਦੋਂ ਮੰਜੀ ਸਾਹਿਬ ’ਤੇ ਸੁਸ਼ੋਭਤ ਕਰ ਕੇ ਸਰੂਪ ਨੂੰ ਪ੍ਰਕਾਸ਼ ਕਰਨ ਦੀ ਸੇਵਾ, ਗ੍ਰੰਥੀ ਜੀ ਕਰਨ ਲੱਗੇ ਤਾਂ ਛੱਤ ਉਪਰ ਕੁਝ ਖੜਕਾ ਜਿਹਾ ਹੋਇਆ। ਉਹਨਾਂ ਨੇ ਸ਼ੰਕਾ ਪਰਗਟ ਕੀਤਾ ਕਿ ਅਜੇ ਛੱਤ ਉਪਰ ਕੋਈ ਸੱਜਣ ਹੈਗਾ ਏ! ਹੁਣ ਕੀ ਕਰੀਏ! ਮੈਂ ਵੀ ਆਖ ਦਿੱਤਾ ਕਿ ਕੋਈ ਗੱਲ ਨਹੀਂ। ਮਹਾਰਾਜ ਆਪਣੇ ਪਿਤਾ ਹੀ ਹਨ। ਤੁਸੀਂ ਵਾਹਿਗੁਰੂ ਆਖ ਕੇ ਪ੍ਰਕਾਸ਼ ਦੀ ਸੇਵਾ ਜਾਰੀ ਰੱਖੋ। ਬਹੁਤਾ ਵਹਿਮ ਕਰਨ ਦੀ ਲੋੜ ਨਹੀਂ। ਜੇ ਕਿਸੇ ਸੇਵਾ ਕਰਕੇ ਕੋਈ ਸਿੱਖ ਬੱਚਾ ਛੱਤ ਉਪਰ ਰਹਿ ਵੀ ਗਿਆ ਹੋਵੇਗਾ ਤਾਂ ਗੁਰੂ ਪਿਤਾ ਜੀ ਨਾਰਾਜ਼ ਨਹੀਂ ਹੋਣਗੇ!

ਪ੍ਰਕਾਸ਼ ਦੀ ਸੇਵਾ ਹੋ ਜਾਣ ਉਪ੍ਰੰਤ ਵੇਹਲੇ ਬੈਠ ਕੇ ਉਡੀਕਣ ਦੀ ਬਜਾਇ ਮੈਂ ਹਾਰਮੋਨੀਅਮ ਖੋਹਲ ਕੇ ਕੀਰਤਨ ਕਰਨਾ ਆਰੰਭ ਦਿੱਤਾ ਤਾਂ ਕਿ ਸ੍ਰੀ ਅਖੰਡਪਾਠ ਦੀ ਆਰੰਭਤਾ ਤੋਂ ਪਹਿਲਾਂ, ਬਾਕੀ ਸੰਗਤਾਂ ਦੀ ਉਡੀਕ ਦੇ ਸਮੇ ਦੌਰਾਨ, ਦੋ ਚਾਰ ਸ਼ਬਦਾਂ ਦਾ ਕੀਰਤਨ ਹੋ ਜਾਵੇ। ਇਕ ਸਿਆਣੇ ਕਮੇਟੀ ਮੈਂਬਰ ਨੇ ਮੇਰੇ ਨਾਲ ਢੋਲਕੀ ’ਤੇ ਸਾਥ ਦੇਣਾ ਸ਼ੁਰੂ ਕਰ ਦਿੱਤਾ। ਮੈਂ ਇਹ ਵੀ ਵੇਖ ਰਿਹਾ ਸੀ ਕਿ ਕੁਝ ਜੁੰਮੇਵਾਰ ਸੱਜਣ ਅਜੇ ਅੰਦਰ ਨਹੀਂ ਆਏ। ਫਿਰ ਸੋਚਿਆ ਕਿ ਸ਼ਾਇਦ ਉਹ ਲੰਗਰ ਵਿਚ ਚਾਹ ਪਾਣੀ ਛਕਣ ਲਈ ਰੁਕ ਗਏ ਹੋਣਗੇ! ਸਮਾ ਵੇਖ ਕੇ ਮੈਂ ਅਨੰਦੁ ਸਾਹਿਬ ਜੀ ਦੇ ਕੀਰਤਨ ਉਪ੍ਰੰਤ, ਅਰਦਾਸ ਕਰ ਕੇ ਅਖੰਡਪਾਠ ਸ਼ੁਰੂ ਕਰਵਾ ਦਿੱਤਾ। ਪਾਠ ਦੀ ਪਹਿਲੀ ਰੌਲ ਦੀ ਸੇਵਾ ਬਾਹਰੋਂ ਆਏ ਇਕ ਗੁਰਸਿੱਖ ਕਰ ਰਹੇ ਸਨ। ਅਜੇ ਦੋ ਤਿੰਨ ਪਉੜੀਆਂ ਹੀ ਜਪੁ ਜੀ ਸਾਹਿਬ ਦੀਆਂ ਪੜ੍ਹੀਆਂ ਸਨ ਕਿ ਤਿੰਨ ਜੁੰਮੇਵਾਰ ਨੌਜਵਾਨ ਕੁਝ ਜੋਸ਼ ਜਿਹੇ ਵਿਚ ਦਰਬਾਰ ਹਾਲ ਵਿਚ ਦਾਖ਼ਲ ਹੋਏ ਅਤੇ ਸਾਨੂੰ ਦੋਹਾਂ ਨੂੰ ਉਠਾਲ ਕੇ ਕਮਰੇ ਵਿਚ ਲੈ ਗਏ। ਓਥੇ ਖੜ੍ਹ ਕੇ ਉਹਨਾਂ ਤਿੰਨਾਂ ਨੌਜਵਾਨਾਂ ਨੇ ਸਾਡੇ ਦੋਹਾਂ ਚਿੱਟੀ ਦਾਹੜੀ ਵਾਲਿਆਂ ਨਾਲ ਬਹੁਤ ਨਾਰਾਜ਼ਗੀ ਪਰਗਟ ਕੀਤੀ। ਨਾਲ ਹੀ ਚਿੱਟੀ ਦਾਹੜੀ ਵਾਲੇ ਉਸ ਕਮੇਟੀ ਮੈਂਬਰ ਨੂੰ ਵੀ ਡਾਂਟਿਆ ਜਿਸ ਨੇ ਸਾਨੂੰ ਹਟਾਉਣ ਦੀ ਬਜਾਇ ਮੇਰੇ ਨਾਲ ਢੋਲਕੀ ਵਜਾਉਣੀ ਸ਼ੁਰੂ ਕਰ ਦਿੱਤੀ ਸੀ। ਉਹਨਾਂ ਦਾ ਵਿਚਾਰ ਸੀ ਕਿ ਅਸੀਂ ਉਹਨਾਂ ਦੇ ਛੱਤ ਉਪਰ ਹੋਣ ਕਰਕੇ ਮਹਾਰਾਜ ਜੀ ਦਾ ਪ੍ਰਕਾਸ਼ ਕਰ ਕੇ ਭਾਰੀ ਬੇਅਦਬੀ ਕੀਤੀ ਹੈ। ਅਸੀਂ ਦੋਵੇਂ ਵਾਰ ਵਾਰ ਆਪਣੀ ਇਸ ‘ਭਿਅੰਕਰ ਭੁੱਲ’ ਦਾ ਪਸਚਾਤਾਪ ਕਰ ਕੇ ਮੁਆਫ਼ੀਆਂ ਮੰਗੀ ਜਾਈਏ ਪਰ ਉਹਨਾਂ ਨੌਜਵਾਨਾਂ ਦੀ ਨਾਰਾਜ਼ਗੀ ਨਰਮ ਨਾ ਹੋਵੇ। ਆਪਣੀ ਗ਼ਲਤੀ ਤਾਂ ਭਾਵੇਂ ਮੈਂ ਉਹਨਾਂ ਚੜ੍ਹਦੀਕਲਾ ਵਾਲੇ ਸਿੰਘਾਂ ਨੂੰ ਸ਼ਾਂਤ ਕਰਨ ਲਈ ਮੰਨੀ ਜਾਵਾਂ ਪਰ ਅਜਿਹੀ ਕੋਈ ਗ਼ਲਤੀ ਮੇਰੀ ਸਮਝ ਦੀ ਪਕੜ ਵਿਚ ਨਾ ਆਏ ਕਿ ਮੇਰੇ ਤੋਂ ਹੋਈ ਹੈ। ਸ਼ਾਇਦ ਅਜਿਹਾ ਵਾਕਿਆ ਪਹਿਲਾਂ ਕਦੇ ਮੇਰੇ ਸਾਹਮਣੇ ਵਾਪਰਿਆ ਨਾ ਹੋਣ ਕਰਕੇ ਮੈਂ ਅਣਜਾਣ ਹੋਵਾਂ!

ਮੇਰੀ ਸੋਚ ਵਿਚ ਧੁੰਦਲੀ ਜਿਹੀ ਯਾਦ ਵੀ ਸਮਾਈ ਹੋਈ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਜਿਹਾ ਕੋਈ ਵਿਚਾਰ ਨਹੀਂ ਵਰਤਿਆ ਜਾਂਦਾ। ਅਖ਼ੀਰ 'ਤੇ ਉਹਨਾਂ ਦੇ ਮੁਖੀ ਨੌਜਵਾਨ ਨੇ ਕੁਝ ਨਰਮ ਹੋ ਕੇ ਇਉਂ ਆਖਦਿਆਂ ਇਸ ਝਗੜੇ ਦੇ ਭੋਗ ਵੱਲ ਰੁਝਾਨ ਕੀਤਾ ਕਿ ਜੋ ਬੇਅਦਬੀ ਤੁਸਾਂ ਦੋਹਾਂ ਨੇ ਕੀਤੀ ਹੈ ਇਸ ਦੀ ਸਜ਼ਾ ਤੁਹਾਨੂੰ ਮਹਾਰਾਜ ਹੀ ਦੇਣਗੇ। ਮੈਂ ਵੀ ਸ਼ਾਂਤੀ ਹੋ ਜਾਣ ਦੀ ਆਸ ਨਾਲ ਕੁਝ ਸੁਖ ਦਾ ਸਾਹ ਲੈਂਦੇ ਹੋਏ ਕਿਹਾ, "ਮਹਾਰਾਜ ਜੀ ਪਾਸੋਂ ਅਸੀਂ ਮੁਆਫ਼ੀ ਮੰਗ ਲਵਾਂਗੇ ਆਪਣੀ ਇਸ ਅਣਜਾਣੇ ਵਿਚ ਹੋਈ ਗ਼ਲਤੀ ਦੀ, ਤੁਸੀਂ ਸਾਨੂੰ ਮੁਆਫ਼ੀ ਬਖ਼ਸ਼ੋ ਤੇ ਹੁਣ ਸ਼ਾਂਤ ਹੋਵੋ।"

ਅਗਲੇ ਦਿਨ ਮੈਂ ਥੱਲੇ ਵੱਡੇ ਹਾਲ ਦੀ ਦੀਵਾਰ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਫ਼ੋਟੋ ਦੇ ਦਰਸ਼ਨ ਕੀਤੇ ਤਾਂ ਮੇਰੀ ਧੁੰਦਲੀ ਜਿਹੀ ਯਾਦ ਕੁਝ ਉਭਰ ਆਈ। ਸ੍ਰੀ ਦਰਬਾਰ ਸਾਹਿਬ ਵਿਖੇ, ਜਿਥੇ ਗਰਾਊਂਡ ਫ਼ਲੋਰ 'ਤੇ ਪ੍ਰਕਾਸ਼ ਹੁੰਦਾ ਹੈ, ਉਸ ਦੀ ਛੱਤ ਤਾਂ ਸਿੱਧੀ ਦੂਜੀ ਮੰਜ਼ਲ ਤੱਕ ਚਲੀ ਜਾਂਦੀ ਹੈ ਤੇ ਅਖ਼ੀਰ 'ਤੇ ਉਸ ਉੱਪਰ ਗੁੰਬਦ ਹੈ। ਦੂਜੀ ਛੱਤ ਦੇ ਆਲੇ ਦੁਆਲੇ ਸੋਭਾ ਪਾ ਰਹੀਆਂ ਬਾਰੀਆਂ ਵਿਚ ਬੈਠੀਆਂ ਸੰਗਤਾਂ ਹੇਠਾਂ ਹੋ ਰਹੇ ਕੀਰਤਨ ਨੂੰ ਸਰਵਣ ਕਰਨ ਦੇ ਨਾਲ ਨਾਲ ਸਾਰੇ ਕੁਝ ਦੇ ਦਰਸ਼ਨ ਕਰ ਕੇ ਵੀ ਲਾਹਾ ਪ੍ਰਾਪਤ ਕਰ ਰਹੀਆਂ ਹੁੰਦੀਆਂ ਹਨ। ਇਸ ਤਰ੍ਹਾਂ ਉਹ ਮਹਾਰਾਜ ਜੀ ਤੋਂ ਉਚੇ ਸਥਾਨ ਉਪਰ ਸਜੀਆਂ ਹੋਈਆਂ ਹੁੰਦੀਆਂ ਹਨ। ਤੀਜੀ ਮੰਜ਼ਲ ਉਪਰ ਸੁਭਾਇਮਾਨ ਗੁੰਬਦ, ਜਿਸ ਦੀਆਂ ਦੀਵਾਰਾਂ ਸ਼ੀਸ਼ਿਆਂ ਦੀਆਂ ਹਨ, ਵਿਚ ਅਖੰਡਪਾਠ ਸਦਾ ਹੀ ਚਾਲੂ ਰਹਿੰਦੇ ਹਨ ਤੇ ਮਹਾਰਾਜ ਦੀ ਤਾਬਿਆ ਗ੍ਰੰਥੀ ਸਿੰਘ ਜੀ ਵੀ ਸਜਦੇ ਹਨ। ਨਾਲ ਕੁਝ ਦੂਜੇ ਪਾਠੀ ਸਿੰਘ ਵੀ ਬੈਠ ਜਾਂ ਖਲੋ ਜਾਂਦੇ ਹਨ। ਇਸ ਤੋਂ ਇਲਾਵਾ ਹਰਿ ਕੀ ਪੌੜੀ ਦੇ ਉਪਰ ਮਹਾਰਾਜ ਜੀ ਦੇ ਵੱਡੇ ਸਰੂਪ ਵਾਲੇ ਸਥਾਨ ਦੇ ਉਪਰ ਵੀ ਸੰਗਤਾਂ ਜਾ ਸਕਦੀਆਂ ਹਨ। ਬਾਕੀ ਚੱਲ ਰਹੇ ਅਖੰਡਪਾਠਾਂ ਦੇ ਸਥਾਨਾਂ ਉਪਰ ਕੋਈ ਗੁੰਬਦ ਨਹੀਂ ਤੇ ਉਸ ਦੀ ਛੱਤ ਉਪਰ ਸੰਗਤਾਂ ਆਮ ਹੀ ਚੱਲ ਫਿਰ ਰਹੀਆਂ ਹੁੰਦੀਆਂ ਹਨ।

ਫਿਰ ਆਈਏ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ। ਤਖ਼ਤ ਦੇ ਅੰਤਰਗਤ ਹੀ, ਇਮਲੀ ਵਾਲੇ ਪਾਸੇ ਦੀਆਂ ਪੌੜੀਆਂ ਚੜ੍ਹ ਕੇ ਸੱਜੇ ਹੱਥ ਮੁੜਦਿਆਂ ਹੀ, ਖੱਬੇ ਹੱਥ ਕੋਠਾ ਸਾਹਿਬ ਹੈ। ਇਤਿਹਾਸ ਅਨੁਸਾਰ ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰਾਤ ਨੂੰ ਬਿਰਾਜਮਾਨ ਕਰਨ ਵਾਸਤੇ ਸਿਰਜਿਆ ਸੀ। ਅੱਜ ਵੀ ਹਰ ਰੋਜ਼ ਰਾਤ ਨੂੰ ਮਹਾਰਾਜ ਜੀ ਦੀ ਸਵਾਰੀ, ਸੋਨੇ ਦੀ ਪਾਲਕੀ ਵਿਚ, ਸ੍ਰੀ ਹਰਿਮੰਦਰ ਸਾਹਿਬ ਤੋਂ ਲਿਆ ਕੇ, ਏਥੇ ਬਿਰਾਜਮਾਨ ਕੀਤੀ ਜਾਂਦੀ ਹੈ। ਸਵੇਰੇ ਏਥੋਂ ਹੀ ਓਸੇ ਮਰਯਾਦਾ ਤੇ ਸਤਿਕਾਰ ਸਹਿਤ ਲਿਜਾ ਕੇ, ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਕੋਠਾ ਸਾਹਿਬ ਦੇ ਉਪਰ ਵੀ ਕੋਈ ਗੁੰਬਦ ਨਹੀਂ ਹੈ। ਮੁਖ ਪ੍ਰਕਾਸ਼ ਸਥਾਨ 'ਤੇ ਵੀ ਕੋਈ ਗੁੰਬਦ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਗੁੰਬਦ, ਤਖ਼ਤ ਸਾਹਿਬ ਦੀ ਇਮਾਰਤ ਦੇ ਤਕਰੀਬਨ ਵਿਚਕਾਰ ਹੈ ਪਰ ਇਹ ਦੋਵੇਂ ਸਥਾਨ ਵਿਚਕਾਰ ਨਹੀਂ ਆਉਂਦੇ।

ਤਖ਼ਤ ਸਾਹਿਬ ਜੀ ਦੀ ਤੀਜੀ ਮੰਜ਼ਲ ਉਪਰ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ। ਓਥੇ ਪੰਜਾਂ ਪਿਆਰਿਆਂ ਸਮੇਤ, ਅੰਮ੍ਰਿਤ ਅਭਿਲਾਖੀ ਸੰਗਤਾਂ ਤੇ ਕੁਝ ਹੋਰ ਵਿਅਕਤੀ ਵੀ ਹੁੰਦੇ ਹਨ। ਸ੍ਰੀ ਅਕਾਲ ਤਖ਼ਤ ਦੇ ਨਾਲ ਲਗਵਾਂ ਇਕ ਮਕਾਨ ਹੁੰਦਾ ਸੀ। ਇਸ ਮਕਾਨ ਦੀ ਤੇ ਤਖ਼ਤ ਸਾਹਿਬ ਦੀ ਵਿਚਕਾਰਲੀ ਕੰਧ ਸਾਂਝੀ ਹੁੰਦੀ ਸੀ। ਮੇਰੀ ਸੰਭਾਲ ਵਿਚ ਇਸ ਮਕਾਨ ਅੰਦਰ ਤਖ਼ਤ ਸਾਹਿਬ ਜੀ ਦੇ ਮੁਖ ਗ੍ਰੰਥੀ ਜੀ, ਪਰਵਾਰ ਸਮੇਤ ਰਹਿੰਦੇ ਸਨ। ਇਸ ਦੀਆਂ ਪੌੜੀਆਂ ਬਾਹਰੋਂ ਝੂਠੇ ਬਾਜ਼ਾਰ ਵਿਚੋਂ ਚੜ੍ਹਦੀਆਂ ਸਨ। ੧੯੬੦ ਦੇ ਪੰਜਾਬੀ ਸੂਬੇ ਦੇ ਮੋਰਚੇ ਸਮੇ, ਇਸ ਦੇ ਥਾਪੇ ਗਏ ਡਿਕਟੇਟਰ, ਸੰਤ ਫ਼ਤਿਹ ਸਿੰਘ ਜੀ, ਨੇ ਇਸ ਮਕਾਨ ਵਿਚ ਡੇਰਾ ਲਾਇਆ ਸੀ ਤਾਂ ਕਿ ਪੁਲਸ ਦੀ ਗ੍ਰਿਫ਼ਤਾਰੀ ਤੋਂ ਬਚਾ ਰਹੇ। ਪ੍ਰਚਾਰ ਇਹ ਕੀਤਾ ਗਿਆ ਸੀ ਕਿ ਸੰਤ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਰਹਿੰਦੇ ਹਨ। ਹਾਂ, ਸਾਰਾ ਦਿਨ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਤੀਜੀ ਮੰਜ਼ਲ ਉਪਰ ਹੀ ਰਹਿ ਕੇ, ਸਾਰੇ ਪੰਥਕ ਕਾਰ-ਵਿਹਾਰ ਕਰਦੇ ਸਨ; ਸਿਰਫ਼ ਰਾਤ ਸਮੇ ਹੀ ਸੌਣ ਵਾਸਤੇ ਉਸ ਮਕਾਨ ਦੇ ਇਕ ਕਮਰੇ ਵਿਚ ਜਾਇਆ ਕਰਦੇ ਸਨ। ਇਸ ਮਕਾਨ ਦੀਆਂ ਬਾਹਰਲੀਆਂ ਬਾਜ਼ਾਰ ਵੱਲ ਦੀਆਂ ਪੌੜੀਆਂ ਬੰਦ ਕਰ ਕੇ, ਦੀਵਾਰਾਂ ਉਪਰ ਕੰਡਿਆਲੀ ਤਾਰ ਲਾ ਕੇ, ਬਾਜ਼ਾਰ ਨਾਲੋਂ ਇਸ ਦਾ ਸਬੰਧ ਤੋੜ ਦਿੱਤਾ ਗਿਆ ਸੀ ਤੇ ਤਖ਼ਤ ਸਾਹਿਬ ਤੇ ਮਕਾਨ ਵਿਚਲੀ ਕੰਧ ਵਿਚ ਪਾੜ ਲਾ ਕੇ, ਇਕ ਛੋਟਾ ਜਿਹਾ ਤਖ਼ਤ ਸਾਹਿਬ ਵੱਲ ਖੁਲ੍ਹਣ ਵਾਲਾ ਬੂਹਾ ਬਣਾ ਲਿਆ ਗਿਆ ਸੀ। ਸਾਰੀ ਆਵਾਜਾਈ ਇਸ ਪਾਸਿਉਂ ਹੋਣ ਲੱਗ ਪਈ। ਪ੍ਰਚਾਰ ਇਹ ਹੋ ਗਿਆ ਕਿ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਹੈ। ਇਸ ਮਕਾਨ ਦੇ ਹੇਠਾਂ ਹੀ ਤਖ਼ਤ ਸਾਹਿਬ ਦਾ ਦਫ਼ਤਰ ਤੇ ਲਾਇਬ੍ਰੇਰੀ ਵੀ ਹੁੰਦੀ ਸੀ, ਇਸ ਲਈ ਇਹ ਮਕਾਨ ਤਖ਼ਤ ਸਾਹਿਬ ਦੀ ਮਲਕੀਅਤ ਹੀ ਸੀ।

ਫਿਰ ੧੯੬੭ ਵਿਚ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਜੀ ਨੂੰ, ਪਾਰਟੀ ਛੱਡ ਕੇ ਕਾਂਗਰਸ ਦੀ ਸਹਾਇਤਾ ਨਾਲ ਬਣੇ ਮੁਖ ਮੰਤਰੀ, ਸ. ਲਛਮਣ ਸਿੰਘ ਗਿੱਲ, ਨੇ ਝੂਠੇ ਮੁਕੱਦਮਿਆਂ ਵਿਚ ਫਸਾ ਕੇ ਫੜਨਾ ਚਾਹਿਆ ਤਾਂ ਉਹਨਾਂ ਨੇ ਵੀ ਇਸ ਮਕਾਨ ਵਿਚ ਡੇਰਾ ਲਾ ਲਿਆ ਸੀ। ਸਾਰੇ ਮੁਲਾਜ਼ਮ, ਆਗੂ, ਵਰਕਰ, ਲੀਡਰ, ਮੈਂਬਰ, ਆਮ ਜਨਤਾ ਆਦਿ ਉਹਨਾਂ ਨੂੰ ਏਥੇ ਹੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਡੇ ਵੱਡੇ ਪੌੜਾਂ ਰਾਹੀਂ ਚੜ੍ਹ ਕੇ, ਤੀਜੀ ਮੰਜ਼ਲ 'ਤੇ ਮਿਲਣ ਆਇਆ ਕਰਦੇ ਸਨ। ਸਾਰੀਆਂ ਮੀਟਿੰਗਾਂ, ਕਾਰਵਾਈਆਂ ਆਦਿ ਦਾ ਕੇਂਦਰ ਇਹੋ

ਤੀਜੀ ਮੰਜ਼ਲ ਹੀ ਹੁੰਦਾ ਸੀ। ੧੯੬੮ ਵਿਚ ਦੋਹਾਂ ਅਕਾਲੀ ਦਲਾਂ ਦਾ ਏਕੀਕਰਨ ਵੀ ਇਸ ਦੀ ਤੀਜੀ ਮੰਜ਼ਲ ਉਪਰ ਹੀ ਹੋਇਆ ਸੀ। ਗਿੱਲ ਦੇ ਹੁਕਮ ਨਾਲ ਜਦੋਂ ਉਹਨਾਂ ਦੇ ਦੋਹਾਂ ਹੀ ਨਿਜੀ ਸਹਾਇਕਾਂ, ਸ. ਮੇਜਰ ਸਿੰਘ ਉਬੋਕੇ ਤੇ ਸ. ਅਬਿਨਾਸ਼ੀ ਸਿੰਘ ਨੂੰ, ਫੜ ਕੇ ਪੁਲਸ ਨੇ ਅੰਦਰ ਡੱਕ ਦਿੱਤਾ ਤਾਂ ਸੰਤ ਜੀ ਨੇ ਨਿਜੀ ਸਹਾਇਕ ਦੇ ਸਾਰੇ ਕਾਰਜ ਕਰਨ ਲਈ ਮੇਰੀ ਸੇਵਾ ਲਾਈ। ਇਹ ਸਾਰਾ ਸਮਾ ਮੈਂ ਵੀ ਓਥੇ ਹੀ ਵਿਚਰਦਾ ਰਿਹਾ। ਇਸ ਤੋਂ ਪਹਿਲਾਂ ਮੇਰੇ ਭਾਈਆ ਜੀ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਮੁਖ ਗ੍ਰੰਥੀ ਹੁੰਦੇ ਸਨ ਤਾਂ ਓਦੋਂ ਵੀ ਤਖ਼ਤ ਸਾਹਿਬ ਦੀ ਲਾਇਬ੍ਰੇਰੀ ਦੀਆਂ ਚਾਬੀਆਂ ਮੇਰੇ ਕੋਲ ਹੁੰਦੀਆਂ ਸਨ ਤੇ ਰਾਤ ਦਿਨ ਖਾਸਾ ਸਮਾ ਮੈਂ ਉਸ ਦਫ਼ਤਰ ਵਿਚਲੀ ਬੰਦ ਹਨੇਰੀ ਕੋਠੜੀ ਵਿਚ, ਮਧਮ ਜਿਹੀ ਰੌਸ਼ਨੀ ਵਾਲੇ ਬਲਬ ਨਾਲ, ਓਥੇ ਪਏ ਗ੍ਰੰਥ ਪੜ੍ਹਦਾ ਰਹਿੰਦਾ ਸਾਂ। ੧੯੮੪ ਤੋਂ ਪਹਿਲਾਂ ਦਾ ਤਖ਼ਤ ਸਾਹਿਬ ਤੇ ਉਸ ਦੇ ਆਲੇ ਦੁਆਲੇ ਦੀ ਪੂਰੀ ਦੀ ਪੂਰੀ ਤਸਵੀਰ ਤਾਂ ਮੇਰੀ ਸੋਚ ਦਾ ਸਦੀਵੀ ਹਿੱਸਾ ਬਣ ਚੁੱਕੀ ਹੋਈ ਹੈ। ਸ਼ਾਇਦ ਮੇਰੀ ਰਹਿੰਦੀ ਹੋਸ਼ ਤੱਕ ਇਹ ਨਾ ਹੀ ਮੈਨੂੰ ਭੁੱਲੇ। ਹੁਣ ਦੀ ਨਵੀਂ ਬਣੀ ਇਮਾਰਤ ਪਿੱਛੋਂ ਵੀ ਭਾਵੇਂ ਮੈਂ ਕਈ ਵਾਰ ਅੰਮ੍ਰਿਤਸਰ ਗਿਆ ਹਾਂ ਤੇ ਹਰੇਕ ਵਾਰ ਤਖ਼ਤ ਸਾਹਿਬ ’ਤੇ ਮੱਥਾ ਟੇਕਣ ਵੀ ਜਾਂਦਾ ਹਾਂ ਪਰ ਨਵੀਂ ਵਿਸ਼ਾਲ ਇਮਾਰਤ ਦੀ ਉਸਾਰੀ ਦਾ ਨਕਸ਼ਾ ਮੇਰੀ ਯਾਦ ਵਿਚ ਟਿਕਦਾ ਹੀ ਨਹੀਂ। ਨਵੀਂ ਪੀਹੜੀ ਵਾਸਤੇ ਇਹ ਕੋਈ ਸਮੱਸਿਆ ਨਹੀਂ ਹੋਵੇਗੀ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਹੱਥੀਂ ਸਿਰਜਿਆ ਗਿਆ ‘ਅਕਾਲਸਰ’ ਨਾਮੀ ਵਿਸ਼ਾਲ ਖੂਹ ਵੀ, ਤਖ਼ਤ ਸਾਹਿਬ ਦੀ ਨਵੀਂ ਇਮਾਰਤ ਦੇ ਅੰਦਰਵਾਰ ਥੱਲੇ ਦੱਬ ਦਿੱਤਾ ਗਿਆ ਹੈ। ਇਕ ਯਾਤਰਾ ਦੌਰਾਨ, ਜਦੋਂ ਮੈਨੂੰ ਉਹ ਖੂਹ ਨਜ਼ਰ ਨਾ ਆਇਆ ਤਾਂ ਮੈਂ ਆਪਣੇ ਚਿਰਕਾਲੀ ਸਤਿਕਾਰ ਯੋਗ ਮਿੱਤਰ, ਤਖ਼ਤ ਸਾਹਿਬ ਜੀ ਦੇ ਸਨਮਾਨਯੋਗ ਜਥੇਦਾਰ, ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਜੀ, ਨਾਲ ਇਸ ਖੂਹ ਦਾ ਜ਼ਿਕਰ ਕੀਤਾ ਤਾਂ ਉਹਨਾਂ ਨੇ ਮੇਰੇ ਨਾਲ ਆਪਣਾ ਸਹਾਇਕ ਭੇਜ ਕੇ ਉਸ ਨੂੰ ਆਖਿਆ, “ਜਾਹ ਫਲਾਣਾ ਸਿੰਘਾਂ, ਗਿਆਨੀ ਜੀ ਨੂੰ ਖੂਹ ਵਿਖਾ ਲਿਆ।” ਉਸ ਸੱਜਣ ਨੇ ਤਖ਼ਤ ਸਾਹਿਬ ਦੀ ਪ੍ਰਕਰਮਾਂ ਦੇ ਬਰਾਬਰ ਵਾਲੀ ਛੱਤ ਦਾ ਇਕ ਜਿੰਦਰਾ ਖੋਹਲ ਕੇ ਮੈਨੂੰ ਖੂਹ ਦੱਸ ਦਿੱਤਾ। ਅੰਦਰ ਭੋਰੇ ਵਿਚ ਹਨੇਰੇ ਜਿਹੇ ਵਿਚ ਇਸ ਖੂਹ ਦੀ ਮਣ ’ਤੇ ਮੈਂ ਝਾਤੀ ਮਾਰ ਲਈ। ਤਸੱਲੀ ਹੋ ਗਈ ਇਹ ਵੇਖ ਕੇ ਕਿ ਇਸ ਇਤਿਹਾਸਕ ਖੂਹ ਉਪਰ ਅਜੇ ਕਾਰ-ਸੇਵਾ ਵਾਲੇ ਬਾਬਿਆਂ ਦੀ ਫੁੱਲ ਕਿਰਪਾ ਨਹੀਂ ਹੋਈ। ਇਹ ਇਮਾਰਤ ਦੇ ਥੱਲੇ ਦੱਬ ਤਾਂ ਦਿੱਤਾ ਗਿਆ ਹੈ ਪਰ ਪੂਰਨ ਤੌਰ ’ਤੇ ਅਜੇ ਨਸ਼ਟ ਨਹੀਂ ਹੋਇਆ। ਸਾਰੇ ਕੁਝ ਦੀ ਉਸਾਰੀ ਕਰਨ ਸਮੇ, ਬੜੀ ਸੁਖੈਨਤਾ ਨਾਲ ਖੂਹ ਦਾ ਮੂੰਹ ਖੁਲ੍ਹਾ ਰੱਖ ਕੇ, ਇਸ ਦੇ ਉਪਰ ਜੰਗਲਾ ਲਾਇਆ ਜਾ ਸਕਦਾ ਸੀ ਪਰ ਸ਼ਾਇਦ ਕਿਸੇ ਨੇ ਇਸ ਦੀ ਇਤਿਹਾਸਕ ਮਹੱਤਤਾ ਨੂੰ ਗੌਲ਼ਿਆ ਹੀ ਨਾ ਹੋਵੇ!

ਫਿਰ ੧੯੮੪ ਦੇ ਸ਼ੁਰੂ ਵਿਚ ਸੰਤ ਜਰਨੈਲ ਸਿੰਘ ਜੀ ਨੇ ਵੀ ਲੰਗਰ ਦੀ ਇਮਾਰਤ ਤੋਂ ਬਾਅਦ ਏਥੇ ਆ ਕੇ ਡੇਰਾ ਲਾਇਆ ਸੀ ਤੇ ਉਹਨਾਂ ਦੀਆਂ ਸਾਰੀਆਂ ਸਰਗਰਮੀਆਂ ਦਾ ਕੇਂਦਰ, ਤਖ਼ਤ ਸਾਹਿਬ ਦੀ ਏਹੋ ਤੀਜੀ ਛੱਤ ਹੀ ਹੁੰਦੀ ਸੀ। ਥੱਲੇ ਦੀ ਛੱਤ ਵਿਚ ਮਹਾਰਾਜ ਜੀ ਦੇ ਇਕ ਤੋਂ ਵਧ ਸਰੂਪ ਬਿਰਾਜਮਾਨ ਹੁੰਦੇ ਸਨ ਤੇ ਉਪਰ ਸਾਰਾ ਵਿਚਾਰ-ਵਟਾਂਦਰਾ ਤੇ ਆਵਾਜਾਈ ਦਾ ਕਾਰਜ ਹੋ ਰਿਹਾ ਹੁੰਦਾ ਸੀ। ਕਦੀ ਕਿਸੇ ਦੇ ਖ਼ਿਆਲ ਵਿਚ ਹੀ ਇਹ ਗੱਲ ਨਹੀਂ ਸੀ ਆਈ ਕਿ ਇਹ ਕੁਝ ਗ਼ਲਤ ਹੋ ਰਿਹਾ ਹੈ।

ਮੈਨੂੰ ਉਹਨਾਂ ਸ਼ਰਧਾਲੂ ਸੁਹਿਰਦ ਨੌਜਵਾਨਾਂ ਦੀ ਸ਼ਰਧਾ ਅਤੇ ਦਿਆਨਤਦਾਰੀ ਬਾਰੇ ਕੋਈ ਸ਼ੰਕਾ ਨਹੀਂ ਤੇ ਨਾ ਹੀ ਮੇਰਾ ਉਹਨਾਂ ਨਾਲ ਕੋਈ ਰੋਸਾ ਹੈ। ਬਾਅਦ ਵਿਚ ਅਗਲੇ ਜਾਂ ਅਗਲੇਰੇ ਦਿਨ ਉਹਨਾਂ ਵਿਚੋਂ ਮੁਖੀ ਨੇ, ਠੰਡੇ ਮਤੇ ਨਾਲ ਗੱਲ ਬਾਤ ਕਰਦਿਆਂ ਇਹੋ ਜਿਹਾ ਰਵੱਈਆ ਵੀ ਅਪਣਾਇਆ ਕਿ ਜਿਵੇਂ ਉਹਨਾਂ ਨੇ ਮਹਿਸੂਸ ਕਰ ਲਿਆ ਹੋਵੇ ਕਿ ਸਾਡੇ ਤਿੰਨਾਂ ਬੁੱਢਿਆਂ ਨਾਲ, ਵਕਤੀ ਜੋਸ਼ ਕਾਰਨ, ਕੁਝ ਲੋੜੋਂ ਵਧ ਹੀ ਸ਼ਬਦੀ ਸਖ਼ਤੀ ਹੋ ਗਈ ਹੈ! ਉਹਨਾਂ ਦੀ ਗੱਲ ਬਾਤ ਤੇ ਰਵੱਈਆ ਇਹ ਆਭਾਸ ਦੇ ਰਿਹਾ ਸੀ। ਸ਼ਾਬਾਸ਼ ਹੈ ਅਜਿਹੇ ਸ਼ਰਧਾਲੂ ਨੌਜਵਾਨਾਂ ਦੀ ਮਰਯਾਦਾ ਪੁਰਸ਼ੋਤਮ ਸੋਚ ਨੂੰ, ਜੋ ਸ਼ਬਦ ਸਰੂਪ ਜੁਗੋ ਜੁਗ ਅਟੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਬਾਰੇ, ਏਨੇ ਸ਼ਰਧਾਤਮਿਕ ਵਿਚਾਰ ਰੱਖਦੇ ਹਨ; ਪਰ ਮੇਰੇ ਵਰਗੇ ਸਾਧਾਰਨ ਸੋਚ ਵਾਲੇ ਸੇਵਕ, ਜਿਨ੍ਹਾਂ ਨੇ ਸਾਰੀ ਉਮਰ ਹੀ ਇਸ ਪਾਸੇ ਲਾ ਰੱਖੀ ਹੈ, ਨੂੰ ਕਿਉਂ ਨਹੀਂ ਅਜਿਹਾ ਵਿਚਾਰ ਆਇਆ!

ਇਹ ਸਤਰਾਂ ਮੈਂ ਉਹਨਾਂ ਨੌਜਵਾਨਾਂ ਦੇ ਵਿਰੋਧ ਵਿਚ ਨਹੀਂ ਲਿਖ ਰਿਹਾ ਸਗੋਂ ਕੌਮ ਦੇ ਸਿਆਣੇ ਧਾਰਮਿਕ ਆਗੂਆਂ ਦੇ ਅੱਗੇ ਇਸ ਲਈ ਪੇਸ਼ ਕਰ ਰਿਹਾ ਹਾਂ ਤਾਂ ਕਿ ਇਸ ਬਾਰੇ ਸਹੀ ਮਰਯਾਦਾ ਦਾ ਪਤਾ ਲੱਗ ਸਕੇ। ਅਜਿਹਾ ਮੌਕਾ ਕਦੀ ਫੇਰ ਵੀ ਆ ਸਕਦਾ ਹੈ।

ਨੋਟ: ਹੁਣ ਕੁਝ ਸਾਲਾਂ ਤੋਂ ਉਪਰ ਵਰਨਣ ਕੀਤੇ ਗਏ ਪ੍ਰਬੰਧ ਨਾਲੋਂ ਬਹੁਤ ਫ਼ਰਕ ਪੈ ਚੁੱਕਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਵਾੜੇ ਵਾਲੇ ਸਾਰੇ ਮਕਾਨ ਢਾਹ ਕੇ ਓਥੇ ਦੋ ਛੱਤੇ ਕਮਰੇ ਤੇ ਬਰਾਂਡੇ ਪਾਏ ਹੋਏ ਹਨ। ਇਹਨਾਂ ਕਮਰਿਆਂ ਵਿਚ ਹੀ ਅਖੰਡਪਾਠ ਸਾਹਿਬ ਚੱਲਦੇ ਹਨ। ਇਹਨਾਂ ਕਮਰਿਆਂ ਦੀਆਂ ਛੱਤਾਂ ਉਪਰ ਜਾਣ ਲਈ ਕੋਈ ਰੁਕਾਵਟ ਨਹੀਂ ਹੈ।

# ਕੁਦਰਤ ਦਾ ਕਹਿਰ

ਕੁਝ ਸਮਾ ਕੰਪਿਊਟਰ ਦੀ ਖੁਲ੍ਹੀ ਪਹੁੰਚ ਤੋਂ ਪਰੇ ਰਹਿਣ ਸਦਕਾ ਕੁਝ ਲਿਖਿਆ ਨਹੀਂ ਜਾ ਸਕਿਆ। ਪਿਛਲੇ ਮਹੀਨੇ ਵਿਚ ਬਹੁਤ ਹੀ ਚੰਗੀਆਂ ਮੰਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਤਿੰਨ ਸੌ ਸਾਲਾ ਸ਼ਤਾਬਦੀਆਂ ਨੂੰ ਸਿੱਖ ਜਗਤ ਨੇ ਬੜੇ ਉਤਸ਼ਾਹ ਨਾਲ ਮਨਾਇਆ। ਨਵਾਂ ਸਾਲ ਵੀ ਆਇਆ ਤੇ ਉਸ ਦੇ ਭਾਣੇ ਅੰਦਰ ਬੀਤ ਰਿਹਾ ਹੈ। ਦਸਮ ਗੁਰੂ ਜੀ ਦਾ ਆਗਮਨ ਦਿਵਸ ਵੀ ਸੰਗਤਾਂ ਨੇ ਮਨਾਇਆ। ਸ੍ਰੀ ਮੁਕਤਸਰ ਸਾਹਿਬ ਵਿਖੇ ਚਾਲ਼ੀ ਮੁਕਤਿਆਂ ਦਾ ਤਿੰਨ ਸੌ ਸਾਲਾ ਸ਼ਹੀਦੀ ਦਿਹਾੜਾ ਵੀ, ਮਾਘੀ ਦੇ ਮੇਲੇ ਦੇ ਰੂਪ ਵਿਚ, ਕੌਮ ਨੇ ਜੋਸ਼ ਸਹਿਤ ਮਨਾਇਆ।

ਇਹਨਾਂ ਬਹੁਤ ਸਾਰੀਆਂ ਚੰਗੀਆਂ ਘਟਨਾਵਾਂ ਵਾਪਰਨ ਦੇ ਨਾਲ ਨਾਲ ਰੇਲ ਹਾਦਸੇ, ਸਮੁੱਚੇ ਪਰਵਾਰਾਂ ਦੇ ਕਤਲ, ਆਤਮ ਹੱਤਿਆਵਾਂ ਆਦਿ ਵਰਗੀਆਂ ਮੰਦਭਾਗੀਆਂ ਘਟਨਾਵਾਂ ਨੇ ਵੀ ਮਨੁੱਖੀ ਸੋਚ ਉਪਰ ਆਪਣਾ ਸੋਗਮਈ ਅਸਰ ਪਾਇਆ।

ਪਰ ੨੬ ਦਸੰਬਰ ਦੀ 'ਪਰਲੋ' ਨੇ ਤਾਂ ਮਨੁੱਖਤਾ ਦਾ ਸਾਹ ਹੀ ਸੂਤ ਲਿਆ। ਜਾਂਦਾ ਜਾਂਦਾ ਸਾਲ ੨੦੦੪ ਦੁਲੱਤਾ ਮਾਰ ਕੇ ਐਸ਼ਾਂ 'ਚ ਅੰਨ੍ਹੀ ਹੋਈ ਫਿਰਦੀ ਲੋਕਾਈ ਦਾ ਤ੍ਰਾਹ ਹੀ ਕੱਢ ਕੇ ਰੱਖ ਗਿਆ। "ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ" (ਪੰਨਾ ੧੩੮੩) ਸ਼ੇਖ਼ ਫ਼ਰੀਦ ਜੀ ਵਾਲੀ ਗੱਲ ਹੀ ਹੋਈ। ਇਸ ਮਹਾਂ ਭਿਆਨਕ ਪਾਣੀ ਦੀ ਮਾਰ ਨੇ ਮਨੁੱਖ ਨੂੰ ਦਰਸਾ ਦਿੱਤਾ ਕਿ ਕਾਦਰ ਦੀ ਕੁਦਰਤ ਦੀ ਸ਼ਕਤੀ ਦੇ ਸਾਹਮਣੇ ਉਸ ਦੀ ਹਸਤੀ ਕਿੰਨੀ ਨਿਗੂਣੀ ਹੈ। ਪੁਰਾਤਨ ਧਾਰਮਿਕ ਗ੍ਰੰਥਾਂ ਵਿਚ ਜਿਸ 'ਜਲ ਪਰਲੋ' ਦਾ ਜ਼ਿਕਰ ਆਉਂਦਾ ਹੈ, ਸ਼ਾਇਦ ਇਹ ਵੀ ਕੋਈ ਉਸ ਦਾ ਹੀ ਅਗਾਊਂ ਝਲਕਾਰਾ ਹੋਵੇ! ਇਹ ਵੀ ਵਿਚਾਰਵਾਨਾਂ ਦਾ ਵਿਚਾਰ ਹੈ ਕਿ ਜੇ ਕਿਤੇ ਇਹ ਭੁਚਾਲ ਦਸ ਕਿਲੋ ਮੀਟਰ ਡੂੰਘੇ ਸਮੁੰਦਰ ਵਿਚ ਨਾ ਆ ਕੇ ਧਰਤੀ ਉਪਰ ਆ ਜਾਂਦਾ ਤਾਂ ਸੱਚ-ਮੁੱਚ ਹੀ ਪਰਲੋ ਆ ਜਾਣ ਦਾ ਅਮਕਾਨ ਸੀ।

ਗੁਰਬਾਣੀ ਵਿਚ ਕਬੀਰ ਜੀ ਦੀ ਰਸਨਾ ਤੋਂ ਫ਼ਰਮਾਨ ਹੈ:

ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ॥
ਬਸਤੋ ਹੋਇ ਹੋਇ ਸੋੁ ਊਜਰੁ ਊਜਰੁ ਹੋਇ ਸੁ ਬਸੈ॥੧॥
ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥
ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ॥੨॥
ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥
ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥੩॥ *(੧੨੫੨)*

ਕਿਵੇਂ ਦਰਜਨ ਭਰ ਦੇਸ਼ਾਂ ਦੇ ਸਮੁੰਦਰੀ ਕਿਨਾਰਿਆਂ ਦੇ ਵਸਨੀਕ, ਅਤੇ ਰਮਣੀਕ ਸਮੁੰਦਰੀ ਸੈਰਗਾਹਾਂ ਉਤੇ ਪ੍ਰੇਮੀਆਂ ਤੇ ਪਰਵਾਰਾਂ ਸਮੇਤ ਛੁੱਟੀਆਂ ਮਨਾਉਣ ਗਏ ਲੋਕਾਂ ਦਾ, ਪਲ ਭਰ ਵਿਚ ਤੀਹ ਚਾਲ਼ੀ ਫੁੱਟ ਪਾਣੀ ਦੀ ਕੰਧ, ਕਾਲ ਬਣ ਕੇ ਆਈ ਤੇ ਆਪਣੇ ਨਾਲ ਸਭ ਕੁਝ ਰੋਹੜ ਕੇ ਲੈ ਗਈ। ਕੁਝ ਦੀਆਂ ਲਾਸ਼ਾਂ ਮਿਲੀਆਂ ਤੇ ਕੁਝ ਦੀਆਂ ਉਹ ਵੀ ਨਾ। ਜੋ ਬਚੇ ਉਹ ਵੀ ਲੱਖਾਂ ਵਾਲੇ ਕੱਖਾਂ ਤੋਂ ਹੌਲੇ ਹੋ ਗਏ। "ਵਜੀਦਾ ਕੌਣ ਆਖੇ ਸਾਹਿਬ ਨੂੰ, ਇੰਜ ਨਹੀਂ ਤੇ ਇੰਜ ਕਰ।"

ਸਰਬ ਸ਼ਕਤੀਮਾਨ ਮਾਲਕ ਹੀ ਜਾਣਦਾ ਹੈ ਕਿ ਉਸ ਦੀ ਕਰਨੀ ਵਿਚ, ਮਨੁੱਖਤਾ ਦੀ ਭਲਾਈ ਵਾਸਤੇ ਕੀ ਛੁਪਿਆ ਹੈ। ਉਸ ਦੀ ਜ਼ਰਾ ਕੁ ਵੀ ਨਜ਼ਰ ਟੇਢੀ ਹੋ ਜਾਵੇ ਤਾਂ ਕੀ ਦਾ ਕੀ ਹੋ ਸਕਦਾ ਹੈ। ਜ਼ਰਾ ਵਾਚੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮੁਖੋਂ ਉਚਰੀਆਂ ਅਗਲੀਆਂ ਤੁਕਾਂ ਨੂੰ:

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥
ਦਰਿ ਮੰਗਨਿ ਭਿਖ ਨ ਪਾਇਦਾ॥੧੬॥ *(੪੭੨)*

ਆਪਣੇ ਚੋਜਾਂ ਨੂੰ ਉਹ ਪਿਆਰਾ, "ਅਪਨੀ ਕੁਦਰਤਿ ਜਾਣੈ ਆਪਿ" (੩੯੦) ਦੇ ਮਹਾਂਵਾਕ ਅਨੁਸਾਰ ਆਪ ਹੀ ਜਾਣਦਾ ਹੈ। ਅਸੀਂ ਅਲਪੱਗ ਜੀਵ ਨਹੀਂ ਜਾਣ ਸਕਦੇ।

ਇਕਾ ਦੁਕਾ ਕਰਾਮਾਤਿ ਵਰਗੀਆਂ ਘਟਨਾਵਾਂ ਦੀਆਂ ਖ਼ਬਰਾਂ ਵੀ ਆਈਆਂ; ਜਿਵੇਂ ਕਿ ਕੋਈ ਕੁਝ ਦਿਨਾਂ ਬਾਅਦ ਮਲਬੇ ਹੇਠੋਂ ਜੀਂਦਾ ਨਿਕਲਿਆ, ਕੋਈ ਦਰੱਖ਼ਤ ਤੋਂ ਟੰਗਿਆ ਲਾਹਿਆ, ਕੋਈ ਬੱਚਾ ਚਟਾਈ 'ਤੇ ਬੈਠਾ ਤੇ ਚਟਾਈ ਪਾਣੀ 'ਤੇ ਤਰਦੀ ਪਾਈ ਗਈ, ਕਿਸੇ ਜਵਾਨ

ਬੀਬੀ ਦਾ ਮਾਰਗ ਦਰਸ਼ਨ ਵੱਡ ਆਕਾਰੀ ਸੱਪ ਨੇ ਕੀਤਾ ਤੇ ਇਸ ਤਰ੍ਹਾਂ ਉਹ ਕਿਸੇ ਹੋਰ ਦੇ ਦੋ ਜੁੜਵੇਂ ਬੱਚਿਆਂ ਨੂੰ, ਤਰ ਕੇ ਬਚਾਉਣ ਵਿਚ ਸਮਰੱਥ ਰਹੀ, ਆਦਿ ਕੁਦਰਤ ਦੇ ਕਹਿਰ ਸਾਹਮਣੇ ਅਪਵਾਦ ਸਰੂਪ ਘਟਨਾਵਾਂ ਵੀ ਘਟੀਆਂ।

ਜਿਵੇਂ ਕਿ ਹਰ ਚੰਗੀ ਦਿਸਣ ਵਾਲੀ ਘਟਨਾ ਪਿੱਛੇ ਕੋਈ ਮਾੜਾ ਅਸਰ ਛੁਪਿਆ ਹੁੰਦਾ ਹੈ, ਏਸੇ ਤਰ੍ਹਾਂ ਹਰੇਕ ਮੰਦੀ ਵਾਪਰਨਾ ਪਿੱਛੇ ਵੀ ਕੋਈ ਚੰਗਾ ਅਸਰ ਉਘੜ ਪੈਂਦਾ ਹੈ। ਇਸ ਪਦਾਰਥਵਾਦੀ ਤੇ ਮਹਾਂ ਸਵਾਰਥਵਾਦੀ ਯੁਗ ਵਿਚ ਵੀ ਜਿਵੇਂ ਇਸ ਕੁਦਰਤੀ ਆਫ਼ਤ ਸਮੇ ਜਨਤਾ ਵਿਚ ਪਰਉਪਕਾਰ ਤੇ ਦੁਖੀਆਂ ਦੀ ਸੇਵਾ ਤੇ ਸਹਾਇਤਾ ਲਈ ਉਤਸ਼ਾਹ ਉਗਮਿਆ ਹੈ, ਇਸ ਦੀ ਵੀ ਮਿਸਾਲ ਘੱਟ ਹੀ ਮਿਲਦੀ ਹੈ। ਵਾਹਿਗੁਰੂ ਕਰੇ ਮਨੁੱਖਤਾ ਦਾ ਮਾਨਵੀ ਪੱਖ ਏਸੇ ਤਰ੍ਹਾਂ ਹੀ ਪਰਗਟ ਹੁੰਦਾ ਰਹੇ ਅਤੇ ਇਸ ਦੇ ਨਾਲ ਹੀ ਸਰਬ ਸ਼ਕਤੀਮਾਨ ਰੱਬ ਤੋਂ ਆਉ ਸਾਰੇ ਹੀ ਅਸੀਂ ਕਰਤੇ ਦੀ ਕੁਦਰਤ ਸਾਹਮਣੇ ਬੇਵੱਸ ਜੀਵ ਰਹਿਮਤ ਮੰਗੀਏ ਤਾਂ ਕਿ ਉਹ ਆਪਣੀ ਹੀ ਸਾਜੀ ਸ੍ਰਿਸ਼ਟੀ ਦੇ ਜੀਵਾਂ ਨੂੰ ਏਨੀ ਕਠਨ ਪ੍ਰੀਖਿਆ ਵਿਚ ਨਾ ਪਾਵੇ। ਸਾਰੇ ਸੰਸਾਰ 'ਤੇ ਸੁਖ ਵਰਤਾਵੇ। ਅਸੀਂ ਅਲਪੱਗ ਜੀਵ ਬੇਨਤੀ ਹੀ ਕਰ ਸਕਦੇ ਹਾਂ ਤੇ ਇਸ ਬੇਨਤੀ ਰਾਹੀਂ ਸਦਾ ਸੁਖ ਦੇ ਚਾਹਵਾਨ ਰਹਿੰਦੇ ਹਾਂ। ਵੈਸੇ ਗੁਰੂ ਕੇ ਸਿੱਖ ਦਾ ਸਿਦਕ ਤਾਂ ਗੁਰੂ ਨਾਨਕ ਜੀ ਦੇ ਸ਼ਬਦਾਂ ਵਿਚ, "ਜੋ ਤੁਧੁ ਭਾਵੈ ਸਾਈ ਭਲੀ ਕਾਰ" (੩) ਉਪਰ ਸ਼ਾਕਰ ਰਹਿਣਾ ਹੀ ਹੋਣਾ ਚਾਹੀਦਾ ਹੈ ਪਰ ਫੇਰ ਵੀ ਸਵਾਰਥ ਵੱਸ ਅਸੀਂ ਕੁਦਰਤੀ ਕਹਿਰ ਤੋਂ ਬਚਣ ਲਈ ਹੱਥ ਪੈਰ ਮਾਰਦੇ ਹੀ ਰਹਿੰਦੇ ਹਾਂ।

ਸਰਬੱਤ ਜੀਆਂ ਦੀ ਭਲਾਈ ਵਾਸਤੇ, ਪੰਜਵੇਂ ਗੁਰੂ ਜੀ ਵੱਲੋਂ, ਰੱਬ ਦੀ ਦਰਗਾਹ ਵਿਚ ਕੀਤੀ ਗਈ ਇਸ ਪ੍ਰਾਰਥਨਾ ਦੇ ਨਾਲ ਆਪਣੀ ਗੱਲ ਬੰਦ ਕਰਦਾ ਹਾਂ:

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥ *(੧੨੫੧)*

# ਗੁਰੂ ਘਰਾਂ ਵਿਚ ਫ਼ਾਲਤੂ ਰੁਮਾਲਿਆਂ ਦੀ ਸਮੱਸਿਆ

ਗੁਰੂ ਜੀ ਦੇ ਸ਼ਰਧਾਲੂ ਸਿੱਖ ਆਪਣੇ ਖ਼ੂਨ ਪਸੀਨੇ ਦੀ ਕਮਾਈ ਨੂੰ ਆਪਣੇ ਬੱਚਿਆਂ ਦੇ ਮੂੰਹਾਂ ਵਿਚੋਂ ਬਚਾ ਕੇ, ਮਹਿੰਗੇ ਤੋਂ ਮਹਿੰਗਾ ਰੁਮਾਲਾ ਖ਼ਰੀਦ ਕੇ, ਗੁਰਦੁਆਰਾ ਸਾਹਿਬ ਵਿਖੇ ਲਿਆਉਂਦੇ ਹਨ। ਕੁਝ ਸੁੱਖਣਾ ਲਾਹੁਣ ਲਈ, ਕੁਝ ਵੇਖੋ ਵੇਖੀ, ਕੁਝ ਮਰਯਾਦਾ ਸਮਝ ਕੇ, ਕੁਝ ਧਰਮੀ ਪੁਜਾਰੀਆਂ ਦੀ ਪ੍ਰੇਰਨਾ, ਤੇ ਸ਼ਾਇਦ ਕੁਝ ਹੋਰ ਕਾਰਨਾਂ ਕਰਕੇ, ਹਰ ਰੋਜ਼ ਦੇਸ ਤੇ ਪਰਦੇਸ ਵਿਚਲੇ ਗੁਰਦੁਆਰਿਆਂ ਵਿਚ, ਲੱਖਾਂ ਦੀ ਗਿਣਤੀ ਵਿਚ ਰੁਮਾਲੇ ਮਹਾਰਾਜ 'ਤੇ ਚੜ੍ਹਾਏ ਜਾਂਦੇ ਹਨ। ਸਿਰਫ਼ ਇਕ ਵਾਰ ਗੁਰੂ ਗ੍ਰੰਥ ਸਾਹਿਬ ਨੂੰ ਛੁਹਾ ਕੇ ਤੇ ਫੇਰ ਲਾਹ ਕੇ ਕਿਸੇ ਕੋਠੜੀ ਅੰਦਰ ਸੁੱਟ ਦਿੱਤੇ ਜਾਂਦੇ ਹਨ, ਜਿਥੇ ਕੇਵਲ ਉਹ ਚੂਹਿਆਂ ਵਾਸਤੇ 'ਮਹੱਲਾਂ' ਦਾ ਕੰਮ ਹੀ ਦਿੰਦੇ ਹਨ ਤੇ ਪਰਦੇਸਾਂ ਵਿਚ ਅੱਗ ਦੇ ਖ਼ਤਰੇ ਦਾ ਕਾਰਨ ਵੀ ਬਣਦੇ ਹਨ। ਕੁਝ ਗ੍ਰੰਥੀ ਸਿੰਘ ਵੀ, ਕਿਸੇ ਅੰਧ ਵਿਸ਼ਵਾਸ ਦੇ ਅਸਰ ਹੇਠ, ਨਾ ਤਾਂ ਸੰਗਤਾਂ ਨੂੰ ਇਸ ਬੇਲੋੜੀ ਫ਼ਜ਼ੂਲ ਖ਼ਰਚੀ ਤੋਂ ਬਚਾ ਕੇ ਇਸ ਧਨ ਨੂੰ ਸਕਾਰਥ ਕਾਰਜਾਂ ਵਿਚ ਖ਼ਰਚਣ ਲਈ ਪ੍ਰੇਰਨਾ ਕਰਦੇ ਹਨ ਤੇ ਨਾ ਫਿਰ ਇਸ ਕੀਮਤੀ ਕੱਪੜੇ ਦੀ ਸੁਚੱਜੀ ਵਰਤੋਂ ਕਰਨ ਲਈ ਪ੍ਰਬੰਧਕਾਂ ਤੇ ਸੰਗਤਾਂ ਨੂੰ ਯੋਗ ਅਗਵਾਈ ਹੀ ਦਿੰਦੇ ਹਨ।

ਕੁਝ ਦਹਾਕੇ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੇ ਇਕ ਬਹੁਤ ਥੋਹੜੀ ਜਿਹੀ ਦਲੇਰੀ ਇਸ ਪਾਸੇ ਕੀਤੀ ਸੀ। ਸੰਗਤਾਂ ਨੂੰ ਤਸਵੀਰਾਂ ਵਾਲੇ ਰੁਮਾਲੇ ਗੁਰੂ ਗ੍ਰੰਥ ਸਾਹਿਬ ਜੀ 'ਤੇ ਚੜ੍ਹਾਉਣੋ ਰੋਕਿਆ ਸੀ। ਹੁਣ ਕੁਝ ਦਿਨ ਹੋਏ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਵਿਦਵਾਨ ਮੁਖ ਗ੍ਰੰਥੀ, ਸਿੰਘ ਸਾਹਿਬ ਗਿ. ਗੁਰਬਚਨ ਸਿੰਘ ਜੀ, ਨੇ ਆਖਿਆ ਕਿ ਸੰਗਤਾਂ ਗੁਰਬਾਣੀ ਦੀਆਂ ਤੁਕਾਂ ਲਿਖੇ ਵਾਲੇ ਰੁਮਾਲੇ ਖ਼ਰੀਦ ਕੇ ਨਾ ਚੜ੍ਹਾਉਣ। ਪਰ ਸਮੱਸਿਆ ਨੂੰ ਸਹੀ ਥਾਂ 'ਤੇ ਹੱਥ ਪਾਉਣ ਦਾ ਹੌਸਲਾ ਕੋਈ ਨਹੀਂ ਕਰਦਾ।

ਕੁਝ ਦਹਾਕੇ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚਲੇ ਗੁਰਦੁਆਰਾ ਸਾਹਿਬਾਨ ਵਿਖੇ ਸਟੋਰਾਂ ਵਿਚ ਰੁਲਦੇ ਰੁਮਾਲਿਆਂ ਵਿਚੋਂ, ਸਬੰਧਤ ਗੁਰਦੁਆਰਾ ਸਾਹਿਬ ਦੇ ਮੈਨੇਜਰ ਦੀ ਆਗਿਆ ਨਾਲ, ਨਿਹੰਗ ਸਿੰਘ, ਸੰਤ, ਮਹਾਤਮਾ ਆਦਿ ਰੁਮਾਲੇ ਲੈ ਜਾਇਆ ਕਰਦੇ ਸਨ। ਫਿਰ ਵੀ ਰੁਮਾਲੇ ਪੂਰੇ ਵਰਤੋਂ ਵਿਚ ਨਹੀਂ ਸਨ ਲਿਆਂਦੇ ਜਾ ਸਕਦੇ ਤੇ ਸਟੋਰਾਂ ਵਿਚ ਪਏ ਢੇਰਾਂ ਦੇ ਢੇਰ ਰੁਲਦੇ ਰਹਿੰਦੇ ਸਨ।

ਮੇਰੇ ਬਚਪਨ ਸਮੇ ਇਹਨਾਂ ਦੀ ਸੁਚੱਜੀ ਵਰਤੋਂ ਇਕ ਇਹ ਵੀ ਹੁੰਦੀ ਸੀ ਕਿ ਨਵ ਜਨਮੇ ਬੱਚੇ/ਬੱਚੀ ਨੂੰ ਜਦੋਂ ਪਰਵਾਰ ਪਹਿਲੀ ਵਾਰ ਮੱਥਾ ਟਿਕਾਉਣ ਗੁਰਦੁਆਰਾ ਸਾਹਿਬ ਵਿਚ ਲਿਜਾਇਆ ਕਰਦਾ ਸੀ ਤਾਂ ਓਦੋਂ ਗ੍ਰੰਥੀ ਸਿੰਘ, ਸਿਰੋਪੇ ਵਜੋਂ, ਉਸ ਬੱਚੇ ਨੂੰ, ਇਕ ਰੁਮਾਲੇ ਦੀ

ਬਖ਼ਸ਼ਸ਼ ਕਰਿਆ ਕਰਦੇ ਸਨ; ਜਿਸ ਦਾ ਪਰਵਾਰ ਵਾਲੇ ਚੋਲ਼ਾ ਬਣਾ ਕੇ ਬੱਚੇ ਦੇ ਗਲ਼ ਪਾਇਆ ਕਰਦੇ ਸਨ ਜੋ ਕਿ ਹੁਣ ਇਹ ਰਸਮ, ਨਵੀਂ ਵਿੱਦਿਆ ਦੀ ਰੌਸ਼ਨੀ ਵਿਚ, ਹੋਰ ਵੀ ਕਈ ਬਹੁਤ ਸਾਰੀਆਂ ਚੰਗੀਆਂ ਰਸਮਾਂ ਵਾਂਗ, ਅਲੋਪ ਹੋ ਚੁੱਕੀ ਹੈ।

੧੯੭੭ ਦੀ ਗੱਲ ਹੈ ਕਿ ਲੰਡਨ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਮੈਂ ਧਾਰਮਿਕ ਵਿਖਿਆਨ ਦੇਣ ਹਿਤ ਗਿਆ ਤਾਂ ਉਸ ਸਮੇ ਓਥੋਂ ਦੇ ਗ੍ਰੰਥੀ ਸਿੰਘ ਜੀ ਨੇ ਮੇਰੇ ਕੋਲੋਂ ਰੁਮਾਲਿਆਂ ਦੀ ਸਮੱਸਿਆ ਦਾ ਸਮਾਧਾਨ ਪੁੱਛਿਆ। ਉਸ ਨੇ ਵਿਖਾਇਆ ਕਿ ਕਿਵੇਂ ਗੁਰਦੁਆਰਾ ਸਾਹਿਬ ਦੀ ਗੈਲਰੀ ਰੁਮਾਲਿਆਂ ਦੀਆਂ ਪੰਡਾਂ ਨਾਲ ਭਰੀ ਪਈ ਹੈ ਤੇ ਇਹਨਾਂ ਵਿਚ ਚੂਹੇ ਲੁੱਡੀਆਂ ਪਾ ਰਹੇ ਹਨ। ਇਸ ਤੋਂ ਇਲਾਵਾ ਜੇਕਰ ਕਿਤੇ ਕੌਂਸਲ ਨੂੰ ਪਤਾ ਲੱਗ ਗਿਆ ਤਾਂ ਉਹਨਾਂ ਨੇ 'ਫ਼ਾਇਰ ਹੈਜ਼ਰਡ' ਦਾ ਦੋਸ਼ ਲਾ ਕੇ ਜੁਰਮਾਨਾ ਵੀ ਕਰਨਾ ਏਂ ਤੇ ਫ਼ੌਰੀ ਤੌਰ 'ਤੇ ਇਹਨਾਂ ਨੂੰ ਖ਼ਤਮ ਕਰਨ ਲਈ ਹੁਕਮ ਵੀ ਦੇ ਦੇਣਾ ਹੈ। ਓਹਨੀਂ ਦਿਨੀਂ ਬੰਗਲਾ ਦੇਸ਼ ਵਿਚ ਆਏ ਤੂਫ਼ਾਨ ਤੋਂ ਪ੍ਰਭਾਵਤ ਲੋਕਾਂ ਲਈ, ਗੁਰੂ ਘਰਾਂ ਵਿਚ ਮਾਇਆ, ਕੱਪੜੇ ਆਦਿ ਦੇਣ ਦੀ ਅਪੀਲ ਕੀਤੀ ਜਾ ਰਹੀ ਸੀ। ਮੈਂ ਸਟੇਜ 'ਤੇ ਸੁਝਾ ਦੇ ਦਿੱਤਾ ਕਿ ਇਹ ਰੁਮਾਲੇ ਵੀ ਓਥੇ ਲੋੜਵੰਦਾਂ ਨੂੰ ਭੇਜ ਦੇਣੇ ਚਾਹੀਦੇ ਹਨ। ਇਹ ਭਲੇ ਦਾ ਕਾਰਜ ਹੈ। ਦੀਵਾਨ ਦੀ ਸਮਾਪਤੀ 'ਤੇ ਇਕ ਗੁਰਸਿੱਖ ਸੱਜਣ ਬੜੇ ਜੋਸ਼ ਵਿਚ ਮੇਰੇ ਪਾਸ ਆਏ ਤੇ ਕੁਝ ਇਸ ਤਰ੍ਹਾਂ ਬੋਲੇ, "ਕੋਈ ਸਿਆਣੀ ਗੱਲ ਵੀ ਕਰ ਲਿਆ ਕਰੋ! ਕੀ ਸ਼੍ਰੋਮਣੀ ਕਮੇਟੀ ਵਾਲੇ ਤੁਹਾਨੂੰ ਏਹੀ ਕੁਝ ਸਿਖਾਉਂਦੇ ਨੇ!" ਦੱਸੋ ਮੈਂ ਕੀ ਉਤਰ ਦਿੰਦਾ! "ਇਕ ਚੁੱਪ ਤੇ ਸੌ ਸੁਖ।" ਸੋਚ ਕੇ ਚੁੱਪ ਰਿਹਾ।

ਇਸ ਗੱਲ ਦੀ ਮੈਨੂੰ ਅਜੇ ਤੱਕ ਸਮਝ ਨਹੀਂ ਆਈ ਕਿ ਜੇ ਅੱਜ ਗੁਰੂ ਕੇ ਸ਼ਰਧਾਲੂ ਸਿੱਖ ਸ਼ਬਦ-ਗੁਰੂ ਵਾਸਤੇ ਏਨੇ ਕੀਮਤੀ ਤੇ ਬਹੁਤਾਤ ਵਿਚ ਰੁਮਾਲੇ ਭੇਟ ਕਰਦੇ ਹਨ ਤਾਂ ਗੁਰੂ ਸਾਹਿਬ ਜੀ ਦੇ ਸਰੀਰਕ ਜਾਮੇ ਸਮੇ ਕਿੰਨੇ ਸੋਹਣੇ, ਕੀਮਤੀ ਤੇ ਬਹੁਲਤਾ ਵਿਚ ਬਸਤਰ ਭੇਟ ਕਰਦੇ ਹੋਣਗੇ! ਇਹਨਾਂ ਭੇਟ ਹੋਏ ਬਸਤਰਾਂ ਨੂੰ ਕੀ ਮਹਾਰਾਜ ਅੱਗ ਵਿਚ ਪਾ ਕੇ ਸਾੜਦੇ ਹੋਣਗੇ ਕਿ ਜਾਂ ਗੁਰਸਿੱਖਾਂ ਨੂੰ, ਉਹਨਾਂ ਦੇ ਪਹਿਨਣ ਵਾਸਤੇ ਬਖ਼ਸ਼ਦੇ ਹੋਣਗੇ! ਇਤਿਹਾਸ ਵਿਚ ਕਿਤੇ ਇਸ ਗੱਲ ਦਾ ਜ਼ਿਕਰ ਮੈਂ ਅਜੇ ਤੱਕ ਨਹੀਂ ਵੇਖਿਆ ਕਿ ਕਿਸੇ ਗੁਰੂ ਸਾਹਿਬ ਜੀ ਨੇ ਸੰਗਤਾਂ ਵੱਲੋਂ ਸ਼ਰਧਾ ਸਹਿਤ ਭੇਟ ਹੋਏ ਬਸਤਰ ਅੱਗ ਵਿਚ ਸਾੜੇ ਹੋਣ। ਸਗੋਂ ਇਸ ਤੋਂ ਉਲਟ, ਸ੍ਰੀ ਗੁਰੂ ਅਮਰ ਦਾਸ ਜੀ ਦੇ ਰੋਜ਼ਮੱਰਾ ਦੇ ਜੀਵਨ ਬਾਰੇ ਜ਼ਿਕਰ ਕਰਦੇ ਹੋਏ, ਪ੍ਰੋ. ਸਤਿਬੀਰ ਸਿੰਘ ਜੀ, ਆਪਣੀ ਪੁਸਤਕ *ਪਰਬਤੁ ਮੇਰਾਣੁ* ਦੇ ਪੰਨਾ ੫੫ ਉਪਰ, ਇਸ ਤਰ੍ਹਾਂ ਲਿਖਦੇ ਹਨ:

ਇਸ਼ਨਾਨ ਕਰਨ ਉਪ੍ਰੰਤ ਬਸਤਰ ਸਫ਼ੈਦ ਪਾਉਂਦੇ। ਜੋ ਇਕ ਵਾਰੀ ਬਸਤਰ ਪਾ ਲੈਂਦੇ, ਉਸ ਨੂੰ ਫਿਰ ਅੰਗੀਕਾਰ ਨਾ ਕਰਦੇ। ਪਹਿਲਾ ਬਸਤਰ ਗ਼ਰੀਬ ਲੋੜਵੰਦ ਨੂੰ ਦਿੰਦੇ। ਇਸ 'ਤੇ ਹੈਰਾਨੀ ਇਹ ਕਿ ਦੂਜਾ ਜੋੜਾ ਘਰ ਵਿਚ ਨਹੀਂ ਸੀ ਰੱਖਦੇ :

ਧਾਰੇ ਸੋ ਬਸਤਰ ਸੁਏਤ। ਦੂਜੇ ਨ ਰੱਖੈ ਨਕੇਤ॥
ਪਹਰੈ ਸੋ ਫੇਰ ਨਵੀਨ। ਯਹ ਬਖ਼ਸ਼ ਸਿੱਖਨ ਕੀਨ॥੨੦॥

*(ਮਹਿਮਾ ਪ੍ਰਕਾਸ਼, ਸਾਖੀ ਦੋ, ਪਾਤਿਸ਼ਾਹੀ ਤੀਜੀ)*

ਇਸ ਸਮੱਸਿਆ ਦੇ ਕੁਝ ਮੇਰੀ ਸਾਧਾਰਨ ਸਮਝ ਵਿਚ ਆਉਣ ਵਾਲੇ ਸਰਲ ਸਮਾਧਾਨ:

੧. ਸੰਗਤਾਂ ਨੂੰ ਸਮੇ ਸਮੇ ਪ੍ਰਬੰਧਕਾਂ ਵੱਲੋਂ ਤੇ ਗ੍ਰੰਥੀ ਸਿੰਘਾਂ ਵੱਲੋਂ ਪ੍ਰੇਰਿਆ ਜਾਂਦਾ ਰਹੇ ਕਿ ਰੁਮਾਲੇ ਵਾਲੀ ਰਕਮ ਕਿਸੇ ਹੋਰ ਲੋੜੀਂਦੇ ਥਾਂ ਲਾਵੋ। ਭਾਵੇਂ ਇਹ ਗੱਲ ਛੇਤੀ ਕਿਸੇ ਵਿਰਲੇ ਦੀ ਹੀ ਸਮਝ ਵਿਚ ਆਵੇਗੀ ਪਰ ਅਸੀਂ, ਜਿਨ੍ਹਾਂ ਦੀ ਡਿਊਟੀ ਹੀ ਸੱਚੇ ਪ੍ਰਚਾਰ ਦੀ ਹੈ, ਇਸ ਤੋਂ ਕਿਉਂ ਮੂੰਹ ਮੋੜੀਏ!
੨. ਪਹਿਲੀ ਵਾਰ ਬੱਚੇ/ਬੱਚੀ ਨੂੰ ਗੁਰੂ ਘਰ ਵਿਚ ਲਿਆਣ ਸਮੇ, ਗੁਰੂ ਘਰ ਤੋਂ ਗ੍ਰੰਥੀ ਸਿੰਘ ਜੀ ਵੱਲੋਂ, ਉਸ ਨੂੰ ਰੁਮਾਲੇ ਦਾ ਸਿਰੋਪਾ ਬਖ਼ਸ਼ਿਆ ਜਾਵੇ। ਉਹ ਚੋਲ਼ਾ ਬਣਾ ਕੇ ਬੱਚੇ ਦੇ ਗਲ ਪਾਉਣ ਜਾਂ ਨਾ ਪਾਉਣ।
੩. ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਜਿਵੇਂ ਇਕ ਸੇਹਰਾ ਭੇਟਾ ਕਰਨ ਵਾਲੇ ਹਰੇਕ ਸ਼ਰਧਾਲੂ ਨੂੰ ਇਕ ਸੇਹਰਾ ਮਹਾਰਾਜ ਦੀ ਬੀੜ ਤੋਂ ਲੈ ਕੇ ਬਖ਼ਸ਼ਿਆ ਜਾਂਦਾ ਸੀ; ਏਸੇ ਹੀ ਮਰਯਾਦਾ ਅਨੁਸਾਰ ਹਰੇਕ ਨਵਾਂ ਰੁਮਾਲਾ ਲਿਆਉਣ ਵਾਲੇ ਨੂੰ ਵੀ, ਗੁਰੂ ਘਰ ਵੱਲੋਂ ਪੁਰਾਣੇ ਰੁਮਾਲਿਆਂ ਵਿਚੋਂ ਗ੍ਰੰਥੀ ਸਿੰਘ ਇਕ ਰੁਮਾਲੇ ਦੀ ਬਖ਼ਸ਼ਸ਼ ਕਰੇ। ਅੱਗੋਂ ਉਸ ਲਿਆਉਣ ਵਾਲੇ ਦੀ ਮਰਜ਼ੀ 'ਤੇ ਛੱਡ ਦਿੱਤਾ ਜਾਵੇ ਕਿ ਉਸ ਨੇ ਇਸ ਦੀ ਕਿਵੇਂ ਯੋਗ ਵਰਤੋਂ ਕਰਨੀ ਹੈ।
੪. ਨਵੀਂ ਸੋਚ ਵਾਲੇ ਵਿਦਵਾਨ ਸਿੱਖਾਂ ਵੱਲੋਂ, ਗੁਰੂ ਘਰ ਦੇ ਗ੍ਰੰਥੀ ਸਿੰਘਾਂ ਨੂੰ ਵੀ ਇਹ ਸਮਝਾਉਣ ਦੀ ਲੋੜ ਹੈ ਕਿ ਜੇਕਰ ਗੁਰੂ ਸਾਹਿਬਾਨ ਆਪਣੇ ਪੰਜ ਭੂਤਕ ਸਰੀਰਕ ਜਾਮੇ ਸਮੇ, ਆਪਣੇ ਪੁਰਾਣੇ ਬਸਤਰ ਜਾਂ ਜੋ ਵਸਤੂਆਂ ਆਦਿ ਪ੍ਰੇਮੀ ਸਿੱਖਾਂ ਨੂੰ ਬਖ਼ਸ਼ਿਆ ਕਰਦੇ ਸਨ ਤੇ ਪ੍ਰੇਮੀ ਸਿੱਖ ਬੜੀ ਸ਼ਰਧਾ ਨਾਲ ਉਹਨਾਂ ਨੂੰ ਪਹਿਨਿਆ ਕਰਦੇ ਸਨ; ਤੇ ਇਹ ਕੁਝ ਕਰਦਿਆਂ ਉਹਨਾਂ ਵਸਤੂਆਂ ਦਾ ਤ੍ਰਿਸਕਾਰ ਨਹੀਂ ਬਲਕਿ ਸਤਿਕਾਰ ਹੋਇਆ ਸਮਝਦੇ ਸਨ। ਉਹ ਆਪ ਵੀ ਇਸ ਗੱਲ ਨੂੰ ਸਮਝਣ ਤੇ ਸੰਗਤਾਂ ਨੂੰ ਵੀ ਸਮਝਾਉਣ ਕਿ ਜੇਕਰ ਗੁਰੂ ਘਰ

ਵੱਲੋਂ ਬਖ਼ਸ਼ਿਸ਼ ਰੁਮਾਲਾ ਗੁਰੂ ਕੇ ਸਿੱਖ ਵਰਤਣ ਤਾਂ ਇਹ ਇਸ ਦੇ ਸਤਿਕਾਰ ਤੋਂ ਬਿਨਾ ਹੋਰ ਕੁਝ ਨਹੀਂ, ਸਗੋਂ ਗੁਰੂ ਵਲੋਂ ਬਖ਼ਸ਼ੀ ਵਸਤੂ ਨੂੰ, ਉਸ ਮਕਸਦ ਲਈ ਨਾ ਵਰਤਣਾ, ਜਿਸ ਲਈ ਉਸ ਦੀ ਵਰਤੋਂ ਹੋ ਸਕਦੀ ਹੈ, ਤ੍ਰਿਸਕਾਰ ਹੈ। ਰੁਮਾਲਿਆਂ ਦਾ ਸਾੜਨਾ, ਜਿਸ ਨੂੰ ਭੁਲੇਖੇ ਵੱਸ ਸਸਕਾਰ ਕਰਨਾ ਕਿਹਾ ਜਾਂਦਾ ਹੈ, ਅਤੀ ਤ੍ਰਿਸਕਾਰ ਹੈ ਤੇ ਨਾ ਬਖ਼ਸ਼ਿਆ ਜਾਣ ਵਾਲਾ ਅਪਰਾਧ ਹੈ; ਹਰ ਪੱਖੋਂ ਹੀ। ਹਾਂ, ਇਹ ਵੱਖਰੀ ਗੱਲ ਹੈ ਕਿ ਜੇਕਰ ਇਹ ਰੁਮਾਲਾ ਕਿਸੇ ਵਿਅਕਤੀ ਦੇ ਵਰਤੇ ਜਾਣ ਤੋਂ ਬਾਅਦ ਮਹਾਰਾਜ ਲਈ ਵਰਤਿਆ ਜਾਵੇ ਤਾਂ ਇਹ ਸਤਿਕਾਰ ਨਹੀਂ; ਅਜਿਹਾ ਕਦਾਚਿਤ ਨਹੀਂ ਕਰਨਾ ਚਾਹੀਦਾ।

੫. ਜਿਸ ਲੋੜਵੰਦ ਪਰਵਾਰ ਨੂੰ, ਗੁਰੂ ਘਰ ਦੇ ਪ੍ਰਬੰਧਕ ਅਧਿਕਾਰੀ ਸਮਝਣ, ਉਸ ਨੂੰ ਪਰਵਾਰਕ ਮੈਂਬਰਾਂ ਦੀ ਵਰਤੋਂ ਵਾਸਤੇ, ਲੋੜ ਅਨੁਸਾਰ ਪੁਰਾਣੇ ਰੁਮਾਲੇ ਬਖ਼ਸ਼ ਦਿੱਤੇ ਜਾਇਆ ਕਰਨ।

੬. ਗੁਰਦੁਆਰਾ ਸਾਹਿਬਾਨ ਵਿਖੇ ਆਉਣ ਵਾਲੇ ਬਿਨ ਪਗੜੀਏ ਸ਼ਰਧਾਲੂਆਂ ਵਾਸਤੇ, ਇਹਨਾਂ ਦੇ ਛੋਟੇ ਛੋਟੇ ਟੋਟੇ ਕਰ ਕੇ ਵੀ, ਗੁਰਦੁਆਰਾ ਸਾਹਿਬਾਨ ਦੇ ਦਰਵਾਜ਼ਿਆਂ ਦੇ ਬਾਹਰ ਰੱਖੇ ਜਾ ਸਕਦੇ ਹਨ।

ਕਿਉਂ ਨਹੀਂ ਸ਼੍ਰੋਮਣੀ ਕਮੇਟੀ ਦੇ ਵਿਦਵਾਨ, ਸੁਚੇਤ, ਸਿਆਣੇ, ਸੁਲਝੇ ਹੋਏ ਅਧਿਕਾਰੀ, ਇਸ ਪਾਸੇ ਧਿਆਨ ਦੇ ਕੇ ਸੰਗਤਾਂ ਦੀ ਯੋਗ ਅਗਵਾਈ ਕਰਨ ਦਾ ਉਦਮ ਕਰਦੇ! ਅੱਜ ਕਲ੍ਹ ਤਾਂ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ ਅਤੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਵੀ ਧਾਰਮਿਕ ਵਿੱਦਿਆ ਦੇ ਨਾਲ ਨਾਲ, ਦੁਨਿਆਵੀ ਵਿੱਦਿਆ ਪ੍ਰਾਪਤ ਡਿਗਰੀਧਾਰੀ ਵੀ ਹਨ। ਇਸ ਤੋਂ ਇਲਾਵਾ ਏਹਨੀਂ ਦਿਨੀਂ ਵੇਖਣ ਵਿਚ ਆ ਰਿਹਾ ਹੈ ਕਿ ਕਈ 'ਫ਼ਰੀਲਾਂਸ ਕਥਾਵਾਚਕ' ਵੀ, ਜੋ ਕਿ ਯੂਨੀਵਰਸਿਟੀਆਂ ਤੋਂ ਇਕ ਤੋਂ ਵਧ 'ਮਾਸਟਰ ਡਿਗਰੀਆਂ' ਪ੍ਰਾਪਤ ਕਰਤਾ ਹਨ, ਅਤੇ ਸਾਰੀ ਦੁਨੀਆ ਤੇ ਸਥਾਪਤ ਸਿੱਖ ਸੰਗਤਾਂ ਵਿਚ ਧਰਮ ਪ੍ਰਚਾਰ ਲਈ ਵਿਚਰ ਰਹੇ ਹਨ; ਸੰਗਤਾਂ ਤੇ ਪ੍ਰਬੰਧਕਾਂ ਨੂੰ ਇਸ ਅਤਿ ਜ਼ਰੂਰੀ ਸਮੱਸਿਆ ਬਾਰੇ ਸਹੀ ਅਗਵਾਈ ਨਹੀਂ ਬਖ਼ਸ਼ ਰਹੇ। ਇਸ ਪਾਸੇ ਸੰਗਤਾਂ ਨੂੰ ਸੁਚੇਤ ਕਰਨ ਦੀ, ਮੇਰੇ ਖ਼ਿਆਲ ਵਿਚ, ਉਪ੍ਰੋਕਤ ਸਾਰੇ ਧਾਰਮਿਕ ਪੁਰਸ਼ਾਂ ਦੀ ਜ਼ੁੰਮੇਵਾਰੀ ਹੈ।

ਨਵੰਬਰ ੨੦੦੬ ਵਿਚ, ਇਸ ਕਿਤਾਬ ਦੀ ਛਪਾਈ ਦੌਰਾਨ, ਜਦੋਂ ਮੈਂ ਆਪਣੇ ਚਿਰਾਂ ਦੇ ਮਿੱਤਰ, ਗੰਭੀਰ ਵਿਦਵਾਨ, ਨਿਰਮਾਣ ਗੁਰਸਿੱਖ, ਸਤਿਕਾਰਯੋਗ ਗਿ. ਜੋਗਿੰਦਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਦਰਸ਼ਨਾਂ ਦੌਰਾਨ, ਉਹਨਾਂ ਨਾਲ ਇਸ ਸਮੱਸਿਆ ਬਾਰੇ ਵਿਚਾਰ-ਵਟਾਂਦਰੇ ਦੌਰਾਨ, ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਗੁਰਦੁਆਰਾ ਪ੍ਰਬੰਧਕਾਂ ਦੇ ਨਾਮ ਇਕ ਸੰਦੇਸ਼ ਜਾਰੀ ਕਰਨ ਕਿ ਰੁਮਾਲਿਆਂ ਨੂੰ ਸਾੜਨ ਦੀ ਬਜਾਇ ਇਹਨਾਂ ਦਾ ਸੁਚੱਜਾ ਉਪਯੋਗ ਕਰ/ਕਰਾ ਲਿਆ ਕਰਨ। ਕਿਸੇ ਵਹਿਮ ਅਧੀਨ ਇਹਨਾਂ ਨੂੰ ਸਾੜਨਾ ਯੋਗ ਨਹੀਂ ਹੈ। ਮੇਰੇ ਵਿਚਾਰਾਂ ਨਾਲ ਸਹਿਮਤੀ ਪਰਗਟ ਕਰਦਿਆਂ ਹੋਇਆਂ ਉਹਨਾਂ ਨੇ ਇਕ ਫ਼ੌਰੀ ਸੁਝਾ ਇਹ ਵੀ ਦਿੱਤਾ ਕਿ ਗੁਰਦੁਆਰਾ ਸਾਹਿਬਾਨ ਵਿਚਲੇ ਸਾਰੇ ਨਾ ਵਰਤਣ ਯੋਗ ਰੁਮਾਲਿਆਂ ਨੂੰ, ਡਾਕ ਰਾਹੀਂ ਪਾਰਸਲ ਕਰ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜ ਦਿੱਤੇ ਜਾਇਆ ਕਰਨ, ਏਥੇ ਉਹਨਾਂ ਦੀ ਯੋਗ ਵਰਤੋਂ ਕਰ ਲਈ ਜਾਇਆ ਕਰੇਗੀ।

ਉਹਨਾਂ ਵੱਲੋਂ ਅਜਿਹਾ ਗੁਰਦੁਆਰਾ ਪ੍ਰਬੰਧਕਾਂ ਦੇ ਨਾਮ ਕੋਈ ਸੰਦੇਸ਼ ਦਿੱਤਾ ਗਿਆ ਹੋਵੇ, ਇਸ ਦੀ ਅਜੇ ਤੱਕ ਮੇਰੇ ਕੋਲ ਕੋਈ ਸੂਚਨਾ ਨਹੀਂ ਹੈ।

ਫ਼ੇਸ ਬੁੱਕ ਤੋਂ ਪ੍ਰਾਪਤ ਫ਼ੋਟੋ



## ਮਸਲਾ ਕ੍ਰਿਪਾਨ ਦਾ

੧੯੮੯ ਦੀ ਪਾਰਲੀਮੈਂਟ ਦੀ ਇਲੈਕਸ਼ਨ ਵਿਚ, ਜੇਹਲ ਵਿਚ ਬੈਠੇ ਸ. ਸਿਮਰਨਜੀਤ ਸਿੰਘ ਮਾਨ ਜੀ ਨੂੰ, ਸਿੱਖ ਕੌਮ ਨੇ, ਤਰਨ ਤਾਰਨ ਹਲਕੇ ਤੋਂ, ਬੜੀ ਭਾਰੀ ਜਿੱਤ ਬਖ਼ਸ਼ੀ। ਸਰਦਾਰ ਜੀ ਦੀ ਹਿਮਾਇਤ ਪ੍ਰਾਪਤ, ਯਾਰਾਂ ਦੇ ਯਾਰਾਂ ਉਮੀਦਵਾਰ ਹੀ ਜਿੱਤ ਗਏ। ਪਰ ਸਰਦਾਰ ਮਾਨ ਜੀ ਕ੍ਰਿਪਾਨ ਦੇ ਮਸਲੇ 'ਤੇ ਅੜ ਗਏ। ਕਾਨੂੰਨੀ ਤੌਰ 'ਤੇ ਸਰਦਾਰ ਜੀ ਬਿਲਕੁਲ ਠੀਕ ਸਨ ਕਿ ਕ੍ਰਿਪਾਨ ਰੱਖਣਾ ਸਿੱਖਾਂ ਦਾ ਨਾ ਕੇਵਲ ਧਾਰਮਿਕ ਹੀ ਬਲਕਿ ਸੰਵਿਧਾਨਕ ਹੱਕ ਵੀ ਹੈ ਪਰ ਲੋਕ ਸਭਾ ਦੇ ਸਪੀਕਰ ਆਪਣੀ ਆਈ 'ਤੇ ਆ ਗਏ ਤੇ ਸਰਦਾਰ ਮਾਨ ਨੂੰ ਕ੍ਰਿਪਾਨ ਸਮੇਤ ਪਾਰਲੀਮੈਂਟ ਦੇ ਅੰਦਰ ਨਾ ਜਾਣ ਦਿੱਤਾ ਗਿਆ, ਤੇ ਨਾ ਹੀ ਸਰਦਾਰ ਜੀ ਸਹੁੰ ਚੁੱਕ ਕੇ ਲੋਕ ਸਭਾ ਦੇ ਮੈਂਬਰ ਬਣ ਸਕੇ; ਭਾਵੇਂ ਕਿ ਲੋਕਾਂ ਨੇ ਆਪ ਨੂੰ ਭਾਰੀ ਬਹੁਮੱਤ ਨਾਲ ਆਪਣਾ ਨੁਮਾਇੰਦਾ ਚੁਣਿਆ ਸੀ। ਇਹ ਗੱਲ ਵੱਖਰੀ ਹੈ ਕਿ ੧੯੯੮ ਦੀ ਇਲੈਕਸ਼ਨ ਸਮੇ ਆਪ ਨੇ ਇਹ ਸ਼ਰਤ ਨਾ ਰੱਖੀ ਤੇ ਇਲੈਕਸ਼ਨ ਜਿੱਤ ਕੇ ਮੈਂਬਰ ਬਣ ਗਏ। ਭਾਵੇਂ ਕਿ ੧੯੮੯ ਵਿਚ ਵੀ.ਪੀ. ਸਿੰਘ ਨੂੰ ਇਕ ਇਕ ਐਮ.ਪੀ. ਦੀ ਲੋੜ ਸੀ ਤੇ ਮਾਨ ਸਾਹਿਬ ਕੋਲ ਅੱਠ ਆਪਣੇ ਅਕਾਲੀ ਤੇ ਤਿੰਨ ਹੋਰ ਹਿਮਾਇਤੀ ਮੈਂਬਰ ਸਨ। ਤੇ ਇਸ ਤਰ੍ਹਾਂ ਆਪ ਮਨ ਮੰਨੇ ਮਹਿਕਮੇ ਵਾਲੀ ਵਜ਼ੀਰੀ ਵੀ ਪ੍ਰਾਪਤ ਕਰ ਸਕਦੇ ਸਨ ਪਰ ਆਪ ਨੇ ਅਸੂਲ ਨੂੰ ਪਹਿਲ ਦਿੱਤੀ ਤੇ ਬਿਨਾ ਕ੍ਰਿਪਾਨ ਪਾਰਲੀਮੈਂਟ ਦੇ ਅੰਦਰ ਨਾ ਗਏ।

ਇਹ ਇਕ ਹੋਰ ਵਾਕਿਆ, ਜਿਸ ਦਾ ਏਥੇ ਆਪਾਂ ਜ਼ਿਕਰ ਕਰਨ ਲੱਗੇ ਹਾਂ, ਉਸ ਤੋਂ ਪਹਿਲਾਂ ਦਾ ਹੈ। ੨੫ ਮਾਰਚ ੧੯੭੦ ਨੂੰ, ਜਸਟਿਸ ਗੁਰਨਾਮ ਸਿੰਘ ਜੀ ਨੂੰ ਮੁਖ ਮੰਤਰੀ ਦੇ ਅਹੁਦੇ ਤੋਂ ਲਾਹ ਕੇ, ੨੭ ਮਾਰਚ ਵਾਲੇ ਦਿਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਮੁਖ ਮੰਤਰੀ ਥਾਪਿਆ ਗਿਆ ਸੀ। ਇਸ ਕਰਕੇ ਚੰਡੀਗੜ੍ਹ ਵਿਚ ਸਿਆਸੀ ਸਰਗਰਮੀਆਂ ਆਮ ਨਾਲੋਂ ਕਿਤੇ ਵਧ ਸਨ। ਅਕਾਲੀ ਪਾਰਟੀ ਨੂੰ ਅਸੈਂਬਲੀ ਕੰਪਲੈਕਸ ਵਿਚ ਮਿਲੇ ਹਾਲ ਅੰਦਰ ਅਕਸਰ ਹੀ ਪਾਰਟੀ ਹਾਈ ਕਮਾਂਡ ਦੀਆਂ ਮੀਟਿਗਾਂ ਚੱਲਦੀਆਂ ਰਹਿੰਦੀਆਂ ਸਨ। ਇਕ ਦਿਨ ਮੀਟਿੰਗ ਪਿੱਛੋਂ, ਸ. ਕ੍ਰਿਪਾਲ ਸਿੰਘ ਚੱਕ ਸ਼ੇਰਾ ਨੇ, ਸਾਰਿਆਂ ਨੂੰ ਸੁਣਾ ਕੇ ਤੇ ਸੰਤ ਫ਼ਤਿਹ ਸਿੰਘ ਜੀ ਨੂੰ ਸੰਬੋਧਨ ਕਰ ਕੇ ਆਖਿਆ, "ਚਲੋ ਸੰਤ ਜੀ ਆਪਾਂ ਅਸੈਂਬਲੀ ਦਾ ਇਜਲਾਸ ਵੇਖੀਏ!" ਸੰਤ ਜੀ ਨੇ ਆਪਣੇ ਸੁਭਾ ਅਨੁਸਾਰ ਲਮਕਵੀਂ ਜਿਹੀ ਟੋਨ ਵਿਚ ਇਹ ਸ਼ਬਦ ਉਚਰੇ, "ਕੀ ਜਾਣਾ ਏ!" ਫੇਰ ਸ. ਕ੍ਰਿਪਾਲ ਸਿੰਘ ਜੀ ਨੇ ਜ਼ਰਾ ਹੋਰ ਜ਼ੋਰ ਪਾ ਕੇ ਕਿਹਾ, "ਵੇਖੀਏ ਤਾਂ ਸਹੀ ਆਪਣੇ ਮੁੰਡੇ ਕਿਵੇਂ ਕੰਮ ਕਰਦੇ ਨੇ! ਅਸੀਂ ਉਹਨਾਂ 'ਤੇ ਨਜ਼ਰਸਾਨੀ ਰੱਖਣ ਦਾ ਆਪਣਾ ਹੱਕ ਕਿਉਂ ਛੱਡੀਏ!!" ਯਾਦ ਰਹੇ ਕਿ ਸ. ਕ੍ਰਿਪਾਲ ਸਿੰਘ ਜੀ ਨੂੰ ਆਮ ਅਕਾਲੀ ਲੀਡਰ

'ਚਾਚਾ' ਕਹਿ ਕੇ ਸੰਬੋਧਨ ਕਰਿਆ ਕਰਦੇ ਸਨ। ਮਾਲਵੇ ਦੇ ਤਕੜੇ ਲੈਂਡ ਲਾਰਡ ਹੋਣ ਕਰਕੇ, ਉਹ ਮਾਇਆ ਵੱਲੋਂ ਸੌਖੇ ਵੀ ਸਨ ਤੇ ਏਸੇ ਮਾਇਆ ਦੇ 'ਕ੍ਰਿਸ਼ਮੇ' ਕਰਕੇ ਹੀ ਆਪ ਅਕਾਲੀ ਲੀਡਰਾਂ ਦੀ ਮੋਹਰਲੀ ਕਤਾਰ ਵਿਚ ਰਹਿੰਦੇ ਸਨ। ੨ ਅਕਤੂਬਰ ੧੯੬੨ ਨੂੰ ਸੰਤ ਚੰਨਣ ਸਿੰਘ ਜੀ ਇਹਨਾਂ ਨੂੰ ਹੀ ਹਰਾ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਸਨ। ਮਾਸਟਰ ਤਾਰਾ ਸਿੰਘ ਜੀ ਦੀ ਲੀਡਰੀ ਦੌਰਾਨ ਆਪ ਅਕਸਰ ਹੀ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ, ਐਕਟਿੰਗ ਪ੍ਰਧਾਨ ਤੇ ਪ੍ਰਧਾਨ ਦੇ ਅਹੁਦਿਆਂ ਉਪਰ ਰਹਿੰਦੇ ਸਨ। ਕਮੇਟੀ ਦੀ ਮੀਟਿੰਗ ਆਦਿ ਲਈ ਜਦੋਂ ਵੀ ਅੰਮ੍ਰਿਤਸਰ ਆਉਂਦੇ ਸਨ ਤਾਂ ਸਰਾਂ ਵਿਚ ਰਹਿਣ ਦੀ ਬਜਾਇ ਸ਼ਹਿਰ ਦੇ ਗਰੈਂਡ ਹੋਟਲ ਵਿਚ ਨਿਵਾਸ ਰੱਖਿਆ ਕਰਦੇ ਸਨ ਤੇ ਐਗਜ਼ੈਕਟਿਵ ਕਮੇਟੀ ਦੀਆਂ ਮੀਟਿੰਗਾਂ ਆਦਿ ਵੀ ਏਸੇ ਹੋਟਲ ਵਿਚ ਹੀ ਕਰਿਆ ਕਰਦੇ ਸਨ। ਬਾਕੀ ਆਗੂਆਂ ਦੇ ਛਕਣ ਛਕਾਉਣ ਦਾ ਖ਼ਰਚਾ ਵੀ ਇਹਨਾਂ ਦੇ ਪੱਲਿਉਂ ਹੀ ਹੁੰਦਾ ਸੀ। ਖ਼ਰਚ ਕਰਨ ਵਿਚ ਆਪ ਬੜੇ ਹੀ ਦਲੇਰ ਸਮਝੇ ਜਾਂਦੇ ਸਨ।

ਇਸ ਪਿੱਛੋਂ ਸਾਰੇ ਹੀ ਉਠ ਕੇ ਤੁਰ ਪਏ ਤੇ ਸਪੀਕਰ ਵਾਲੇ ਪਾਸਿਉਂ ਗਵਰਨਰ ਦੀ ਗੈਲਰੀ, ਜੋ ਕਿ ਸਪੀਕਰ ਦੇ ਖੱਬੇ ਹੱਥ ਹੁੰਦੀ ਹੈ, ਵਿਚ ਜਾ ਬੈਠੇ। ਜਿਨ੍ਹਾਂ ਆਗੂਆਂ ਦੇ ਨਾਂ ਇਸ ਵੇਲੇ ਮੈਨੂੰ ਯਾਦ ਹਨ, ਉਹ ਇਹ ਸਨ: ਸੰਤ ਫ਼ਤਿਹ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸੰਤ ਚੰਨਣ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਕ੍ਰਿਪਾਲ ਸਿੰਘ ਜੀ ਚੱਕ ਸ਼ੇਰਾ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਗੁ. ਪ੍ਰ. ਕਮੇਟੀ, ਗਿਆਨੀ ਕੇਹਰ ਸਿੰਘ ਜੀ ਵੈਰਾਗੀ ਪ੍ਰਾਪੇਗੰਡਾ ਸੈਕ੍ਰੇਟਰੀ ਸ਼੍ਰੋਮਣੀ ਅਕਾਲੀ ਦਲ; ਤੇ ਨਾਲ ਹੀ ਮੈਂ ਵੀ ਸਦਾ ਵਾਂਗ ਅੰਦਰ ਚਲਿਆ ਗਿਆ।

ਸੰਤ ਫ਼ਤਿਹ ਸਿੰਘ ਜੀ ਦੇ ਹੱਥ ਵਿਚ ਵੱਡੀ ਕ੍ਰਿਪਾਨ ਹਰ ਵੇਲੇ ਹੁੰਦੀ ਸੀ ਤੇ ਉਸ ਸਮੇ ਵੀ ਉਹ ਗੈਲਰੀ ਵਿਚ ਕ੍ਰਿਪਾਨ ਸਮੇਤ ਹੀ ਸੁਸ਼ੋਭਤ ਸਨ। ਉਹਨਾਂ ਦੇ ਹੱਥ ਵਿਚ ਕ੍ਰਿਪਾਨ ਵੇਖ ਕੇ, ਇਕ ਕਾਂਗਰਸੀ ਮੈਂਬਰ, ਸ਼੍ਰੀ ਗੁਰਦਿਆਲ ਸੈਣੀ ਜੀ, ਨੇ ਸਵਾਲ ਉਠਾ ਦਿੱਤਾ ਕਿ ਕੀ ਅਸੈਂਬਲੀ ਵਿਚ ਕੋਈ ਕ੍ਰਿਪਾਨ ਲੈ ਕੇ ਆ ਸਕਦਾ ਹੈ! ਸਪੀਕਰ ਸ. ਦਰਬਾਰਾ ਸਿੰਘ ਜੀ ਸਮੇ ਸਿਰ ਕੋਈ ਇਸ ਸਵਾਲ ਦਾ ਉਤਰ ਨਾ ਦੇ ਸਕੇ। ਇਸ ਭੰਬਲਭੂਸੇ ਜਿਹੇ ਦੌਰਾਨ, ਕੁਝ ਅਕਾਲੀ ਮੈਂਬਰਾਂ ਤੇ ਵਜ਼ੀਰਾਂ ਨੇ ਆਖਿਆ ਕਿ ਉਹ ਤਾਂ ਗਾਤਰੇ ਕ੍ਰਿਪਾਨਾਂ ਸਮੇਤ ਹੀ ਆਉਂਦੇ ਹਨ; ਤੇ ਸ. ਆਤਮਾ ਸਿੰਘ ਜੀ ਮਾਲ ਮੰਤਰੀ ਨੇ, ਵੱਖੀ ਤੋਂ ਆਪਣਾ ਝੱਗਾ ਚੁੱਕ ਕੇ, ਥੱਲੇ ਪਾਈ ਆਪਣੀ ਕ੍ਰਿਪਾਨ ਵੀ ਵਿਖਾਈ ਤੇ ਕੁਝ ਇਸ ਤਰ੍ਹਾਂ ਦੇ ਸ਼ਬਦ ਆਖੇ: ਅਸੀਂ ਤਾਂ ਹਮੇਸ਼ਾਂ ਹੀ ਹਾਲ ਅੰਦਰ ਗਾਤਰੇ ਕ੍ਰਿਪਾਨਾਂ ਪਾ ਕੇ ਆਉਂਦੇ ਹਾਂ। ਇਸ ਦੇ ਉਤਰ ਵਿਚ ਸੈਣੀ ਜੀ ਬੋਲੇ, "ਮੈਂ ਇਹਨਾਂ ਕ੍ਰਿਪਾਨਾਂ ਦੀ ਗੱਲ ਨਹੀਂ ਕਰ ਰਿਹਾ; ਮੈਂ ਤਾਂ ਉਹਨਾਂ ਵੱਡੀਆਂ ਕ੍ਰਿਪਾਨਾਂ ਦੀ ਗੱਲ ਕਰ ਰਿਹਾ ਹਾਂ ਜੇਹੜੀਆਂ ਕੁਝ ਲੋਕ ਗੈਲਰੀ ਵਿਚ ਫੜੀ ਬੈਠੇ ਹਨ। ਇਸ 'ਤੇ ਕੁਝ ਸਮਾ ਹਾਊਸ ਵਿਚ ਚੁੱਪ ਜਿਹੀ ਛਾਈ ਰਹੀ। ਵੱਡੀ ਕ੍ਰਿਪਾਨ ਕੇਵਲ ਸੰਤ ਫ਼ਤਿਹ ਸਿੰਘ ਜੀ ਕੋਲ ਹੀ ਸੀ। ਸੰਤ ਜੀ ਆਪਣੇ ਸੁਭਾ ਅਨੁਸਾਰ ਮੁਸਕਰਾਈ ਜਾ ਰਹੇ ਸਨ। ਏਨੇ ਚਿਰ ਨੂੰ ਸਪੀਕਰ ਦੇ ਸੈਕ੍ਰੇਟਰੀ, ਜੋ ਕਿ ਚੰਗੀ ਉਮਰ ਦੇ, ਪਤਲੇ ਜਿਹੇ, ਕਲੀਨ ਸ਼ੇਵਨ ਸੱਜਣ ਸਨ, ਉਠੇ, ਤੇ ਸਪੀਕਰ ਦੇ ਕੰਨ ਵਿਚ ਉਹਨਾਂ ਨੇ ਕੁਝ 'ਘੁਸਰ ਮੁਸਰ' ਜਿਹੀ ਕੀਤੀ ਤੇ ਸਪੀਕਰ ਜੀ ਇਕਦਮ ਬੋਲ ਉਠੇ, Galleries are not the part of the house." ਅਰਥਾਤ ਗੈਲਰੀਆਂ ਹਾਊਸ ਦਾ ਹਿੱਸਾ ਨਹੀਂ ਹਨ। ਇਸ ਪਿੱਛੋਂ ਇਹ ਮਸਲਾ ਅਸੈਂਬਲੀ ਵਿਚੋਂ ਸਮਾਪਤ ਹੋ ਗਿਆ।

ਅਗਲੇਰੇ ਦਿਨ ਸੰਤ ਫ਼ਤਿਹ ਸਿੰਘ ਜੀ ਦਾ ਰੋਸੇ ਭਰਪੂਰ ਵਿਸਤ੍ਰਿਤ ਲੇਖ ਅਖ਼ਬਾਰਾਂ ਵਿਚ ਆ ਗਿਆ; ਜਿਸ ਦਾ ਸਾਰ ਕੁਝ ਇਸ ਪ੍ਰਕਾਰ ਸੀ: ਉਹਨਾਂ ਦਿਨਾਂ ਵਿਚ, ਜਦੋਂ ਕਿ ਸਾਡੇ ਵਿਰੋਧੀ ਮੁਖ ਮੰਤਰੀ, ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਸਾਰੇ ਪੰਜਾਬ ਵਿਚ ਤੂਤੀ ਬੋਲਦੀ ਸੀ ਤੇ ਹਰ ਪਾਸੇ 'ਕੁਚਲ ਦੂੰ, ਕੁਚਲ ਦੂੰ' ਦਾ ਬੋਲ ਬਾਲਾ ਸੀ, ਮੈਂ ਅਸੈਂਬਲੀ ਦਾ ਇਜਲਾਸ ਵੇਖਣ ਵਾਸਤੇ ਗਿਆ; ਤਾਂ ਕੀ ਵੇਖਿਆ : ਸਪੀਕਰ ਵਾਲੀ ਲਿਫ਼ਟ ਦੇ ਮੂਹਰੇ, ਮੇਰੇ ਪਹੁੰਚਣ ਤੋਂ ਪਹਿਲਾਂ ਹੀ ਸਪੀਕਰ, ਸ. ਗੁਰਦਿਆਲ ਸਿੰਘ ਢਿਲੋਂ, ਦੀ ਅਗਵਾਈ ਹੇਠ, ਸਾਰੀ ਵਜ਼ਾਰਤ, ਸਮੇਤ ਸਰਦਾਰ ਕੈਰੋਂ ਦੇ, ਮੇਰੇ ਸਵਾਗਤ ਲਈ ਖੜ੍ਹੀ ਸੀ। ਪਹਿਲਾਂ ਮੈਨੂੰ ਲਿਫ਼ਟ ਵਿਚ ਚੜ੍ਹਾ ਕੇ ਫੇਰ ਸਪੀਕਰ ਤੇ ਬਾਕੀ ਵਜ਼ੀਰ ਲਿਫ਼ਟ ਵਿਚ ਸਵਾਰ ਹੋਏ। ਸਤਿਕਾਰ ਸਹਿਤ ਮੈਨੂੰ ਏਸੇ ਹੀ ਗੈਲਰੀ ਵਿਚ ਲਿਆ ਕੇ ਬਿਠਾਇਆ ਗਿਆ ਤੇ ਫੇਰ ਸੈਸ਼ਨ ਦੀ ਕਾਰਵਾਈ ਸ਼ੁਰੂ ਹੋਈ। ਸ਼ੁਰੂ ਵਿਚ ਸਪੀਕਰ ਨੇ ਮੇਰੇ ਬਾਰੇ ਕੁਝ ਸਵਾਗਤੀ ਸ਼ਬਦ ਵੀ ਆਖੇ। ਏਹੋ ਕ੍ਰਿਪਾਨ ਉਸ ਸਮੇ ਵੀ ਮੇਰੇ ਹੱਥ ਵਿਚ ਸੀ। ਪਰ ਕਿਸੇ ਨੇ ਇਸ ਬਾਰੇ ਕੁਝ ਨਾ ਕਿਹਾ। ਏਸੇ ਕ੍ਰਿਪਾਨ ਸਮੇਤ ਹੀ ਮੈਂ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਆਦਿ ਆਗੂਆਂ ਨੂੰ ਮਿਲਣ ਜਾਂਦਾ ਰਿਹਾ। ਏਸੇ ਕ੍ਰਿਪਾਨ ਨਾਲ ਹੀ ਏਅਰ ਇੰਡੀਆ ਦੇ ਜਹਾਜ਼ 'ਤੇ ਬੈਠ ਕੇ ਵਲੈਤ ਵਿਚ ਚਰਚ ਆਫ਼ ਇੰਗਲੈਂਡ ਦੇ, ਆਰਚ ਬਿਸ਼ਪ ਆਫ਼ ਕੈਂਟਰਬਰੀ, ਨੂੰ ਮਿਲਿਆ; ਪੂਰਬੀ ਜਰਮਨੀ ਦੇ ਪ੍ਰਧਾਨ ਤੇ ਹੋਰ ਯੂਰਪੀ ਆਗੂਆਂ ਨੂੰ ਵੀ ਏਸੇ ਕ੍ਰਿਪਾਨ ਸਮੇਤ ਹੀ ਮਿਲਿਆ; ਕਿਸੇ ਨੂੰ ਮੇਰੇ ਹੱਥ ਵਿਚ ਫੜੀ ਇਹ ਕ੍ਰਿਪਾਨ ਅਣਸੁਖਾਵੀਂ ਨਹੀਂ ਲੱਗੀ ਤੇ ਨਾ ਹੀ ਕਿਸੇ ਨੇ ਰੋਕਿਆ ਟੋਕਿਆ।

ਅੱਜ ਉਸ ਪੰਜਾਬ ਦੀ ਅਸੈਂਬਲੀ ਵਿਚ ਮੇਰੀ ਇਸ ਕ੍ਰਿਪਾਨ ’ਤੇ, ਇਕ ਥੋਹੜੀ ਜਿਹੀ ਉਮਰ ਵਾਲੇ ਸੱਜਣ ਨੇ ਇਤਰਾਜ਼ ਕਰਨ ਦੀ ਹਿਮਾਕਤ ਕੀਤੀ ਹੈ ਜਿਸ ਪੰਜਾਬ ਨੂੰ ਹੋਂਦ ਵਿਚ ਲਿਆਉਣ ਲਈ ਮੈਂ ਆਪਣੀ ਚਰਬੀ ਢਾਲੀ। ਇਸ ਸੂਬੇ ਵਿਚ ਮੇਰੀ ਆਪਣੀ ਪਾਰਟੀ ਦੀ ਸਰਕਾਰ ਹੈ।

ਦੋ ਕੁ ਦਿਨ ਬਾਅਦ ਜਦੋਂ ਸੰਤ ਚੰਨਣ ਸਿੰਘ ਜੀ, ਚੰਡੀਗੜ੍ਹੋਂ ਅੰਮ੍ਰਿਤਸਰ ਜਾਂਦਿਆਂ ਰਸਤੇ ਵਿਚ ਇਕ ਸ਼ਹਿਰ, ਸ਼ਾਇਦ ਸਮਰਾਲਾ ਵਿਖੇ, ਰੁਕੇ, ਤਾਂ ਇਕ ਨੌਜਵਾਨ ਸੰਤ ਜੀ ਨੂੰ ਪਛਾਣ ਕੇ, ਪੰਜਾਬੀ ਵਿਚ ਛਪਿਆ ਹੋਇਆ ਭਾਰਤ ਦਾ ਸੰਵਿਧਾਨ ਲੈ ਕੇ ਆਇਆ, ਤੇ ਉਹ ਪੰਨਾ ਕੱਢ ਕੇ, ਪੜ੍ਹਨ ਵਾਸਤੇ, ਸੰਤ ਜੀ ਦੇ ਅੱਗੇ ਕੀਤਾ। ਉਹਨਾਂ ਨੇ ਅੱਗੋਂ ਮੈਨੂੰ ਪੜ੍ਹਨ ਵਾਸਤੇ ਫੜਾ ਦਿੱਤਾ, ਜਿਸ ਵਿਚ ਸੰਵਿਧਾਨ ਦੀ ਧਾਰਾ ੨੫ ਦਾ ਜ਼ਿਕਰ ਸੀ, ਤੇ ਜਿਸ ਵਿਚ ਇਹ ਦਰਜ ਸੀ ਕਿ ਕ੍ਰਿਪਾਨ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ ਤੇ ਇਸ ਨੂੰ ਕਿਸੇ ਸਥਾਨ ’ਤੇ ਵੀ ਬਿਨਾ ਰੋਕ ਟੋਕ ਦੇ ਲਿਜਾਇਆ ਸਕਦਾ ਹੈ।

ਸਭ ਤੋਂ ਲੰਮਾ ਸਮਾ ਚੱਲਣ ਵਾਲੇ ਤੇ ਸਭ ਤੋਂ ਵਧ ਕੁਰਬਾਨੀਆਂ ਲੈਣ ਵਾਲੇ ਮੋਰਚੇ ‘ਧਰਮਯੁਧ’ ਉਪ੍ਰੰਤ ਅਸੀਂ ਹੋਰ ਕਈ ਕੁਝ ਦੇ ਨਾਲ ਆਪਣਾ ਕ੍ਰਿਪਾਨ ਪਹਿਨਣ ਦਾ ਹੱਕ ਵੀ ਗੁਆ ਬੈਠੇ ਹਾਂ ਜਿਸ ਦੀ ਆਜ਼ਾਦੀ ਸਾਨੂੰ ਸਾਡੀ ਪ੍ਰਵਾਨਗੀ ਤੋਂ ਬਿਨਾ ਲਾਗੂ ਕੀਤੇ ਗਏ ਸੰਵਿਧਾਨ ਵਿਚ ਪਹਿਲਾਂ ਮਿਲੀ ਹੋਈ ਸੀ ਤੇ ਇਹ ਆਜ਼ਾਦੀ ਅਸੀਂ ਅੰਗ੍ਰੇਜ਼ੀ ਰਾਜ ਸਮੇ ਜੇਹਲਾਂ ਭਰ ਕੇ ਤੇ ਭਾਰੀ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਸੀ।

## ਗੁਰਦੁਆਰੇ ਦੀ ਲਾਇਬ੍ਰੇਰੀ

ਗੱਲ ਇਹ ੧੯੮੦ ਦੀ ਹੈ। ਉਹਨਾਂ ਦਿਨਾਂ ਦੌਰਾਨ ਪ੍ਰੈਸ ਵਿਚ ਰੂਸ ਦੇ ਪ੍ਰਧਾਨ, ਮਿਸਟਰ ਬ੍ਰਿਜ਼ਨੇਵ ਦੀ ਬੜੀ ਚਰਚਾ ਸੀ। ਮੈਂ ਸਿਡਨੀ ਦੀ ਜਾਰਜ ਸਟਰੀਟ ’ਤੇ ਤੁਰਿਆ ਜਾ ਰਿਹਾ ਸੀ ਕਿ ਅਚਾਨਕ ਖ਼ਿਆਲ ਆਇਆ ਕਿ ਸ਼ਾਇਦ ਇਹੀ ਮਿ. ਬ੍ਰਿਜ਼ਨੇਵ ਕਿਤੇ ਪਹਿਲਾਂ ਵੀ ਰੂਸ ਵਿਚ ਕਿਸੇ ਉਚ ਅਹੁਦੇ ’ਤੇ ਰਹਿ ਚੁਕਿਆ ਹੈ! *ਪ੍ਰੀਤਲੜੀ* ਰਸਾਲੇ ਵਿਚ, ਦਹਾਕੇ ਪਹਿਲਾਂ ਪੜ੍ਹੇ, ਕਿਸੇ ਲੇਖ ਦੀ ਧੁੰਦਲੀ ਜਿਹੀ ਯਾਦ ਅਨੁਸਾਰ, ਉਸਦੇ ਪਹਿਲਾਂ ਵੀ ਪ੍ਰਧਾਨ ਰਹਿ ਚੁੱਕੇ ਹੋਣ ਦਾ ਝਾਉਲਾ ਜਿਹਾ ਪੈਂਦਾ ਸੀ।

ਤਸੱਲੀ ਕਰਨ ਲਈ ਨੇੜੇ ਹੀ ਪੈਂਦੀ ਵਿਕਟੋਰੀਆ ਬਿਲਡਿੰਗ ਵਿਚ ਸਥਿਤ, ਸਿਡਨੀ ਕੌਂਸਲ ਦੀ ਵਿਸ਼ਾਲ ਲਾਇਬ੍ਰੇਰੀ ਵਿਚ ਮੈਂ ਚਲਾ ਗਿਆ। ਇਕ ਚੰਗੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲੀ ਲਾਇਬ੍ਰੇਰੀਅਨ ਬੀਬੀ ਨੇ ਮੁਸਕਰਾ ਕੇ ਸਵਾਗਤ ਕੀਤਾ ਅਤੇ ਮੇਰੇ ਕੁਝ ਉਚਰਨ ਤੋਂ ਪਹਿਲਾਂ ਹੀ, “May I help you sir?” ਆਖਦਿਆਂ ਹੋਇਆਂ ਸਹਾਇਤਾ ਹਿਤ ਪੇਸ਼ਕਸ਼ ਕੀਤੀ। ਮੈਂ *Who Is Who In Soviet Union* ਨਾਮ ਦੀ ਪੁਸਤਕ ਵੇਖਣ ਦੀ ਇੱਛਾ ਪ੍ਰਗਟਾਈ। ਉਸ ਨੇ ਬੜੀ ਨਿਮਰਤਾ ਅਤੇ ਮੁਆਫ਼ੀਆਨਾ ਲਹਿਜੇ ਨਾਲ ਇਸ ਬਾਰੇ ਅਣਜਾਣਤਾ ਦੱਸੀ। ਮੇਰੇ ਇਹ ਦੱਸਣ ’ਤੇ ਕਿ ਜੇਕਰ *Who Is Who In Australia, Who Is Who In US* ਨਾਮ ਦੀਆਂ ਕਿਤਾਬਾਂ ਹੋ ਸਕਦੀਆਂ ਹਨ ਤਾਂ *Who Is Who In Soviet Union* ਵੀ ਜ਼ਰੂਰ ਹੀ ਹੋਵੇਗੀ। ਤੁਸੀਂ ਯਾਦ ਕਰ ਕੇ ਲੱਭਣ ਦੀ ਕੋਸ਼ਸ਼ ਕਰੋ। ਕੁਝ ਸੈਕਿੰਡ ਹੀ ਮੱਥੇ ’ਤੇ ਜ਼ੋਰ ਪਾ ਕੇ ਸੋਚਣ ਉਪ੍ਰੰਤ ਮੁਸਕ੍ਰਾਹਟ ਸਹਿਤ, ਮੈਨੂੰ ਜ਼ਰਾ ਕੁ ਰੁਕਣ ਲਈ ਆਖ ਕੇ ਉਹ ਅੰਦਰ ਚਲੀ ਗਈ ਤੇ ਇਕ ਭਾਰੀ ਕਿਤਾਬ ਚੁੱਕ ਲਿਆਈ। ਕਿਤਾਬ ਨੂੰ ਮੇਰੇ ਸਾਹਮਣੇ ਕਾਊਂਟਰ ’ਤੇ ਰੱਖ ਕੇ, ਉਸ ਨੇ ਕੰਧ ’ਤੇ ਜੜੀ ਘੜੀ ਵੱਲ ਵੇਖਿਆ। ਲਾਇਬ੍ਰੇਰੀ ਬੰਦ ਹੋਣ ਵਿਚ ਸੱਤ ਕੁ ਮਿੰਟ ਹੀ ਰਹਿੰਦੇ ਸਨ। ਮੈਨੂੰ ਉਸ ਸੁਚੱਜੀ ਬੀਬੀ ਨੇ ਪੁੱਛਿਆ ਕਿ ਮੈਂ ਇਸ ਕਿਤਾਬ ਵਿਚੋਂ ਲਭਣਾ ਕੀ ਚਾਹੁੰਦਾ ਹਾਂ! ਮੇਰੇ ਇਹ ਦੱਸਣ ’ਤੇ ਕਿ ਇਸ ਵਿਚੋਂ ਮੈਂ ਮਿ. ਬ੍ਰਿਜ਼ਨੇਵ ਦੀ ਜੀਵਨੀ ’ਤੇ ਇਕ ਝਾਤੀ ਮਾਰਨੀ ਚਾਹੁੰਦਾ ਹਾਂ। ਉਸ ਨੇ ਮੇਰੇ ਵੇਖਦੇ ਹੀ ਵੇਖਦੇ ਬ੍ਰਿਜ਼ਨੇਵ ਦੀ ਜੀਵਨੀ ਵਾਲਾ ਸਾਰਾ ਹਿੱਸਾ ਫੋਟੋ ਕਾਪੀ ਕਰ ਕੇ ਮੇਰੇ ਅੱਗੇ ਲਿਆ ਰਖਿਆ। ਪੱਛਮੀ ਸਮਾਜ ਦੇ ਕਾਰਿੰਦਿਆਂ ਦੀ ਅਜਿਹੀ ਪ੍ਰਫੈਸ਼ਨਲ ਯੋਗਤਾ ਅਤੇ ਉਹਨਾਂ ਦਾ ਵਿਤਕਰੇ ਰਹਿਤ ਤੇ ਨਿਮਰਤਾ ਵਾਲਾ ਸਹਾਇਕ ਵਤੀਰਾ ਵੇਖ ਕੇ ਦਿਲ ਗਦ ਗਦ ਹੋ ਗਿਆ।

ਇਹ ਵਖਰਾ ਵਿਸ਼ਾ ਹੈ ਕਿ ਮਿ. ਬ੍ਰਿਜ਼ਨੇਵ ਦੀ ਜੀਵਨੀ ਪੜ੍ਹਨ ਤੋਂ ਮੇਰੇ ਸ਼ੱਕ ਦੀ ਪੁਸ਼ਟੀ ਹੋ ਗਈ। ਮਿ. ਬ੍ਰਿਜ਼ਨੇਵ ਅਪ੍ਰੈਲ ੧੯੬੪ ਤਕ ਯੂ.ਐਸ.ਐਸ.ਆਰ. ਦਾ ਪ੍ਰਧਾਨ ਰਿਹਾ ਸੀ ਜੋ ਕਿ ਮਿ. ਖ਼ਰੁਸਚੋਵ ਦੀ ਲੀਡਰਸ਼ਿਪ ਦੌਰਾਨ, ਸੰਵਿਧਾਨਕ ਪੱਖੋਂ ਵੀ ਤੇ ਅਮਲੀ ਤੌਰ ’ਤੇ ਵੀ, ਭਾਰਤ ਦੇ ਰਾਸ਼ਟਰਪਤੀ ਵਾਂਗ ਹੀ ਪੁਜ਼ੀਸ਼ਨ ਰੱਖਦਾ ਸੀ। ਫੇਰ ਓਸੇ ਸਾਲ ਹੀ ਅਰਥਾਤ ਅਕਤੂਬਰ ੧੯੬੪ ਵਿਚ ਮਿ: ਬ੍ਰਿਜ਼ਨੇਵ, ਮਿ: ਕੋਸੀਜਿਨ ਤੇ ਮਿ. ਪੋਦਗੋਰਨੀ ਦੀ ਤਿੱਕੜੀ ਨੇ ਸਾਜ਼ਸ਼ ਕਰ ਕੇ ਖ਼ਰੁਸਚੋਵ ਪਾਸੋਂ ਹਕੂਮਤ ਖੋਹ ਕੇ, ਉਸ ਨੂੰ ਜੇਹਲ ਦੀ ਦੁਨੀਆ ਦੀ ਸੈਰ ਕਰਵਾਉਣ ਜਾਂ ਅਗਲੇ ਜਹਾਨ ਪੁਚਾਉਣ ਦੀ ਥਾਂ, ਸਿਰਫ਼ ਖੁੱਡੇ ਲਾਈਨ ਲਾ ਕੇ ਹੀ ਬਖ਼ਸ਼ ਦਿੱਤਾ। ਨਤੀਜੇ ਵਜੋਂ ਪੋਦਗੋਰਨੀ ਪ੍ਰਧਾਨ,

ਕੋਸੀਜਿਨ ਪ੍ਰਧਾਨ ਮੰਤਰੀ ਤੇ ਬ੍ਰਿਜ਼ਨੇਵ ਪਾਰਟੀ ਦਾ ਮੁਖੀ, ਅਰਥਾਤ ਜਨਰਲ ਸਕੱਤਰ ਬਣਿਆ। ਫੇਰ ਹੌਲੀ ਹੌਲੀ ਉਸ ਨੇ ਸਾਰੀ ਰਾਜਸੀ ਸ਼ਕਤੀ ਆਪਣੇ ਹੱਥਾਂ ਵਿਚ ਲੈ ਲਈ। ਕੋਸੀਜਿਨ ਚਾਲੇ ਪਾ ਗਿਆ। ਅੰਤ ਵਿਚ ਪੋਦਗੋਰਨੀ ਨੂੰ ਲਾਹ ਕੇ ਪ੍ਰਧਾਨ ਵੀ ਖ਼ੁਦ ਹੀ ਬਣ ਬੈਠਾ।

ਕੁਝ ਸਮਾ ਹੋਇਆ ਮੈਂ ਇਕ ਸ਼ਹਿਰ ਦੇ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਸੱਦੇ ’ਤੇ ਓਥੇ ਗਿਆ। ਓਸੇ ਸ਼ਹਿਰ ਦੇ ਇਕ ਹੋਰ ਗੁਰਦੁਆਰਾ ਸਾਹਿਬ ਵਿਖੇ ਜਾਣ ਦਾ ਸੁਭਾਗ ਵੀ ਓਥੋਂ ਦੀ ਕਮੇਟੀ ਨੇ ਬਖ਼ਸ਼ਿਆ। ਮਹਾਰਾਜ ਦੀ ਹਜ਼ੂਰੀ ਵਿਚ ਹਾਜ਼ਰੀ ਲਾਉਣ ਉਪ੍ਰੰਤ, ਆਦਤ ਤੋਂ ਮਜਬੂਰ ਮੈਂ ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਵਿਚ ਜਾ ਪਹੁੰਚਿਆ। ਗੁਰੂ ਘਰਾਂ ਵਿਚ ਆਮ ਕਰਕੇ ਜਿਹੋ ਜਿਹੀਆਂ ਲਾਇਬ੍ਰੇਰੀਆਂ ਹੁੰਦੀਆਂ ਹਨ, ਉਸ ਨਾਲੋਂ ਕਿਤੇ ਵਧ ਸ਼ਾਨਦਾਰ ਲਾਇਬ੍ਰੇਰੀ ਵੇਖ ਕੇ ਪ੍ਰਸੰਨਤਾ ਹੋਈ।

ਕਿਤਾਬਾਂ ਵਾਲੀਆਂ ਅਲਮਾਰੀਆਂ ’ਤੇ ਝਾਤ ਮਾਰਦਿਆਂ ਹੋਇਆਂ ਭਾਈ ਵੀਰ ਸਿੰਘ ਜੀ ਲਿਖਤ ਕਿਤਾਬ *ਸੁਭਾਗ ਜੀ ਦਾ ਸੁਧਾਰ, ਹੱਥੀਂ ਬਾਬਾ ਨੌਧ ਸਿੰਘ* ’ਤੇ ਮੇਰੀ ਨਿਗਾਹ ਜਾ ਪਈ ਜੋ ਕਿ ਮੈਂ ਕਿਤੇ ਬਚਪਨ ਵਿਚ ਪੜ੍ਹੀ ਸੀ। ਉਸ ਵਿਚੋਂ ਇਕ ਹਵਾਲੇ ਦੀ ਜ਼ਰੂਰਤ ਸੀ। ਸੋਚਿਆ ਕਿ ਇਸ਼ੂ ਕਰਵਾ ਕੇ ਸਾਰੀ ਪੁਸਤਕ ਮੁੜ ਪੜ੍ਹੀ ਜਾਵੇ। ਇਹ ਸੋਚ ਕੇ ਇਨਚਾਰਜ ਦੇ ਸਾਹਮਣੇ ਜਾ ਹਾਜ਼ਰ ਹੋਇਆ। ਕਿਤਾਬ ਦੀ ਮੰਗ ਕੀਤੀ, ਪਰ ਉਸ ਨੇ ਮੈਨੂੰ ਕਿਤਾਬ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਇਸ ਦਾ ਕਾਰਨ ਵੀ ਦੱਸ ਦਿੱਤਾ।

ਵੈਸੇ ਇਹ ਵੇਖ ਕੇ ਦਿਲ ਉਹਨਾਂ ਪ੍ਰਬੰਧਕਾਂ ਦੀ ਸਿਆਣਪ ਦਾ ਕਾਇਲ ਜ਼ਰੂਰ ਹੋਇਆ ਜਿਨ੍ਹਾਂ ਨੇ ਕਿ ਗੁਰਦੁਆਰਾ ਸਾਹਿਬ ਦੇ ਦੀਵਾਨ, ਲੰਗਰ ਆਦਿ ਦਾ ਪ੍ਰਬੰਧ ਕਰਨ ਦੇ ਨਾਲ ਨਾਲ, ਸੰਸਥਾ ਦੀ ਸਮਰੱਥਾ ਅਨੁਸਾਰ ਲਾਇਬ੍ਰੇਰੀ ਦਾ ਪ੍ਰਬੰਧ ਵੀ ਕੀਤਾ ਹੋਇਆ ਹੈ।

ਸਭਿਅਕ ਮਨੁੱਖੀ ਸਮਾਜ ਦੀਆਂ ਸਰਕਾਰਾਂ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਆਪਣੇ ਕਾਰਜਕਰਮਾਂ ਵਿਚ ਲਾਇਬ੍ਰੇਰੀਆਂ ਦੀ ਸਥਾਪਨਾ ਨੂੰ ਵੀ ਯੋਗ ਸਥਾਨ ਦਿੰਦੀਆਂ ਹਨ।

ਗੁਰਦੁਆਰਾ ਸਿੱਖਾਂ ਦਾ ਧਰਮ ਮੰਦਰ, ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਧਰਮਸਾਲਾ ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇ ਤੋਂ ਗੁਰਦੁਆਰਾ ਕਰਕੇ ਜਾਣਿਆ ਜਾਂਦਾ ਹੈ - ਵਿਚ ਦੀਵਾਨ, ਲੰਗਰ ਆਦਿ ਦੇ ਪ੍ਰਬੰਧ ਪਿੱਛੋਂ ਇਕ ਢੁਕਵੀਂ ਲਾਇਬ੍ਰੇਰੀ ਦਾ ਹੋਣਾ ਵੀ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਬਾਕੀ ਚੀਜ਼ਾਂ ਦਾ ਹੋਣਾ। ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ ਅਨੁਸਾਰ:

ਸਿੱਖ ਗੁਰਦੁਆਰਾ ਵਿਦਿਆਰਥੀਆਂ ਵਾਸਤੇ ਸਕੂਲ, ਆਤਮਿਕ ਜਿਗਿਆਸਾ ਵਾਲਿਆਂ ਲਈ ਉਪਦੇਸ਼ਕ ਆਚਾਰੀਆ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤੀ ਦੀ ਪਤ ਲਈ ਮਜ਼ਬੂਤ ਕਿਲ੍ਹਾ ਅਤੇ ਮੁਸਾਫ਼ਰਾਂ ਲਈ ਆਰਾਮ ਸਥਾਨ ਹੈ।

ਇਸ ਦਾ ਤਕਰੀਬਨ ਇਹ ਅਰਥ ਹੋਇਆ ਕਿ ਗੁਰਦੁਆਰਾ ਨਾ ਕੇਵਲ ਧਾਰਮਿਕ ਰਸਮਾਂ ਦੀ ਪੂਰਤੀ ਵਾਸਤੇ ਹੀ ਹੈ ਬਲਕਿ ਗੁਰੂ ਸਾਹਿਬਾਨ ਨੇ ਇਸ ਸੰਸਥਾ ਦੀ ਕਾਇਮੀ, ਸਮਾਜ ਦੀ ਸਰਬਪੱਖੀ ਉਨਤੀ ਵਾਸਤੇ ਕੀਤੀ ਸੀ। ਗੁਰੂ ਸਾਹਿਬਾਨ ਦੇ ਸਮੇ ਅਤੇ ਪਿੱਛੋਂ ਵੀ ਗੁਰਦੁਆਰਾ ਸਾਹਿਬਾਨ ਵਿਖੇ ਦੁਰਲੱਭ ਵਿਦਿਅਕ ਗ੍ਰੰਥਾਂ ਨੂੰ ਪੂਰੀ ਪੂਰੀ ਸੰਭਾਲ ਸਹਿਤ ਰੱਖਿਆ ਜਾਂਦਾ ਤੇ ਇਹਨਾਂ ਦਾ ਪਠਨ ਪਾਠਨ ਹੋਇਆ ਕਰਦਾ ਸੀ।

ਜਦੋਂ ਕਿ ਜ਼ਾਲਮ ਹਮਲਾਵਰ ਹਾਰ ਜਾਣ ਵਾਲੀਆਂ ਕੌਮਾਂ ਦੇ ਧਾਰਮਿਕ ਤੇ ਵਿਦਿਅਕ ਸੋਮਿਆਂ ਨੂੰ ਜਾਣ ਬੁਝ ਕੇ ਤਬਾਹ ਕਰ ਦਿੰਦੇ ਜਾਂ ਫੇਰ ਚੋਰੀ ਜਾਂ ਸੀਨਾਜ਼ੋਰੀ ਕਰਕੇ ਖੋਹ ਖੜਦੇ ਸਨ, ਓਥੇ ਗੁਰੂ ਕੇ ਸੂਝਵਾਨ ਸਿੱਖ ਆਪਣੇ ਤੇ ਵਿਰੋਧੀਆਂ ਦੇ ਧਾਰਮਿਕ ਸਥਾਨਾਂ ਤੇ ਵਿਦਿਅਕ ਭੰਡਾਰਾਂ ਦੀ ਉਚੇਚੇ ਤੌਰ ’ਤੇ ਰੱਖਿਆ ਕਰਦੇ ਸਨ। ਮਿਸਾਲ ਵਜੋਂ ਅਸੀਂ ਪੜ੍ਹਦੇ ਹਾਂ ਇਤਿਹਾਸ ਵਿਚੋਂ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ੧੮੧੭ ਵਿਚ, ਪਿਸ਼ਾਵਰ ਨੂੰ ਜਿੱਤਣ ਵਾਸਤੇ ਫ਼ੌਜ ਭੇਜੀ ਤਾਂ ਉਸ ਦੇ ਜਰਨੈਲ, ਸਰਦਾਰ ਹਰੀ ਸਿੰਘ ਨਲੂਏ ਨੂੰ ਉਚੇਚੀ ਹਦਾਇਤ ਕੀਤੀ ਸੀ ਕਿ ਓਥੇ ਮੌਜੂਦ ਧਰਮ ਸਥਾਨ ਤੇ ਉਸ ਵਿਚ ਮੌਜੂਦ ਪੁਸਤਕਾਲੇ ਨੂੰ ਕੋਈ ਨੁਕਸਾਨ ਨਾ ਪੁੱਜੇ। ਉਸ ਦੀ ਉਚੇਚੀ ਰੱਖਿਆ ਤੇ ਸੰਭਾਲ ਕੀਤੀ ਜਾਵੇ।

ਇਸ ਦੇ ਉਲਟ ਜਦੋਂ ਇਸਲਾਮ ਦੇ ਦੂਜੇ ਖ਼ਲੀਫ਼ੇ, ਹਜ਼ਰਤ ਉਮਰ ਜੋ ਕਿ ਪੈਗ਼ੰਬਰ ਹਜ਼ਰਤ ਮੁਹੰਮਦ ਸਾਹਿਬ ਜੀ ਦੀ ਤੀਜੀ ਬੀਵੀ, ਹਫ਼ਸਾ ਦਾ ਪਿਤਾ ਸੀ, ਨੇ ੬੪੨ ਵਿਚ, ਮਿਸਰ ਦੇ ਸ਼ਹਿਰ, ਸਿਕੰਦਰੀਆ ਨੂੰ ਫ਼ਤਿਹ ਕੀਤਾ ਤਾਂ ਓਥੇ ਸੰਸਾਰ ਦੇ ਸਭ ਤੋਂ ਪ੍ਰਸਿੱਧ ਪੁਸਤਕਾਲੇ ਦੇ ਦਰਵਾਜ਼ੇ ਮੂਹਰੇ ਖਲੋ ਕੇ, ਇਹ ਆਖ ਕੇ ਉਸ ਨੂੰ ਸਾੜਨ ਦਾ ਹੁਕਮ ਦੇ ਦਿੱਤਾ ਕਿ ਜੇਕਰ ਇਹਨਾਂ ਕਿਤਾਬਾਂ ਵਿਚ ਉਹ ਕੁਝ ਲਿਖਿਆ ਹੈ ਜੋ ਕੁਰਾਨ ਸ਼ਰੀਫ਼ ਵਿਚ ਨਹੀਂ; ਤਾਂ ਇਹ ਕੁਫ਼ਰ ਹੈ ਤੇ ਇਸ ਨੂੰ ਸਾੜ ਦੇਣਾ ਚਾਹੀਦਾ ਹੈ ਅਤੇ ਜੇਕਰ ਉਹ ਕੁਝ ਹੈ ਜੋ ਕੁਰਾਨ ਸ਼ਰੀਫ਼ ਵਿਚ ਹੈ; ਤਾਂ ਵੀ ਸਾੜ ਦੇਣਾ ਚਾਹੀਦਾ ਹੈ; ਕਿਉਂਕਿ ਉਹ ਕੁਰਾਨ ਸ਼ਰੀਫ਼ ਵਿਚ ਪਹਿਲਾਂ ਹੀ ਆ ਚੁੱਕਾ ਹੈ। ਇਹ ਲਾਇਬ੍ਰੇਰੀ ਆਪਣੇ ਸਮੇ ਸੰਸਾਰ ਦੀ ਸਭ ਤੋਂ ਪ੍ਰਸਿੱਧ ਲਾਇਬ੍ਰੇਰੀ ਸੀ। ਇਸ ਵਿਚ ਉਸ ਸਮੇ ਚਾਰ ਲੱਖ ਤੋਂ ਵਧ ਕਿਤਾਬਾਂ ਸਨ ਜਿਨ੍ਹਾਂ ਨੂੰ ਸਕ੍ਰੌਲ ਆਖਿਆ ਜਾਂਦਾ ਸੀ। ਕੋਈ ਉਸ ਸਮੇ ਸੰਸਾਰ ਦੀ ਪੁਸਤਕ ਅਜਿਹੀ ਨਹੀਂ ਸੀ, ਜਿਸ ਦਾ ਇਸਦੇ ਪ੍ਰਬੰਧਕਾਂ ਨੂੰ ਪਤਾ ਹੋਵੇ ਤੇ ਉਹ ਅਸਲ ਜਾਂ ਉਸ ਦੀ ਕਾਪੀ ਇਸ ਲਾਇਬ੍ਰੇਰੀ ਵਿਚ ਨਾ ਲਿਆਂਦੀ ਗਈ ਹੋਵੇ। ਮਹੀਨਿਆਂ ਬਧੀ ਅੱਗ ਇਸ ਮਹਾਨ ਸਾਹਿਤਕ ਖ਼ਜ਼ਾਨੇ ਨੂੰ ਸਾੜਦੀ ਰਹੀ।

ਸਿਕੰਦਰੀਆ ਦੀ ਲਾਇਬ੍ਰੇਰੀ ਸਾੜਨ ਦੀ ਗੱਲ ਹੋਈ ਜਾਂ ਉਸ ਤੋਂ ਪਹਿਲਾਂ ਆਰੀਆਂ ਵਲੋਂ ਹਿੰਦੁਸਤਾਨ ਦੇ ਅਸਲੀ ਵਸਨੀਕ, ਦ੍ਰਾਵੜਾਂ ਦੇ ਸਾਹਿਤ ਦੀ ਤਬਾਹੀ ਜਾਂ ਫੇਰ ਹਿੰਦੂਆਂ ਵਲੋਂ ਬੋਧੀਆਂ ਦੇ ਮੱਠ ਤੇ ਪੁਸਤਕਾਲੇ ਸਾੜਨ, ਅੰਗ੍ਰੇਜ਼ਾਂ ਵੱਲੋਂ ਸਿੱਖ ਰਾਜ ਖੋਹਣ ਸਮੇ ਮਾਇਕ ਤੇ ਸਾਹਿਤਕ ਖ਼ਜ਼ਾਨੇ ਦੀ ਲੁੱਟ ਵਾਲੀਆਂ ਘਟਨਾਵਾਂ ਤੇ ਬੀਤੇ ਦੀਆਂ ਬਾਤਾਂ ਹੋਈਆਂ; ਹੁਣ ਸਾਡੇ ਵੇਖਣ ਸਮੇ ਹੀ, ੧੯੮੪ ਵਿਚ ਪੰਜਾਬ ਅੰਦਰ ਸਥਿਤ ਤਕਰੀਬਨ ਸਾਰੇ ਹੀ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਉਪਰ ਇੰਦਰਾ ਦੀਆਂ ਫ਼ੌਜਾਂ ਨੇ ਕੀ ਚੰਦ ਚਾੜ੍ਹਿਆ! ਪੰਜ ਸਦੀਆਂ ਦਾ ਸਿੱਖ ਕੌਮ ਦਾ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਸ੍ਰੀ ਦਰਬਾਰ ਸਾਹਿਬ ਵਿਖੇ ਸੰਭਾਲਿਆ ਸਾਹਿਤਕ ਖ਼ਜ਼ਾਨਾ ਲੁੱਟ ਲਿਆ ਗਿਆ। ਆਪਣੇ ਪ੍ਰਚਾਰ ਸਾਧਨਾਂ ਰਾਹੀਂ ਝੂਠਾ ਪ੍ਰਚਾਰ ਇਹ ਕਰ ਦਿੱਤਾ ਗਿਆ ਕਿ ਭੱਜੇ ਜਾਂਦੇ ਅੱਤਵਾਦੀ ਅੱਗ ਲਾ ਕੇ ਲਾਇਬ੍ਰੇਰੀ ਨੂੰ ਸਾੜ ਗਏ ਹਨ।

ਸਰਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਦੇ ਸਮੇ ਦੌਰਾਨ, ਹਿੰਦ ਸਰਕਾਰ ਨੂੰ, ਸਬੂਤਾਂ ਦੇ ਆਧਾਰ 'ਤੇ ਵਾਰ ਵਾਰ ਚਿੱਠੀ ਲਿਖੀ ਜਾਇਆ ਕਰਦੀ ਸੀ ਕਿ ਓਪ੍ਰੇਸ਼ਨ ਬਲਿਊ ਸਟਾਰ ਸਮੇ, ਫ਼ੌਜ ਵਲੋਂ ਲਾਇਬ੍ਰੇਰੀ ਦੀ ਇਮਾਰਤ ਨੂੰ ਅੱਗ ਲਾਉਣ ਤੋਂ ਪਹਿਲਾਂ ਸਾਰੇ ਗ੍ਰੰਥ ਕੱਢ ਕੇ, ਅੰਮ੍ਰਿਤਸਰ ਵਿਚਲੇ ਮਿਲਟਰੀ ਹੈੱਡ ਕੁਆਰਟਰ ਨੂੰ ਲਿਜਾਏ ਗਏ ਸਨ। ਓਥੇ ਉਹਨਾਂ ਦੀ ਲਿਸਟ ਬਣਾ ਕੇ, ਵੀਹ ਟ੍ਰੰਕਾਂ ਵਿਚ ਬੰਦ ਕਰ ਕੇ, ਟਰੱਕਾਂ ਵਿਚ ਲੱਦ ਕੇ, ਮਿਲਟਰੀ ਵਾਲੇ ਅਣਜਾਣੀ ਥਾਂ ਨੂੰ ਲੈ ਗਏ ਸਨ। ਉਹ ਗ੍ਰੰਥ ਵਾਪਸ ਕੀਤੇ ਜਾਣ। ਸਰਕਾਰ ਨੇ ਇਹਨਾਂ ਵਾਰ ਵਾਰ ਲਿਖੀਆਂ ਗਈਆਂ ਚਿੱਠੀਆਂ ਦਾ ਜਵਾਬ ਦੇਣ ਦੀ ਵੀ ਲੋੜ ਨਾ ਸਮਝੀ। ਏਥੋਂ ਤਕ ਕਿ ਰਾਜ ਕਰ ਰਹੀ ਕਾਂਗਰਸ ਪਾਰਟੀ ਦੇ ਆਪਣੇ ਪਾਰਲੀਮੈਂਟ ਮੈਂਬਰ, ਸਰਦਾਰ ਜਗਮੀਤ ਸਿੰਘ ਬਰਾੜ, ਦੇ ਲੋਕ ਸਭਾ ਵਿਚ ਕੀਤੇ ਗਏ ਉਸ ਭਾਸ਼ਨ ਦਾ ਵੀ ਸਰਕਾਰ ਨੇ ਕੋਈ ਉਤਰ ਦੇਣ ਦੀ ਲੋੜ ਨਹੀਂ ਸਮਝੀ ਜਿਸ ਵਿਚ ਉਸ ਨੇ ਸਪੱਸ਼ਟ ਦੱਸਿਆ ਸੀ ਕਿ ਮੇਰਠ ਛਾਉਣੀ ਵਿਚ, ਫ਼ੌਜੀ ਕੰਟ੍ਰੋਲ ਵਿਚ ਰੱਖੀ 'ਸਿੱਖ ਰੈਫ਼ਰੈਂਸ ਲਾਇਬ੍ਰੇਰੀ' ਕੌਮ ਨੂੰ ਵਾਪਸ ਕੀਤੀ ਜਾਵੇ।

ਕੁਝ ਸਮਾ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਿਖੀ ਗਈ ਇਕ ਚਿੱਠੀ ਦੇ ਜਵਾਬ ਵਿਚ, ਰੱਖਿਆ ਮੰਤਰੀ ਜਾਰਜ ਫ਼ਰਨੈਂਡਜ਼ ਵਲੋਂ, ਸ਼ਾਇਦ ਗ਼ਲਤੀ ਨਾਲ, ਇਹ ਇਕਬਾਲ ਕਰ ਲਿਆ ਗਿਆ ਸੀ ਕਿ ਲਾਇਬ੍ਰੇਰੀ ਸਰਕਾਰ ਪਾਸ ਹੈ, ਪਰ ਉਹ ਰੱਖਿਆ ਮੰਤ੍ਰਾਲੇ ਦੇ ਕਬਜ਼ੇ ਵਿਚ ਨਹੀਂ ਬਲਕਿ ਇਕ ਹੋਰ ਮਹਿਕਮੇ ਪਾਸ ਪਈ ਹੋਈ ਹੈ। ਫੇਰ ਸਰਕਾਰ ਵੱਲੋਂ ਕੁਝ ਇਹੋ ਜਿਹੀ ਖ਼ਬਰ ਆਉਣ ਦਾ ਪਤਾ ਲੱਗਾ ਕਿ ਉਸ ਲਾਇਬ੍ਰੇਰੀ ਵਿਚਲਾ ਬਾਗ਼ੀ ਸੁਰ ਵਾਲਾ ਸਾਹਿਤ ਸਾੜ ਦਿੱਤਾ ਗਿਆ ਸੀ ਤੇ ਬਾਕੀ ਰਹਿੰਦਾ ਕਮੇਟੀ ਨੂੰ ਵਾਪਸ ਕਰ ਦਿੱਤਾ ਗਿਆ ਸੀ। ਅੰਮ੍ਰਿਤਸਰ ਵਿਖੇ ਸਥਿਤ ਕਮੇਟੀ ਦੇ ਇਕ ਜੁੰਮੇਵਾਰ ਸੱਜਣ ਨੇ ਇਹ ਵੀ ਮੈਨੂੰ ਨਿਜੀ ਤੌਰ 'ਤੇ ਦੱਸਿਆ ਕਿ ਸਰਕਾਰ ਨੇ ਸਾਰਾ ਕੁਝ ਵਾਪਸ ਦੇ ਦਿੱਤਾ ਹੈ। ਆਸਟ੍ਰੇਲੀਆ ਵਿਚ ਰਹਿਣ ਵਾਲੇ ਇਕ ਸਾਬਕ ਸਰਕਾਰੀ ਕਰਮਚਾਰੀ ਦਾ ਇਹ ਜਿਦ ਭਰਪੂਰ ਦਾਅਵਾ ਹੈ ਕਿ ਸਰਕਾਰ ਨੇ ਓਥੋਂ ਖੜਿਆ ਹੀ ਕੁਝ ਨਹੀਂ ਸੀ। ਇਹ ਸਾਰਾ ਝੂਠਾ ਪ੍ਰਾਪੇਗੰਡਾ ਹੀ ਹੈ। ਮੇਰੇ ਸੰਘੋਂ ਇਹ ਗੱਲ ਥੱਲੇ ਲੰਘਣੀ ਬੜੀ ਹੀ ਔਖੀ ਹੈ ਕਿ ਇਹ ਗੱਲ ਝੂਠੀ ਹੋਵੇ।

ਸੱਚਾਈ ਕੀ ਹੈ? ਇਸ ਤੋਂ ਸਿੱਖ ਸੰਗਤਾਂ ਨੂੰ ਜਾਣੂ ਕਰਵਾਉਣ ਦੀ ਕਿਸ ਦੀ ਜੁੰਮੇਵਾਰੀ ਹੈ? ਮੇਰੀ ਤੁੱਛ ਬੁਧੀ ਅਨੁਸਾਰ ਤਾਂ ਇਹ ਜੁੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੀ ਬਣਦੀ ਹੈ ਕਿ ਉਹ ਸਿੱਖਾਂ ਸਾਹਮਣੇ ਸਹੀ ਤਸਵੀਰ ਰੱਖੇ। ਦੋ ਹੀ ਜਥੇਬੰਦੀਆਂ ਇਸ ਬਾਰੇ ਸੱਚਾਈ ਜਾਣਦੀਆਂ ਹਨ: ਇਕ ਹਿੰਦ ਸਰਕਾਰ ਤੇ ਦੂਸਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਜਿਥੋਂ ਤੱਕ ਸਰਕਾਰ ਦਾ ਸਬੰਧ ਹੈ; ਉਸ ਬਾਰੇ ਤਾਂ ਏਨਾ ਆਖਣਾ ਹੀ ਕਾਫ਼ੀ ਹੋਵੇਗਾ, "ਦੁਸ਼ਮਨ ਬਾਤ ਕਰੇ ਅਨਹੋਨੀ।"

ਅੰਤ ਵਿਚ ਰਹਿ ਖਹਿ ਕੇ ਆਖ਼ਰੀ ਸੂਈ ਆਪਣੀ ਕਮੇਟੀ 'ਤੇ ਹੀ ਆ ਕੇ ਟਿਕਦੀ ਹੈ। ਵੇਖੀਏ ਇਹ ਅਸਲੀਅਤ 'ਤੇ ਚਾਨਣਾ ਕਦੋਂ ਪਾਉਂਦੀ ਹੈ!

ਮਾਨਾ ਕਿ ਤਗ਼ਾਫ਼ਲ ਨਾ ਕਰੋਗੇ, ਲੇਕਿਨ,
ਖ਼ਾਕ ਹੋ ਜਾਏਂਗੇ ਹਮ, ਤੁਮ ਕੋ ਖ਼ਬਰ ਹੋਨੇ ਤਕ।

## ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰੁ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਸਾਡਾ ਸੰਸਾਰੀ ਜੀਵਾਂ ਦਾ ਜੀਵਨ ਰਾਤ ਦੇ ਸੁਪਨੇ ਸਮਾਨ ਹੀ ਹੈ। ਗੁਰੂ ਜੀ ਦੇ ਉਪ੍ਰੋਕਤ ਕਥਨ ਦਾ, ਮਾਤਾ ਸੀਤਾ ਜੀ ਦੇ ਪਿਤਾ ਤੇ ਯੁੱਗ ਤ੍ਰੇਤੇ ਦੇ ਯੁੱਗ ਪੁਰਸ਼, ਭਗਵਾਨ ਸ੍ਰੀ ਰਾਮ ਚੰਦਰ ਜੀ, ਦੇ ਸਹੁਰਾ ਜੀ,

ਜਿਨ੍ਹਾਂ ਨੂੰ ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ "ਭਗਤੁ ਵਡਾ ਰਾਜਾ ਜਨਕੁ ਹੈ, ਗੁਰਮੁਖਿ ਮਾਇਆ ਵਿਚਿ ਉਦਾਸੀ॥" ਆਖ ਕੇ ਵਰਨਣ ਕੀਤਾ ਹੈ, ਦੇ ਜੀਵਨ ਵਿਚੋਂ ਇਕ ਸਾਖੀ ਦੁਆਰਾ ਭਾਵ ਸ਼ਾਇਦ ਸਪੱਸ਼ਟਤਾ ਨਾਲ ਸਮਝਿਆ ਜਾ ਸਕਦਾ ਹੋਵੇ!

ਮਿਥਲਾਪੁਰੀ ਦਾ ਰਾਜਾ ਜਨਕ ਮਹਿਲਾਂ ਵਿਚ ਸੁਖ ਦੀ ਸੇਜ 'ਤੇ ਸੁੱਤਾ ਸੀ। ਰਾਤ ਨੂੰ ਸੁਪਨਾ ਆਇਆ। ਸੁਪਨੇ ਵਿਚ ਵਿਰੋਧੀ ਰਾਜੇ ਨੇ ਆ ਨੱਪਿਆ। ਜੰਗ ਵਿਚ ਰਾਜੇ ਜਨਕ ਦੀ ਹਾਰ ਹੋਈ। ਤੇ ਫਿਰ ਜੇਤੂ ਜੋ ਕੁਝ ਹਾਰਨ ਵਾਲੇ ਨਾਲ ਕਰਦਾ ਹੈ ਉਹ ਅਸੀਂ ਜਾਣਦੇ ਹੀ ਹਾਂ; ਜੇ ਨਹੀਂ ਪਤਾ ਤਾਂ ਪੁੱਛੋ, ਜੂਨ ੧੯੮੪ ਵਿਚ ਪਰਵਾਰਾਂ ਸਮੇਤ ਸ਼ਹੀਦੀ ਗੁਰਪੁਰਬ ਮਨਾ ਰਹੀਆਂ ਸੰਗਤਾਂ ਨੂੰ, ਜਿਨ੍ਹਾਂ ਨੇ ਇਹ ਸਾਰਾ ਕੁਝ ਆਪਣੇ ਸਰੀਰਾਂ 'ਤੇ ਝੱਲਿਆ। ਜੇਤੂ ਦੁਸ਼ਮਣ ਰਾਜੇ ਨੇ ਹਰ ਤਰ੍ਹਾਂ ਅਪਮਾਨ ਕਰਕੇ ਰਾਜੇ ਜਨਕ ਨੂੰ ਦੇਸ਼ ਨਿਕਾਲਾ ਦੇ ਦਿੱਤਾ ਤੇ ਇਹ ਭਟਕਦਾ ਕਰਦਾ ਹਰਿ ਦੁਆਰ ਜਾ ਅੱਪੜਿਆ। ਥੱਕਾ ਟੁੱਟਾ ਬੁਰੇ ਹਾਲੀਂ ਭੁਖਣ ਭਾਣਾ ਇਕ ਛੇਤਰ (ਲੰਗਰ) ਵਿਚ ਜਾ ਪੁੱਜਾ। ਰੋਟੀ ਦੀ ਮੰਗ ਕਰਨ 'ਤੇ ਬੇਤਰਸ ਲਾਂਗਰੀ ਵੱਲੋਂ ਹੁਕਮ ਹੋਇਆ, "ਲੰਗਰ ਵਿਚ ਖਿਚੜੀ ਹੈ। ਇਸ ਲਈ ਪਾਉਣ ਵਾਸਤੇ ਭਾਂਡਾ ਲੈ ਕੇ ਆ।" ਇਸ ਦੇ ਕੋਲ ਕੁਝ ਨਹੀਂ ਸੀ ਜਿਸ ਨਾਲ ਕੋਈ ਭਾਂਡਾ ਖ਼ਰੀਦ ਸਕਦਾ। ਅਖ਼ੀਰ ਮੰਗ ਪਿੰਨ ਕੇ ਦੋ ਪੈਸੇ 'ਕੱਠੇ ਕੀਤੇ ਤੇ ਘੁਮਿਆਰ ਤੋਂ ਭਾਂਡਾ ਮੁੱਲ ਮੰਗਿਆ। ਉਸਨੇ ਨਾ ਵਿਕ ਸਕਣ ਵਾਲਾ ਇਕ ਮਿੱਟੀ ਦਾ ਪਿਆਲਾ ਮੱਥੇ ਮਾਰਿਆ ਤੇ ਜਦੋਂ ਲੈ ਕੇ ਇਹ ਛੇਤਰ ਵਿਚ ਆਇਆ ਤਾਂ ਲਾਂਗਰੀ ਨੇ ਕਿਹਾ, "ਖਿਚੜੀ ਤਾਂ ਵਰਤ ਚੁੱਕੀ ਹੈ।" ਮਿੰਨਤਾਂ ਤਰਲੇ ਰਾਜੇ ਦੇ ਸੁਣ ਕੇ ਲਾਂਗਰੀ ਨੂੰ ਤਰਸ ਆ ਗਿਆ। ਦੇਗ ਖੁਰਚ ਕੇ ਉਸ ਨੇ ਥੋਹੜੀ ਜਿਹੀ ਖਿਚੜੀ ਇਸ ਦੇ ਪਿਆਲੇ ਵਿਚ ਪਾ ਦਿੱਤੀ ਤੇ ਜਦੋਂ ਬਾਹਰ ਜਾ ਕੇ ਨਿਵੇਕਲੇ ਬੈਠ ਕੇ ਖਾਣ ਲੱਗਾ ਤਾਂ ਦੋ ਸੰਢੇ ਭਿੜਦੇ ਭਿੜਦੇ ਉਤੇ ਆ ਚੜ੍ਹੇ। ਉਹਨਾਂ ਦੇ ਵੱਜੇ ਖੁਰਾਂ ਨਾਲ ਪਿਆਲਾ ਕਿਧਰੇ, ਖਿਚੜੀ ਕਿਧਰੇ ਤੇ ਰਾਜਾ ਕਿਧਰੇ। ਸੰਭਲ ਕੇ ਜਦੋਂ ਵੇਖਿਆ ਕਿ ਖਿਚੜੀ ਤਾਂ ਰੇਤ ਵਿਚ ਰੁਲ ਗਈ ਹੈ, ਤਾਂ ਭੁੱਖ ਦੇ ਦੁੱਖੋਂ ਰਾਜੇ ਦੀ ਜ਼ੋਰਦਾਰ ਚੀਕ ਨਿਕਲ ਗਈ। ਇਸ ਚੀਕ ਦੇ ਜ਼ੋਰ ਨਾਲ ਰਾਜੇ ਦੀ ਜਾਗ ਖੁਲ੍ਹ ਗਈ। ਵੇਖਦਾ ਕੀ ਹੈ ਕਿ ਸਾਰਾ ਕੁਝ ਜਿਉਂ ਦਾ ਤਿਉਂ ਹੈ। ਮਹੱਲ, ਸੇਜਾ, ਨੌਕਰ ਚਾਕਰ, ਪਹਿਰੇਦਾਰ ਸਭ ਹੱਥ ਬੰਨ੍ਹੀ ਖੜ੍ਹੇ ਹਨ। ਬੜਾ ਦੁਖੀ ਹੋਇਆ। ਸੋਚਦਾ ਹੈ ਕਿ ਇਹ ਕੀ ਭਾਣਾ ਵਰਤਿਆ ਪਰ ਸ਼ਰਮ ਦਾ ਮਾਰਿਆ ਕਿਸੇ ਨੂੰ ਅਸਲੀਅਤ ਵੀ ਨਹੀਂ ਦੱਸਦਾ। ਹੁਣ ਪਤਾ ਨਾ ਲੱਗੇ ਕਿ ਪਹਿਲਾ ਸੁਪਨਾ ਸੀ ਜਾਂ ਇਹ ਜਾਗਣ ਵਾਲਾ ਸੁਪਨਾ ਸੀ। ਭਰਮ ਚੱਕਰ ਵਿਚ ਪੈ ਕੇ ਦੁਖੀ ਹੋਇਆ।

ਸਵੇਰ ਹੁੰਦਿਆਂ ਹੀ ਵਿਦਵਾਨਾਂ, ਜੋਤਸ਼ੀਆਂ ਆਦਿ ਨੂੰ ਸੱਦ ਕੇ ਪੁੱਛੇ, "ਇਹ ਸੱਚਾ ਕਿ ਉਹ ਸੱਚਾ?" ਜਵਾਬ ਕਿਸੇ ਨੂੰ ਨਾ ਆਵੇ। ਵਾਰੀ ਵਾਰੀ ਫੜ ਫੜ ਸਾਰਿਆਂ ਨੂੰ ਅੰਦਰ ਦਈ ਜਾਵੇ। ਪਰ ਅਸਲੀ ਗੱਲ ਨਾ ਕਿਸੇ ਨੂੰ ਦੱਸੇ ਤੇ ਇਸ਼ਾਰੇ ਨਾਲ ਹੀ ਗੁਪਤ ਰੂਪ ਵਿਚ ਪੁੱਛੇ। ਨਿਰੰਕੁਸ਼ ਰਾਜਾ ਸੀ, ਕੋਈ ਪੁੱਛਣ ਗਿੱਛਣ ਵਾਲਾ ਹੈ ਨਹੀਂ ਸੀ। ਇਸ ਦਾ ਬੋਲ ਹੀ ਕਾਨੂੰਨ ਸੀ। ਭਾਵੇਂ ਕਿੰਨਾ ਵੀ ਧਰਮੀ ਸੀ ਪਰ ਆਖ਼ਰ ਨੂੰ ਹੈ ਤਾਂ ਰਾਜਾ ਹੀ ਸੀ। ਲਾਲਾ ਧਨੀ ਰਾਮ ਚਾਤ੍ਰਿਕ ਜੀ ਦੇ ਬੋਲ "ਰੰਚਕ ਰੰਜ ਰਾਉ ਨੂੰ ਆਵੇ, ਸਿਰ ਕੱਟ ਜਾਣ ਵਜ਼ੀਰਾਂ ਦੇ" ਤੇ ਫਿਰ ਇਸ ਹਾਲਤ ਵਿਚ, "ਕੌਣ ਕਹੇ, ਰਾਣੀਏ, ਅੱਗਾ ਢੱਕ!" ਨਿਰੰਕੁਸ਼ ਸ਼ਕਤੀ ਮਨੁੱਖ ਨੂੰ ਭ੍ਰਿਸ਼ਟ ਬਣਾ ਦਿੰਦੀ ਹੈ; ਸੰਪੂਰਣ ਸ਼ਕਤੀ ਸੰਪੂਰਣਤਾ ਸਹਿਤ।

ਇਹਨਾਂ ਵਿਦਵਾਨ, ਰਿਸ਼ੀ ਕੈਦੀਆਂ ਵਿਚ ਅਸ਼ਟਾਵੱਕਰ ਦਾ ਪਿਉ ਕੋਹਲ ਵੀ ਕੈਦ ਵਿਚ ਸੀ। ਇਹ ਪਿਉ ਦੀ ਕੈਦ ਕਾਰਨ ਆਪਣੇ ਨਾਨਕੇ ਮਾਂ ਸਮੇਤ ਰਹਿ ਰਿਹਾ ਸੀ। ਇਸ ਦੇ ਸਰੀਰ ਦੀ ਵਿਲੱਖਣਤਾ ਕਰਕੇ ਬਾਕੀ ਮੁੰਡੇ ਇਸ ਨੂੰ ਛੇੜ ਰਹੇ ਸਨ ਤਾਂ ਇਕ ਮੁੰਡੇ ਨੂੰ ਤਰਸ ਆਇਆ ਤੇ ਉਸ ਨੇ ਆਖਿਆ, ਕੁਝ ਨਾ ਕਹੋ ਇਸ ਵਿਚਾਰੇ ਨੂੰ। ਇਸ ਦਾ ਪਿਉ ਪਹਿਲਾਂ ਹੀ ਰਾਜੇ ਦੀ ਕੈਦ ਵਿਚ ਹੈ।

ਅਸ਼ਟਾਵੱਕਰ ਨੇ ਮਾਂ ਤੋਂ ਅਸਲੀਅਤ ਪੁੱਛੀ। ਮਾਂ ਤੋਂ ਸਾਰੀ ਵਿਥਿਆ ਜਾਣ ਕੇ ਪਿਉ ਦੀ ਰਿਹਾਈ ਦੀ ਤਮੰਨਾ ਇਸ ਦੇ ਦਿਲ ਵਿਚ ਪੈਦਾ ਹੋਈ। ਮਾਂ ਨੇ ਬਥੇਰਾ ਰੋਕਿਆ। ਰੋਕਣਾ ਹੀ ਸੀ ਕਿ ਪਤੀ ਤਾਂ 'ਵਿਦਵਤਾ' ਨੇ ਕੈਦ ਵਿਚ ਪਾ ਦਿੱਤਾ ਤੇ ਹੁਣ ਪੁੱਤਰ ਵੀ ਨਾ ਹੱਥੋਂ ਜਾਵੇ! ਪਰ ਮਾਂ ਨੂੰ ਹਰ ਪ੍ਰਕਾਰ ਧੀਰਜ ਦੇ ਕੇ, ਆਪਣੇ ਮਾਮੇ ਸ਼ਵੇਤ ਸਮੇਤ, ਰਾਜੇ ਜਨਕ ਦੀ ਰਾਜਧਾਨੀ ਮਿਥਲਾਪੁਰੀ ਨੂੰ ਤੁਰ ਪਿਆ।

ਰਾਜੇ ਦੇ ਦਰਬਾਰ ਦੇ ਦਰ 'ਤੇ, ਦਰਬਾਰ ਵਿਚ ਵੜਨ ਤੋਂ ਦਰਬਾਨ ਨੇ ਰੋਕਿਆ। ਰੋਕਣਾ ਹੀ ਸੀ। ਉਸ ਸਮੇ ਦੇ ਦਰਬਾਨਾਂ ਦੀ ਸੋਚ ਅੱਜ ਦਿਆਂ ਨਾਲੋਂ ਵੱਖਰੀ ਕਿਵੇਂ ਹੋ ਸਕਦੀ ਸੀ। ਸਾਰਾ ਮਾਜਰਾ ਦੱਸਣ 'ਤੇ, ਰਾਜੇ ਦੀ ਆਗਿਆ ਨਾਲ, ਦਰਬਾਰ ਵਿਚ ਦਾਖ਼ਲਾ ਮਿਲ ਗਿਆ। ਸਭਾ ਵਿਚ ਪ੍ਰਵੇਸ਼ ਕਰਦਿਆਂ ਹੀ ਸਭ ਦਰਬਾਰੀ ਇਸ ਦੀ ਸ਼ਕਲ ਵੇਖ ਕੇ ਹੱਸ ਪਏ, ਕਿਉਂਕਿ ਇਸ ਦੇ ਸਰੀਰ ਵਿਚ ਅੱਠ ਵਲ਼ ਪੈਂਦੇ ਸਨ। ਏਸੇ ਲਈ ਇਸ ਦਾ ਨਾਂ ਅਸ਼ਟਾਵੱਕਰ ਸੀ, ਅਰਥਾਤ ਅੱਠ ਵਲ਼ ਇਸ ਦੇ ਸਰੀਰ ਵਿਚ ਪੈਂਦੇ ਸਨ। ਮਿਲੇ ਆਸਣ 'ਤੇ ਬੈਠਣ ਉਪ੍ਰੰਤ ਕੁਝ ਰੋਸੀਲੇ ਤੇ ਰੋਹਬੀਲੇ ਸ਼ਬਦਾਂ ਵਿਚ ਰਾਜੇ ਨੂੰ ਪੁੱਛਿਆ, "ਰਾਜਨ, ਇਸ ਸਭਾ ਵਿਚ ਕੌਣ ਬੈਠੇ ਹਨ?" ਰਾਜੇ ਦੇ ਇਹ ਆਖਣ 'ਤੇ, "ਇਹ ਵਿਦਵਾਨਾਂ ਦੀ ਸਭਾ ਹੈ ਤੇ ਸਾਰੇ ਵਿਦਵਾਨ ਹੀ ਸੁਸ਼ੋਭਤ ਹਨ।" ਇਸ ਨੇ ਕਿਹਾ, "ਵਿਦਵਾਨਾਂ ਦੀ ਨਹੀਂ ਇਹ ਚਮਾਰਾਂ ਦੀ ਸਭਾ ਹੈ।" ਇਹ ਸੁਣ ਕੇ ਸਾਰੇ ਉਤੇਜਤ ਹੋ ਗਏ। ਫਿਰ ਅਸ਼ਟਾਵੱਕਰ ਨੇ ਕਿਹਾ, "ਜੇ ਇਹ ਵਿਦਵਾਨ ਹੁੰਦੇ ਤਾਂ ਮੇਰੀ ਵਿੱਦਿਆ ਪਰਖਦੇ ਨਾ ਕਿ ਮੇਰੀ ਚਮੜੀ। ਇਹਨਾਂ ਨੇ ਮੇਰੇ ਸਰੀਰ ਦੀ ਪਰਖ ਕਰ ਕੇ ਮੇਰੀ ਹਾਸੀ ਉਡਾਈ ਹੈ। ਇਸ ਲਈ ਇਹ ਸਾਰੇ ਵਿਦਵਾਨ ਨਾ ਹੋ ਕੇ ਚਮਾਰ

ਹਨ; ਚੰਮ ਦੀ ਪਰਖ ਕਰਨ ਵਾਲੇ।" ਉਸ ਦੀ ਇਸ ਦਲੇਰੀ ਅਤੇ ਸਿਆਣਪ ਨੇ ਸਾਰਿਆਂ ਨੂੰ ਉਸ ਦੀ ਗੱਲ ਧਿਆਨ ਨਾਲ ਸੁਣਨ ਲਈ ਪ੍ਰੇਰਤ ਕਰ ਦਿੱਤਾ ਤੇ ਸਾਰੇ ਸਾਵਧਾਨ ਹੋ ਕੇ ਬੈਠ ਗਏ ਕਿ ਵੇਖੀਏ ਇਹ ਬਾਲਕ ਰਾਜੇ ਦੀ ਕਿਵੇਂ ਤਸੱਲੀ ਕਰਵਾਉਂਦਾ ਹੈ ਜੋ ਕਿ ਵੱਡੇ ਵੱਡੇ ਵਿਦਵਾਨ ਨਹੀਂ ਕਰਵਾ ਸਕੇ।

ਪੇਸ਼ ਕੀਤੇ ਗਏ ਸਥਾਨ 'ਤੇ ਸਜਣ ਉਪ੍ਰੰਤ, ਅਸ਼ਟਾਵੱਕਰ ਨੇ ਰਾਜਾ ਜਨਕ ਜੀ ਨੂੰ ਪ੍ਰਸ਼ਨ ਕਰਨ ਦੀ ਆਗਿਆ ਦਿੱਤੀ। ਪਹਿਲਾਂ ਦੀ ਤਰ੍ਹਾਂ ਹੀ ਰਾਜੇ ਨੇ, "ਇਹ ਸੱਚਾ ਕਿ ਉਹ ਸੱਚਾ?" ਆਖਿਆ। 'ਜੇਹਾ ਮੂੰਹ ਤੇਹੀ ਚਪੇੜ' ਅਨੁਸਾਰ ਇਸ ਨੇ ਕਿਹਾ, "ਨਾ ਇਹ ਸੱਚਾ, ਨਾ ਉਹ ਸੱਚਾ।" "ਮਹਾਰਾਜ, ਮੈਂ ਸਮਝਿਆ ਨਹੀਂ!" ਰਾਜੇ ਦੇ ਆਖਣ 'ਤੇ ਇਸ ਨੇ ਆਖਿਆ, "ਜੇਹਾ ਰਾਜਨ ਤੇਰਾ ਪ੍ਰਸ਼ਨ ਤੇਹਾ ਮੇਰਾ ਉਤਰ। ਅਸਲ ਗੱਲ ਇਹ ਹੈ ਕਿ ਤੂੰ ਸ਼ਰਮ ਕਾਰਨ ਅਸਲੀ ਗੱਲ ਲੁਕਾ ਕੇ ਗੁਪਤ ਪ੍ਰਸ਼ਨ ਰਾਹੀਂ ਉਤਰ ਮੰਗ ਕੇ ਆਪਣੀ ਤਸੱਲੀ ਕਰਨੀ ਚਾਹੁੰਦਾ ਹੈਂ ਜੋ ਕਿ ਅਸਲੀਅਤ ਤੋਂ ਅਣਜਾਣ ਹੋਣ ਕਰਕੇ ਵਿਦਵਾਨ ਤੇਰੇ ਪ੍ਰਸ਼ਨ ਦਾ ਸਹੀ ਉਤਰ ਨਹੀਂ ਦੇ ਸਕੇ; ਵਰਨਾ ਹਰੇਕ ਵਿਦਵਾਨ ਤੇਰੇ ਸਵਾਲ ਦਾ ਜਵਾਬ ਦੇ ਸਕਣ ਦੇ ਸਮਰੱਥ ਹੈ। ਕਸੂਰ ਰਾਜਨ ਤੇਰਾ ਹੈ ਤੇ ਕੈਦ ਤੂੰ ਵਿਦਵਾਨਾਂ ਨੂੰ ਕੀਤਾ ਹੈ।"

ਫਿਰ ਹਾਜ਼ਰ ਵਿਦਵਾਨਾਂ ਨੂੰ ਸੰਬੋਧਨ ਹੋ ਕੇ ਅਸ਼ਟਾਵੱਕਰ ਜੀ ਬੋਲੇ:

ਹੇ ਸਭਾਸਦੋ, ਅੱਠ ਸਾਲ ਪਹਿਲਾਂ ਰਾਜੇ ਨੂੰ ਇਕ ਭਿਆਨਕ ਸੁਪਨਾ ਆਇਆ ਸੀ। ਓਦੋਂ ਦਾ ਰਾਜੇ ਨੂੰ ਭਰਮ ਪਿਆ ਹੋਇਆ ਹੈ ਕਿ ਉਹ ਸੁਪਨਾ ਸੱਚ ਸੀ ਜਾਂ ਕਿ ਇਹ ਹੁਣ ਵਾਲਾ ਸੱਚ ਹੈ। ਸੱਚੀ ਗੱਲ ਸ਼ਰਮ ਦਾ ਮਾਰਿਆ ਕਿਸੇ ਨੂੰ ਦੱਸਦਾ ਨਹੀਂ। ਰਾਜਾ ਸੱਚ ਦੀ ਭਾਲ ਵਿਚ ਹੈ ਅੱਠ ਸਾਲ ਤੋਂ ਕਿ ਕੇਹੜੀ ਗੱਲ ਸੱਚੀ ਹੈ। ਇਸ ਦਾ ਸਹੀ ਉਤਰ ਮੈਂ ਏਹੀ ਦਿੱਤਾ ਹੈ ਕਿ ਨਾ ਉਹ ਸੱਚਾ ਨਾ ਇਹ ਸੱਚਾ। ਸੁਪਨੇ ਦੀ ਸਾਰੀ ਵਾਰਤਾ ਅਸ਼ਟਾਵੱਕਰ ਦੇ ਮੂੰਹੋਂ ਸੁਣ ਕੇ ਰਾਜਾ ਉਸ ਦੇ ਗਿਆਨ 'ਤੇ ਹੈਰਾਨ ਰਹਿ ਗਿਆ। ਫਿਰ ਇਕ ਉਦਾਹਰਣ ਦੇ ਕੇ ਰਾਜੇ ਨੂੰ ਸਪੱਸ਼ਟ ਕੀਤਾ ਅਸ਼ਟਾਵੱਕਰ ਜੀ ਨੇ:

"ਸੁਣੋ ਰਾਜਨ, ਜੇ ਮਨੁੱਖ ਦੀ ਇਕ ਦਿਨ ਦੀ ਖ਼ੁਰਾਕ ਸਮਝੋ ਇਕ ਸੇਰ ਰਸਦ ਹੋਵੇ ਤੇ ਇਕ ਕੋਲ ਇਕ ਸੇਰ ਤੇ ਦੂਜੇ ਕੋਲ ਚਾਲ਼ੀ ਸੇਰ ਰਸਦ ਹੋਵੇ ਤਾਂ ਕਿਸ ਦੀ ਰਸਦ ਮੁਕੇਗੀ?" "ਦੋਹਾਂ ਦੀ ਹੀ ਮੁਕ ਜਾਵੇਗੀ, ਸਪੱਸ਼ਟ ਹੈ। ਇਕ ਦੀ ਇਕ ਦਿਨ ਵਿਚ ਤੇ ਦੂਜੇ ਦੀ ਚਾਲ਼ੀ ਦਿਨਾਂ ਵਿਚ; ਮੁਕ ਦੋਹਾਂ ਦੀ ਹੀ ਜਾਵੇਗੀ ਬਿਨਾ ਸ਼ੱਕ।" ਰਾਜੇ ਦਾ ਉਤਰ ਸੀ। ਏਸੇ ਤਰ੍ਹਾਂ ਹੀ ਸੁਪਨਾ ਸਮਝੋ; ਇਕ ਦਾ ਇਕ ਦਿਨ ਵਿਚ ਮੁਕ ਗਿਆ ਤੇ ਦੂਜੇ ਦਾ ਇਹ ਚਾਲ਼ੀ ਦਿਨਾਂ ਵਿਚ ਮੁਕ ਜਾਵੇਗਾ; ਭੇਦ ਸਿਰਫ਼ ਸਮੇ ਦਾ ਹੀ ਹੈ। ਮੁਕ ਦੋਹਾਂ ਨੇ ਹੀ ਜਾਣਾ ਹੈ ਤੇ ਅੰਤ ਸਮੇ ਇਹ ਵੀ ਜੀਵ ਨੂੰ ਸੁਪਨਾ ਹੀ ਭਾਸਣਾ ਹੈ।

ਇਸ ਸਥਿਤੀ ਨੂੰ ਭਗਤ ਰਵਿਦਾਸ ਜੀ ਇਉਂ ਸਪੱਸ਼ਟ ਕਰਦੇ ਹੋਏ ਫ਼ਰਮਾਉਂਦੇ ਹਨ:

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥੨॥ *(੬੫੭)*

## ਗੋਤਕਨਾ਼ਲਾ

*ਮਹਾਨ ਕੋਸ਼* ਅਨੁਸਾਰ, "ਗੋਤਕੁਨਾ਼ਲਾ/ਗੋਤਕੁਨਾ਼ਲੀ: ਨਵੀਂ ਵਿਆਹੀ ਇਸਤਰੀ ਨੂੰ ਗੋਤਰ ਵਿਚ ਸ਼ਾਮਲ ਕਰਨ ਲਈ, ਕੁਨਾਲੀ (ਮਿੱਟੀ ਦੀ ਥਾਲੀ) ਵਿਚ ਭੋਜਨ ਪਰੋਸ ਕੇ ਪਰਵਾਰ ਤੇ ਸ਼ਰੀਕੇ ਦੀਆਂ ਨੂੰਹਾਂ ਧੀਆਂ ਦੇ ਇਕ ਥਾਂ ਖਾਣ ਦੀ ਰੀਤਿ। 'ਇਸ ਕੋ ਭਯੋ ਨ ਗੋਤਕੁਨਾਲਾ।' (ਗੁ.ਪ੍ਰ.ਸੂ)"

ਬਹੁਤ ਸਮਾ ਪਹਿਲਾਂ ਪੰਜਾਬ ਦੇ ਪੇਂਡੂ ਭਾਈਚਾਰੇ ਵਿਚ ਇਹ ਸ਼ਬਦ ਆਮ ਸੁਣਨ ਵਿਚ ਆਉਂਦਾ ਸੀ। ਇਸ ਦਾ ਮਤਲਬ ਇਹ ਹੈ ਕਿ ਵਿਆਹ ਸਮੇ ਇਕ ਗੋਤ ਦੇ ਸਾਰੇ ਜੀ ਇਕੋ ਬਰਤਨ ਵਿਚ ਮਿਠਿਆਈ ਖਾ ਕੇ, ਗੋਤ ਦੇ ਇਤਫ਼ਾਕ ਦਾ ਸਬੂਤ ਦਿੰਦੇ ਹੁੰਦੇ ਸਨ। ਫੇਰ ਕਦੀ ਜਦੋਂ ਕਿਸੇ ਨੂੰ ਘੜਮੱਸ ਜਿਹੀ ਪਾਈ ਵੇਖੀਏ, ਖ਼ਾਸ ਕਰਕੇ ਖਾਣ ਵਾਲੀਆਂ ਵਸਤੂਆਂ ਦੀ, ਤਾਂ ਆਮ ਹੀ ਕੁਝ ਗ਼ੁੱਸੇ ਜਿਹੇ ਵਿਚ ਮੂੰਹੋਂ ਨਿਕਲ ਜਾਂਦਾ ਹੈ, "ਇਹ ਕੀ ਤੂੰ ਗੋਤਕਨਾ਼ਲਾ ਜਿਹਾ ਪਾਈ ਬੈਠਾ ਏਂ?"

ਪਰ ਅਸੀਂ ਏਥੇ ਇਸ ਦੇ ਵਿਸਥਾਰ ਵਿਚ ਨਹੀਂ ਜਾਣਾ ਸਗੋਂ ਅਸੀਂ ਸਿੱਖਾਂ ਦੇ ਅੰਦਰ ਆਪਣੇ ਨਾਂ ਪਿੱਛੇ ਗੋਤ ਵਰਤਣਾ ਹੈ ਜਾਂ ਨਹੀਂ ਵਰਤਣਾ, ਇਸ ਘੀਚਮਚੋਲ਼ੇ ਜਿਹੇ ਬਾਰੇ ਵਿਚਾਰਨਾ ਹੈ।

ਏਥੇ ਇਹ ਗੱਲ ਜ਼ਰੂਰ ਸਮਝ ਲਈਏ ਕਿ ਜਾਤ ਤੇ ਗੋਤ ਦੋ ਵੱਖੋ ਵੱਖ ਚੀਜ਼ਾਂ ਹਨ। ਅਸੀਂ ਆਮ ਕਰਕੇ ਗੋਤ ਨੂੰ ਜਾਤ ਹੀ ਸਮਝ ਲੈਂਦੇ ਹਾਂ, ਇਹ ਇਕ ਵੱਡਾ ਭੁਲੇਖਾ ਹੈ। ਜਾਤ ਕਰਕੇ ਭਾਰਤ ਵਿਚ ਮਨੁੱਖ ਵਿਤਕਰੇ ਦਾ ਸ਼ਿਕਾਰ ਹੁੰਦਾ ਹੈ ਜਦੋਂ ਕਿ ਗੋਤ ਕਰਕੇ ਬਹੁਤਾ ਨਹੀਂ ਗੌਲ਼ਿਆ ਜਾਂਦਾ। ਇਕੋ ਗੋਤ ਵਾਲਿਆਂ ਦੀਆਂ ਵੱਖ ਵੱਖ ਜਾਤਾਂ ਹੋ ਸਕਦੀਆਂ ਹਨ; ਜਿਵੇਂ ਕਿ ਸੰਧੂ ਜੱਟ ਵੀ ਹੋ ਸਕਦਾ ਹੈ, ਰਾਮਗੜ੍ਹੀਆ ਵੀ ਤੇ ਦਲਿਤ ਵੀਰ ਵੀ। ਵੈਸੇ ਤਾਂ ਅਠਾਰ੍ਹਵੀਂ ਸਦੀ ਦੇ ਸਿੰਘਾਂ ਦੀ ਜੀਵਨ-ਸ਼ੈਲੀ ਨੂੰ ਵੇਖਦਿਆਂ ਪ੍ਰਸਿੱਧ ਸਿੱਖ ਵਿਦਵਾਨ, ਗਿਆਨੀ ਗਿਆਨ ਸਿੰਘ ਨੇ ਆਪਣੇ ਗ੍ਰੰਥ *ਪੰਥ ਪ੍ਰਕਾਸ਼* ਵਿਚ:

ਜਾਤ ਗੋਤ ਸਿੰਘਨ ਕੀ ਦੰਗਾ॥
ਦੰਗਾ ਹੀ ਇਨ ਗੁਰ ਤੇ ਮੰਗਾ॥
ਅੰਨ ਨ ਪਚੈ ਕੀਏ ਬਿਨ ਦੰਗਾ॥

ਲਿਖ ਕੇ ਵਿਅੰਗ ਵੀ ਕੱਸਿਆ ਹੈ। ਸ਼ਾਇਦ ਏਹੀ ਕੁਝ ਕਾਰਨ ਹੋਵੇ ਕਿ ਤਕਰੀਬਨ ਹਰੇਕ ਦੇਸ਼ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਉਪਰ ਕਬਜ਼ੇ ਦੇ ਮਸਲੇ ਨੂੰ ਲੈ ਕੇ ਦੰਗੇ ਵਰਗੀ ਹਾਲਤ ਅਕਸਰ ਹੀ ਸਮੇ ਸਮੇ ਪੈਦਾ ਹੋ ਜਾਂਦੀ ਹੈ।

*ਮੰਨੂੰ ਸਿਮ੍ਰਿਤੀ* ਅਨੁਸਾਰ ਆਰੀਆ ਜਾਤੀ ਨੂੰ ਚਾਰ ਵਰਣਾਂ: ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਵਿਚ ਵੰਡਿਆ ਗਿਆ ਸੀ। ਫਿਰ ਅੱਗੋਂ ਜਾਤਾਂ ਵਿਚ ਵੰਡ ਹੋਈ, ਜੋ ਕਿ ਹਿੰਦੁਸਤਾਨ ਵਿਚ ਤਕਰੀਬਨ ਛੇ ਕੁ ਹਜ਼ਾਰ ਹਨ। ਅੱਗੋਂ ਗੋਤਾਂ ਵਿਚ ਵੰਡ ਹੋਈ ਜੋ ਕਿ ਸ਼ਾਇਦ ਲੱਖਾਂ ਵਿਚ ਹੋਵੇ। ਇਸ ਤੋਂ ਵੀ ਅੱਗੇ ਵਧ ਕੇ ਇਕ ਹੋਰ ਚੀਜ਼ ਆਉਂਦੀ ਹੈ; ਜਿਸ ਦਾ ਨਾਂ ਹੈ 'ਅੱਲ'। ਕੁਝ ਵਿਅਕਤੀਆਂ ਜਾਂ ਘਰਾਣਿਆਂ ਦੀ ਕੋਈ ਨਾ ਕੋਈ ਅੱਲ ਪੈ ਜਾਂਦੀ ਹੈ ਜੋ ਕਿ ਪਿੱਛੋਂ ਜਾ ਕੇ ਇਕ ਗੋਤ ਹੀ ਬਣ ਜਾਂਦੀ ਹੈ। ਇਕ ਵਿਦਵਾਨ ਸੱਜਣ ਕੈਨੇਡਾ ਵਿਚ ਮਿਲੇ। ਉਹ ਆਪਣੇ ਨਾਂ ਦੇ ਪਿੱਛੇ ਤਾਤਲੇ ਲਿਖਦੇ ਸਨ ਪਰ ਆਪਣਾ ਪਰਵਾਰਕ ਸੰਬੰਧ ਇਕ ਇਤਿਹਾਸ ਪ੍ਰਸਿੱਧ ਸਿੱਖ, ਝਬਾਲ ਦੇ ਚੌਧਰੀ ਲੰਗਾਹ, ਨਾਲ ਜੋੜਦੇ ਸਨ। ਜਦੋਂ ਮੈਂ ਆਖਿਆ ਕਿ ਉਹਨਾਂ ਦੀ ਗੋਤ ਤਾਂ ਢਿੱਲੋਂ ਸੀ, ਪਰ ਤੁਸੀਂ 'ਤਾਤਲੇ' ਲਿਖਦੇ ਹੋ! ਜਵਾਬ ਵਿਚ ਉਹਨਾਂ ਨੇ ਜਾਣਕਾਰੀ ਦਿੱਤੀ ਕਿ ਚੌਧਰੀ ਲੰਗਾਹ ਦੇ ਖ਼ਾਨਦਾਨ ਵਿਚ ਇਕ ਵਿਅਕਤੀ ਥਥਲਾ ਕੇ ਬੋਲਦੇ ਸਨ। ਉਹ ਸਾਡੇ ਬਜ਼ੁਰਗ ਸਨ। ਉਸ ਦੀ ਸਾਰੀ ਸੰਤਾਨ ਦੀ ਅੱਲ ਹੀ ਥਥਲੇ ਪੈ ਗਈ, ਜੋ ਕਿ ਅੰਗ੍ਰੇਜ਼ੀ ਵਿਚ ਲਿਖਣ ਕਰਕੇ 'ਤਾਤਲੇ' ਬਣ ਗਈ। ਹੁਣ ਉਹ ਸਾਰੇ ਵਿਅਕਤੀ ਆਪਣੇ ਫ਼ੈਮਲੀ ਨੇਮ ਵਜੋਂ ਤਾਤਲੇ ਹੀ ਲਿਖਣ ਲੱਗ ਪਏ ਹਨ।

ਏਸੇ ਤਰ੍ਹਾਂ ਪੂਰਬੀ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਪਰਵਾਰਾਂ ਦਾ ਆਰੰਭ ਤਾਂ ਜੈਸਲਮੇਰ (ਰਾਜਸਥਾਨ) ਦੇ ਭੱਟੀ ਰਾਜਪੂਤਾਂ ਤੋਂ ਚੱਲਿਆ। ਫੇਰ ਇਸ ਗੋਤ ਵਿਚ ਇਕ ਪ੍ਰਸਿੱਧ ਵਿਅਕਤੀ ਸਿਧੂ ਹੋਇਆ ਤੇ ਉਸ ਤੋਂ ਅੱਗੇ ਏਸੇ ਨਾਂ ਦਾ ਗੋਤ ਚੱਲ ਪਿਆ। ਫੇਰ ਸਿਧੂਆਂ 'ਚੋਂ 'ਬਰਾੜ' ਦੇ ਨਾਂ 'ਤੇ ਗੋਤ ਚੱਲ ਪਿਆ। ਫੇਰ ਛੇਵੇਂ ਪਾਤਿਸ਼ਾਹ ਸਮੇ ਬਾਬਾ ਫੂਲ ਤੋਂ ਏਸੇ ਨਾਂ ਦਾ ਗੋਤ ਚੱਲ ਪਿਆ ਤੇ ਅਠਾਰ੍ਹਵੀਂ ਸਦੀ ਦੌਰਾਨ ਸਿੱਖਾਂ ਦੀਆਂ ਬਾਰਾਂ ਮਿਸਲਾਂ ਵਿਚੋਂ ਇਕ ਮਿਸਲ ਦਾ ਨਾਂ 'ਫੂਲਕੀਆਂ ਮਿਸਲ' ਵੀ ਪ੍ਰਸਿੱਧ ਹੋਈ। ਹੁਣ ਕਈ ਸੱਜਣ ਆਪਣੇ ਨਾਂ ਪਿੱਛੇ 'ਫੂਲਕਾ' ਲਿਖਦੇ ਹਨ।

ਆਮ ਤੌਰ 'ਤੇ ਆਖਿਆ ਤੇ ਸਮਝਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਨੂੰ ਜਾਤ ਪਾਤ ਤੋਂ ਉਪਰ ਉਠ ਕੇ ਸੰਸਾਰ ਵਿਚ ਕੇਵਲ ਤੇ ਕੇਵਲ ਗੁਰੂ ਕੇ ਸਿੱਖ ਦੇ ਰੂਪ ਵਿਚ ਹੀ ਵਿਚਰਨਾ ਚਾਹੀਦਾ ਹੈ ਤੇ ਜਾਤ ਗੋਤ ਦਾ ਵਖੇਵਾਂ ਦੱਸਣ ਵਾਲੇ ਕਿਸੇ ਸ਼ਬਦ ਨੂੰ ਨਹੀਂ ਵਰਤਣਾ ਚਾਹੀਦਾ। ਇਸ ਵਿਚਾਰ ਨਾਲ ਅਸਹਿਮਤ ਹੋਣ ਲਈ ਕੋਈ ਕਾਰਨ ਨਹੀਂ ਲਭਦਾ। ਅਜਿਹੇ ਆਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਵੱਲੋਂ ਵੀ ਸਮੇ ਸਮੇ ਦਿੱਤੇ ਜਾਂਦੇ ਰਹੇ ਹਨ, ਪਰ ਝੰਮੇਲਿਆਂ ਤੋਂ ਬਚਣ ਲਈ ਇਸ ਪੱਛਮੀ ਸਮਾਜ ਵਿਚ ਆਪਣੇ ਨਾਂ ਨਾਲ ਗੋਤ ਦਾ ਨਾਂ ਵਰਤਣ ਦਾ ਮਤਲਬ ਹਰਗਿਜ਼ ਇਹ ਨਹੀਂ ਹੋ ਸਕਦਾ ਕਿ ਅਜਿਹਾ ਕਰਨ ਵਾਲਾ ਸਿੱਖ ਆਪਣੀ ਜਾਤ ਦਾ ਗਰਬ ਕਰਦਾ ਹੈ।

ਜਦੋਂ ਅਸੀਂ ਆਪਣੇ ਦੇਸ਼ ਪੰਜਾਬ ਦੇ ਦਾਇਰੇ ਅੰਦਰ ਹੀ ਵਿਚਰਦੇ ਹਾਂ ਤਾਂ ਆਪਣਾ ਉਪਨਾਮ, ਪਰਵਾਰਕ ਨਾਂ, ਗੋਤ, ਤਖ਼ੱਲਸ ਆਦਿ ਵਰਤਣ ਦੀ ਸਾਨੂੰ ਕੋਈ ਮਜਬੂਰੀ ਨਹੀਂ ਹੁੰਦੀ ਕਿਉਂਕਿ ਓਥੇ ਅਸੀਂ ਆਪਣੇ ਪਹਿਲੇ ਤੇ ਅਸਲੀ ਨਾਂ ਨਾਲ ਹੀ ਜਾਣੇ ਜਾਂਦੇ ਹਾਂ। ਸਰਕਾਰੀ ਕਾਗ਼ਜ਼ਾਂ ਵਿਚ ਵੀ ਫਲਾਣਾ ਸਿੰਘ ਵਲਦ ਫਲਾਣਾ ਸਿੰਘ ਤੇ ਫਲਾਣੀ ਕੌਰ ਪੁੱਤਰੀ/ਪਤਨੀ ਫਲਾਣਾ ਸਿੰਘ ਲਿਖਿਆ ਜਾਣ ਦਾ ਰਿਵਾਜ ਹੈ; ਪਰ ਜਦੋਂ ਅਸੀਂ ਪੱਛਮੀ ਸੋਸਾਇਟੀ ਵਿਚ ਆਉਂਦੇ ਹਾਂ ਤਾਂ ਸਾਡੇ ਲਈ 'ਫ਼ੈਮਲੀ ਨੇਮ' ਦਾ ਝਮੇਲਾ ਇਕ ਸਮੱਸਿਆ ਦਾ ਰੂਪ ਧਾਰ ਲੈਂਦਾ ਹੈ। ਏਥੇ ਕਿਸੇ ਨੂੰ ਪੂਰੇ ਨਾਂ ਜਾਂ ਪਿਉ ਦੇ ਨਾਂ ਤੋਂ ਨਹੀਂ ਬਲਕਿ ਉਸ ਦੇ ਪਰਵਾਰਕ ਨਾਂ ਤੋਂ ਹੀ ਜਾਣਿਆ ਜਾਂਦਾ ਹੈ; ਮਿਸਾਲ ਵਜੋਂ ਮਿਸਟਰ ਫਲਾਣਾ ਤੇ ਮਿਸਜ਼ ਫਲਾਣੀ।

ਕਿਉਂਕਿ ਪੰਜਾਬ ਵਿਚ ਰਹਿੰਦਿਆਂ ਅਜਿਹੀ ਕਦੀ ਸੋਚ ਹੀ ਨਹੀਂ ਆਉਂਦੀ ਤੇ ਸਾਡੇ ਸਾਰੇ ਕਾਗ਼ਜ਼ਾਂ, ਪਾਸਪੋਰਟਾਂ ਆਦਿ ਉਪਰ ਫਲਾਣਾ ਸਿੰਘ ਪੁੱਤਰ ਫਲਾਣਾ ਸਿੰਘ ਤੇ ਫਲਾਣੀ ਕੌਰ ਪੁੱਤਰੀ/ਪਤਨੀ ਫਲਾਣਾ ਸਿੰਘ ਹੀ ਲਿਖਿਆ ਹੁੰਦਾ ਹੈ। ਏਥੇ ਪੱਛਮੀ ਸਮਾਜ ਵਿਚ ਆਣ

ਕੇ ਅਜੀਬ ਰੋਲਘਚੋਲ਼ਾ ਜਿਹਾ ਪੈ ਜਾਂਦਾ ਹੈ। ਅਸੀਂ ਸਾਰੇ ਮਿਸਟਰ ਸਿੰਘ ਬਣ ਜਾਂਦੇ ਹਾਂ ਤੇ ਸਾਡੀਆਂ ਵਹੁਟੀਆਂ ਮਿਸਜ਼ ਕੌਰ ਬਣ ਜਾਂਦੀਆਂ ਹਨ। ਫੇਰ ਅਸੀਂ ਇਹਨਾਂ ਦੇ ਨਾਲ ਮਿਲਣ ਲਈ ਆਪਣੀਆਂ ਵਹੁਟੀਆਂ ਨੂੰ ਮਿਸਜ਼ ਸਿੰਘ ਬਣਾਉਣ ਦੇ ਰਾਹ ਤੁਰਦੇ ਹਾਂ। ਸਾਡੀਆਂ ਰਵਾਇਤਾਂ ਤੋਂ ਅਣਜਾਣ ਗੋਰੇ ਲੋਕ ਗ਼ਲਤੀ ਨਾਲ ਕਈ ਵਾਰੀ ਸਾਨੂੰ ਵੀ 'ਮਿਸਟਰ ਕੌਰ' ਬਣਾ ਧਰਦੇ ਹਨ। ਆਏ ਦਿਨ ਥਾਂ ਥਾਂ ਸਾਨੂੰ ਸਪੱਸ਼ਟੀਕਰਣ ਦੇਣੇ ਪੈਂਦੇ ਹਨ।

ਪਹਿਲੀ ਵਾਰ ਇਸ ਸਮੱਸਿਆ ਨਾਲ ਮੈਨੂੰ ਓਦੋਂ ਦੋ ਚਾਰ ਹੋਣਾ ਪਿਆ ਜਦੋਂ, ੧੯੭੩ ਵਿਚ ਮੈਂ ਦੇਸੋਂ ਨਿਕਲ ਕੇ ਮਲਾਵੀ ਮੁਲਕ ਵਿਚ ਗਿਆ। ਓਥੇ ਭਾਵੇਂ ਅਸੀਂ ਬੜੇ ਹੀ ਥੋਹੜੇ ਸਿੱਖ ਸਾਂ ਪਰ ਫਿਰ ਵੀ ਇਕੋ ਨਿੱਕੇ ਜਿਹੇ ਟਾਊਨ ਲਿੰਬੀ ਵਿਚ ਅਸੀਂ ਅੱਠ ਐਸ. ਸਿੰਘ ਬਣ ਗਏ ਜਿਨ੍ਹਾਂ ਵਿਚੋਂ ਤਿੰਨ ਤਾਂ ਸਿੱਧੇ ਹੀ ਸੰਤੋਖ ਸਿੰਘ ਸਨ। ਇਕ ਦਾ ਚੈੱਕ ਦੂਜੇ ਦੇ ਅਕਾਊਂਟ ਵਿਚ ਤੇ ਦੂਜੇ ਦਾ ਤੀਜੇ ਦੇ ਵਿਚ। ਇਕ ਦੀ ਚਿੱਠੀ ਦੂਜੇ ਦੇ ਪੋਸਟ ਬਾਕਸ ਵਿਚ ਤੇ ਦੂਜੇ ਦੀ ਤੀਜੇ ਦੇ ਵਿਚ। ਮੈਂ ਇਸ ਝਗੜੇ ਤੋਂ ਬਚਣ ਲਈ ਆਪਣੇ ਨਾਂ ਅੱਗੇ ਗਿਆਨੀ ਲਿਖਣਾ ਤੇ ਲਿਖਵਾਉਣਾ ਸ਼ੁਰੂ ਕਰ ਦਿੱਤਾ। ਪਤਾ ਓਦੋਂ ਲੱਗਾ ਕਿ ਇਸ ਦਾ ਕੀ ਪੁਆੜਾ ਪਵੇਗਾ ਜਦੋਂ ਮੇਰੇ ਵੱਡੇ ਲੜਕੇ ਦੀ ਪੈਦਾਇਸ਼ ਸਮੇ ਉਸ ਦੀ ਮਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ। ਓਸੇ ਸਮੇ ਹੀ ਇਕ ਹੋਰ ਸੰਤੋਖ ਸਿੰਘ ਦੀ ਪਤਨੀ ਵੀ ਏਸੇ ਸਿਰਜਣਾ ਦੇ ਕਾਰਜ ਵਾਸਤੇ ਹੀ ਓਸੇ ਹਸਪਤਾਲ ਵਿਚ ਦਾਖ਼ਲ ਹੋਈ ਸੀ। ਬੱਚਿਆਂ ਦੇ ਬਦਲ ਜਾਣ ਦੇ ਡਰੋਂ, ਮੈਂ ਉਚੇਚਾ ਧਿਆਨ ਦੇ ਕੇ ਆਪਣੇ ਨਾਂ ਅੱਗੇ ਗਿਆਨੀ ਲਿਖਵਾਇਆ। ਜਦੋਂ ਪੁੱਤਰ ਦੇ ਜਨਮ ਦਾ ਸਰਟੀਫ਼ੀਕੇਟ ਲੈਣ ਗਿਆ ਤਾਂ ਹਸਪਤਾਲ ਵਾਲਾ ਕਲਰਕ ਮੁੰਡੇ ਦੇ ਨਾਂ ਅੱਗੇ ਵੀ ਗਿਆਨੀ ਲਿਖਣ ਲਈ ਜਿਦ ਕਰੇ। ਬੜਾ ਹੀ ਯਤਨ ਕੀਤਾ ਉਸ ਨੂੰ ਸਮਝਾਉਣ ਦਾ ਕਿ ਇਹ ਸਾਡਾ ਫ਼ੈਮਲੀ ਨੇਮ ਨਹੀਂ ਬਲਕਿ ਡਿਗਰੀ ਹੈ, ਪਰ ਉਹ ਟੱਸ ਤੋਂ ਮੱਸ ਨਾ ਹੋਵੇ ਤੇ ਆਖੇ ਕਿ ਜਦੋਂ ਪਿਉ ਗਿਆਨੀ ਹੈ ਤਾਂ ਪੁੱਤ ਕਿਉਂ ਨਹੀਂ ਗਿਆਨੀ! ਅਖ਼ੀਰ ਇਕ ਹੋਰ ਸਾਥੀ ਅਫ਼ਸਰ ਵੱਲੋਂ ਇਹ ਆਖ ਕੇ ਕਿ ਚੀਨਿਆਂ ਦਾ ਵੀ ਕੁਝ ਏਹੋ ਜੇਹਾ ਹੀ 'ਘਾਲ਼ਾ ਮਾਲ਼ਾ' ਜਿਹਾ ਹੁੰਦਾ ਹੈ। ਚੱਲ ਤੂੰ ਕੱਟ ਦੇ ਪਰਚਾ ਬਿਨਾ ਗਿਆਨੀ ਲਿਖੇ ਦੇ ਹੀ। ਇਸ ਤਰ੍ਹਾਂ ਸਾਡੀ ਇਸ ਸਮੱਸਿਆ ਦਾ ਸਮਾਧਾਨ ਉਸ ਸਮੇ ਹੋ ਗਿਆ। ਮੇਰੇ ਨਾਲ ਗਏ ਸੱਜਣ ਨੇ ਕਿਹਾ, "ਮੈਨੂੰ ਇਸ ਸਮੇ ਸਮੇ ਪੈਣ ਵਾਲੇ ਝਮੇਲੇ ਦਾ ਪਤਾ ਸੀ ਤੇ ਏਸੇ ਕਰਕੇ ਮੈਂ ਆਪਣੇ ਨਾਂ ਨਾਲ ਮੈਟ੍ਰਿਕ ਦੇ ਸਰਟੀਫ਼ੀਕੇਟ 'ਤੇ ਹੀ ਪੂਰਨ ਸਿੰਘ ਦੇ ਨਾਲ ਸਿਧੂ ਵੀ ਲਿਖਵਾ ਲਿਆ ਸੀ, ਭਾਵੇਂ ਕਿ ਮੇਰੇ ਪਿੰਡ ਦਾ ਪ੍ਰਸਿੱਧ ਅਕਾਲੀ ਆਗੂ, ਜ. ਮੱਲ ਸਿੰਘ ਚੜਿੱਕ, ਮੈਨੂੰ ਇਸ ਬਾਰੇ ਟਾਂਚਾਂ ਜਿਹੀਆਂ ਵੀ ਕਰਿਆ ਕਰਦਾ ਸੀ।"

ਇਸ ਮਸਲੇ ਬਾਰੇ ਮੈਂ ਪਹਿਲਾਂ ਏਨਾ ਜਿਦੀ ਸਾਂ ਕਿ ਜਦੋਂ ਏਥੇ ਆਸਟ੍ਰੇਲੀਆ ੧੯੮੧ ਵਿਚ ਮੇਰਾ ਪਰਵਾਰ ਆਇਆ ਤਾਂ ਹਮਦਰਦੀ ਤੇ ਸਹਾਇਤਾ ਵਜੋਂ ਇਕ ਵਕੀਲਣੀ ਅੰਗ੍ਰੇਜ਼ ਬੀਬੀ ਨੇ ਸਾਡੇ ਬੱਚਿਆਂ ਨੂੰ ਪਹਿਲੇ ਦਿਨ ਸਕੂਲ ਤੋਰਨ ਸਮੇ ਮੇਰੀ ਬੱਚੀ ਦੇ ਬਸਤੇ ਆਦਿ ਉਤੇ 'ਰਵੀਨ ਸਿੰਘ' ਲਿਖ ਦਿੱਤਾ, ਜਿਸ ਦਾ ਮੈਂ ਇਤਰਾਜ਼ ਕੀਤਾ, "ਕੌਰ ਦੇ ਥਾਂ ਸਿੰਘ ਕਿਉਂ?" ਤਾਂ ਉਸ ਨੇ ਕਿਹਾ, "ਮੈਨੂੰ ਪਤਾ ਹੈ ਤੁਹਾਡਾ ਫ਼ੈਮਲੀ ਨੇਮ ਹੁੰਦਾ ਹੈ। ਪੰਝੀ ਡਾਲਰ ਫ਼ੀਸ ਲੱਗਦੀ ਹੈ ਜੋ ਕਿ ਮੈਂ ਆਪਣੇ ਕੋਲੋਂ ਪੇ ਕਰ ਦਿਆਂਗੀ। ਤੁਸੀਂ ਆਪਣੇ ਨਾਂ ਨਾਲ ਡੀਡ ਪੋਲ ਰਾਹੀਂ ਆਪਣਾ ਫ਼ੈਮਲੀ ਨੇਮ ਲਿਖਵਾ ਲਵੋ। ਇਸ ਨਾਲ ਥਾਂ ਥਾਂ ਪੈਣ ਵਾਲੀਆਂ ਗ਼ਲਤ ਫ਼ਹਿਮੀਆਂ ਦੂਰ ਹੋ ਜਾਣਗੀਆਂ।"

ਪ੍ਰੋਫ਼ੈਸ਼ਨ ਵਜੋਂ ਇਕ ਪ੍ਰਸਿੱਧ ਵਕੀਲ ਹੋਣ ਕਰਕੇ ਉਹ ਇਹ ਸਾਰਾ ਕੁਝ ਜਾਣਦੀ ਸੀ। ਮੈਂ ਗ਼ੁੱਸੇ ਵਿਚ ਜਵਾਬ ਦਿੱਤਾ, "ਮੈਂ ਆਸਟ੍ਰੇਲੀਆ ਛੱਡ ਜਾਵਾਂਗਾ ਪਰ 'ਸੰਤੋਖ ਸਿੰਘ' ਤੋਂ 'ਮਿਸਟਰ ਪੈਡਾ' ਨਹੀਂ ਬਣਾਂਗਾ। ਮੇਰੇ ਪਰਵਾਰ ਨੇ ਮੇਰਾ ਨਾਂ 'ਸੰਤੋਖ' ਰੱਖਿਆ ਹੈ ਤੇ ਮੇਰੇ ਗੁਰੂ ਨੇ ਮੈਨੂੰ 'ਸਿੰਘ' ਨਾਂ ਬਖ਼ਸ਼ਿਆ ਹੈ। ਮੈਂ ਇਹਨਾਂ ਨੂੰ ਤਿਆਗ ਕੇ 'ਮਿਸਟਰ ਪੈਡਾ' ਬਣ ਕੇ ਆਪਣੇ ਪਰਵਾਰ ਤੇ ਗੁਰੂ ਨੂੰ ਬੇਦਾਵਾ ਨਹੀਂ ਦੇ ਸਕਦਾ।"

ਇਸ ਸਮਾਜ ਵਿਚ ਥਾਂ ਥਾਂ ਵਿਆਖਿਆ ਕਰਕੇ ਇਹ ਦੱਸਣਾ ਪੈਂਦਾ ਰਿਹਾ ਕਿ ਮੇਰੀ ਵਹੁਟੀ ਕੌਰ ਕਿਉਂ ਹੈ ਤੇ ਮੈਂ ਸਿੰਘ ਕਿਉਂ ਹਾਂ। ਫੇਰ ਇਹ ਵੀ ਕਈਆਂ ਨੇ ਪੁੱਛਣਾ ਕਿ ਹਰੇਕ ਫ਼ੀਮੇਲ ਦੇ ਤਿੰਨ ਨਾਂ ਕਿਉਂ ਤੇ ਹਰੇਕ ਮੇਲ ਦੇ ਦੋ ਨਾਂ ਕਿਉਂ, ਦੇ ਜਵਾਬ ਵੀ ਹਰੇਕ ਸਮੇ ਦੇਣੇ ਪੈਂਦੇ ਰਹੇ।

ਕੁਝ ਸਾਲ ਹੋਏ ਏਥੇ ਮੇਰੇ ਪਾਸ ਲੰਡਨ ਤੋਂ ਗਿਆਨੀ ਪ੍ਰੀਤਮ ਸਿੰਘ ਜੀ ਆਏ। ਉਹ ਸੰਤ ਬਾਬਾ ਗੁਰਬਚਨ ਸਿੰਘ ਜੀ ਹੋਰਾਂ ਦੇ ਨਾ ਕੇਵਲ ਵਿਦਿਆਰਥੀ ਹੀ ਸਨ ਬਲਕਿ ਉਹਨਾਂ ਦੇ ਲਿਖਾਰੀ ਵੀ ਰਹੇ ਤੇ ਬਹੁਤ ਹੀ ਮਹੱਤਵਪੂਰਨ ਗੁਰੂ ਘਰਾਂ ਵਿਚ ਮੁਖ ਗ੍ਰੰਥੀ ਦੀ ਸੇਵਾ ਵੀ ਕਰਦੇ ਰਹੇ। ਹਵਾਈ ਅੱਡੇ 'ਤੇ ਉਹਨਾਂ ਨੂੰ ਤੋਰਨ ਸਮੇ ਉਹਨਾਂ ਦੇ ਪਾਸਪੋਰਟ 'ਤੇ ਨਿਗਾਹ ਪਈ ਤਾਂ ਕੀ ਵੇਖਿਆ! ਨਾਂ ਅੱਗੇ ਕੰਗ ਲਿਖਿਆ ਹੋਇਆ। ਹੈਰਾਨੀ ਨਾਲ ਪੁੱਛਿਆ, "ਗਿਆਨੀ ਜੀ ਇਹ ਕਿਉਂ?" ਤਾਂ ਜਵਾਬ ਮਿਲਿਆ, "ਭੰਬਲਭੂਸਿਆਂ ਤੋਂ ਬਚਣ ਲਈ ਇਹ ਲਿਖਵਾ ਲਿਆ ਹੈ।"

੧੯੯੬ ਵਿਚ ਜਦੋਂ ਵੈਨਕੂਵਰ ਗਿਆ ਤਾਂ ਇਕ ਪੁਰਾਣੇ ਵਾਕਫ਼ ਧਾਰਮਿਕ ਵਿਦਵਾਨ ਸੱਜਣ ਨੇ ਜਦੋਂ ਆਪਣਾ ਸਿਰਨਾਵਾਂ ਲਿਖ ਕੇ ਦਿੱਤਾ ਤਾਂ ਹੈਰਾਨੀ ਹੋਈ ਵੇਖ ਕੇ; ਲਿਖਿਆ ਸੀ, 'ਡੀ. ਐਸ. ਥਿੰਦ' ਇਹ ਕੀ? ਤੁਸੀਂ 'ਗਿਆਨੀ ਦਰਸ਼ਨ ਸਿੰਘ ਸ਼ਹੀਦ ਜੀ' ਤੋਂ ਇਹ ਨਵਾਂ

'ਅਵਤਾਰ' ਕਦੋਂ ਧਾਰ ਲਿਆ?" "ਏਥੇ ਦਾ ਕਾਨੂੰਨ ਹੈ ਕਿ ਆਪਣੇ ਨਾਂ ਨਾਲ ਫ਼ੈਮਲੀ ਦਾ ਨਾਂ ਜ਼ਰੂਰ ਲਿਖਣਾ ਹੈ।" ਜਵਾਬ ਪ੍ਰਾਪਤ ਭਇਆ। ੧੯੭੮ ਦੀ ਵੈਨਕੂਵਰ ਯਾਤਰਾ ਦੌਰਾਨ, ਇਕ ਬਹੁਤ ਹੀ ਸੁਹਿਰਦ ਸੱਜਣ, ਗਿਆਨੀ ਗੁਰਮੁਖ ਸਿੰਘ ਦੀਵਾਨਾ ਜੀ, ਨਾਲ ਸੰਪਰਕ ਹੋਇਆ ਸੀ। ੧੯੯੬ ਵਾਲੀ ਕੈਨੇਡਾ ਫੇਰੀ ਸਮੇ ਉਹਨਾਂ ਨੇ ਵੀ ਜਦੋਂ ਮੈਨੂੰ ਆਪਣਾ ਕਾਰਡ ਦਿੱਤਾ ਤਾਂ ਉਸ ਉਤੇ 'ਗਿਆਨੀ ਗੁਰਮੁਖ ਸਿੰਘ ਦੀਵਾਨਾ ਢਿੱਲੋਂ" ਲਿਖਿਆ ਪੜ੍ਹਿਆ। ਇਸ ਨਾਂ ਬਦਲੀ ਦੇ ਪੁੱਛਣ ਦੀ ਮੈਂ ਲੋੜ ਹੀ ਨਾ ਸਮਝੀ।

੧੯੯੮ ਦੇ ਅਖ਼ੀਰਲੇ ਮਹੀਨਿਆਂ ਵਿਚ ਜਦੋਂ ਅਸੀਂ ਸਾਰਾ ਪਰਵਾਰ ਦੇਸ ਵੱਡੇ ਮੁੰਡੇ ਨੂੰ ਵਿਆਹੁਣ ਜਾਣ ਦੀਆਂ ਤਿਆਰੀਆਂ ਵਿਚ ਸਾਂ ਤਾਂ ਇਕ ਦਿਨ ਉਸ ਨੇ ਕਹਿ ਦਿੱਤਾ ਕਿ ਵਿਆਹ ਤੋਂ ਪਹਿਲਾਂ ਉਹ ਆਪਣੇ ਨਾਂ ਨਾਲ ਗੋਤ ਵੀ ਐਡ ਕਰਵਾਏਗਾ। ਮਨ ਤਾਂ ਮੇਰਾ ਪਹਿਲਾਂ ਹੀ ਨਿਤ ਦਿਨ ਦੀਆਂ ਝਮੇਲੀਆਂ ਜਿਹੀਆਂ ਕਰਕੇ ਅੱਧਾ ਕੁ ਬਣਿਆ ਹੋਇਆ ਸੀ; ਸੋ ਸਾਰੇ ਪਰਵਾਰ ਨੇ ਫ਼ੈਸਲਾ ਕਰ ਲਿਆ ਕਿ ਪਿਉ ਮਿ. ਸਿੰਘ, ਮਾਂ ਮਿਸਜ਼ ਕੌਰ ਤੇ ਪੁੱਤ ਮਿ. ਪੱਡਾ ਬਣ ਕੇ ਘਰ ਵਿਚ ਹੀ ਮਿਨੀ ਯੂ.ਐਨ. ਜਿਹੀ ਬਣਾਉਣ ਨਾਲੋਂ ਏਹੀ ਚੰਗਾ ਹੈ ਕਿ ਸਾਰੇ ਜਣੇ ਹੀ ਆਪਣੇ ਨਾਂਵਾਂ ਨਾਲ ਫ਼ੈਮਲੀ ਦਾ ਨਾਂ ਵੀ ਸ਼ਾਮਲ ਕਰ ਲਈਏ। "ਆਖ ਦੇ ਬੁੱਢੇ ਨੂੰ ਬਾਬਾ ਤੇ ਨਿਤ ਦਾ ਕਲੇਸ਼ ਮੁੱਕ ਜਾਏ।" ਵਾਲੀ ਲੋਕ ਬੋਲੀ 'ਤੇ ਅਮਲ ਕਰਦਿਆਂ ਹੋਇਆਂ, ਵਾਹਵਾ ਖ਼ਰਚ, ਖੇਚਲ ਤੇ ਥਾਂ ਥਾਂ ਫਿਰ ਕੇ ਅਸੀਂ ਸਾਰੇ ਪਰਵਾਰਕ ਮੈਂਬਰਾਂ ਦੇ ਨਾਂਵਾਂ ਨਾਲ ਆਪਣੀ ਗੋਤ ਵੀ ਸ਼ਾਮਲ ਕਰਵਾ ਲਈ।

ਫਿਰ ਹਾਲਤ ਅਜਿਹੀ ਬਣ ਗਈ ਕਿ ਏਨੇ ਸਾਲ ਬੀਤ ਜਾਣ ਪਿੱਛੋਂ ਵੀ ਜਦੋਂ ਕਿਸੇ ਬੈਂਕ, ਦਫ਼ਤਰ ਆਦਿ ਦਾ ਕੋਈ ਕਰਮਚਾਰੀ 'ਮਿ. ਪਾਦਾ' ਕਹਿ ਕੇ ਅਵਾਜ਼ ਮਾਰੇ ਤਾਂ ਇਕ ਦੋ ਵਾਰ ਤਾਂ ਸਮਝ ਹੀ ਨਹੀਂ ਆਉਂਦੀ ਕਿ ਮੈਨੂੰ ਬੁਲਾਇਆ ਜਾ ਰਿਹਾ ਹੈ ਕਿਉਂਕਿ ਕੰਨ ਦਹਾਕਿਆਂ ਤੋਂ 'ਮਿ. ਸਿੰਘ' ਸੁਣਨ ਦੇ ਆਦੀ ਹੋਏ ਹੋਏ ਹਨ। ਫੇਰ ਪੰਜਾਬ ਵਿਚ ਬਣ ਚੁੱਕੇ ਰਿਵਾਜ ਅਨੁਸਾਰ ਕੋਈ ਵਾਕਫ਼ ਜਾਂ ਨਵਾਂ ਰਿਸ਼ਤੇਦਾਰ ਜਾਂ ਈ-ਮੇਲ ਵਿਚ, ਮਜਬੂਰੀ ਵੱਸ ਪਾਏ ਗਏ ਪਰਵਾਰਕ ਨਾਂ ਕਰਕੇ, ਈ-ਮੇਲ ਦੁਆਰਾ 'ਪੱਡਾ ਸਾਹਿਬ' ਕਹਿ ਕੇ ਸੰਬੋਧਨ ਕਰਦਾ ਹੈ ਤਾਂ ਬੜਾ ਅਜੀਬ ਜਿਹਾ ਲੱਗਦਾ ਹੈ। ਏਸੇ ਲਈ ਮੈਂ ਨਵੇਂ ਈ-ਐਡ੍ਰੈਸ ਵਿਚ ਆਪਣੇ ਨਾਂ ਤੋਂ ਪਹਿਲਾਂ 'ਗਿਆਨੀ' ਸ਼ਾਮਲ ਕਰ ਲਿਆ ਹੈ ਤੇ ਪੱਡਾ ਕੱਟ ਦਿੱਤਾ ਹੈ।

ਰਹੀ ਗੱਲ ਸਮੇ ਸਮੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਸਾਹਿਬਾਨ ਵੱਲੋਂ ਜਾਰੀ ਕੀਤੇ ਜਾਂਦੇ ਇਹਨਾਂ ਫ਼ਰਮਾਨਾਂ ਦੀ ਕਿ ਆਪਣੇ ਨਾਂ ਨਾਲ ਜਾਤ ਗੋਤ ਨਾ ਲਿਖੋ, ਤਖ਼ਤ ਦੇ ਜਥੇਦਾਰਾਂ ਦੇ ਆਪਣੇ ਨਾਂ ਵੀ, ਜੋ ਕਿ ਕੁਝ ਕੁ ਇਸ ਸਮੇ ਮੇਰੀ ਯਾਦ ਵਿਚ ਆ ਸਕੇ ਹਨ, ਤੁਸੀਂ ਵੀ ਪੜ੍ਹ ਲਵੋ:

ਜ. ਫੂਲਾ ਸਿੰਘ ਅਕਾਲੀ, ਜ. ਤੇਜਾ ਸਿੰਘ ਭੁੱਚਰ, ਜ. ਤੇਜਾ ਸਿੰਘ ਅਕਰਪੁਰੀ, ਸੰਤ ਬਾਬਾ ਵਿਸਾਖਾ ਸਿੰਘ ਦਦੇਹਰ, ਜ. ਊਧਮ ਸਿੰਘ ਨਾਗੋਕੇ, ਜ. ਮੋਹਨ ਸਿੰਘ ਨਾਗੋਕੇ, ਜ. ਮੋਹਨ ਸਿੰਘ ਤੁੜ, ਜ. ਸਾਧੂ ਸਿੰਘ ਭੌਰਾ, ਗਿ. ਗੁਰਮੁਖ ਸਿੰਘ ਮੁਸਾਫ਼ਰ, ਜ. ਗੁਰਦਿਆਲ ਸਿੰਘ ਅਜਨੋਹਾ, ਭਾਈ ਜਸਬੀਰ ਸਿੰਘ ਰੋਡੇ, ਭਾਈ ਗੁਰਦੇਵ ਸਿੰਘ ਕਾਉਂਕੇ, ਪ੍ਰੋ. ਦਰਸ਼ਨ ਸਿੰਘ ਖ਼ਾਲਸਾ, ਗਿ. ਜੋਗਿੰਦਰ ਸਿੰਘ ਵੇਦਾਂਤੀ ਆਦਿ।

ਬਹੁਤੇ ਵਿਦਵਾਨ ਜਥੇਦਾਰ ਸਾਹਿਬਾਨ ਨੂੰ ਆਪਣੇ ਨਾਂ ਪਿੱਛੇ, ਆਪਣੀ ਪਛਾਣ ਕਰਵਾਉਣ ਵਾਸਤੇ, ਕੁਝ ਨਾ ਕੁਝ ਲਾਉਣ ਦੀ ਲੋੜ ਪੈਂਦੀ ਹੈ ਜਦੋਂ ਕਿ ਓਥੇ ਸਾਡੇ ਏਥੋਂ ਵਾਲੀ ਕਾਨੂੰਨੀ ਮਜਬੂਰੀ ਵੀ ਨਹੀਂ ਹੈ। ਇਹਨਾਂ ਤੋਂ ਇਲਾਵਾ ਬਾਕੀ ਦੇ ਜਥੇਦਾਰ ਸਾਹਿਬਾਨ: ਗਿ. ਪਰਤਾਪ ਸਿੰਘ ਜੀ, ਜ. ਅੱਛਰ ਸਿੰਘ ਜੀ, ਗਿ. ਚੇਤ ਸਿੰਘ ਜੀ, ਗਿ. ਕ੍ਰਿਪਾਲ ਸਿੰਘ ਜੀ, ਭਾਈ ਰਣਜੀਤ ਸਿੰਘ ਜੀ ਤੇ ਗਿ. ਪੂਰਨ ਸਿੰਘ ਜੀ ਆਪਣੇ ਨਾਂ ਦੇ ਅਖ਼ੀਰ ਵਿਚ ਕੁਝ ਵਰਤਿਆਂ ਬਿਨਾ ਹੀ ਡੰਗ ਸਾਰ ਲੈਂਦੇ ਸਨ ਪਰ ਆਨੀ ਬਹਾਨੀ ਕਦੀ ਕਦਾਈਂ ਇਹ ਪਤਾ ਲਗਾ ਹੀ ਦਿੱਤਾ ਜਾਂਦਾ ਸੀ ਕਿ ਗਿ. ਕ੍ਰਿਪਾਲ ਸਿੰਘ ਜੀ ਬਰਾੜ ਹਨ।

ਇਸ ਤੋਂ ਇਲਾਵਾ ਅੱਜ ਕਲ੍ਹ 'ਵਾਲੇ' ਲਿਖਣ ਦਾ, ਕੁਝ ਕੁ ਦਹਾਕਿਆਂ ਤੋਂ ਵਾਹਵਾ ਹੀ ਰਿਵਾਜ ਚੱਲ ਨਿਕਲਿਆ ਹੈ ਜਿਸ ਦਾ ਮਕਸਦ, ਮੇਰੇ ਖ਼ਿਆਲ ਵਿਚ, ਆਪਣੀ ਪਛਾਣ ਵਖਰਿਆਉਣ ਦਾ ਹੀ ਇਕ ਯਤਨ ਹੈ। ਸ਼ਾਇਦ ਇਹ ਸ਼ੁਰੂ ਵੀ ਇਕ ਪ੍ਰਸਿੱਧ ਰਾਗੀ ਸਿੰਘ ਤੋਂ ਹੋਇਆ ਸੀ; ਜਿਵੇਂ ਕਿ, ਜਗਾਧਰੀ ਵਾਲੇ, ਸ੍ਰੀ ਨਗਰ ਵਾਲੇ, ਕੌਲਸਰ ਵਾਲੇ, ਭਿੰਡਰਾਂ ਵਾਲੇ, ਮਾਲੂਵਾਲ ਵਾਲੇ, ਰਾੜਾ ਸਾਹਿਬ ਵਾਲੇ, ਰਤਵਾੜਾ ਸਾਹਿਬ ਵਾਲੇ, ਨਾਨਕਸਰ ਵਾਲੇ, ਢਡਰੀਆਂ ਵਾਲੇ ਆਦਿ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ।

ਏਸੇ ਤਰ੍ਹਾਂ ਲਿਖਾਰੀ ਤੇ ਖ਼ਾਸ ਕਰਕੇ ਕਵੀ ਸੱਜਣਾਂ ਵਿਚ ਕੋਈ ਨਾ ਕੋਈ ਤਖ਼ੱਲਸ ਰੱਖਣ ਦਾ ਰਿਵਾਜ ਰਿਹਾ ਹੈ ਤੇ ਅਜੇ ਵੀ ਹੈ; ਜਿਵੇਂ ਕਿ ਚਾਤ੍ਰਿਕ, ਪਰਵਾਨਾ, ਸ਼ਮ੍ਹਾ, ਜ਼ਖ਼ਮੀ, ਨਿਰਛਲ, ਦੀਪਕ, ਕੰਵਲ, ਤੀਰ, ਧੀਰ, ਗਾਰਗੀ, ਕੁਸ਼ਤਾ, ਆਜਿਜ਼, ਸ਼ਰਫ਼, ਪਤੰਗਾ, ਵੰਤਾ, ਹਮਦਰਦ, ਵੈਰਾਗੀ, ਵੈਦ, ਰਾਹੀ, ਦਿਲਗੀਰ, ਭੰਵਰ, ਚਮਕ, ਜ਼ਫ਼ਰ ਆਦਿ। ਇਸ ਤਰ੍ਹਾਂ ਆਪਣੇ ਨਾਂ ਨਾਲ ਤਖ਼ੱਲਸ ਜੋੜਨ ਵਾਲੇ ਸੱਜਣ ਪੂਰਾ ਨਾਂ ਲਏ ਜਾਣ ਦੀ ਬਜਾਇ ਆਪਣੇ ਤਖ਼ੱਲਸ ਦੇ ਨਾਲ ਸਾਹਿਬ ਲਗਾ ਕੇ ਸੰਬੋਧਨ ਕਰਵਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ ਪਰ ਗੋਤ ਦਾ ਨਾਂ ਨਹੀਂ ਵਰਤਦੇ।

ਮੈਂ ਜਦੋਂ 'ਹੌਟਮੇਲ' ਤੋਂ 'ਯਾਹੂ' 'ਤੇ ਆਪਣਾ ਈ-ਐਡ੍ਰੈਸ ਬਦਲਣ ਸਮੇ, ਈ-ਮੇਲ ਤੋਂ ਫ਼ੈਮਲੀ ਨਾਂ ਨੂੰ ਬੇਲੋੜਾ ਸਮਝ ਕੇ, ਹਟਾ ਦਿੱਤਾ ਤਾਂ ਕਈ ਸੁਲਝੇ ਹੋਏ ਸੱਜਣਾਂ ਨੇ, ਇਹ ਸਮਝ ਕੇ ਕਿ ਸ਼ਾਇਦ ਮੈਂ 'ਕੱਟੜਪੰਥੀਆਂ' ਦੀ ਬੇਲੋੜੀ ਨੁਕਤਾਚੀਨੀ ਦੇ ਦਬਾ ਹੇਠ ਆ ਕੇ ਅਜਿਹਾ ਕੀਤਾ ਹੈ, ਬਹੁਤ ਸਾਰੇ ਸਨੇਹੀਆਂ ਵੱਲੋਂ, ਈ-ਮੇਲਾਂ ਰਾਹੀਂ ਪਰਵਾਰਕ ਨਾਂ ਨੂੰ ਮਾਣ ਸਹਿਤ ਆਪਣੇ ਨਾਂ ਨਾਲ ਜੋੜੀ ਰੱਖਣ ਦਾ ਸੁਝਾ ਦਿੱਤਾ ਗਿਆ। ਮੈਂ ਉਹਨਾਂ ਦੀ ਹੌਂਸਲਾ ਅਫ਼ਜ਼ਾਈ ਦਾ ਧੰਨਵਾਦੀ ਹਾਂ ਤੇ ਮੈਨੂੰ ਆਪਣੀ ਗੋਤ ਦੇ ਨਾਂ ਤੋਂ ਕੋਈ ਘਟੀਆਪਣ ਦਾ ਅਹਿਸਾਸ ਵੀ ਨਹੀਂ ਹੈ ਕਿਉਂਕਿ ਹਰੇਕ ਗੋਤ ਕਿਸੇ ਨਾ ਕਿਸੇ ਬਹੁਤ ਪ੍ਰਸਿੱਧ ਵਿਅਕਤੀ ਦੇ ਨਾਂ ਤੋਂ ਹੀ ਚਾਲੂ ਹੁੰਦੀ ਹੈ, ਪਰ ਮੇਰੀ ਜਾਣ ਪਛਾਣ ਸਾਰੇ ਸੰਸਾਰ 'ਤੇ ਸੁਖੀ ਵੱਸ ਰਹੀਆਂ ਸਿੱਖ ਸੰਗਤਾਂ ਤੇ ਬਾਕੀ ਸੁਹਿਰਦ ਸੱਜਣਾਂ ਵਿਚ, 'ਗਿਆਨੀ ਸੰਤੋਖ ਸਿੰਘ' ਕਰਕੇ ਹੈ। ਇਸ ਲਈ ਮੈਨੂੰ ਆਪ ਹੀ ਚੰਗਾ ਜਿਹਾ ਨਹੀਂ ਸੀ ਲੱਗ ਰਿਹਾ ਜਦੋਂ ਕਈ ਸੁਹਿਰਦ ਸੱਜਣ ਤੇ ਮੇਰੇ ਨਵੇਂ ਸੰਬੰਧੀ ਮੈਨੂੰ 'ਪੱਡਾ ਸਾਹਿਬ' ਕਰਕੇ ਸੰਬੋਧਨ ਕਰਨ ਲੱਗ ਪਏ ਸਨ।

ਪੰਜਾਬ ਵਿਚ ਬਹੁਤ ਵਾਰੀਂ ਇਕੋ ਨਾਂ ਦੇ ਇਕੋ ਸਮੇ ਕਈ ਵਿਅਕਤੀ ਹੋਣ ਕਰਕੇ ਵੀ ਇਹ ਜਾਨਣ ਲਈ ਕਿ ਇਹ ਕੇਹੜਾ ਸੱਜਣ ਹੈ, ਉਸ ਦੇ ਨਾਂ ਨਾਲ ਉਸ ਦੇ ਪਿੰਡ ਦਾ ਨਾਂ, ਗੋਤ ਦਾ ਨਾਂ ਜਾਂ ਉਸ ਦਾ ਆਪਣਾ ਚੁਣਿਆ ਹੋਇਆ ਕੋਈ ਤਖ਼ੱਲਸ ਸ਼ਾਮਲ ਕਰ ਕੇ ਜਾਂ ਉਂਜ ਹੀ 'ਫਲਾਣਾ ਸਾਹਿਬ' ਕਰ ਕੇ ਸੰਬੋਧਨ ਕਰਨ ਦਾ ਰਿਵਾਜ ਜਿਹਾ ਹੈ। ਜਿਵੇਂ ਇਕ ਵਾਰ ਅਕਾਲੀ ਲਹਿਰ ਸਮੇ ਕਈ ਤੇਜਾ ਸਿੰਘ ਸਿੱਖ ਪਲੇਟਫ਼ਾਰਮ 'ਤੇ ਵਿਚਰਦੇ ਸਨ, ਤਾਂ ਹਰੇਕ ਦੇ ਨਾਂ ਨਾਲ ਕੁਝ ਨਾ ਕੁਝ ਲਾ ਕੇ ਉਹਨਾਂ ਨੂੰ ਆਪਸ ਵਿਚ ਇਕ ਦੂਜੇ ਨਾ਼ਲੋਂ ਵਖਰਿਆਇਆ ਜਾਂਦਾ ਸੀ: ਜ. ਤੇਜਾ ਸਿੰਘ ਸਮੁੰਦਰੀ, ਜ. ਤੇਜਾ ਸਿੰਘ ਅਕਰਪੁਰੀ, ਸ. ਤੇਜਾ ਸਿੰਘ ਸੁਤੰਤਰ, ਪ੍ਰੋਫ਼ੈਸਰ ਤੇਜਾ ਸਿੰਘ, ਸੰਤ ਤੇਜਾ ਸਿੰਘ, ਗਿਆਨੀ ਤੇਜਾ ਸਿੰਘ, ਸੰਤ ਗਿਆਨੀ ਤੇਜਾ ਸਿੰਘ, ਸ. ਤੇਜਾ ਸਿੰਘ ਕੋਹਲੀ, ਜ. ਤੇਜਾ ਸਿੰਘ ਭੁੱਚਰ, ਤੇਜਾ ਸਿੰਘ ਚੂਹੜਕਾਣਾ, ਬਾਬਾ ਤੇਜਾ ਸਿੰਘ, ਜਸਟਿਸ ਤੇਜਾ ਸਿੰਘ, ਸਰ ਤੇਜਾ ਸਿੰਘ ਮਲਕ, ਤੇਜਾ ਸਿੰਘ ਘਵਿੰਡ ਆਦਿ। ਹੁਣ ਵੀ ਸਿੱਖ ਸਿਆਸਤ ਵਿਚ ਵਿਚਰਦੇ ਵੱਖ ਵੱਖ ਮਨਜੀਤ ਸਿੰਘਾਂ ਦੀ ਵੱਖਰੀ ਪਛਾਣ ਲਈ, ਪ੍ਰੋਫ਼ੈਸਰ, ਭਾਈ, ਕਲਕੱਤਾ, ਖਹਿਰਾ, ਤਰਨ ਤਾਰਨੀ ਆਦਿ ਆਪਣੇ ਨਾਵਾਂ ਨਾਲ ਉਹਨਾਂ ਨੂੰ 'ਖ਼ਿਤਾਬ' ਵਰਤਣੇ ਪੈ ਰਹੇ ਹਨ।

ਏਸੇ ਤਰ੍ਹਾਂ ਜਦੋਂ ਅਠਾਰ੍ਹਵੀਂ ਸਦੀ ਵਿਚ ਇਕੋ ਨਾਂ ਦੇ ਦੋ ਸੂਰਮੇ ਸਿੰਘ ਸਿੱਖ ਸੰਘਰਸ਼ ਵਿਚ ਪਰਗਟ ਹੋਏ ਤਾਂ ਉਹਨਾਂ ਨੂੰ ਵਖਰਿਆਉਣ ਲਈ ਵੀ ਇਕ ਦੇ ਨਾਂ ਨਾਲ ਪਹਿਲਾਂ ਕਲਾਲ ਤੇ ਦੂਜੇ ਦੇ ਨਾਂ ਨਾਲ ਠੋਕਾ ਲਾਇਆ ਜਾਂਦਾ ਸੀ। ਬਾਅਦ ਵਿਚ ਇਹੋ ਹੀ ਇਕ 'ਆਹਲੂਵਾਲੀਆ' ਤੇ ਦੂਜਾ 'ਰਾਮਗੜ੍ਹੀਆ' ਅੱਲ ਕਰਕੇ ਪੰਥ ਵਿਚ ਪ੍ਰਸਿੱਧ ਹੋਏ। ਇਹ ਉਹਨਾਂ ਦੀਆਂ ਗੋਤਾਂ ਦੇ ਨਾਂ ਨਹੀਂ ਸਨ ਤੇ ਮੈਨੂੰ ਅੱਜ ਤੱਕ ਵੀ ਨਹੀਂ ਪਤਾ ਕਿ ਉਹਨਾਂ ਦੀਆਂ ਗੋਤਾਂ ਕੇਹੜੀਆਂ ਸਨ। ਸ. ਜੱਸਾ ਸਿੰਘ ਰਾਮਗੜ੍ਹੀਆ (ਕਿਲ੍ਹਾ ਰਾਮਗੜ੍ਹ ਕਰਕੇ) ਆਪਣੀ ਮਿਸਲ ਦਾ ਆਗੂ ਸੀ ਜੋ ਕਿ ਪਹਿਲਾਂ ਸ. ਨੰਦ ਸਿੰਘ ਸਾਂਙਣੀਆਂ ਦੇ ਜਥੇ ਵਿਚ ਸ਼ਾਮਲ ਸੀ ਤੇ ਸ. ਜੱਸਾ ਸਿੰਘ ਆਹਲੂਵਾਲ ਪਿੰਡ ਤੋਂ ਹੋਣ ਕਰਕੇ ਆਹਲੂਵਾਲੀਆ ਕਰਕੇ ਜਾਣਿਆ ਗਿਆ ਜੋ ਕਿ ਆਪਣੀ ਏਸੇ ਨਾਂ ਵਾਲੀ ਮਿਸਲ ਦਾ ਆਗੂ ਹੋਣ ਦੇ ਨਾਲ ਨਾਲ ਸਾਰੇ 'ਦਲ ਖ਼ਾਲਸਾ' ਦਾ ਸ਼੍ਰੋਮਣੀ ਜਥੇਦਾਰ ਵੀ ਸੀ; ਪਰ ਹੁਣ ਹੈਰਾਨੀ ਹੁੰਦੀ ਹੈ ਇਹ ਪੜ੍ਹ ਕੇ ਜਦੋਂ ਬਾਬਾ ਬੁੱਢਾ ਜੀ ਦੇ ਨਾਂ ਨਾਲ ਰੰਧਾਵਾ, ਭਾਈ ਬੋਤਾ ਸਿੰਘ ਜੀ ਦੇ ਨਾਂ ਨਾਲ ਸੰਧੂ, ਭਾਈ ਸੁੱਖਾ ਸਿੰਘ ਜੀ ਦੇ ਨਾਂ ਨਾਲ ਕਲਸੀ, ਭਾਈ ਮਹਿਤਾਬ ਸਿੰਘ ਦੇ ਨਾਂ ਨਾਲ ਭੰਗੂ, ਭਾਈ ਬਘੇਲ ਸਿੰਘ ਦੇ ਨਾਂ ਨਾਲ ਧਾਲੀਵਾਲ ਤੇ ਸ਼ਹੀਦ ਭਗਤ ਸਿੰਘ ਦੇ ਨਾਂ ਨਾਲ ਸੰਧੂ ਟਾਂਕਣ ਦੀ ਨਵੀਂ ਬਿਮਾਰੀ ਪਰਗਟ ਹੋ ਗਈ ਹੈ। ਏਥੋਂ ਤੱਕ ਕਿ ਇਕ ਦਿਨ *ਅਜੀਤ* ਅਖ਼ਬਾਰ ਵਿਚ ਕਿਸੇ ਸੱਜਣ ਦਾ ਲੇਖ ਆਇਆ, ਸੰਤ ਚੰਨਣ ਸਿੰਘ ਜੀ 'ਧਨੋਆ'। "ਫੋਟੋ ਸ਼੍ਰੋਮਣੀ ਕਮੇਟੀ ਦੇ ਸਾਬਕ ਪ੍ਰਧਾਨ ਸਵਰਗਵਾਸੀ ਸੰਤ ਚੰਨਣ ਸਿੰਘ ਜੀ ਦੀ ਹੈ ਤੇ ਇਹ 'ਧਨੋਆ' ਕੀ ਹੋਇਆ?"; ਅਜਿਹੀ ਸੋਚ ਇਕਦਮ ਆਈ। ਸਾਰਾ ਲੇਖ ਪੜ੍ਹਨ ਉਪ੍ਰੰਤ ਸਮਝ ਪਈ ਕਿ ਇਹ ਬੇਲੋੜਾ ਗੋਤ ਵਾਚਕ ਨਾਂ, ਸਵਰਗੀ ਸੰਤ ਚੰਨਣ ਸਿੰਘ ਜੀ ਦੇ ਨਾਂ ਨਾਲ, ਬਿਨਾ ਕਿਸੇ ਲੋੜੋਂ, ਚਮੋੜਿਆ ਗਿਆ ਹੈ। ਪਤਾ ਨਹੀਂ ਲੇਖਕ ਨੂੰ ਇਸ ਭੁਲੇਖਾ ਪਾਊ ਯਤਨ ਵਿਚੋਂ ਕੀ ਪ੍ਰਾਪਤ ਹੋਇਆ ਹੋਵੇਗਾ! ਖ਼ੁਦ ਮੈਂ ਪੰਜ ਸੱਤ ਸਾਲ ਉਹਨਾਂ ਦੀ ਸੇਵਾ ਵਿਚ ਪੀ.ਏ. ਵਜੋਂ ਵਿਚਰਨ ਦੇ ਬਾਵਜੂਦ ਇਹ ਨਹੀਂ ਸੀ ਜਾਣ ਸਕਿਆ ਕਿ ਉਹਨਾਂ ਦੀ ਗੋਤ 'ਧਨੋਆ' ਹੈ।

ਗੁਰਬਾਣੀ ਵਿਚ "ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥" (੧੧੨੭) ਆਖ ਕੇ ਸਖ਼ਤੀ ਸਹਿਤ ਕਥਿਤ ਉਚੇਰੀ ਜਾਤ ਦਾ ਹੰਕਾਰ ਕਰਨ ਤੋਂ ਵਰਜਿਆ ਗਿਆ ਹੈ ਪਰ ਫੇਰ ਵੀ ਜੇਕਰ ਕੋਈ ਸੱਜਣ ਗੋਤ ਦਾ ਨਾਂ ਵਰਤਿਆਂ ਤੋਂ ਬਿਨਾ ਵੀ ਉਚੀ ਜਾਤ ਦੇ ਹੰਕਾਰ ਦਾ ਭਾਰ ਆਪਣੇ ਮਗਜ਼ ਵਿਚ ਚੁੱਕੀ ਫਿਰੂ ਤਾਂ ਕੋਈ ਦੂਸਰਾ ਉਸ ਦਾ ਕੀ ਕਰ ਲਊ! ਇਹ ਜ਼ਰੂਰੀ ਨਹੀਂ ਕਿ ਆਪਣੇ ਨਾਂ ਪਿੱਛੇ ਗੋਤ ਦਾ ਨਾਂ ਵਰਤਣ ਵਾਲਾ ਹੰਕਾਰੀ ਹੈ ਤੇ ਨਾ ਵਰਤਣ ਵਾਲਾ ਹੰਕਾਰ ਰਹਿਤ ਹੈ। ਇਹ ਵੀ ਦੱਸਣ ਦੀ ਲੋੜ ਹੈ ਕਿ ਜਾਤ ਤੇ ਗੋਤ ਦੋ ਬਿਲਕੁਲ ਵੱਖ ਵੱਖ ਵਸਤੂਆਂ ਹਨ! ਇਹਨਾਂ ਨੂੰ ਇਕ ਦੂਜੀ ਨਾਲ ਰਲਗੱਡ ਕਰਨਾ, ਆਪਣੀ ਅਣਜਾਣਤਾ ਦਾ ਪ੍ਰਗਟਾਵਾ ਕਰਨਾ ਹੀ ਹੈ; ਹੋਰ ਕੁਝ ਨਹੀਂ।

ਭਾਵੇਂ ਕਿ ਇਕ ਪ੍ਰਸਿੱਧ ਵਿਦਵਾਨ 'ਜੋਐਨ ਡਿਡੀਅਨ' ਇਉਂ ਆਖਦਾ ਹੈ, "ਲਿਖਣ ਕਾਰਜ ਦਰਅਸਲ ਲੇਖਕ ਵੱਲੋਂ 'ਮੈਂ' ਦਾ ਪ੍ਰਗਟਾ ਹੈ: ਆਪਣੇ ਆਪ ਨੂੰ ਦੂਜਿਆਂ 'ਤੇ ਥੋਪਣ ਦਾ; ਇਹ ਕਹਿਣ ਦਾ ਕਿ ਮੈਨੂੰ ਸੁਣੋ, ਮੇਰੇ ਢੰਗ ਨਾਲ ਸੋਚੋ ਅਤੇ ਆਪਣੀ ਸੋਚ ਬਦਲੋ।" ਪਰ ਮੇਰਾ ਅਜਿਹਾ ਮੰਤਵ ਏਥੇ ਬਿਲਕੁਲ ਇੰਜ ਨਹੀਂ ਹੈ।

ਮੁਕਦੀ ਗੱਲ, ਜਿਥੇ ਲੋੜ ਨਹੀਂ ਓਥੇ ਗੋਤ ਦਾ ਬੇਲੋੜਾ ਵਿਖਾਵਾ ਕਰਨਾ ਹੰਕਾਰ ਹੈ ਪਰ ਇਸ ਸਮਾਜ ਵਿਚ, ਜਿਥੇ ਕਿ ਲੋੜ ਹੈ, ਕਿਸੇ ਮਜ਼੍ਹਬੀ ਸੋਚ ਅਧੀਨ ਗੋਤ ਨਾ ਵਰਤਣਾ ਬੇਲੋੜੀ ਜਿਦ ਹੈ। ਇਹ ਕੇਵਲ ਤੇ ਕੇਵਲ ਮੇਰੇ ਆਪਣੇ ਵਿਚਾਰ ਹਨ। ਮੈਂ ਇਿਹਨਾਂ ਨੂੰ ਕਿਸੇ ਉਪਰ ਲੱਦਣ ਦੀ ਕੁਚੇਸ਼ਟਾ ਨਹੀਂ ਕਰ ਰਿਹਾ। "ਤਾ ਕਉ ਸਮਝਾਵਣ ਜਾਈਐ ਜੇ ਕੋ ਭੂਲਾ ਹੋਈ॥" (੧੩੨੯) ਦੇ ਕਥਨ ਅਨੁਸਾਰ ਹਰੇਕ ਵਿਅਕਤੀ ਖ਼ੁਦ ਸਮਝਦਾਰ ਹੈ ਤੇ ਆਪਣਾ ਭਲਾ ਬੁਰਾ ਖ਼ੁਦ ਸੋਚ ਸਕਦਾ ਹੈ।

## ਮਰਯਾਦਾ ਦਾ ਵਖਰੇਵਾਂ

ਪਿਛਲੀ ਵਾਰੀ ੨੦੧੩ ਦੀ ਅੰਮ੍ਰਿਤਸਰ ਦੀ ਯਾਤਰਾ ਦੌਰਾਨ ਇਕ ਦਿਨ ਸਵੇਰੇ ਸਵੇਰੇ ਮੈਂ ਤਰਨ ਤਾਰਨੋ ਆਪਣੇ ਚਿਰਕਾਲੀ ਮਿੱਤਰ, ਸ. ਕੁਲਜੀਤ ਸਿੰਘ ਦੇ ਘਰੋਂ ਤੁਰ ਕੇ, ਬੋਹੜੀ ਵਾਲੇ ਚੌਂਕ ਤੋਂ ਅੰਮ੍ਰਿਤਸਰ ਨੂੰ ਜਾਣ ਵਾਲ਼ੀ ਬੱਸ ਤੇ ਬੈਠ ਗਿਆ। ਸਵੇਰੇ ਸਵੇਰੇ ਭੱਜਣ ਦਾ ਕਾਰਨ ਇਹ ਸੀ ਕਿ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਨਾਲ਼ ਕੋਈ ਪ੍ਰੋਗਰਾਮ ਬਣਾਉਣਾ ਸੀ ਤੇ ਉਹਨਾਂ ਨੂੰ ਸਮੇ ਸਿਰ ਮਿਲਣਾ ਸੀ। ਇਸ ਭੱਜ ਦੌੜ ਵਿਚ ਨਿੱਤਨੇਮ ਵੀ ਮੈਂ ਬੱਸ ਵਿਚ ਹੀ ਕਰੀ ਗਿਆ। ਪਾਠ ਆਦਿ ਕਰਨ ਸਮੇ ਮੈਂ ਵਿਖਾਲ਼ਾ ਪਾਉਣ ਤੋਂ ਹਮੇਸ਼ਾਂ ਗੁਰੇਜ਼ ਕਰਦਾ ਹਾਂ ਤਾਂ ਕਿ ਕੋਈ ਇਹ ਨਾ ਸਮਝੇ ਕਿ ਮੈਂ ਕਿਸੇ ਨੂੰ ਆਪਣੇ ਬਹੁਤ ਵੱਡਾ ਧਰਮੀ ਹੋਣ ਦਾ ਵਿਖਾਲ਼ਾ ਪਾ ਰਿਹਾ ਹਾਂ। ਵੈਸੇ ਵੀ:

ਭੋਜਨ ਭਜਨ ਖ਼ਜ਼ਾਨਾ ਨਾਰੀ॥

ਚਾਰੋਂ ਪੜਦੇ ਕੇ ਅਧਿਕਾਰੀ॥

ਗੋਸਵਾਮੀ ਤੁਲਸੀ ਦਾਸ ਨੇ ਆਖਿਆ ਹੈ।

ਭਗਤ ਕਬੀਰ ਜੀ ਵੀ, ਧਾਰਮਿਕ ਵਿਖਾਵੇ ਦੀ ਨਿਸਫਲਤਾ ਬਾਰੇ ਇਉਂ ਆਖਦੇ ਨੇ:

ਲੋਗ ਪਤੀਣੇ ਕਛੂ ਨ ਹੋਵੈ ਨਹੀਉ ਰਾਮ ਇਆਣਾ॥

ਇਸ ਦੇ ਬਾਵਜੂਦ ਵੀ ਮੇਰੇ ਦੁਆਰਾ ਕੀਤਾ ਜਾ ਰਿਹਾ ਪਾਠ ਮੇਰੇ ਨਾਲ਼ ਦੀ ਸੀਟ ਉਪਰ ਬੈਠੇ ਸਿੰਘ ਨੂੰ ਸੁਣ ਪਿਆ ਭਾਵੇਂ ਮੈਂ ਬਹੁਤ ਹੌਲ਼ੀ ਹੀ ਕਰ ਰਿਹਾ ਸਾਂ। ਉਹ ਸਿੰਘ ਬੜੇ ਗਹੁ ਨਾਲ਼ ਪਾਠ ਸੁਣੀ ਗਿਆ। ਪਾਠ ਦੀ ਸਮਾਪਤੀ ਤੇ ਉਸ ਨੇ ਦੋ ਕੁ ਸ਼ੰਕਾ ਜਿਹੀਆਂ ਕੀਤੀਆਂ ਪਰ ਨਿਮਰਤਾ ਸਹਿਤ ਜਾਣਕਾਰੀ ਵਜੋਂ ਹੀ। ਇਕ ਤਾਂ ਇਹ ਸੀ ਕਿ ਜਿਸ ਗੁਟਕੇ ਤੋਂ ਉਸ ਨੇ ਨਿੱਤਨੇਮ ਯਾਦ ਕੀਤਾ ਸੀ ਉਸ ਵਿਚ ਅਨੰਦ ਸਾਹਿਬ ਦਾ ਪਾਠ ਚੌਪਈ ਤੋਂ ਪਿੱਛੋਂ ਪ੍ਰਕਾਸ਼ਤ ਸੀ। ਦੂਜੀ ਗੱਲ ਇਹ ਕਿ ਉਸ ਦੇ ਗੁਟਕੇ ਵਿਚ ਛਪੀ ਅਨੁਸਾਰ ਮੈਂ ਪੂਰੀ ਚੌਪਈ ਨਹੀਂ ਪੜ੍ਹੀ। ਮੈਂ ਹਮੇਸ਼ਾਂ ਇਹ ਖਿਆਲ ਰੱਖਦਾ ਹਾਂ ਕਿ ਧਾਰਮਿਕ ਮਰਯਾਦਾ ਬਾਰੇ ਬਹਿਸ ਮੁਬਾਹਸੇ ਤੋਂ ਬਚਿਆ ਜਾਵੇ ਤੇ ਇਸ ਲਈ ਮੈਂ ਦੂਜੇ ਸੱਜਣਾਂ ਦੇ ਸਾਹਮਣੇ ਰਹਰਾਸਿ ਦਾ ਪਾਠ ਕਰਨ ਤੋਂ ਵੀ ਗੁਰੇਜ਼ ਕਰਦਾ ਹਾਂ ਤੇ ਦੂਸਰਿਆਂ ਪਾਸੋਂ ਸੁਣ ਲੈਣ ਵਿਚ ਹੀ ਆਪਣੀ ਖ਼ੈਰ ਸਮਝਦਾ ਹਾਂ ਕਿਉਂਕਿ ਹਰੇਕ ਧੜੇ, ਗਰੁਪ, ਜਥੇਬੰਦੀ, ਸੰਪਰਦਾ ਹੀ ਨਹੀਂ ਬਲਕਿ, ਮੇਰੇ ਖਿਆਲ ਵਿਚ, ਤਾਂ ਬਹੁਤੇ ਸੱਜਣਾਂ ਦੀ ਹੀ ਰਹਰਾਸਿ ਵੱਖਰੀ ਵੱਖਰੀ ਹੈ ਤੇ ਜਿਸ ਦੀ ਰਹਰਾਸਿ ਵਡੇਰੀ ਹੋਵੇ ਉਹ ਆਪਣੇ ਆਪ ਨੂੰ ਦੂਜੇ ਨਾਲ਼ੋਂ ਵਧੇਰੇ ਸ਼ਰਧਾਵਾਨ ਸਿੱਖ ਹੋਣ ਦਾ ਭਰਮ ਪਾਲ਼ਦਾ ਹੈ। ਮੇਰੀ ਸੋਚ ਮੁਤਾਬਿਕ ਸਿੱਖ ਕੌਮ ਵਿਚ ਹੋਰ ਵੰਡਾਂ ਪਾਉਣ ਤੋਂ ਬਚਣ ਲਈ, ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਹੋਈ ਸਿੱਖ ਰਹਿਤ ਮਰਯਾਦਾ ਨੂੰ ਹੀ ਮਾਨਤਾ ਦੇਣੀ ਚਾਹੀਦੀ ਹੈ ਤਾਂ ਕਿ ਅਸੀਂ ਵੱਖ ਵੱਖ ਜਥੇਬੰਦੀਆਂ ਤੇ ਡੇਰਿਆਂ ਦੀਆਂ ਵ਼ਲਗਣਾਂ ਵਿਚ, ਸਿੱਖ ਪੰਥ ਨੂੰ ਹੋਰ ਵੰਡੇ ਜਾਣ ਵਾਲ਼ੇ ਕੁਕਾਰਜ ਵਿਚ ਹਿੱਸੇਦਾਰ ਨਾ ਬਣੀਏ। ਉਸ ਸੱਜਣ ਨੂੰ ਓਸੇ ਹੀ ਲਹਿਜ਼ੇ ਵਿਚ ਮੈਂ ਵੀ ਨਿਮਰਤਾ ਨਾਲ਼ ਹੀ ਬੇਨਤੀ ਕੀਤੀ ਕਿ ਹਰੇਕ ਗੁਟਕੇ ਅਤੇ ਡੇਰੇ ਦੀਆਂ ਬਾਣੀਆਂ ਵਿਚ ਕੁਝ ਨਾ ਕੁਝ ਫਰਕ ਹੁੰਦਾ ਹੈ ਕਿਉਂਕਿ ਹਰੇਕ ਦੀ ਮਰਯਾਦਾ ਵੱਖੋ ਵੱਖ ਹੈ। ਸਿੱਖ ਵਿਚਾਰਾ ਕੇਹੜੇ ਡੇਰੇ ਦੀ ਮਰਯਾਦਾ ਨੂੰ ਅਪਣਾਵੇ ਤੇ ਕੇਹੜੇ ਡੇਰੇ ਦੀ ਮਰਯਾਦਾ ਛੱਡੇ! ਇਸ ਲਈ ਮੇਰਾ ਯਤਨ ਹੁੰਦਾ ਹੈ ਕਿ ਵਧ ਤੋਂ ਵਧ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਉਪਰ ਅਮਲ ਕਰਾਂ। ਮੁਕੰਮਲ ਤੌਰ ਤੇ ਅਮਲ ਕਰਨ ਦਾ ਦਾਹਵਾ ਕੋਈ ਨਹੀਂ ਪਰ ਮੈਂ ਕਿਸੇ ਵੀ ਹੋਰ ਡੇਰੇ ਜਾਂ ਜਥੇਬੰਦੀ ਦੀ ਮਰਯਾਦਾ ਨੂੰ ਨਾ ਤਾਂ ਗ਼ਲਤ ਸਮਝਦਾ ਹਾਂ ਤੇ ਨਾ ਹੀ ਕਿਸੇ ਨੂੰ ਟੋਕਦਾ ਹਾਂ ਪਰ ਡੇਰਿਆਂ ਨਾਲ਼ ਸਬੰਧਤ ਸ਼ਰਧਾਲੂ ਇਸ ਬਾਰੇ ਬਹੁਤ ਕੱਟੜ ਹੁੰਦੇ ਹਨ। ਮੇਰੇ ਮੂੰਹੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਸੁਣਨ ਦੀ ਹੀ ਦੇਰ ਸੀ ਕਿ ਮੇਰੇ ਤੋਂ ਅਗਲੀ ਸੀਟ ਉਪਰ ਬੈਠਾ ਇਕ ਨੀਲੀ ਦਸਤਾਰ ਅਤੇ ਖੁਲ੍ਹੀ ਦਾਹੜੀ ਵਾਲ਼ਾ ਸਿੰਘ ਤਾਂ ਅੱਗ ਬਬੂਲਾ ਹੋ ਗਿਆ। ਪਿਛਾਂਹ ਨੂੰ ਮੇਰੇ ਵੱਲ ਮੂੰਹ ਕਰਕੇ ਵਾਹਵਾ ਉਚੀ ਆਵਾਜ਼ ਵਿਚ ਬਾਦਲਾਂ ਦੀ, ਸ਼੍ਰੋਮਣੀ ਕਮੇਟੀ ਦੀ, ਅਕਾਲੀ ਦਲ ਦੀ ਚੰਗੇ ਗਰਮ ਸ਼ਬਦਾਂ ਵਿਚ ਲਾਹ ਪਾਹ ਕਰਨ ਲੱਗ ਪਿਆ। ਉਸ ਨੇ ਸ਼ਾਇਦ ਮੈਨੂੰ ਉਹਨਾਂ ਵਿਚੋਂ ਹੀ ਇਕ ਸਮਝ ਲਿਆ ਸੀ! ਮੈਂ ਚੁੱਪ ਰਹਿ ਕੇ ਉਸ ਦੇ ਮਨੋਹਰ ਬਚਨ ਸੁਣੀ ਗਿਆ ਕਿਉਂਕਿ ਗੁਰਬਾਣੀ ਆਖਦੀ ਹੈ:

ਜਿਥੈ ਬੋਲਣ ਹਾਰੀਐ ਤਿਥੈ ਚੰਗੀ ਚੁਪ॥

ਆਪਣੇ ਮਨ ਦੀ ਚੰਗੀ ਭੜਾਸ ਕੱਢਦਿਆਂ ਹੋਇਆਂ, ਉਸ ਨੇ ਫਿਰ ਇਹ ਭੇਦ ਵੀ ਖੋਹਲਿਆ ਕਿ ਉਹ ਪੰਦਰਾਂ ਸਾਲਾਂ ਤੋਂ ਪੰਜਾਬੋਂ ਬਾਹਰ ਰਹਿੰਦਾ ਹੈ ਤੇ ਕੁਝ ਪਹਿਲਾਂ ਨਾਲ਼ੋਂ ਨਰਮ ਵੀ ਪਿਆ ਲੱਗਦਾ ਸੀ; ਸ਼ਾਇਦ ਇਸ ਕਰਕੇ ਕਿ ਮੈਂ ਉਸ ਦੇ 'ਦੁਰਭਾਸ਼ਨ' ਦੇ ਜਵਾਬ ਵਿਚ ਕੁਝ ਨਹੀਂ ਸੀ ਬੋਲਿਆ। ਉਸ ਦੀ ਟੋਨ ਕੁਝ ਢਿੱਲੀ ਹੋਣ ਤੇ ਮੈਂ ਵੀ ਇਹ ਆਖਣ ਦਾ ਹੌਂਸਲਾ ਕਰ ਲਿਆ ਕਿ ਮੈਂ ਤਾਂ ਇਕਤਾਲੀ ਸਾਲਾਂ ਤੋਂ ਦੇਸੋਂ ਵੀ ਬਾਹਰ ਹਾਂ, ਤੁਸੀਂ ਤਾਂ ਫਿਰ ਵੀ ਇਸ ਦੇਸ਼ ਦੇ ਅੰਦਰ ਹੀ ਰਹਿੰਦੇ ਹੋ! ਤੁਸੀਂ ਕਿਤੇ ਮੈਨੂੰ ਵੀ ਬਾਦਲ ਦਲੀਆਂ ਦਾ ਬੰਦਾ ਸਮਝ ਕੇ ਹੀ ਤਾਂ ਨਹੀਂ ਸਲਵਾਤਾਂ ਸੁਣਾਈ ਗਏ! ਬਾਦਲਾਂ ਦਾ ਵਾਹਵਾ ਸਾਰਾ ਗੁੱਸਾ ਮੇਰੇ ਤੇ ਡੋਹਲ ਦਿਤਾ ਹੈ ਜੀ ਤੁਸਾਂ! ਖ਼ੈਰ, ਫਿਰ ਉਹ ਨਰਮ ਹੋ ਗਿਆ; ਪਤਾ ਨਹੀਂ ਮੇਰੇ ਜਵਾਬ ਨਾਲ਼ ਜਾਂ ਫਿਰ ਸ਼ਾਇਦ ਹੋਰ ਤੀਰ ਉਸ ਦੇ ਤਰਕਸ਼ ਵਿਚ, ਬਾਦਲਾਂ ਦੇ ਖ਼ਿਲਾਫ਼ ਚਲਾਉਣ ਲਈ ਬਚੇ ਨਾ ਹੋਣ! ਇਸ ਘਟਨਾ ਤੋਂ ਮੈਨੂੰ ੧੯੯੦ ਵਾਲ਼ੀ ਯੂ.ਕੇ. ਦੇ ਸ਼ਹਿਰ ਬਰਮਿੰਘਮ ਵਿਚ ਵਾਪਰੀ ਘਟਨਾ ਚੇਤੇ ਆ ਗਈ। ਓਥੇ ਵੀ ਮੈਂ ਚੁੱਪ ਰਹਿ ਕੇ ਹੀ ਆਪਣਾ ਬਚਾ ਕੀਤਾ। ਓਥੇ ਇਕ ਦਿਨ ਗ੍ਰੰਥੀ ਜੀ ਦੇ ਕਮਰੇ

ਵਿਚ ਬੈਠਿਆਂ, ਸਹਿਜ ਸੁਭਾ ਹੀ ਚੱਲਦੀ ਗਲ ਵਿਚ, ਮੇਰੇ ਮੂੰਹੋਂ ਨਿਕਲ਼ ਗਿਆ ਕਿ ਸੰਤ ਜਰਨੈਲ ਸਿੰਘ ਜੀ ਆਪਣੀ ਕੁਰਬਾਨੀ ਕਰਕੇ ਜੀਵਤ ਹਨ ਪਰ ਸਰੀਰ ਕਰਕੇ ਉਹ ਸ਼ਹੀਦੀ ਪ੍ਰਾਪਤ ਕਰ ਗਏ ਹੋਏ ਹਨ। ਇਹ ਕੁਝ ਮੈਂ ਸੰਤ ਜੀ ਦੀਆਂ ਤਕਰੀਰਾਂ ਸੁਣਨ ਕਰਕੇ ਅਤੇ ਆਪਣੇ ਵਿਸ਼ਵਾਸ਼ ਅਨੁਸਾਰ ਕਹਿ ਬੈਠਾ। ਕਮਰੇ ਵਿਚ ਬੈਠਾ ਤੀਜਾ ਜਵਾਨ ਤਾਂ ਗਰਮ ਹੋ ਗਿਆ ਤੇ ਉਸ ਨੇ ਗੁੱਸੇ ਵਿਚ ਆਖਿਆ, "ਅਸੀਂ ਸਿਰ ਲਾਹ ਦਿੰਨੇ ਹੁੰਨੇ ਆਂ, ਜੇਹੜਾਂ ਸੰਤਾਂ ਨੂੰ ਸ਼ਹੀਦ ਆਖੇ!" ਮੈਂ ਤੇ ਗੁੰਥੀ ਸਿੰਘ ਦੋਵੇਂ ਚੁੱਪ। ਕੁਝ ਪਲ ਰੁਕ ਕੇ ਫਿਰ ਗੁੱਸੇ ਵਿਚ ਹੀ ਬੋਲਿਆ, "ਸਭ ਸਰਕਾਰ ਦੇ ਏਜੰਟ ਨੇ ਜੇਹੜੇ ਸੰਤ ਜੀ ਨੂੰ ਸ਼ਹੀਦ ਆਖਦੇ ਨੇ।" ਇਸ ਤੇ ਮੈਂ ਤਾਂ ਨਹੀਂ ਸੀ ਬੋਲਣਾ ਕਿਉਂਕਿ ਮੇਰਾ, ਉਸ ਨੌਜਵਾਨ ਦੇ ਹਥੋਂ, ਸ਼ਹੀਦ ਹੋਣ ਦਾ ਇਰਾਦਾ ਕੋਈ ਨਹੀਂ ਸੀ ਤੇ ਗੁੰਥੀ ਸਿੰਘ ਨੇ ਵੀ ਚੁੱਪ ਰਹਿਣਾ ਹੀ ਯੋਗ ਸਮਝਿਆ।

ਹਾਂ, ਜਿਸ ਪੁਰਾਣੇ ਮਿੱਤਰ ਦੇ ਘਰੋਂ ਮੈ ਚੱਲਿਆ ਸਾਂ ਉਹ ਬੜਾ ਪੜ੍ਹਿਆ ਲਿਖਿਆ ਅੰਮ੍ਰਿਤਧਾਰੀ ਤੇ ਉਸ ਦੀ ਸਿੰਘਣੀ ਵੀ ਅੰਮ੍ਰਿਤਧਾਰੀ ਹੈ। ਭਾਵੇਂ ਕਿ ਮੈਨੂੰ ਪਤਾ ਸੀ ਕਿ ਉਹ ਬਹੁਤ ਸਮੇ ਤੋਂ ਇਕ ਪ੍ਰਸਿਧ ਡੇਰੇ ਦਾ ਪੈਰੋਕਾਰ ਹੈ ਪਰ ਮੈਂ ਧਾਰਮਿਕ ਪੱਖ ਤੋਂ ਉਸ ਨੂੰ ਬਹੁਤ ਹੀ ਉਦਾਰਵਾਦੀ ਸਮਝਦਾ ਰਿਹਾ ਸਾਂ। ਕਿਸੇ ਪਿਛਲੇਰੀ ਯਾਤਰਾ ਦੌਰਾਨ, ਇਕ ਦਿਨ ਦੁਪਹਿਰ ਜਿਹੇ ਦਾ ਵਾਕਿਆ ਹੈ ਕਿ ਉਸ ਦੇ ਘਰ ਦੇ ਬਰਾਂਡੇ ਵਿਚ ਅਸੀਂ ਚਾਰ ਜਣੇ ਬੈਠੇ ਐਵੇਂ ਹੀ ਵੇਹਲੀਆਂ ਗੱਲਾਂ ਕਰ ਰਹੇ ਸਾਂ। ਇਕ ਉਹ ਖ਼ੁਦ, ਦੂਜੀ ਉਹਨਾਂ ਦੀ ਪਤਨੀ, ਤੀਜੀ ਇਕ ਕੇਸਕੀਧਾਰੀ ਗਵਾਂਢਣ ਬੀਬੀ ਅਤੇ ਚੌਥਾ ਮੈਂ; ਅਸੀਂ ਚਾਰ ਜਣੇ ਸਾਂ। ਪਤਾ ਨਹੀਂ ਕੀ ਹੋਇਆ ਕਿ ਚੱਲਦੀ ਵਿਚਾਰ ਵਿਚ ਮੇਰੇ ਮੂੰਹੋਂ ਨਿਕਲ਼ ਗਿਆ ਕਿ ਸਾਰੇ ਜਥੇ, ਸੰਪਰਦਾਵਾਂ, ਡੇਰੇ ਵਾਲ਼ਿਆਂ ਨੂੰ ਮੈਂ ਗੁਰੂ ਨਾਨਕ ਦੇਵ ਜੀ ਦੇ ਸਮੁਚੇ ਪੰਥ ਦਾ ਅੰਗ ਮੰਨਦਾ ਹਾਂ ਤੇ ਕਿਸੇ ਦੇ ਨਾਲ ਵੀ ਮੇਰਾ ਵਖਰੇਵਾਂ ਨਹੀ ਪਰ ਮੈਂ ਖ਼ੁਦ, ਪੰਥ ਵਿਚ ਧਾਰਮਿਕ ਸਮਾਨਤਾ ਦਾ ਪੱਖੀ ਹੋਣ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਪੰਥਕ ਸਿੱਖ ਰਹਿਤ ਮਰਯਾਦਾ ਦੇ ਨੇੜੇ ਤੇੜੇ ਰਹਿਣ ਦਾ ਯਤਨ ਕਰਦਾ ਹਾਂ। ਇਹ ਸੁਣਦਿਆਂ ਹੀ ਮੇਰੇ ਉਸ ਸੁਲ਼ਝੇ ਹੋਏ ਸੱਜਣ ਦਾ ਤਾਂ ਜਿਵੇਂ ਕੜ ਹੀ ਪਾਟ ਗਿਆ। ਉਹ ਇਕ ਖਾਸ ਡੇਰੇ ਦਾ ਅੰਧ ਵਿਸ਼ਵਾਸ਼ ਦੀ ਹੱਦ ਤੱਕ ਸ਼ਰਧਾਲੂ ਹੈ। ਜਿਉਂ ਲੱਗਾ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਦੇ ਖ਼ਿਲਾਫ਼ ਬੋਲਣ, ਮੈਂ ਚੁੱਪ ਕਰਕੇ ਤੇ ਦੜ ਵੱਟ ਕੇ ਉਸ ਦੇ ਸ਼ੁਭ ਬਚਨ ਸੁਣੀ ਗਿਆ। "ਇਕ ਚੁੱਪ ਤੇ ਸੌ ਸੁਖ" ਸਿਆਣੇ ਆਖ ਗਏ ਨੇ। ਫਿਰ ਜੇਕਰ ਮੈਂ ਕੁਝ ਬੋਲਦਾ ਵੀ ਤਾਂ ਬਲ਼ਦੀ ਤੇ ਤੇਲ ਪੈਣ ਵਾਲ਼ੀ ਗੱਲ ਹੀ ਹੋ ਜਾਣੀ ਸੀ। ਭਾਵੇਂ ਕਿ ਮਰਯਾਦਾ ਵਾਲੇ ਅੰਗ ਨਾਲ ਤਾਂ ਮੈਂ ਉਸ ਦੇ ਵਿਚਾਰਾਂ ਨਾਲ਼ ਸਹਿਮਤ ਨਹੀਂ ਹਾਂ ਪਰ ਪ੍ਰਬੰਧਕ ਵਿਅਕਤੀਆਂ ਦੇ ਵਤੀਰੇ ਬਾਰੇ ਜੋ ਉਹਨਾਂ ਦੇ ਵਿਚਾਰ ਸਨ, ਉਹਨਾਂ ਨਾਲ਼ ਮੈਂ ਪੂਰੀ ਤਰ੍ਹਾਂ ਅਸਹਿਮਤ ਵੀ ਨਹੀਂ।

ਆਪਣੀ ਗੱਲ: ਮੇਰੇ ਭਾਈਆ (ਪਿਤਾ) ਜੀ ਨੇ, ਸੰਤ ਬਾਬਾ ਗੁਰਬਚਨ ਸਿੰਘ ਜੀ ਭਿੰਡਰਾਂਵਾਲ਼ਿਆ ਪਾਸੋਂ, ਉਹਨਾਂ ਦੇ ਜਥੇ ਵਿਚ ਰਹਿ ਕੇ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ ਸੀ ਤੇ ਓਸੇ ਜਥੇ ਦੀ ਮਰਯਾਦਾ ਅਨੁਸਾਰ ਉਹਨਾਂ ਨੇ ਮੈਨੂੰ ਗੁਰਬਾਣੀ ਦਾ ਪਾਠ, ਸਤਿਕਾਰ ਆਦਿ ਦੀ ਮਰਯਾਦਾ ਦ੍ਰਿੜ੍ਹ ਕਰਵਾਈ ਸੀ। ਜਿਸ ਗੁਟਕੇ ਤੋਂ ਮੈਂ ਨਿੱਤਨੇਮ ਯਾਦ ਕੀਤਾ ਸੀ, ਉਹ ਗੁਟਕਾ ਬਾਜ਼ਾਰ ਮਾਈ ਸੇਵਾਂ ਵਾਲ਼ੇ ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਵਾਲ਼ਿਆਂ ਦੁਆਰਾ ਛਾਪਿਆ ਹੋਇਆ ਸੀ ਅਤੇ ਉਸ ਗੁਟਕੇ ਵਿਚ ਛਪੀਆਂ ਹੋਈਆਂ ਬਾਣੀਆਂ ਨੂੰ ਹੀ ਮੈਂ ਹੁਣ ਤੱਕ ਦਮਦਮੀ ਟਕਸਾਲ ਦੀ ਮਰਯਾਦਾ ਅਨੁਸਾਰ ਸਮਝਦਾ ਆ ਰਿਹਾ ਹਾਂ। ਭਾਈਆ ਜੀ ਦੀ ਸਿੱਖਿਆ ਅਨੁਸਾਰ, ਸਵੇਰ ਸਮੇ ਪੰਜ ਬਾਣੀਆਂ ਜਪੁ ਜੀ ਸਾਹਿਬ, ਜਾਪੁ ਸਾਹਿਬ, ਦਸ ਸਵੈਈਏ, ਅਨੰਦ ਸਾਹਿਬ ਅਤੇ ਚੌਪਈ, ਦਾ ਨਿਤਨੇਮ ਕਰਨਾ ਅਤੇ ੧੯੫੪ ਵਿਚ ਇਹ ਸਾਰਾ ਕੁਝ ਮੈਨੂੰ ਜ਼ਬਾਨੀ ਯਾਦ ਵੀ ਹੋ ਗਿਆ, ਸਮੇਤ ਕੀਰਤਨੀ 'ਆਸਾ ਕੀ ਵਾਰ' ਦੇ । ਚੌਪਈ ਦਾ ਪਤਾ ਨਹੀਂ ਸੀ ਕਿੰਨੀ ਤੇ ਕਿਥੋਂ ਤੱਕ ਹੈ; ਇਸ ਲਈ ਰਹਰਾਸਿ ਵਿਚ ਛਪੀ ਸਾਰੀ ਦੀ ਸਾਰੀ ਚੌਪਈ ਦਾ ਸਵੇਰੇ ਦੇ ਨਿਤਨੇਮ ਵਿਚ ਵੀ ਪਾਠ ਕਰਨਾ। ਉਸ ਗੁਟਕੇ ਅਨੁਸਾਰ, "ਪੁਨ ਰਾਛਸ ਕਾ ਕਾਟਾ ਸੀਸਾ॥" ਤੋਂ ਲੈ ਕੇ, "ਜਿਸ ਸਿਮਰਤ ਸੁਖ ਹੋਇ ਸਗਲੇ ਦੂਖ ਜਾਹਿ॥" ਤੱਕ, ਪੜ੍ਹਦਾ ਹੁੰਦਾ ਸਾਂ। ਪਤਾ ਹੀ ਨਹੀਂ ਸੀ ਕਿ ਚੌਪਈ ਦੇ ਸਿਰਲੇਖ ਹੇਠ ਆਉਣ ਵਾਲ਼ੇ ਬਾਕੀ ਦੇ ਦੋਹਰੇ, ਸਵਈਏ, ਅੜਿਲ, ਅਨੰਦ ਸਾਹਿਬ ਦੀਆਂ ਛੇ ਪਉੜੀਆਂ ਅਤੇ ਹੋਰ ਕਈ ਸ਼ਬਦ ਚੌਪਈ ਵਿਚ ਨਹੀਂ ਆਉਂਦੇ। ਜਿੰਨਾ ਚਿਰ ੧੯੫੩ ਵਿਚ ਅੰਮ੍ਰਿਤਸਰ ਨਹੀਂ ਆਇਆ, ਇਹ ਹੀ ਧਰਮ, ਇਹ ਹੀ ਪਾਠ, ਇਹ ਹੀ ਸਿਖੀ, ਅਰਥਾਤ ਸਾਰੀ ਇਹੀ ਮਰਯਾਦਾ ਪੂਰੀ ਲੱਗਦੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਵਿਚ ਵੇਖਿਆ ਕਿ ਜੋ ਮੈਂ ਕਰਦਾ ਹਾਂ ਤੇ ਜੋ ਕੁਝ ਓਥੇ ਹੁੰਦਾ ਹੈ, ਉਸ ਵਿਚ ਵਾਹਵਾ ਸਾਰਾ ਫਰਕ ਹੈ ਪਰ ਮੈਂ ਪਹਿਲਾਂ ਵਾਲ਼ੀ ਮਰਯਾਦਾ ਉਪਰ ਹੀ ਟਿਕਿਆ ਰਿਹਾ ਭਾਵੇਂ ਕਿ ਕੁਝ ਸ਼ੰਕਾ ਜਿਹੀ ਪੈ ਗਈ। ਫਿਰ ੧ ਜਨਵਰੀ ੧੯੫੯ ਨੂੰ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸੰਗੀਤ ਕਲਾਸ ਵਿਚ ਦਾਖ਼ਲ ਹੋਣ ਉਪ੍ਰੰਤ, ਪ੍ਰਿੰਸੀਪਲ ਸਾਹਿਬ ਸਿੰਘ ਜੀ ਨਾਲ਼ ਵਾਹ ਪਿਆ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਣਤ ਸਿੱਖ ਰਹਿਤ ਮਰਯਾਦਾ ਅਨੁਸਾਰ ਪੜ੍ਹਾਈ ਕਰਵਾਉਂਦੇ ਸਨ। ਪਹਿਲਾਂ ਪਹਿਲਾਂ ਤਾਂ ਕੁਝ ਸਮਾ ਮੈਂ ਬਹੁਤ ਅੜੀ ਕੀਤੀ ਪਰ ਫਿਰ ਪੰਥ ਦੀ ਮਰਯਾਦਾ ਇਕ ਹੋਣੀ ਚਾਹੀਦੀ ਹੈ, ਵਾਲ਼ੀ ਦਲੀਲ ਅੱਗੇ ਸਿਰ ਝੁਕਾ ਦਿਤਾ। ਇਸ ਵਖੇਵੇਂ ਦਾ ਪਤਾ ਓਦੋਂ ਹੀ ਲੱਗਦਾ ਹੈ ਜਦੋਂ ਕੋਈ ਸਿੱਖ ਰਹਰਾਸਿ ਦਾ ਪਾਠ ਕਰਦਾ ਹੈ ਜਾਂ ਮੂਲ਼ ਮੰਤਰ ਪੜ੍ਹਦਾ ਹੈ। ਹਰੇਕ ਡੇਰੇ ਦੀ ਰਹਰਾਸਿ ਵੱਖਰੀ ਹੁੰਦੀ ਹੈ ਦਾ ਪਤਾ ਤਾਂ ਪਹਿਲਾਂ ਕੁਝ ਕੁ ਸੀ ਪਰ ਹੈਰਾਨੀ ਉਸ ਸਮੇ ਹੋਈ ਜਦੋਂ ਕੁਝ ਸਾਲ ਪਹਿਲਾਂ ਕੈਨੇਡਾ ਤੋਂ ਆਈ ਇਕ ਪੜ੍ਹੀ ਲਿਖੀ ਸੁਘੜ ਬੀਬੀ ਜੀ ਨੇ ਸਾਡੇ ਘਰ, ਸ਼ਾਮ ਸਮੇ ਰਹਰਾਸਿ ਦਾ ਏਨਾ ਲੰਮਾ ਪਾਠ ਕੀਤਾ ਕਿ ਏਨੀ ਲੰਮੀ ਰਹਰਾਸਿ ਮੈਂ ਹੋਰ ਕਿਤਿਉਂ ਅੱਜ ਤੱਕ ਨਹੀਂ ਸੁਣੀ। ਦੋ ਕੁ ਸਾਲ ਹੋਏ ਕਿ ਇਕ ਗਿਆਨੀ ਜੀ ਨਾਲ਼, ਕਾਰ ਦੇ ਸਫ਼ਰ ਸਮੇ ਉਹਨਾਂ ਪਾਸੋਂ ਰਹਰਾਸਿ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਉਹਨਾਂ ਨੇ, "ਸ਼ਰਣ ਪਰੇ ਕੀ ਰਾਖਹੁ ਸਰਮਾ॥" ਤੇ ਹੀ ਭੋਗ ਪਾ ਕੇ ਫ਼ਤਿਹ ਬੁਲਾ ਦਿਤੀ। ਮੇਰੇ ਨਿਮਰਤਾ ਸਹਿਤ ਸ਼ੰਕਾ ਪਰਗਟ ਕਰਨ ਤੇ ਉਹਨਾਂ ਨੇ ਦੱਸਿਆ ਕਿ ਅਕਾਲ ਤਖ਼ਤ ਵੱਡਾ ਹੈ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ? ਉਸ ਵਿਚ ਕੇਹੜੀ ਰਹਰਾਸਿ ਲਿਖੀ ਹੋਈ ਹੈ?

ਕੁਝ ਸਾਲਾਂ ਤੋਂ ਪਤਾ ਲੱਗ ਰਿਹਾ ਹੈ ਕਿ ਇਕ ਖਾਸ ਜਥਾ ਰਹਰਾਸਿ ਦੇ ਅੰਤ ਵਿਚ ਬਸੰਤ ਕੀ ਵਾਰ ਦਾ ਪਾਠ ਵੀ ਕਰਨ ਲੱਗ ਪਿਆ ਹੈ, ਭਾਵੇਂ ਕਿ ਅਜੇ ਉਹਨਾਂ ਨੇ ਆਪਣੀ ਮਰਯਾਦਾ ਵਾਲ਼ੇ ਗੁਟਕੇ ਵਿਚ ਇਸ ਨੂੰ ਛਾਪਣਾ ਸ਼ੁਰੂ ਨਹੀਂ ਕੀਤਾ।

ਕੁਝ ਸਾਲਾਂ ਤੋਂ ਮੈਂ ਵੇਖ ਰਿਹਾ ਹਾਂ ਕਿ ਪੰਥ ਦੇ ਦੋ ਜਥਿਆਂ ਨੇ ਹਰੇਕ ਦੀਵਾਨ ਦੀ ਸਮਾਪਤੀ ਸਮੇ ਚੌਪਈ ਦਾ ਪਾਠ ਕਰਨਾ ਲਾਜ਼ਮੀ ਕਰ ਦਿਤਾ ਹੈ ਪਰ ਉਹਨਾਂ ਦੋਹਾਂ ਜਥਿਆਂ ਦੀ ਚੌਪਈ ਵਿਚ ਵੀ ਵਾਹਵਾ ਸਾਰਾ ਫਰਕ ਹੈ। ਇਕ ਗੁੰਥੀ ਸਿੰਘ ਜੀ ਨੇ ਮੈਨੂੰ ਬੜੀ ਦਿਲਚਸਪ ਵਾਰਤਾ ਸੁਣਾਈ। ਉਹ ਵਾਰਤਾ ਇਉਂ ਸੀ ਕਿ ਇਕ ਗੁਰਦੁਆਰਾ ਸਾਹਿਬ ਵਿਖੇ ਦੋਵੇਂ ਜਥੇਬੰਦੀਆਂ ਇਕਠੇ ਧਾਰਮਿਕ ਦੀਵਾਨ ਵਿਚ ਬੈਠਦੀਆਂ ਸਨ। ਇਕ ਜਥੇਬੰਦੀ ਦੇ ਸਿੰਘ ਨੇ ਦੀਵਾਨ ਦੀ ਸਮਾਪਤੀ 'ਤੇ, "ਹਰੀ ਕਰੋ ਹਾਥ ਦੇ ਰਛਾ॥" ਤੋਂ ਸ਼ੁਰੂ ਕਰਕੇ, "ਦੁਸ਼ਟ ਦੋਖ ਤੇ ਲੇਹੁ ਬਚਾਈ॥" ਤੱਕ ਪਾਠ ਕਰਨਾ ਜੋ ਕਿ ਦੂਸਰੀ ਜਥੇਬੰਦੀ ਵਾਲ਼ਿਆਂ ਨੂੰ ਪਸੰਦ ਨਹੀਂ ਸੀ। ਇਕ ਦਿਨ ਉਹਨਾਂ ਦਾ ਸਿੰਘ ਪਹਿਲਾਂ ਹੀ ਤਿਆਰੀ ਸਹਿਤ ਹੱਥ ਵਿਚ ਮਾਈਕ ਲੈ ਕੇ ਬੈਠ ਗਿਆ ਤੇ ਪਾਠ ਕਰਨ ਵਾਲ਼ੇ ਨੇ ਅਜੇ, "ਦੁਸ਼ਟ ਦੋਖ ਤੇ ਲੇਹੁ ਬਚਾਈ॥" ਆਖਿਆ ਹੀ ਸੀ ਤੇ ਉਸ ਨੂੰ ਫ਼ਤਿਹ ਬੁਲਾਉਣ ਦਾ ਮੌਕਾ ਨਾ ਦਿਤਾ ਤੇ ਉਚੀ ਸਾਰੀ, "ਕਿਰਪਾ ਕਰੀ ਹਮ ਪਰ ਜਗਮਾਤਾ॥" ਤੋਂ ਅੱਗੇ ਦਾ ਪਾਠ ਸ਼ੁਰੂ ਕਰ ਦਿਤਾ। ਇਹ ਵੇਖ ਕੇ ਦੂਜੀ ਜਥੇਬੰਦੀ ਵਾਲ਼ਾ ਸੱਜਣ ਬਰਦਾਸ਼ਤ ਨਾ ਕਰ ਸਕਿਆ ਤੇ ਉਚੀ ਸਾਰੀ ਭਰੀ ਸੰਗਤ ਵਿਚ ਹੀ ਬੋਲ ਪਿਆ, "ਓ ਅੜਿਲ, ਤੇਰਾ ਪੁਨ ਰਾਛਸ ਕਾ ਕਾਟਾ ਸੀਸਾ॥" ਰਹਿ ਗਿਆ ਓਇ?"

ਇਕ ਵਾਰੀਂ ਮੇਰੇ ਨਾਲ ਵੀ ਅਜਿਹਾ ਕੁਝ ਹੀ ਵਾਪਰ ਗਿਆ; ਇਕ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਦੀ ਸਮਾਪਤੀ ਸਮੇ ਮੈਂ ਮੁਖਵਾਕ ਲਿਆ ਤੇ ਮੁਖਵਾਕ ਦੀ ਸਮਾਪਤੀ ਤੇ ਸੰਗਤ ਵਿਚੋਂ ਕਿਸੇ ਨੇ ਉਚੀ ਸਾਰੀ ਆਖਿਆ, "ਚੌਪਈ ਸਾਹਿਬ ਪੜ੍ਹੋ ਜੀ!" ਮੈਂ "ਹਮਰੀ ਕਰੋ ਹਾਥ ਦੈ ਰਛਾ॥" ਤੋਂ ਸ਼ੁਰੂ ਕਰਕੇ, "ਦੁਸਟ ਦੋਖ ਤੇ ਲੇਹੁ ਬਚਾਈ॥" ਬੋਲ ਕੇ ਫ਼ਤਿਹ ਬੁਲਾ ਦਿਤੀ। ਕਿਸੇ ਨੇ ਨਾ ਕੁਝ ਆਖਿਆ ਤੇ ਨਾ ਕੋਈ ਕੁਝ ਬੋਲਿਆ। ਮੇਰੇ ਪਿੱਛੇ ਪਿੱਛੇ ਇਕ ਚੜ੍ਹਦੀਕਲਾ ਵਾਲ਼ਾ ਨੌਜਵਾਨ ਸਿੰਘ ਮੇਰੇ ਕਮਰੇ ਵਿਚ ਆ ਗਿਆ ਤੇ ਮੈਨੂੰ ਪੁੱਛਿਆ ਕਿ ਮੈਂ ਚੌਪਈ ਸਾਹਿਬ ਕੇਹੜੀ ਪੜ੍ਹੀ ਹੈ! ਮੈਂ ਦੱਸਿਆ ਕਿ ਜੇਹੜੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੜ੍ਹਦੇ ਹਨ ਤੇ ਏਹੀ ਮੈਨੂੰ ਯਾਦ ਹੈ ਤੇ ਏਹੀ ਮੈਂ ਪੜ੍ਹੀ ਹੈ। "ਮਹਾਰਾਜ ਨੇ ਕੇਹੜੀ ਚੌਪਈ ਉਚਾਰੀ ਸੀ?' ਕੁਝ ਰੋਸੇ ਜਿਹੇ ਵਾਲ਼ੀ ਟੋਨ ਵਿਚ ਉਸ ਨੌਜਵਾਨ ਨੇ ਪੁੱਛਿਆ। ਮੈਂ ਆਖਿਆ ਕਿ ਉਸ ਸਮੇ ਦਾ ਕੋਈ ਸਿੱਖ ਹੋਵੇ ਤਾਂ ਓਹੋ ਹੀ ਦੱਸ ਸਕਦਾ ਹੈ ਕਿ ਮਹਾਰਾਜ ਜੀ ਨੇ ਕੇਹੜੀ ਚੌਪਈ ਉਚਾਰੀ ਸੀ! ਇਹ ਸੁਣ ਕੇ ਉਹ ਕੁਝ ਰੋਸੇ ਜਿਹੇ ਵਿਚ ਪਰ ਚੁੱਪ ਚਾਪ ਚਲਿਆ ਗਿਆ। ਇਕ ਦਿਨ ਫਿਰ ਮਿੱਤਰਾਨਾ ਵਾਤਾਵਰਣ ਵਿਚ ਸਾਡਾ ਆਪਸ ਵਿਚ ਵਿਚਾਰ ਵਟਾਂਦਰਾ ਹੋਇਆ। ਗੱਲ ਬਾਤ ਵਿਚ ਉਸ ਨੌਜਵਾਨ ਨੇ ਕਿਸੇ ਇਕ ਸੱਜਣ ਬਾਰੇ ਦੱਸਿਆ ਕਿ ਉਹ ਹਰੇਕ ਦੀਵਾਨ ਦੀ ਸਮਾਪਤੀ ਤੇ ਚਾਲ਼ੀ ਪਉੜੀਆਂ ਵਾਲਾ ਅਨੰਦ ਸਾਹਿਬ ਪੜ੍ਹਦਾ ਹੈ। ਮੈਂ ਆਖਿਆ ਕਿ ਉਹ ਆਪਣੇ ਘਰ ਬੈਠ ਕੇ ਭਾਵੇਂ ਅੱਸੀ ਪਉੜੀਆਂ ਵਾਲ਼ਾ ਅਨੰਦ ਸਾਹਿਬ ਪੜ੍ਹੇ; ਸਾਨੂੰ ਕੋਈ ਇਤਰਾਜ਼ ਨਹੀਂ, ਪਰ ਜਦੋਂ ਇਕ ਨੇ ਇਕ ਦਿਨ ਛੇ ਪਉੜੀਆਂ ਪੜ੍ਹੀਆਂ ਤੇ ਦੂਜੇ ਦਿਨ ਦੂਜੇ ਨੇ ਚਾਲ਼ੀ ਪਉੜੀਆਂ ਪੜ੍ਹੀਆਂ ਤੇ ਅਗਲੇਰੇ ਦਿਨ ਫਿਰ ਤੀਜੇ ਨੇ ਛੇ ਪਉੜੀਆਂ ਪੜ੍ਹੀਆਂ ਤਾਂ ਸਰੋਤਿਆਂ ਵਿਚ ਸ਼ੰਕਾ ਪੈਦਾ ਹੋਵੇਗੀ ਕਿ ਤਿੰਨਾਂ ਵਿਚੋਂ ਸਹੀ ਕੇਹੜਾ ਹੈ!

ਅਨੰਦ ਸਾਹਿਬ ਅਤੇ ਰਹਰਾਸਿ ਬਾਰੇ ਵੱਖ ਵੱਖ ਵਿਚਾਰ ਤਾਂ ਅਜੇ ਚੱਲਦੇ ਹੀ ਹਨ ਤੇ ਵੱਖ ਵੱਖ ਦੁਕਾਨਦਾਰਾਂ ਵੱਲੋਂ ਛਪੇ ਨਿੱਤਨੇਮ ਦੇ ਗੁਟਕੇ ਵੀ ਸ਼ਰਧਾਵਾਨ ਸਿੱਖਾਂ ਦੇ ਮਨਾਂ ਵਿਚ ਸ਼ੰਕੇ ਪਾਈ ਹੀ ਜਾ ਰਹੇ ਹਨ; ਹੁਣ ਕੁਝ ਦੁਕਾਨਦਾਰਾਂ ਵੱਲੋਂ ਦੋ ਹੋਰ ਨਵੇਂ 'ਭੰਬਲ਼ਭੂਸੇ' ਖੜ੍ਹੇ ਕਰ ਦਿਤੇ ਗਏ ਹਨ। ਇਕ ਕੈਲ਼ੰਡਰ ਅਜਿਹਾ ਛਾਪਿਆ ਗਿਆ ਹੈ ਜਿਸ ਦਾ ਸਿਰਲੇਖ ਹੈ 'ਜਪੁ ਜੀ ਸਾਹਿਬ' ਪਰ ਕੈਲੰਡਰ ਉਪਰ ਸਿਰਫ ਜਪੁ ਜੀ ਸਾਹਿਬ ਦੀਆਂ ਪੰਜ ਪਉੜੀਆਂ ਹੀ ਛਾਪੀਆਂ ਗਈਆਂ ਹਨ। ਇਸ ਤੋਂ ਇਲਾਵਾ ਇਕ ਹੋਰ ਕੈਲੰਡਰ ਉਪਰ ਸਿਰਲੇਖ ਛਾਪਿਆ ਗਿਆ ਹੈ 'ਸੁਖਮਨੀ ਸਾਹਿਬ' ਪਰ ਛਾਪੇ ਸੁਖਮਨੀ ਸਾਹਿਬ ਦੇ ਸਿਰਫ ਚੌਵੀ ਸਲੋਕ ਹੀ ਗਏ ਹਨ। ਜੇਕਰ ਪਹਿਲੇ ਕੈਲੰਡਰ ਦੇ ਸਿਰਲੇਖ ਨਾਲ਼ 'ਜਪੁ ਜੀ ਸਾਹਿਬ ਦੀਆਂ ਪੰਜ ਪਉੜੀਆਂ' ਅਤੇ ਦੂਜੇ ਉਪਰ 'ਸੁਖਮਨੀ ਸਾਹਿਬ ਦੇ ਚੌਵੀ ਸਲੋਕ' ਵੀ ਛਾਪ ਦਿੰਦੇ ਤਾਂ ਕੋਈ ਗ਼ਲਤ ਗੱਲ ਨਹੀਂ ਸੀ ਪਰ ਇਸ ਤਰ੍ਹਾਂ ਕੁਝ ਸਮੇ ਬਾਅਦ ਇਹਨਾਂ ਬਾਰੇ ਵੀ, ਵੱਡਾ ਜਪੁ ਜੀ ਸਾਹਿਬ ਵੱਡਾ ਕਿ ਛੋਟਾ? ਵੱਡਾ ਸੁਖਮਨੀ ਸਾਹਿਬ ਕਿ ਛੋਟਾ ਸੁਖਮਨੀ ਸਾਹਿਬ? ਵਾਲ਼ੀ 'ਘੜਮੱਸ' ਪੈ ਸਕਦੀ ਹੈ।

ਇਸ ਆਪੋ ਧਾਪੀ ਨੂੰ ਰੋਕਣ ਜਾਂ ਘਟਾਉਣ ਦੀ ਸਭ ਤੋਂ ਵਧ ਜੁੰਮੇਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਬਣਦੀ ਹੈ ਜਿਸ ਦੀ ਛਤਰ ਛਾਇਆ ਹੇਠ, ਪੰਥ ਦੇ ਵਿਦਵਾਨਾਂ ਨੇ ਇਕ ਮਤ ਹੋ ਕੇ ਸਿੱਖ ਰਹਿਤ ਮਰਯਾਦਾ ਨਾਮੀ ਪੁਸਤਿਕਾ ਤਿਅਰ ਕੀਤੀ ਸੀ। ਉਸ ਸਿੱਖ ਰਹਿਤ ਮਰਯਾਦਾ ਨੂੰ ਪੰਥ ਵਿਚ ਪ੍ਰਚੱਲਤ ਕਰਨ ਵੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਧਿਆਨ ਨਹੀਂ ਦਿਤਾ ਤੇ ਨਾ ਹੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ, ਸ਼੍ਰੋਮਣੀ ਕਮੇਟੀ ਨੂੰ ਅਜਿਹਾ ਕੁਝ ਕਰਨ ਦੀ ਕਦੀ ਹਿਦਾਇਤ ਕੀਤੀ ਗਈ ਬਾਰੇ ਹੀ ਸੁਣਨ ਵਿਚ ਆਇਆ ਹੈ। ਇਕ ਕਾਰਨ ਤਾਂ ਇਸ ਦਾ ਇਹ ਵੀ ਹੈ ਕਿ ਸਮੇ ਸਮੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬਾਨ ਵੀ ਕਿਸੇ ਨਾ ਕਿਸੇ ਸੰਪਰਦਾ ਜਾਂ ਕਿਸੇ ਜਥੇ/ਡੇਰੇ ਵਿਚੋਂ ਹੀ ਵਿੱਦਿਆ ਪ੍ਰਾਪਤ ਕਰਕੇ ਆਏ ਹੁੰਦੇ ਹਨ ਤੇ ਉਹਨਾਂ ਦੇ ਆਪਣੀ ਜਥੇਬੰਦੀ ਵਾਲ਼ੀ ਮਰਯਾਦਾ ਹੀ ਠੀਕ ਹੋਣ ਦੇ ਵਿਚਾਰ ਪ੍ਰਪੱਕ ਹੁੰਦੇ ਹਨ ਤੇ ਤਖ਼ਤ ਸਾਹਿਬ ਤੇ ਡਿਊਟੀ ਉਪਰ ਹੋਣ ਸਮੇ ਉਹ ਭਾਵੇਂ ਮਰਯਾਦਾ ਤਾਂ ਤਖ਼ਤ ਸਾਹਿਬ ਵਾਲੀ ਭੁਗਤਾਉਂਦੇ ਹਨ ਪਰ ਅੰਦਰੋਂ ਇਸ ਨਾਲ਼ ਸਹਿਮਤ ਨਹੀਂ ਹੁੰਦੇ। ਇਸ ਲਈ ਉਹ ਇਸ ਦੇ ਪ੍ਰਚਾਰ ਉਪਰ ਜੋਰ ਨਹੀਂ ਦਿੰਦੇ। ਰਹੀ ਗੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ; ਉਸ ਦੇ ਸਟਾਫ਼ ਦੀ ਪਹਿਲੀ ਜੁੰਮੇਵਾਰੀ ਤਾਂ ਆਪਣੇ ਪ੍ਰਬੰਧ ਅਧੀਨ ਸੰਸਥਾਵਾਂ ਦਾ ਪ੍ਰਬੰਧ ਕਰਨ ਦੀ ਹੁੰਦੀ ਹੈ ਤੇ ਇਹ ਕੁਝ ਕਰਨ ਤੋਂ ਬਾਅਦ ਜੇ ਕੁਝ ਸਮੇ, ਧਨ ਆਦਿ ਦੇ ਵਸੀਲੇ ਬਚ ਜਾਣ ਤਾਂ ਫਿਰ ਉਹਨਾਂ ਵਸੀਲਿਆਂ ਦੀ ਵਰਤੋਂ, ਕਮੇਟੀ ਉਪਰ ਕਾਬਜ ਧੜੇ ਦੀ ਇਛਾ ਅਨੁਸਾਰ ਕਰਨੀ ਹੁੰਦੀ ਹੈ। ਇਹ ਕੋਈ ਨਵੀਂ ਗੱਲ ਨਹੀਂ; ਇਹ ਕਾਰਜ ਪ੍ਰਣਾਲੀ ਸ਼ੁਰੂ ਤੋਂ ਹੀ ਚਲੀ ਆ ਰਹੀ ਹੈ। ਇਹ ਕੁਝ ਲਿਖ ਕੇ ਮੈਂ ਇਸ ਦੇ ਸਹੀ ਹੋਣ ਦੀ ਪ੍ਰੋੜ੍ਹਤਾ ਨਹੀਂ ਕਰ ਰਿਹਾ ਪਰ ਹੈ ਇਹ ਜ਼ਮੀਨੀ ਹਕੀਕਤ। ਹਾਂ, ਲੰਡਨ ਵਾਸੀ ਇਕ ਵਿਦਵਾਨ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਜੀ ਨੇ ਇਸ ਪੱਖ ਤੇ ਵਾਹਵਾ ਸਾਰਾ ਉਦਮ ਕੀਤਾ ਹੈ। ਉਹਨਾਂ ਨੇ ਇਸ ਬਾਰੇ ਇਕ ਕਿਤਾਬ ਵੀ ਲਿਖ ਕੇ ਛਪਵਾਈ ਹੇ ਤੇ ਇਕ ਸੀ.ਡੀ. ਵੀ ਤਿਆਰ ਕਰਕੇ ਸੰਗਤਾਂ ਵਿਚ ਵੰਡੀ ਹੈ ਤਾਂ ਕਿ ਦੇਸ ਪਰਦੇਸ ਦੀਆਂ ਸੰਗਤਾਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਤੋਂ ਜਾਣੂ ਹੋ ਸਕਣ। ਇਹ ਉਦਮ ਸ਼ਲਾਘਾਯੋਗ ਹੈ।

ਤਖ਼ਤ ਸਾਹਿਬਾਨ ਦੇ ਸਿੰਘ ਸਾਹਿਬਾਨ ਘਟ ਤੋਂ ਘਟ ਏਨਾ ਕਾਰਜ ਤਾਂ ਕਰ ਹੀ ਸਕਦੇ ਹਨ ਕਿ ਇਕ ਪ੍ਰਬੰਧ ਅਧੀਨ ਗੁਰਦੁਆਰਾ ਸਾਹਿਬਾਨ ਵਿਚ ਜੇਹੜੇ ਪਰਾਣੀ ਅੰਮ੍ਰਿਤ ਪਾਨ ਕਰਦੇ ਹਨ ਉਹਨਾਂ ਨੂੰ ਉਸ ਸਮੇ ਇਕ ਇਕ ਕਾਪੀ ਸਿਖ ਰਹਿਤ ਮਰਯਾਦਾ ਦੀ ਅਤੇ ਇਕ ਇਕ ਨਿਤਨੇਮ ਦਾ ਗੁਟਕਾ ਦੇ ਕੇ, ਇਹ ਤਾਂ ਆਖਿਆ ਹੀ ਜਾ ਸਕਦਾ ਹੈ ਕਿ ਇਹ ਪੰਥ ਦੀ ਮਰਯਾਦਾ ਹੈ ਤੇ ਘਟ ਤੋਂ ਘਟ ਗੁਰਸਿੱਖ ਵਾਸਤੇ ਏਨੀ ਬਾਣੀ ਦਾ ਨਿਤਨੇਮ ਜ਼ਰੂਰੀ ਹੈ; ਇਸ ਤੋਂ ਇਲਾਵਾ ਹੋਰ ਜਿੰਨੀ ਵੀ ਬਾਣੀ ਪੜ੍ਹ ਸਕੋ, ਵਾਹਿਗੁਰੂ ਸਿਮਰਨ ਕਰ ਸਕੋ, ਧੰਨ ਭਾਗ, ਕਰੋ!

ਇਸ ਤੋਂ ਇਲਾਵਾ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਦੁਆਰਾ ਪ੍ਰਕਾਸ਼ਤ ਕੀਤੇ ਗਏ ਨਿੱਤਨੇਮ ਦੇ ਗੁਟਕੇ ਅਤੇ ਸਿੱਖ ਰਹਿਤ ਮਰਯਾਦਾ ਦੀਆਂ ਕਾਪੀਆਂ, ਦੇਸ ਅਤੇ ਪਰਦੇਸ ਦੀ ਸਿੱਖ ਸੰਸਥਾਵਾਂ ਤੱਕ ਵਧ ਤੋਂ ਵਧ ਪੁਚਾਉਣ ਦਾ ਉਪ੍ਰਾਲਾ ਕਰੇ। ਦੂਜੀਆਂ ਸੰਪਰਦਾਵਾਂ ਵਾਲੇ ਅਤੇ ਉਹਨਾਂ ਦੇ ਸ਼ਰਧਾਲੂ, ਆਪਣੇ ਛਪੇ ਗੁਟਕੇ ਅਤੇ ਦੂਜਾ ਲਿਟ੍ਰੇਚਰ ਸੱਬਰਕੱਤੀ ਗਿਣਤੀ ਵਿਚ ਗੁਰਦੁਆਰਾ ਸਾਹਿਬਾਨ ਵਿਚ ਭੇਜਣ ਦਾ ਹਮੇਸ਼ਾਂ ਉਦਮ ਕਰਦੇ ਰਹਿੰਦੇ ਹਨ।

# ਕੁੜੀਮਾਰ ਨਾਲ ਸਿੱਖ ਨੇ ਨਹੀਂ ਵਰਤਣਾ

ਪੇਂਡੂ ਸਿੱਖ ਸਮਾਜ ਵਿਚ ਜੱਟਾਂ ਦੀ ਵਧ ਗਿਣਤੀ ਹੋਣ ਕਰਕੇ ਜੱਟ ਪ੍ਰਧਾਨ ਸਮਾਜ ਹੋ ਨਿੱਬੜਦਾ ਹੈ। ਪ੍ਰਸਿੱਧ ਇਤਿਹਾਸਕਾਰ, ਪਰਲੋਕ ਨਿਵਾਸੀ ਸ. ਸ਼ਮਸ਼ੇਰ ਸਿੰਘ ਅਸ਼ੋਕ, ਅਨੁਸਾਰ ਜੱਟ ਵੀ ਰਾਜਪੂਤਾਂ ਦੀ ਹੀ ਇਕ ਸ਼ਾਖ਼ਾ ਹਨ ਤੇ ਸ਼ਾਇਦ ਏਸੇ ਕਰਕੇ ਹੀ ਰਾਜਪੂਤਾਂ ਦੀਆਂ ਚੰਗੀਆਂ/ਮੰਦੀਆਂ ਆਦਤਾਂ ਇਹਨਾਂ ਵਿਚ ਵੀ ਵਿਰਾਸਤ ਵਜੋਂ ਹੀ ਆ ਗਈਆਂ ਤੇ ਅਜੇ ਤਕ ਵੀ ਚੱਲੀਆਂ ਆ ਰਹੀਆਂ ਹਨ। ਇਹਨਾਂ ਵਿਚੋਂ

ਇਕ ਧੀ ਨੂੰ ਮਾਰ ਦੇਣ ਵਾਲੀ ਅਤੀ ਮਾੜੀ ਖ਼ਸਲਤ ਵੀ ਇਸ ਭਾਈਚਾਰੇ ਵਿਚ ਚੱਲੀ ਆ ਰਹੀ ਹੈ। ਇਸ ਮਾੜੀ ਰਸਮ ਕਰਕੇ ਹੀ ਸ਼ਾਇਦ ਜੱਟਾਂ ਵਿਚ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਘੱਟ ਹੁੰਦੀ ਸੀ। ਸੋ ਇਹ ਕੁਦਰਤੀ ਹੀ ਸੀ ਕਿ ਜੱਟ ਦੇ ਸਾਰੇ ਪੁੱਤਾਂ ਦਾ ਵਿਆਹ ਹੋ ਸਕਣਾ ਸੰਭਵ ਨਹੀਂ ਸੀ ਹੁੰਦਾ। ਇਸ ਲਈ ਕੋਈ ਮੁੱਲ ਦੇ ਕੇ ਵਿਆਹ ਕਰਵਾਉਂਦਾ ਸੀ ਤੇ ਕੋਈ 'ਕੁਦੇਸਣ' ਅਰਥਾਤ ਬੰਗਾਲ, ਬਿਹਾਰ ਜਾਂ ਨੇਪਾਲ ਆਦਿ ਤੋਂ ਇਸਤਰੀ ਲੈ ਕੇ ਆਉਂਦਾ ਸੀ। ਕੋਈ 'ਦਲੇਰ ਕਿਸਮ' ਦਾ ਵਿਅਕਤੀ ਇਸ ਤਰ੍ਹਾਂ ਵੀ ਲੈ ਆਉਂਦਾ ਸੀ ਜਿਸ ਨੂੰ ਪੇਂਡੂ ਬੋਲੀ ਵਿਚ ਕਢ ਕੇ ਲਿਆਉਣਾ ਆਖਿਆ ਜਾਂਦਾ ਸੀ; ਭਾਵੇਂ ਕਿ ਸ਼ਾਸਤਰਾਂ ਵਿਚ ਅਜਿਹੇ ਜੋਖਮ ਭਰੇ ਕਾਰਨਾਮੇ ਨੂੰ ਇਕ ਕਿਸਮ ਦੇ ਵਿਆਹ ਦਾ ਨਾਂ ਦਿੱਤਾ ਗਿਆ ਹੈ।

ਹੁਣ ਤੋਂ ਕੋਈ ਇਕ ਦਹਾਕਾ ਪਿੱਛੋਂ ਪਤਾ ਨਹੀਂ ਕੀ ਹਾਲ ਹੋਵੇਗਾ, ਵਾਹਿਗੁਰੂ ਹੀ ਜਾਣੇ! ਪਿਛਲੇ ਸਮੇ ਜੰਮਣ ਦੇ ਪਿੱਛੋਂ ਕੁੜੀ ਨੂੰ ਮਾਰਿਆ ਜਾਂਦਾ ਸੀ ਪਰ ਅੱਜ ਵਿਗਿਆਨ ਦੀ ਉਨਤੀ ਕਰਕੇ ਜੰਮਣ ਤੋਂ ਪਹਿਲਾਂ, ਮਾਂ ਦੀ ਕੁੱਖ ਵਿਚ ਹੀ ਧੀ ਨੂੰ ਮੁਕਾ ਦਿੱਤਾ ਜਾਂਦਾ ਹੈ। ਇਹ ਕੁਕਰਮ ਪੈਸਿਆਂ ਦੇ ਲਾਲਚ ਵਿਚ, ਜਾਨ ਦੀ ਹਰ ਹਾਲਤ ਵਿਚ ਰਖਵਾਲੀ ਕਰਨ ਦਾ ਪ੍ਰਣ ਕਰਨ ਵਾਲੇ, ਡਾਕਟਰ ਕਰਦੇ ਨੇ ਜਦੋਂ ਕਿ ਪੁਰਾਣੇ ਸਮੇ ਵਿਚ ਇਹ ਕੁਕਰਮ ਅਨਪੜ੍ਹ ਦਾਈਆਂ ਕਰਿਆ ਕਰਦੀਆਂ ਸਨ। ਕਹਿੰਦੇ ਹਨ ਕਿ ਇਕ ਤਰੀਕਾ ਨਵ ਜਨਮੀ ਬੱਚੀ ਨੂੰ ਮਾਰਨ ਦਾ ਇਹ ਵੀ ਹੁੰਦਾ ਸੀ ਕਿ ਉਸਦੇ ਇਕ ਨੰਨ੍ਹੇ ਹੱਥ ਵਿਚ ਪੂਣੀ ਫੜਾ ਕੇ ਤੇ ਦੂਸਰੇ ਹੱਥ ਦੇ ਅੰਗੂਠੇ ਨੂੰ ਗੁੜ ਲਾ ਕੇ ਅੰਗੂਠਾ ਉਸ ਦੇ ਮੂੰਹ ਵਿਚ ਦੇ ਦੇਣਾ ਤੇ ਇਹ ਆਖ ਕੇ ਜੀਂਦੀ ਕੁੜੀ ਨੂੰ ਘੜੇ ਵਿਚ ਪਾ ਕੇ, ਟੋਆ ਪੁੱਟ ਕੇ ਧਰਤੀ ਅੰਦਰ ਦੱਬ ਦੇਣਾ:

ਗੁੜ ਖਾਈਂ ਤੇ ਪੂਣੀ ਕੱਤੀਂ।
ਆਪ ਨਾ ਆਈਂ ਤੇ ਵੀਰਾਂ ਨੂੰ ਘੱਤੀਂ।

ਮੁਲਕ ਮਲਾਵੀ ਦੇ ਵਸਨੀਕ ਇਕ ਬਹੁਤ ਹੀ ਭਲੇ ਪੁਰਸ਼, ਗੁਜਰਾਤੀ ਡਾਕਟਰ ਅੰਬੇਦਕਰ ਜੀ ਨੂੰ, ੧੯੭੪ ਵਿਚ ਮੈਂ ਪੁੱਛਿਆ ਸੀ ਕਿ ਕੋਈ ਤਰੀਕਾ ਅਜਿਹਾ ਹੈ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਲੜਕੀ ਜਾਂ ਲੜਕਾ ਹੋਣ ਬਾਰੇ ਪਤਾ ਲਾਇਆ ਜਾ ਸਕੇ। ਉਸ ਭਲੇ ਡਾਕਟਰ ਨੇ ਦੱਸਿਆ ਕਿ ਅਜਿਹਾ ਕੋਈ ਤਰੀਕਾ ਅਜੇ ਤੱਕ ਡਾਕਟਰੀ ਵਿਗਿਆਨ ਨੇ ਨਹੀਂ ਲਭਿਆ। ਜੇਕਰ ਅਸੀਂ ਇਹ ਤਰੀਕਾ ਲਭ ਵੀ ਲਿਆ ਤਾਂ ਕਿਸੇ ਨੂੰ ਦੱਸਾਂਗੇ ਨਹੀਂ ਕਿਉਂਕਿ ਲੋਕੀਂ ਪੁੱਤਰ ਦੀ ਚਾਹਨਾ ਵਿਚ ਪੁੱਤਰੀ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦਿਆ ਕਰਨਗੇ ਤੇ ਇਸ ਤਰ੍ਹਾਂ ਦੁਨੀਆ ਵਿਚ ਇਸਤਰੀ/ਪੁਰਸ਼ਾਂ ਦੀ ਗਿਣਤੀ ਦਾ ਤਨਾਸਬ ਵਿਗੜ ਜਾਵੇਗਾ। ਅੱਜ ਇਹ ਪ੍ਰਤੱਖ ਪਾਪ ਸਾਡੇ ਵੇਖਦਿਆਂ ਹੀ ਹੋ ਰਿਹਾ ਹੈ ਤੇ ਗੱਜ ਵੱਜ ਕੇ ਹੋ ਰਿਹਾ ਹੈ।

ਸਿੱਖ ਗੁਰੂ ਸਾਹਿਬਾਨ ਜੀ ਨੇ ਇਸ ਵਿਆਪਕ ਬੀਮਾਰੀ ਨੂੰ ਰੋਕਣ ਵਾਸਤੇ, ਆਪਣੇ ਸਿੱਖਾਂ ਨੂੰ ਇਸ ਘੋਰ ਪਾਪ ਤੋਂ ਬੜੀ ਸਖ਼ਤੀ ਨਾਲ ਵਰਜਿਆ ਸੀ। ਅੱਜ ਵੀ ਸਿੱਖਾਂ ਨੂੰ ਅੰਮ੍ਰਿਤ ਛਕਣ ਸਮੇ ਜਿਨ੍ਹਾਂ ਸੱਤ ਕਿਸਮ ਦੇ ਵਿਅਕਤੀਆਂ ਨਾਲ ਮੇਲ ਰੱਖਣ ਤੋਂ ਮਨਾਹੀ ਕੀਤੀ ਜਾਂਦੀ ਹੈ, ਉਹਨਾਂ ਵਿਚੋਂ ਇਕ ਕੁੜੀਮਾਰ ਵੀ ਹੈ। ਕੁੜੀਮਾਰ ਨਾਲ ਸਾਂਝ ਰੱਖਣ ਵਾਲਾ ਸਿੱਖ ਮਰਯਾਦਾ ਅਨੁਸਾਰ 'ਤਨਖ਼ਾਹੀਆ' ਕਰਾਰ ਦਿੱਤਾ ਜਾਂਦਾ ਹੈ। ਅਠਾਰ੍ਹਵੀਂ ਸਦੀ ਦੇ ਇਕ ਮਹਾਨ ਯੋਧੇ, ਸ. ਜੱਸਾ ਸਿੰਘ ਰਾਮਗੜ੍ਹੀਏ ਦਾ ਪੰਥ ਵਿਚੋਂ ਕੁਝ ਸਮੇ ਲਈ ਛੇਕਿਆ ਰਹਿਣ ਦਾ ਵੀ ਏਹੋ ਕਾਰਨ ਬਣਿਆ ਸੀ। ਪੰਥ ਨੂੰ ਉਸ ਬਾਰੇ ਸ਼ਕਾਇਤ ਸੀ ਕਿ ਉਸ ਦੇ ਪਰਵਾਰ ਵਿਚ ਕੰਨਿਆ ਦਾ ਕਤਲ ਕੀਤਾ ਗਿਆ ਹੈ।

ਏਥੋਂ ਤੱਕ ਕਿ ਜੀਂਦ ਪਤੀ ਮਹਾਰਾਜਾ ਗਜਪਤ ਸਿੰਘ ਦੀ ਪੁੱਤਰੀ ਨਾਲ ਵੀ ਏਹੋ ਕੁਝ ਹੋਇਆ। ਇਹ ਤਾਂ ਮਹਾਂਪੁਰਸ਼ ਬਾਬਾ ਗੁੱਦੜ ਸਿੰਘ ਜੀ ਦੀ ਕਿਰਪਾ ਹੋਈ ਤੇ ਉਸ ਨੂੰ ਜਦੋਂ ਧਰਤੀ ਪੁੱਟ ਕੇ ਘੜੇ ਵਿਚੋਂ ਬਾਹਰ ਕਢਿਆ ਗਿਆ ਤਾਂ ਬੱਚੀ ਅੰਗੂਠਾ ਚੁੰਘਦੀ ਜੀਂਦੀ ਨਿਕਲ ਆਈ ਤੇ ਸਰਦਾਰਨੀ ਰਾਜ ਕੌਰ ਬਣ ਕੇ, ਸ. ਮਹਾਂ ਸਿੰਘ ਸ਼ੁਕਰਚੱਕੀਏ ਦੀ ਪਤਨੀ ਤੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਹੋਣ ਦਾ, ਉਸ ਮਾਪਿਆਂ ਵਲੋਂ ਆਪਣੇ ਭਾਣੇ ਮਾਰ ਦਿੱਤੀ ਗਈ ਬੱਚੀ, ਨੇ ਮਾਣ ਹਾਸਲ ਕੀਤਾ।

ਕੁੜੀਆਂ ਦੀ ਘਾਟ ਦਾ ਸਦਕਾ ਜੇ ਕਿਤੇ ਜੱਟ ਦਾ ਨਿੱਕਾ ਪੁੱਤ ਵੱਡੇ ਨੂੰ ਬਾਈ ਪਾਸ ਕਰਕੇ ਪਹਿਲਾਂ ਮੰਗਿਆ/ਵਿਆਹਿਆ ਜਾਂਦਾ ਸੀ ਤਾਂ ਵੱਡੇ ਦਾ ਆਮ ਤੌਰ 'ਤੇ ਪੱਤਾ ਕੱਟਿਆ ਗਿਆ ਹੀ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਵੱਡੇ ਦੇ ਛੜੇ ਰਹਿ ਜਾਣ ਕਾਰਨ ਹੀ ਸ਼ਾਇਦ ਕਈ ਤਾਏ ਛੜੇ ਹੁੰਦੇ ਸਨ। ਸ਼ਾਇਦ ਜੱਟ ਏਸੇ ਕਰਕੇ ਹੀ ਤਾਏ ਦੇ ਮੁਕਾਬਲੇ ਚਾਚਾ ਅਖਵਾ ਕੇ ਵਧ ਖ਼ੁਸ਼ ਹੁੰਦਾ ਹੈ। ਕਿਸੇ ਅਜਿਹੇ ਤਾਏ ਨੂੰ ਵੇਹਲੇ ਵੇਲੇ ਭਤੀਜਿਆਂ ਨੇ ਪੁੱਛ ਲਿਆ, "ਤਾਇਆ, ਤੂੰ ਵਿਆਹ ਕਿਉਂ ਨਹੀਂ ਕਰਵਾਇਆ?" "ਐਵੇਂ ਘੌਲ ਈ ਹੋ ਗਈ ਭਤੀਜ!" ਲਮਕਵਾਂ ਜਿਹਾ ਤੇ ਨਿਰਾਸ਼ਾ ਭਰਿਆ ਜਵਾਬ ਸੀ ਵੱਤੋਂ ਲੰਘੇ ਤਾਏ ਦਾ।

ਕਈ ਜ਼ਿੰਦਾ ਦਿਲ ਵਿਅਕਤੀ ਭਾਵੇਂ ਲੋਕਾਂ ਭਾਣੇ ਵਿਆਹ ਦਾ ਵੇਲਾ ਵਿਹਾ ਚੁੱਕੇ ਹੋਣ ਪਰ ਫਿਰ ਵੀ ਢੇਰੀ ਨਹੀਂ ਢਾਹੁੰਦੇ ਤੇ ਢੁਕਵੇਂ ਮੌਕੇ ਦੀ ਉਡੀਕ ਵਿਚ ਰਹਿੰਦੇ ਹਨ। ਅਜਿਹਾ ਇਕ ਤਾਇਆ, ਆਮ ਵਾਂਗ ਹੀ ਭਤੀਜਿਆਂ ਨਾਲ ਰਹਿੰਦਾ ਸੀ। ਸਰਦੀਆਂ ਵਿਚ ਕੁਝ ਢਿੱਲਾ-ਮੱਠਾ

ਜਿਹਾ ਹੋ ਗਿਆ। ਕਿਸੇ ਖ਼ਬਰ ਲੈਣ ਆਏ ਸੰਬੰਧੀ ਨੇ ਤਾਏ ਦੀ ਸਿਆਲੂ ਕਮਜ਼ੋਰੀ ਭਾਂਪ ਕੇ, ਘਰਦਿਆਂ ਨੂੰ ਆਖਿਆ, "ਬੰਤਾ ਸਿੰਘ ਨੂੰ ਸੌਣ ਤੋਂ ਪਹਿਲਾਂ ਦੁੱਧ ਵਿਚ ਛੁਹਾਰਾ ਉਬਾਲ ਕੇ ਦਿਓ।" ਰਾਤ ਨੂੰ ਭਤੀਜ ਨੂੰਹ ਗੜਵੀ ਵਿਚ ਦੁਧ ਤੇ ਕੌਲੀ ਵਿਚ ਉਬਲਿਆ ਛੁਹਾਰਾ ਪਾ ਕੇ ਲਿਆਈ ਤੇ ਆਖਿਆ, "ਤਾਇਆ ਉਠ ਛੁਹਾਰਾ ਖਾ ਲੈ।" ਇਕਦਮ ਉਤਸ਼ਾਹ ਵਿਚ ਉਠਦਿਆਂ ਤਾਏ ਨੇ ਪੁੱਛਿਆ, "ਕੇਹੜੇ ਪਿੰਡੋਂ ਆਇਆ ਕੁੜੇ?"

ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥
ਆਵਤ ਪਹੀਆ ਖੂਧੇ ਜਾਹਿ॥ *(੮੭੨)*

ਆਖ ਕੇ ਭਗਤ ਕਬੀਰ ਜੀ ਨੇ ਵੀ 'ਗ੍ਰਿਹਿ ਸੋਭਾ' ਅਰਥਾਤ ਪਤਨੀ ਦੀ ਮਹੱਤਤਾ ਨੂੰ ਮੰਨਿਆ ਹੈ। ਭਗਤ ਧੰਨਾ ਜੀ ਨੇ ਤਾਂ, "ਘਰ ਕੀ ਗੀਹਨਿ ਚੰਗੀ। ਜਨੁ ਧੰਨਾ ਲੇਵੈ ਮੰਗੀ।" (੬੯੫) ਆਖ ਕੇ ਆਪਣੇ ਮੂੰਹੋਂ 'ਚੰਗੀ ਪਤਨੀ' ਦੀ ਮੰਗ ਰੱਬ ਕੋਲੋਂ ਕਰ ਲਈ ਸੀ। ਕਿਸੇ ਅਜੋਕੇ ਸਿਆਣੇ ਪੁਰਸ਼ ਨੇ ਵੀ ਆਖਿਆ ਹੈ ਕਿ ਬਿਨਾ ਵਹੁਟੀ ਤੋਂ ਜੀਵਨ ਮਨੁੱਖ ਦਾ ਇਸ ਤਰ੍ਹਾਂ ਦਾ ਹੈ ਜਿਵੇਂ ਦੁਧ ਤੋਂ ਬਿਨਾ ਚਾਹ।

### ਚੌਧਰੀ ਹੇਮ ਰਾਜ ਦੀ ਸਾਖੀ

ਲਾਹੌਰ ਤੋਂ ਦੱਖਣ ਵੱਲ ਰਾਵੀ ਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਨੂੰ ਨੱਕਾ ਦੇਸ਼ ਆਖਿਆ ਜਾਂਦਾ ਹੈ। ਇਸ ਦੇ ਪਰਗਣੇ ਚੂਹਣੀਆਂ ਵਿਚ ਇਕ ਪਿੰਡ ਬਹਿੜਵਾਲ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਜੰਭਰ ਪਿੰਡ ਤੋਂ ਹੁੰਦੇ ਹੋਏ ਇਸ ਪਿੰਡ ਦੀ ਜੂਹ ਵਿਚ ਆ ਕੇ ਰੁਕੇ ਤੇ ਚੌਧਰੀ ਹੇਮੇ ਤੋਂ ਪਾਣੀ ਮੰਗਿਆ। ਉਸ ਨੇ ਨਜ਼ਦੀਕੀ ਖੂਹ ਦਾ ਪਾਣੀ ਖਾਰਾ ਜਾਣ ਕੇ, ਪਿੰਡੋਂ ਪਾਣੀ ਲਿਆਉਣਾ ਚਾਹਿਆ ਤਾਂ ਗੁਰੂ ਜੀ ਨੇ ਖਾਰੇ ਖੂਹ ਵੱਲ, ਮੇਹਰ ਦੀ ਨਜ਼ਰ ਨਾਲ ਤੱਕ ਕੇ, ਇਸ ਖੂਹ ਵਿਚੋਂ ਹੀ ਪਾਣੀ ਲਿਆਉਣ ਦੀ ਆਗਿਆ ਕੀਤੀ। ਗੁਰੂ ਜੀ ਦੀ ਕਿਰਪਾ ਨਾਲ, ਖਾਰੇ ਤੋਂ ਮਿੱਠੇ ਹੋਏ ਪਾਣੀ ਸਦਕਾ, ਪਿੰਡ ਵਾਸੀਆਂ ਨੂੰ ਹੈਰਾਨੀ ਭਰੀ ਖੁਸ਼ੀ ਹੋਈ।

ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਹੇਮੇ ਨੂੰ ਕਿਹਾ ਕਿ ਉਹ ਆਏ ਗਏ ਸਿੱਖ, ਸੰਤ ਤੇ ਸੰਗਤ ਦੀ ਸੇਵਾ ਕਰਿਆ ਕਰੇ। ਚੌਧਰੀ ਹੇਮੇ ਨੇ ਬੇਨਤੀ ਕੀਤੀ ਕਿ ਨਾ ਉਸ ਦੇ ਘਰ ਖੁਲ੍ਹਾ ਪਦਾਰਥ ਹੈ ਤੇ ਨਾ ਹੀ ਘਰ ਵਾਲੀ ਹੈ ਜੋ ਕਿ ਆਏ ਗਏ ਨੂੰ ਪ੍ਰਸ਼ਾਦਾ ਸਜਾ ਕੇ ਛਕਾਵੇ। ਗੁਰੂ ਜੀ ਨੇ ਪਿੰਡ ਦੀ ਇਕ ਵਿਧਵਾ ਬੀਬੀ ਨੂੰ ਆਪਣੀ ਬੇਟੀ ਆਖ ਕੇ ਉਸਦਾ ਵਿਆਹ ਚੌਧਰੀ ਹੇਮੇ ਨਾਲ ਕਰ ਕੇ, ਸਿੱਖੀ ਕਮਾਉਣ ਦਾ ਉਪਦੇਸ਼ ਦੇ ਕੇ, ਦੁਨਿਆਵੀ ਪਦਾਰਥ ਵੀ ਪ੍ਰਾਪਤ ਹੋਣ ਦਾ ਵਰ ਦਿੱਤਾ। ਇਸ ਪਰਵਾਰ ਉਪਰ ਰੱਬ ਦੀ ਬੜੀ ਕਿਰਪਾ ਹੋਈ। ਚੌਧਰੀ ਹੇਮ ਰਾਜ ਦਾ ਪੁੱਤਰ ਸ. ਹੀਰਾ ਸਿੰਘ, ਨਕੱਈ ਮਿਸਲ ਦਾ ਸਰਦਾਰ ਬਣਿਆ ਤੇ ਇਸ ਨੇ ਬਹਿੜਵਾਲ ਪਿੰਡ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾਇਆ। ਇਸ ਮਿਸਲ ਦੇ ਮੁਖੀ, ਸ. ਭਗਵਾਨ ਸਿੰਘ ਦੀ ਭੈਣ, ਦਾਤਾਰ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਤੇ ਉਸਦੇ ਵਲੀ ਅਹਿਦ, ਮਹਾਰਾਜਾ ਖੜਕ ਸਿੰਘ ਦੀ ਮਾਤਾ ਬਣੀ।

ਸਿੱਖ ਪੰਥ ਅੰਦਰ ਬ੍ਰਾਹਮਣਵਾਦੀ ਵਿਚਾਰਾਂ ਦੇ ਪ੍ਰਭਾਵ ਸਦਕਾ ਆਏ ਨਿਘਾਰਾਂ ਨੂੰ ਸੁਧਾਰਨ ਦੀ ਪ੍ਰਭਾਵਸ਼ਾਲੀ ਲਹਿਰ ਚਲਾਉਣ ਵਾਲੇ, ਮਹਾਨ ਆਗੂ, ਨਾਮਧਾਰੀ ਪੰਥ ਦੇ ਮੁਖੀ, ਬਾਬਾ ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਸਪੱਸ਼ਟ ਹਿਦਾਇਤ ਕਰਦਿਆਂ ਲਿਖਿਆ ਸੀ:

ਲੜਕੀ ਨਾ ਕਿਸੇ ਮਾਰਣੀ। ਨਾ ਕਿਸੇ ਵੱਟਾ ਕਰਨਾ। ਨਾ ਲੜਕੀ ਦੇ ਦੰਮ ਲੈਣੇ। ਜੇਹੜਾ ਲੜਕੀ ਮਾਰੇ ਬੇਚੇ, ਵੱਟਾ ਕਰੇ, ਉਸਦੇ ਹੱਥਾਂ ਦਾ, ਘਰ ਦਾ, ਅੰਨ ਪਾਣੀ ਨਹੀਂ ਵਰਤਣਾ। ਉਸਨੂੰ ਸੰਗਤ ਵਿਚ ਨਹੀਂ ਵੜਨ ਦੇਣਾ।..... ਕਿਸੇ ਦਾ ਧੱਕਾ ਕਰ ਕੇ, ਨਾ ਚੋਰੀ ਕਰ ਕੇ, ਨਾ ਠੱਗੀ ਕਰ ਕੇ, ਕੱਖ ਆਦਿਕ ਬੀ ਨਹੀਂ ਲੈਣਾ।

## ਗੁਰਦੁਆਰਾ ਪ੍ਰਬੰਧ ਅਤੇ ਚੋਣਾਂ

ਇਸ ਸਬੰਧੀ ਇਹ ਵਾਰਤਾ ਸ਼ਾਇਦ ਦਿਲਚਸਪ ਲੱਗੇ: ੧੯੬੧ ਦੇ ਆਰੰਭਲੇ ਮਹੀਨਿਆਂ ਦੌਰਾਨ, ਉਸ ਸਮੇ ਦੇ ਸਰਕਾਰੀ ਸੰਤ, ਵਿਨੋਬਾ ਭਾਵੇ ਜੀ, ਪੰਜਾਬ ਦਾ ਦੌਰਾ ਕਰ ਰਹੇ ਸਨ। ਮਿਸਟਰ ਗਾਂਧੀ ਦੇ ਉਤਰ ਅਧਿਕਾਰੀ ਹੋਣ ਕਰਕੇ ਅਤੇ ਗਾਂਧੀ ਦੇ ਪੈਰੋਕਾਰਾਂ ਦੀ ਹੀ ਦੇਸ਼ ਵਿਚ ਸਰਕਾਰ ਹੋਣ ਕਰਕੇ, ਉਹਨਾਂ ਦਾ ਇਹ ਪੰਜਾਬ-ਦੌਰਾ ਕਾਫ਼ੀ ਧੂਮ-ਧੜੱਕੇ ਵਾਲਾ ਸੀ। ਸਿੱਖ ਮਿਸ਼ਨਰੀ ਕਾਲਜ ਦੇ ਪ੍ਰੋਫ਼ੈਸਰ, ਸਵਰਗਵਾਸੀ ਗਿ. ਅਮਰ ਸਿੰਘ ਚਾਕਰ, ਹੋਰਾਂ ਦੀ ਅਗਵਾਈ ਵਿਚ ਕੁਝ ਵਿਦਿਆਰਥੀ ਵੀ 'ਰੌਣਕ ਮੇਲਾ' ਵੇਖਣ ਚਲੇ ਗਏ। 'ਤਾਏ ਦੀ ਧੀ ਚੱਲੀ ਤੇ ਮੈਂ ਕਿਉਂ ਰਹਾਂ ਇਕੱਲੀ' ਵਾਲੇ ਅਖਾਣ ਮੁਤਾਬਕ ਮੈਂ ਵੀ ਨਾਲ ਚਲਾ ਗਿਆ। ਚਾਕਰ ਸਾਹਿਬ ਜੀ ਨੂੰ ਸਿੱਖ ਅਤੇ ਸਿੱਖ ਧਰਮ ਦਾ

ਅਧਿਆਪਕ ਜਾਣ ਕੇ, ਸੰਤ ਜੀ ਨੇ ਬਚਨ ਕੁਝ ਇਸ ਤਰ੍ਹਾਂ ਉਚਾਰਨ ਕੀਤੇ, "ਸਿੱਖ ਧਰਮ ਵਿਸ਼ਵ ਕਾ ਅਤੀ ਨਵੀਨ ਧਰਮ ਹੈ। ਯਹ ਵਿਗਿਆਨਕ ਕਸਵੱਟੀ ਪਰ ਭੀ ਸਹੀ ਹੈ। ਸੰਸਾਰ ਕੀ ਕਲਿਆਨ ਇਸੀ ਮੇਂ ਹੈ ਕਿ ਵੋਹ ਐਸੇ ਧਰਮ ਕਾ ਅਨੁਸਰਣ ਕਰੇ। ਪ੍ਰੰਤੂ ਸ਼ੋਕ ਕੀ ਬਾਤ ਯਹ ਹੈ ਕਿ ਅਬ ਯਹ ਧਰਮ ਚਲੇਗਾ ਨਹੀਂ।" ਸਾਡੀਆਂ ਹੈਰਾਨੀ ਭਰੀਆਂ ਉਤਸੁਕ ਅੱਖਾਂ ਵੱਲ ਤੱਕਦੇ ਹੋਏ ਸੰਤ ਜੀ ਅੱਗੇ ਹੋਰ ਬੋਲੇ, "ਯਹ ਜੋ ਆਪ ਨੇ ਗੁਰਦੁਆਰਾ ਐਕਟ ਬਨਵਾ ਕਰ ਧਰਮਸਥਾਨੋਂ ਮੇਂ, ਸਰਕਾਰੀ ਸੰਸਥਾਨੋਂ ਕੀ ਤਰਹ ਚੁਨਾਵੋਂ ਕੀ ਅਪਵਿੱਤਰ ਗਤਿਵਿਧੀਓਂ ਕਾ ਪ੍ਰਵੇਸ਼ ਕਰਾ ਲੀਆ ਹੈ, ਯਹ ਇਸ ਅੱਛੇ ਧਰਮ ਕੋ ਸਥਿਰ ਨਹੀਂ ਰਹਿਨੇ ਦੇਂਗੀ। ਪਊਆ ਪੀਨੇ ਵਾਲਾ ਅਧੀਆ ਪੀਨੇ ਵਾਲੇ ਕੋ ਅਪਨਾ ਨੇਤਾ ਮਾਨਤਾ ਹੈ ਔਰ ਅਧੀਆ ਪੀਨੇ ਵਾਲਾ ਪੂਰੀ ਸ਼ੀਸ਼ੀ ਪੀਨੇ ਵਾਲੇ ਕੋ। ਜਿਨ ਲੋਗੋਂ ਕਾ ਨਾ ਧਰਮ ਹੈ ਨਾ ਸਦਾਚਾਰ; ਉਨ ਲੋਗੋਂ ਦਵਾਰਾ ਚੁਨ ਕਰ ਭੀ ਵੈਸੇ ਹੀ ਲੋਗ ਆਏਂਗੇ ਜੈਸੇ ਕਿ ਵੋਹ ਆਪ ਹੈਂ।"

੧੯੨੦ ਤੋਂ ਲੈ ਕੇ ੧੯੨੫ ਤੱਕ, ਬੇਅੰਤ ਕੁਰਬਾਨੀਆਂ ਕਰਨ ਪਿੱਛੋਂ, ਮਜਬੂਰ ਹੋ ਕੇ ਸਮੇ ਦੀ ਸਰਕਾਰ ਅਤੇ ਸਿੱਖ ਨੀਤੀਵਾਨ ਇਕ ਸਮਝੌਤੇ ਉਤੇ ਅੱਪੜੇ ਅਤੇ ਨਤੀਜੇ ਵਜੋਂ ੧੯੨੫ ਵਾਲਾ 'ਗੁਰਦੁਆਰਾ ਐਕਟ' ਹੋਂਦ ਵਿਚ ਆਇਆ ਜਿਸ ਦੇ ਅਧੀਨ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਵਜੂਦ ਵਿਚ ਆਈ। ਇਹ ਪੰਜ ਸਾਲ ਦਾ ਸਮਾ ਸਿੱਖ ਇਤਿਹਾਸ ਵਿਚ ਮਹਾਨ ਜਦੋ ਜਹਿਦ ਦਾ ਸਮਾ ਸੀ ਜਿਸ ਨੇ ਅਠਾਰ੍ਹਵੀਂ ਸਦੀ ਦਾ ਕੁਰਬਾਨੀਆਂ ਵਾਲਾ ਸਿੱਖ ਇਤਿਹਾਸ ਦੁਹਰਾ ਦਿੱਤਾ। ਪੂਰਾ ਵਿਸਥਾਰ ਜਾਨਣ ਲਈ ਪੜ੍ਹੋ: *ਅਕਾਲੀ ਲਹਿਰ ਦਾ ਇਤਿਹਾਸ,* ਸ. ਸੋਹਣ ਸਿੰਘ ਜੋਸ਼, ਗਿ: ਪ੍ਰਤਾਪ ਸਿੰਘ ਆਦਿ ਕਈ ਲਿਖਾਰੀਆਂ ਵੱਲੋਂ ਵਿਸਥਾਰ ਸਹਿਤ ਵੱਖ ਵੱਖ ਕਿਤਾਬਾਂ ਵਿਚ ਅੰਕਤ।

ਇਸ ਪੰਜ ਸਾਲ ਦੀ ਜਦੋ ਜਹਿਦ ਦੌਰਾਨ, ਕੌਮ ਨੇ ਪੰਜ ਸੌ ਦੇ ਕਰੀਬ ਸ਼ਹੀਦੀਆਂ ਦਿੱਤੀਆਂ, ਬੇਅੰਤ ਤਕਲੀਫ਼ਾਂ ਕੱਟੀਆਂ, ਜੇਹਲਾਂ ਵਿਚ ਰੁਲੇ, ਜੁਰਮਾਨੇ ਭਰੇ, ਜਾਇਦਾਦਾਂ ਦੀਆਂ ਕੁਰਕੀਆਂ ਕਰਵਾਈਆਂ, ਨੌਕਰੀਆਂ, ਨੰਬਰਦਾਰੀਆਂ, ਜ਼ੈਲਦਾਰੀਆਂ ਆਦਿ ਵਾਰੀਆਂ। ਇਵਜ਼ਾਨੇ ਵਜੋਂ ਪ੍ਰਾਪਤ ਕੀਤਾ 'ਗੁਰਦੁਆਰਾ ਐਕਟ ੧੯੨੫' ਜਿਸ ਤੋਂ ਪੰਥ-ਦਰਦੀ ਵੀ ਸੰਤੁਸ਼ਟ ਨਹੀਂ ਤੇ ਹਰੇਕ ਸਰਕਾਰ ਵੀ ਹਰੇਕ ਗੁਪਤ ਪਰਗਟ ਤੇ ਜਾਇਜ਼ ਨਾਜਾਇਜ਼ ਹਰਬਾ ਵਰਤ ਕੇ ਇਸ ਤੋਂ ਖਹਿੜਾ ਛੁਡਾਉਣਾ ਚਾਹੁੰਦੀ ਹੈ।

'ਗੁਰਦੁਆਰਾ ਐਕਟ ੧੯੨੫' ਅਨੁਸਾਰ ਚੋਣਾਂ ਲੜ ਕੇ ਗੁਰੂ-ਘਰਾਂ ਦੇ ਪ੍ਰਬੰਧ ਉਪਰ ਕਬਜ਼ਾ ਜਮਾ ਕੇ, ਆਪਣਾ ਸਮਾਜਕ, ਆਰਥਕ ਤੇ ਰਾਜਨੀਤਕ ਕੱਦ ਉਚਾ ਕਰਨਾ ਕੋਈ ਗੁਰਮਤਿ ਅਨੁਸਾਰੀ ਕਾਰਜ ਨਹੀਂ ਹੈ ਅਤੇ ਕਦਾਚਿਤ ਇਹ ਗੁਰਮਤਿ ਅਨੁਸਾਰੀ ਹੋ ਵੀ ਨਹੀਂ ਸਕਦਾ। ਪਰ ਸਹੀ ਹੱਲ ਵੀ ਇਸ ਮਰਜ਼ ਦਾ ਅਜੇ ਤੱਕ ਕੌਮ ਨੂੰ ਨਹੀਂ ਸੁਝਿਆ। ਪੀੜ੍ਹੀਆਂ ਤੋਂ ਚਲਿਆ ਆ ਰਿਹਾ ਇਕ ਪੁਰਖੀ ਮਹੰਤਾਂ ਦੇ ਅਧੀਨ ਗੁਰਦੁਆਰਾ ਪ੍ਰਬੰਧ, ਕੌਮ ਨੇ, ਸਮੇ ਨਾਲ ਭ੍ਰਿਸ਼ਟ ਹੋ ਗਿਆ ਸਮਝ ਕੇ, ਨਕਾਰ ਦਿੱਤਾ ਤੇ ਇਸ ਨੂੰ ਬਦਲਣ ਵਾਸਤੇ ਕਿੰਨੀ ਕੀਮਤ ਤਾਰੀ, ਇਹ ਸਾਰਾ ਕੁਝ ਇਤਿਹਾਸ ਦਾ ਹਿੱਸਾ ਬਣ ਚੁੱਕਾ ਹੈ। ਸਾਰੇ ਮਹੰਤ ਉਸ ਸਮੇ ਵੀ ਮਾੜੇ ਨਹੀਂ ਸਨ ਤੇ ਸ਼ੁਰੂ ਵਿਚ ਤਾਂ ਗੁਰਦੁਆਰੇ ਕਾਇਮ ਹੋਏ ਤੇ ਉਸਰੇ ਪਸਰੇ ਹੀ ਇਹਨਾਂ ਉਦਾਸੀ ਤੇ ਨਿਰਮਲੇ ਮਹੰਤਾਂ ਦੇ ਪੂਰਵਜਾਂ ਦੀ ਹਿੰਮਤ ਸਦਕਾ ਹੀ ਸਨ। ਸਿੰਘ ਤਾਂ ਹਕੂਮਤ ਦੇ ਬਾਗ਼ੀ ਹੋਣ ਕਾਰਨ ਗੁਰਧਾਮਾਂ ਦੀ ਸੇਵਾ ਸੰਭਾਲ ਕਰਨ ਲਈ ਪਰਗਟ ਤੌਰ 'ਤੇ, ਗੁਰਦੁਆਰਿਆਂ ਵਿਚ ਹਾਜ਼ਰ ਹੀ ਨਹੀਂ ਸਨ ਰਹਿ ਸਕਦੇ। ਬਕੌਲ ਇਕ ਸਿੱਖ ਵਿਦਵਾਨ ਦੇ, ਉਸ ਸਮੇ ਤਾਂ ਇਕ ਨਰੈਣੂ ਸੀ, ਅੱਜ ਕਿੰਨੇ ਨਰੈਣੂ ਹਨ! ਗਿਣਤੀ ਕਰਨੀ ਹੀ ਮੁਸ਼ਕਲ ਹੈ।

ਇਕ ਵਿਅਕਤੀ ਦਾ ਸਦਾਚਾਰ ਸਦਾ ਲਈ ਇਕਸਾਰ ਨਹੀਂ ਰਹਿ ਸਕਦਾ। ਗੁਰਬਾਣੀ ਫ਼ਰਮਾਨ ਹੈ, "ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥" (੮੭੬) ਫੇਰ ਪੀਹੜੀ ਦਰ ਪੀਹੜੀ ਜ਼ਰੂਰੀ ਨਹੀਂ ਕਿ ਸਾਰੇ ਵਿਅਕਤੀ ਹੀ ਆਚਾਰਵਾਨ ਰਹਿ ਸਕਣ। ਇਸ ਦੀਆਂ ਪ੍ਰਤੱਖ ਮਿਸਾਲਾਂ ਸਿੱਖ ਇਤਿਹਾਸ ਵਿਚੋਂ, ਗੁਰੂ ਸਾਹਿਬਾਨ ਦੇ ਆਪਣੇ ਸਮੇ ਦੇ ਮੁਖੀ ਸਿੱਖਾਂ ਦੀਆਂ ਵੀ ਅਤੇ ਉਹਨਾਂ ਦੇ ਆਪਣੇ ਪਰਵਾਰਕ ਮੈਂਬਰਾਂ ਬਾਰੇ ਵੀ ਮਿਲਦੀਆਂ ਹਨ। ਨੌਵੇਂ ਪਾਤਿਸ਼ਾਹ ਨੇ ਭਾਈ ਬੁਲਾਕੀ ਦਾਸ ਨੂੰ, ਯੋਗ ਜਾਣ ਕੇ, ਢਾਕੇ ਦੀਆਂ ਸੰਗਤਾਂ ਦਾ ਮਸੰਦ ਥਾਪਿਆ ਸੀ ਪਰ ਦਸਮ ਪਾਤਿਸ਼ਾਹ ਨੇ ਉਸ ਦੇ ਪੋਤਰਿਆਂ ਨੂੰ ਬੇਈਮਾਨ ਪਾਇਆ।

ਇਸ ਤਰ੍ਹਾਂ ਗੁਰੂ ਸਾਹਿਬਾਨ ਸਭ ਤੋਂ ਵਧ ਯੋਗ ਸਿੱਖ ਲਭ ਕੇ ਹੀ ਇਲਾਕੇ ਦੀ ਮਸੰਦਗੀ ਦੀ ਜ਼ੁੰਮੇਵਾਰੀ ਉਸ ਗੁਰਸਿੱਖ ਨੂੰ ਸੌਂਪਦੇ ਸਨ ਜੋ ਕਿ ਸਿੱਖੀ ਦੀ ਕਸਵੱਟੀ ਉਪਰ ਸਭ ਤੋਂ ਵਧ ਸਹੀ ਸਾਬਤ ਹੁੰਦਾ ਸੀ ਪਰ ਕੁਝ ਸਮੇ ਬਾਅਦ ਏਸੇ ਸੰਸਥਾ ਦੇ ਮੁਖੀਆਂ ਨੂੰ, ਦੋਸ਼ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਸਜ਼ਾਵਾਂ ਵੀ ਦਿੱਤੀਆਂ। ਆਪਣੇ ਸਿੱਖਾਂ ਨੂੰ ਮਸੰਦ ਮਸੰਦੀ ਦੇ ਨੇੜੇ ਜਾਣ ਤੋਂ ਵੀ ਵਰਜਿਆ।

ਤਕਰੀਬਨ ਇਕ ਸਦੀ ਦੀ ਸਿਰ ਖਪਾਈ ਪਿੱਛੋਂ ਅਜੇ ਤੱਕ ਅਸੀਂ ਕੇਵਲ ਏਥੇ ਹੀ ਪਹੁੰਚੇ ਹਾਂ ਕਿ ਕੌਮ ਦੇ ਦੋਵੇਂ ਤਜਰਬੇ (ਇਕ ਪੁਰਖੀ ਅਤੇ ਚੋਣਾਂ ਵਾਲਾ) ਫ਼ੇਹਲ ਹੋ ਚੁੱਕੇ ਹਨ ਪਰ ਇਹਨਾਂ ਦੋਹਾਂ ਤੋਂ ਚੰਗੇਰਾ ਪ੍ਰਬੰਧ ਕਰਨ ਦਾ ਤਰੀਕਾ ਅਜੇ ਕੌਮ ਨੂੰ ਸੁਝ ਨਹੀਂ ਰਿਹਾ। ਕੁਝ ਸਿਆਣੇ ਅਤੇ ਧਰਮੀ ਸੱਜਣ ਆਖਣਗੇ ਕਿ ਪੂਰਨ ਗੁਰਸਿੱਖ ਮਿਲ ਬੈਠ ਕੇ ਪੂਰਨ ਗੁਰਸਿੱਖਾਂ ਨੂੰ ਪ੍ਰਬੰਧਕ ਚੁਣਨ। ਵਿਚਾਰ ਅਤੀ ਸੁੰਦਰ ਹੈ ਪਰ ਪੂਰਨ ਗੁਰਸਿੱਖ ਹੋਣ ਦਾ ਪ੍ਰਮਾਣ ਪੱਤਰ ਕੌਣ ਦਊਗਾ! ਹਉਮੈ ਵੱਸ ਅਸੀਂ ਆਪਣੇ ਨਾਲੋਂ ਚੰਗੇਰਾ ਤਾਂ ਕੀ, ਆਪਣੇ ਵਰਗਾ ਵੀ ਕਿਸੇ ਨੂੰ ਮੰਨਣ ਲਈ ਤਿਆਰ ਨਹੀਂ। ਹਾਲਤ ਸਾਡੀ, "ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ॥" (੧੧੦੫) ਵਾਲੀ ਹੈ। ਬਹੁਤੀ

ਥਾਈਂ ਗੁਰਦੁਆਰਾ ਪ੍ਰਬੰਧ ਉਪਰ ਆਪਣਾ ਜਾਂ ਆਪਣੇ ਧੜੇ ਦਾ ਕਬਜ਼ਾ ਕਰਨ ਜਾਂ ਕੀਤੇ ਹੋਏ ਕਬਜ਼ੇ ਨੂੰ ਕਾਇਮ ਰੱਖਣ ਲਈ, ਅਸੀਂ ਵੇਖਦੇ ਹਾਂ ਕਿ, ਬਹੁਤ ਹੀ ਵੱਡੇ ਵੱਡੇ 'ਧਰਮੀ ਯੋਧੇ' ਦਿਸਣ ਵਾਲੇ ਸੱਜਣ ਵੀ, ਲੋੜ ਪੈਣ 'ਤੇ "ਬੁਰੇ ਦੇ ਘਰ ਤੱਕ ਅੱਪੜਨ" ਤੋਂ ਵੀ ਸੰਕੋਚ ਨਹੀਂ ਕਰਦੇ।

ਅਜਿਹੀ ਕੌਮੀ ਦਸ਼ਾ ਅਤੇ ਸੋਚ ਦੇ ਹੁੰਦਿਆਂ ਤਾਂ ਸਹੇ ਦੇ ਸਿਰੋਂ ਸਿੰਙਾਂ ਦੀ ਭਾਲ ਕਰਨ ਵਾਲੀ ਗੱਲ ਹੀ ਹੈ। ਵੈਸੇ ਕਿਸੇ ਵੀ ਸਮੇ ਕੌਮ ਵਿਚ ਯੋਗ ਵਿਅਕਤੀਆਂ ਦੀ ਘਾਟ ਨਹੀਂ ਰਹੀ ਅਤੇ ਅੱਜ ਵੀ ਕੌਮੀ ਦਰਦ ਅਤੇ ਸੂਝ ਰੱਖਣ ਵਾਲੇ ਸਿੱਖਾਂ ਦੀ ਥੁੜ ਨਹੀਂ ਹੈ ਪਰ ਇਸ ਸਮੇ ਚੋਣਾਂ ਦੇ ਰੋਲ-ਘਚੋਲ਼ੇ ਦੀ ਧੂੜ ਦੀ ਐਸੀ ਘੜਮੱਸ ਪਈ ਹੋਈ ਹੈ ਕਿ ਪੰਥ ਦਰਦੀਆਂ ਨੂੰ ਕੋਈ ਸਹੀ ਪੰਧ ਦਿਸਣਾ ਅਸੰਭਵ ਜਿਹਾ ਜਾਪ ਰਿਹਾ ਹੈ।

ਸਤਿਗੁਰੂ ਪਾਤਿਸ਼ਾਹ ਤਾਂ ਰਾਹ ਦੱਸਣਗੇ ਹੀ ਸਹੀ ਸਮਾ ਆਉਣ 'ਤੇ; ਪਰ ਕੀ ਕੌਮ ਦੇ ਆਗੂ, ਧਰਮ ਦੇ ਠੇਕੇਦਾਰ, ਸਮਾਜਕ ਚੌਧਰੀ, ਧਰਮ ਸਥਾਨਾਂ ਦੇ ਮਜੌਰ, ਸਿਆਸੀ ਰੱਬ, ਵਿਦਵਾਨ ਆਦਿ ਵੀ ਇਸ ਪਾਸੇ ਧਿਆਨ ਦੇਣ ਲਈ ਸੁਰਤ ਸੰਭਾਲਣਗੇ?

## ਦਾਨ ਦੀਓ ਇਨਹੀ ਕੋ ਭਲੋ

ਉਪ੍ਰੋਕਤ ਬਚਨ ਦਸਮ ਪਾਤਿਸ਼ਾਹ ਜੀ ਨੇ, ੧੬੯੯ ਦੀ ਵੈਸਾਖੀ ਦੇ ਮਹਾਨ ਕਾਰਜ ਉਪ੍ਰੰਤ, ਬ੍ਰਾਹਮਣਾਂ ਵੱਲੋਂ ਕੀਤੇ ਗਏ ਇਤਰਾਜ ਦੇ ਜਵਾਬ ਵਿਚ ਉਚਾਰੇ ਸਨ।

ਧਰਮ ਦੀ ਦੁਨੀਆ ਅੰਦਰ ਮਨੁਖੀ ਭਲਾਈ ਹਿਤ, ਆਪਣੀ ਕਮਾਈ ਵਿਚੋਂ ਕੁਝ ਹਿੱਸਾ ਕਢਣ ਦੀ ਮਰਯਾਦਾ ਸ਼ਾਇਦ ਧਰਮ ਦੀ ਸੋਚ ਦੇ ਨਾਲ਼ ਹੀ ਤੁਰੀ ਆਈ ਹੈ। ਦਾਨ ਦੇਣਾ ਅਤੇ ਉਸ ਨੂੰ ਲੈ ਕੇ ਲੋਕ ਭਲਾਈ ਦੇ ਕਾਰਜਾਂ ਵਾਸਤੇ ਖ਼ਰਚਣਾ, ਇਹ ਮਨੁਖੀ ਮਨੋਬਿਰਤੀ ਦਾ ਹਿੱਸਾ ਹੀ ਚਲਿਆ ਆ ਰਿਹਾ ਹੈ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ, "ਨਾਮ, ਦਾਨ, ਇਸਨਾਨ" ਦੀ ਪ੍ਰੇਰਨਾ ਕੀਤੀ ਸੀ। ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਤ੍ਰੈ ਮੁਖੀ ਸਿਖਿਆ ਨੂੰ ਭਾਈ ਗੁਰਦਾਸ ਜੀ ਨੇ ਇਉਂ ਬਿਆਨਿਆ ਹੈ:

ਨਾਮੁ ਦਾਨੁ ਇਸਨਾਨੁ ਦ੍ਰਿੜ੍ਹਾਇਆ॥

ਜਿਸ ਤਰ੍ਹਾਂ ਸਰੀਰਕ ਤੰਦਰੁਸਤੀ ਤੇ ਸਫਾਈ ਵਾਸਤੇ ਇਸ਼ਨਾਨ ਜਰੂਰੀ ਹੈ ਅਤੇ ਆਤਮਾ ਦੀ ਤੰਦਰੁਸਤੀ ਵਾਸਤੇ ਨਾਮ ਦੀ ਜਰੂਰਤ ਹੈ, ਏਸੇ ਤਰ੍ਹਾਂ ਧਨ ਦੀ ਪਵਿਤਰਤਾ ਵਾਸਤੇ, ਆਪਣੀ ਧਰਮ ਦੀ ਕਿਰਤ ਵਿਚੋਂ ਦਾਨ ਦੇਣਾ ਵੀ ਜਰੂਰੀ ਹੈ। ਗੁਰੂ ਸਾਹਿਬਾਨ ਦੇ ਚਲਾਏ 'ਗੁਰਮੁਖ ਗਾਡੀ ਰਾਹ' ਅਨੁਸਾਰ ਇਹ ਸੁਖਾਲਾ ਧਰਮ ਦਾ ਮਾਰਗ ਹੈ ਜਿਸ ਨੂੰ ਹਰੇਕ ਪਰਾਣੀ ਵੱਡਾ ਛੋਟਾ, ਅਮੀਰ ਗਰੀਬ, ਪੜ੍ਹਿਆ ਅਨਪੜ੍ਹ, ਆਦਿ ਸਾਰੇ ਹੀ ਕਰ ਸਕਦੇ ਹਨ।

ਸਤਿਗੁਰੂ ਜੀ ਨੇ ਆਪਣੀ ਧਰਮ ਦੀ ਕਿਰਤ ਵਿਚੋਂ, ਗੁਰਸਿੱਖ ਨੂੰ ਦਸਵੰਧ ਧਰਮ ਖਾਤਰ ਦੇਣ ਦਾ ਹੁਕਮ ਕੀਤਾ ਹੈ। ਗੁਰੂ ਸਾਹਿਬਾਨ ਦੇ ਸਮੇ ਗੁਰਸਿੱਖ ਅਜਿਹੀ ਦਸਵੰਧ ਦੀ ਭੇਟਾ ਆਪਣੇ ਇਲਾਕੇ ਦੇ ਮੁਖੀ ਸਿੱਖ ਨਾਲ਼ ਗੁਰੂ ਕੇ ਹਜ਼ੂਰ, ਹਰ ਛਿਮਾਹੀ ਪੁਚਾਇਆ ਕਰਦੇ ਸਨ। ਉਹਨਾਂ ਮੁਖੀ ਸਿੱਖਾਂ ਨੂੰ ਗੁਰੂ ਰਾਮਦਾਸ ਜੀ ਦੇ ਸਮੇ ਮਸੰਦ ਆਖਿਆ ਜਾਂਦਾ ਸੀ। ਸਮਾ ਪਾ ਕੇ ਇਹਨਾਂ ਮਸੰਦਾਂ ਵਿਚੋਂ ਬਹੁਤੇ ਭ੍ਰਿਸ਼ਟ ਹੋ ਗਏ ਤੇ ਦਸਵੇਂ ਗੁਰੂ ਜੀ ਨੇ ਇਹਨਾਂ ਨੂੰ ਢੁਕਵੀਂ ਸਜਾ ਦੇ ਕੇ, ਇਸ ਪ੍ਰਥਾ ਨੂੰ ਸਮਾਪਤ ਕਰ ਕੇ, ਸਾਰੀ ਸੰਗਤ, ਆਪਣੇ ਨਾਲ ਸਿਧੀ ਹੀ ਜੋੜ ਲਈ ਸੀ। ਇਸ ਘਟਨਾ ਨੂੰ ਕਿਸੇ ਕਵੀ ਨੇ, "ਗੁਰ ਸੰਗਤ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ॥" ਆਖ ਕੇ ਕਲਮਬੰਦ ਕੀਤਾ ਸੀ।ਰਹਿਤਨਾਮੇ ਵਿਚ ਵੀ ਇਸ ਤਰ੍ਹਾਂ ਅੰਕਤ ਹੈ:

ਦਸਵੰਧ ਗੁਰੂ ਨਹਿ ਦੇਵਈ ਛਲ ਕਾ ਕਰੈ ਵਾਪਾਰ॥
ਕਹੈ ਗੋਬਿੰਦ ਸਿੰਘ ਨੰਦ ਲਾਲ਼ ਜੀ ਦਰਗਹਿ ਹੋਇ ਖੁਆਰ॥

ਇਕ ਗੱਲ ਸਪੱਸਟ ਕਰ ਲਈ ਜਾਵੇ ਕਿ ਦਾਨ ਅਤੇ ਭੇਟਾ ਵਿਚ ਫਰਕ ਹੈ। ਦਾਨ ਵੱਡੇ ਤੇ ਸਮਰੱਥ ਵੱਲੋਂ ਛੋਟੇ ਤੇ ਲਾਚਾਰ ਨੂੰ, ਉਸ ਦੀ ਸਹਾਇਤਾ ਲਈ ਦਿਤਾ ਜਾਂਦਾ ਹੈ। ਜੋ ਅਸੀਂ ਗੁਰੂ ਜੀ ਨੂੰ ਜਾਂ ਕਿਸੇ ਵੱਡੀ ਹਸਤੀ ਨੂੰ ਦਿੰਦੇ ਹਾਂ ਉਹ ਭੇਟਾ ਹੈ। ਦਾਨ ਦੇਣ ਵਾਲ਼ੇ ਵਿਚ ਹਉਮੈ ਪੈਦਾ ਹੋ ਸਕਦੀ ਹੈ ਪਰ ਭੇਟਾ ਦੇਣ ਵਾਲ਼ੇ ਵਿਚ ਹਉਮੈ ਦੀ ਬਜਾਇ ਨਿਮਰਤਾ ਦਾ ਸੰਚਾਰ ਹੁੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੈ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥੪੬॥ (੧੪੨੮)

ਅਰਥਾਤ ਸਭ ਤਰ੍ਹਾਂ ਦੇ ਧਾਰਮਿਕ ਕਰਮ ਕਰਨ ਨਾਲ ਜੇ ਹਿਰਦੇ ਵਿਚ ਹੰਕਾਰ ਆ ਗਿਆ ਤਾਂ ਹਾਥੀ ਦੇ ਇਸ਼ਨਾਨ ਵਾਂਗ ਇਹ ਸਾਰਾ ਧਰਮ ਕਮਾਇਆ ਵੀ ਬੇਕਾਰ ਹੀ ਚਲਿਆ ਜਾਵੇਗਾ। ਹਾਥੀ ਨੂੰ ਭਾਵੇਂ ਕਿੰਨਾ ਵੀ ਨਵ੍ਹਾ ਲਈਏ; ਜਦੋਂ ਹੀ ਉਸ ਨੂੰ ਛੱਡਿਆ ਜਾਵੇ ਤਾਂ ਉਹ ਆਪਣੀ ਸੁੰਡ ਨਾਲ਼ ਖੇਹ ਉਡਾ ਕੇ ਆਪਣੇ ਉਪਰ ਪਾ ਲੈਂਦਾ ਹੈ। ਇਸ ਤਰ੍ਹਾਂ ਉਸ ਦਾ ਨਹਾਉਣਾ ਬਿਰਥਾ ਹੀ ਚਲਿਆ ਜਾਂਦਾ ਹੈ। ਏਹੋ ਹਾਲ ਹੰਕਾਰੀ ਦਾਨੀ ਦਾ ਹੁੰਦਾ ਹੈ।

ਜਦੋਂ ਗੁਰੂ ਜੀ ਦੀ ਮੰਗ ਤੇ ਪੰਜ ਸਿੱਖਾਂ ਨੇ ਆਪਣੇ ਸਿਰ ਭੇਟਾ ਕੀਤੇ ਸਨ ਓਦੋਂ ਗੁਰੂ ਜੀ ਨੇ, ਖ਼ੁਦ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਸਤੇ, ਉਹਨਾਂ ਪੰਜ ਸਿੰਘਾਂ ਨੂੰ ਕੁਝ ਬਚਨ ਬੋਲੇ ਸਨ, ਜਿਹਨਾਂ ਨੂੰ ਕਿਸੇ ਕਵੀ ਨੇ ਇਉਂ ਬਿਆਨਿਆ ਹੈ:

ਦਾਨ ਤੋ ਨਾ ਦੇ ਸਕੂੰ ਭੇਟਾ ਮਨਜ਼ੂਰ ਕਰੋ,

ਸੁਣੋ ਦਇਆ ਸਿੰਘ ਜੋ ਜੋ ਭੇਟ ਮੈ ਚੜ੍ਹਾਊਂਗਾ।

ਸੰਸਾਰ ਭਰ ਵਿਚ ਆਲੀਸ਼ਾਨ ਗੁਰਦੁਆਰਾ ਸਾਹਿਬਾਨ, ਸਕੂਲ, ਕਾਲਜ, ਧਰਮਸਾਲਾਵਾਂ ਪਿੰਗਲਵਾੜੇ ਆਦਿ ਵਰਗੇ ਅਦਾਰੇ ਵਜੂਦ ਵਿਚ ਵਜੂਦ ਵਿਚ ਆਏ ਹਨ, ਇਹ ਸਭ ਧਰਮੀ ਸਿੱਖਾਂ ਦੀ ਕਿਰਤ ਕਮਾਈ ਵਿਚੋਂ ਦਿਤੀ ਗਈ ਉਗ੍ਰਾਹੀ, ਭੇਟਾ ਆਦਿ ਦਾ ਸਦਕਾ ਹੀ ਉਸਰੇ ਹਨ।

### ਇਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ:

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥

ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥ (੧੨੪੫)

ਇਸ ਲਈ ਦਾਨ ਦੇਣ ਸਮੇ ਵੀ ਸਮਝਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ। ਜੋ ਅਸੀਂ ਸ਼ੁਭ ਕਾਰਜ ਸਮਝ ਕੇ, ਆਪਣੀ ਦਸਾਂ ਨੌਹਾਂ ਦੀ ਕਿਰਤ ਵਿਚੋਂ, ਜਿਸ ਨੂੰ ਦੇ ਰਹੇ ਹਾਂ ਕੀ ਉਹ ਇਸ ਦਾ ਅਧਿਕਾਰੀ ਵੀ ਹੈ! ਸਾਡੀ ਕਮਾਈ ਉਪਰ ਕੇਵਲ ਸਾਡੇ ਪਰਵਾਰ ਦਾ ਹੀ ਅਧਿਕਾਰ ਹੈ। ਇਸ ਲਈ ਆਪਣੇ ਪਰਵਾਰ ਤੋਂ ਬਾਹਰ ਦੇਣ ਸਮੇ, ਅਧਿਕਾਰੀ ਅਤੇ ਅਣਅਧਿਕਾਰੀ ਦਾ ਵਿਚਾਰ ਜਰੂਰ ਕਰ ਲੈਣਾ ਚਾਹੀਦਾ ਹੈ। ਹਾਂ, ਅਜਿਹਾ ਉਹਨਾਂ ਨੂੰ ਸੋਚਣ ਦੀ ਲੋੜ ਨਹੀ ਜਿਨ੍ਹਾਂ ਦੇ ਪਾਸ ਅਣਕਮਾਏ ਧਨ ਦੀ ਬਹੁਤਾਤ ਹੈ।

ਇਹ ਸਚਾਈ ਹਰੇਕ ਗੁਰਸਿੱਖ ਨੂੰ ਜਰੂਰ ਯਾਦ ਰੱਖਣੀ ਚਾਹੀਦੀ ਹੈ ਕਿ ਹਰੇਕ ਦੇਸ਼, ਸ਼ਹਿਰ, ਪਿੰਡ ਆਦਿ ਵਿਚ; ਗੁਰਧਾਮਾਂ ਦੀ ਉਸਾਰੀ ਉਸ ਦੀ ਕਿਰਤ ਕਮਾਈ ਵਿਚੋਂ ਦਿਤੀ ਗਈ ਉਗ੍ਰਾਹੀ ਸਰੂਪ ਭੇਟਾ ਦਾ ਸਦਕਾ ਹੀ ਹੋਈ ਹੈ। ਇਹ ਸੰਸਥਾਵਾਂ ਸਿੱਖ ਸੰਗਤਾਂ ਦੀ ਸਰਬਪੱਖੀ ਅਗਵਾਈ ਕਰ ਰਹੀਆਂ ਹਨ। ਇਸ ਲਈ ਇਹਨਾਂ ਦੇ ਵਸੀਲਿਆਂ ਦੀ ਵਰਤੋਂ, ਕੇਵਲ ਤੇ ਕੇਵਲ, ਗੁਰੂ ਆਸ਼ੇ ਅਨੁਸਾਰ, ਮਨੁਖਤਾ ਦੀ ਭਲਾਈ ਵਾਸਤੇ ਹੀ ਹੋਣੀ ਚਾਹੀਦੀ ਹੈ। ਨਿਜੀ ਚੌਧਰ, ਆਰਥਿਕ, ਰਾਜਨੀਤਕ ਲਾਭ, ਫੋਕੀ ਸ਼ੋਹਰਤ ਦੀ ਪਰਾਪਤੀ ਵਾਸਤੇ ਇਹਨਾਂ ਸੰਸਥਾਵਾਂ ਦੀ ਪੜੁੱਲ ਵਜੋਂ ਦੁਰਵਰਤੋਂ ਕਰਨੀ ਭ੍ਰਿਸ਼ਟਾਚਾਰ ਹੈ।

## ਵਕਤੇ ਅਤੇ ਸਰੋਤੇ ਦੇ ਚੌਦਾਂ ਗੁਣ

ਇਸ ਸਮੇ ਸਿਖ ਸੰਸਾਰ ਵਿਚ ਜਿਥੇ ਸੰਤ ਮਹਾਤਮਾਂ, ਕੀਰਤਨੀਏ, ਲੇਖਕ, ਵਿਦਵਾਨ ਆਦਿ ਸਤਿਗੁਰਾਂ ਦੀ ਕਿਰਪਾ ਸਦਕਾ ਸਿੱਖ ਪੰਥ ਦੀ ਆਪਣੀ ਆਪਣੀ ਯੋਗਤਾ ਅਤੇ ਵਿੱਦਿਆ ਰਾਹੀਂ ਸੇਵਾ ਕਰ ਰਹੇ ਹਨ ਓਥੇ ਕਥਾਕਾਰ ਅਤੇ ਪ੍ਰਚਾਰਕ ਵੀ ਪੂਰਾ ਪੂਰਾ ਹਿੱਸਾ ਪਾ ਰਹੇ ਹਨ। ਪਹਿਲਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਸਿੱਖ ਪੁਰਾਤਨ ਧਾਰਮਿਕ ਅਤੇ ਇਤਿਹਾਸਕ ਗ੍ਰੰਥਾਂ ਦੀ ਇਕ ਇਕ ਤੁਕ ਦਾ ਪਾਠ ਕਰਕੇ ਤੇ ਫਿਰ ਉਸ ਦੀ ਜੋ ਵਿਆਖਿਆ ਕੀਤੀ ਜਾਂਦੀ ਸੀ, ਉਸ ਨੂੰ ਕਥਾ ਆਖਿਆ ਜਾਂਦਾ ਸੀ। ਜਿਵੇਂ ਅੰਮ੍ਰਿਤਸਰ ਦੇ ਗੁਰਦੁਆਰਾ ਮੰਜੀ ਸਾਹਿਬ ਸਮੇਤ ਇਤਿਹਸਕ ਗੁਰਦੁਆਰਾ ਸਾਹਿਬਾਨ ਵਿਖੇ ਅੱਜ ਵੀ ਇਸ ਤਰ੍ਹਾਂ ਹੀ ਕਥਾ ਕੀਤੀ ਜਾਂਦੀ ਹੈ। ਅਧੀ ਕੁ ਸਦੀ ਪਹਿਲਾਂ ਕੁਝ ਵਿਦਵਾਨ ਜੋ ਧਾਰਮਿਕ ਵਿਖਿਆਨ ਕਰਿਆ ਕਰਦੇ ਸਨ ਅਜੋਕੇ ਸਮੇ ਉਹਨਾਂ ਨੂੰ ਕਥਾ ਆਖਿਆ ਜਾਂਦਾ ਹੈ। ਸਿੱਖ ਵਿਦਵਾਨਾਂ ਦੇ ਸੰਸਾਰ ਵਿਚ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਆਗਮਨ ਨਾਲ਼ ਇਸ ਵਿਖਿਆਨ ਦਾ ਨਾਂ ਕਥਾ ਦਾ ਪੈ ਗਿਆ ਹੈ ਅਤੇ ਅੱਜ ਕਲ੍ਹ ਇਸ ਨੂੰ ਕਥਾ ਹੀ ਆਖਿਆ ਜਾਂਦਾ ਹੈ। ਇਸ ਦੇ ਕੁਝ ਕਾਰਨ ਹਨ; ਇਕ ਤਾਂ ਕਥਾ ਨਾਂ ਤੋਂ ਧਾਰਮਿਕਤਾ ਦਾ ਪ੍ਰਭਾਵ ਪੈਂਦਾ ਹੈ ਜਦੋਂ ਕਿ ਵਿਖਿਆਨ ਸ਼ਬਦ ਤੋਂ ਓਨੀ ਧਾਰਮਿਕਤਾ ਦਾ ਆਭਾਸ ਨਹੀਂ ਹੁੰਦਾ। ਫਿਰ ਗਿਆਨੀ ਮਸਕੀਨ ਜੀ ਦੇ, ਪੁਰਾਤਨ ਕਥਾ ਦੀ ਪ੍ਰੰਪਰਾ ਤੋਂ ਹਟ ਕੇ, ਵਿਲੱਖਣ ਤਰੀਕੇ ਨਾਲ਼ ਸਿੱਖ ਸਟੇਜਾਂ ਉਪਰ ਕੀਤੇ ਗਏ ਵਿਖਿਆਨਾਂ ਨੂੰ, ਸੰਗਤਾਂ ਵੱਲੋਂ ਕਥਾ ਤਸੱਵਰ ਕਰ ਲਿਆ ਗਿਆ ਹੈ। ਵੀਹਵੀਂ ਸਦੀ ਦੇ ਹਿੰਦੀ ਸੰਸਾਰ ਦੇ ਅਤੀ ਪ੍ਰਭਾਵਸ਼ਾਲੀ ਬੁਲਾਰੇ ਆਚਾਰੀਆ ਰਜਨੀਸ਼ (ਓਸ਼ੋ) ਦੇ ਬੋਲਣ ਦੀ ਸ਼ੈਲੀ ਨੂੰ, ਗਿਆਨੀ ਮਸਕੀਨ ਜੀ ਨੇ ਏਨੀ ਸਫ਼ਲਤਾ ਸਹਿਤ ਸਿੱਖ ਧਾਰਮਿਕ ਸੰਸਾਰ ਵਿਚ ਹਰਮਨ ਪਿਆਰਤਾ ਪ੍ਰਦਾਨ ਕਰ ਦਿਤੀ ਕਿ ਇਸ ਨੂੰ ਸਿੱਖ ਧਾਰਮਿਕ ਵਿਦਵਾਨਾਂ ਨੇ ਬੜੇ ਉਤਸ਼ਾਹ ਸਹਿਤ ਸਵੀਕਾਰ ਕਰ ਲਿਆ ਤੇ ਸਿੱਖ ਸੰਗਤਾਂ ਵੱਲੋਂ ਵੀ ਇਸ ਸ਼ੈਲੀ ਨੂੰ ਮਾਨਤਾ ਪ੍ਰਾਪਤ ਹੋ ਗਈ ਅਤੇ ਇਹ ਕਥਾ ਸਵੀਕਾਰੀ ਗਈ। ਮਸਕੀਨ ਜੀ ਉਪਰ ਗੁਰੂ ਜੀ ਦੀ ਏਨੀ ਬਖ਼ਸ਼ਿਸ਼ ਹੋਈ ਕਿ ਉਹਨਾਂ ਨੇ ਓਸ਼ੋ ਦੀ ਸ਼ੈਲੀ ਨੂੰ, ਸ਼ੇਖ਼ ਸਾਅਦੀ ਦੀਆਂ ਦੋ ਕਿਤਾਬਾਂ ਗੁਲਿਸਤਾਂ ਅਤੇ ਬੋਲਿਸਤਾਂ ਦੀ ਫ਼ਿਲਾਸਫ਼ੀ ਦੀ ਪੁਠ ਚਾਹੜ ਕੇ, ਸਿੱਖ ਸਾਹਿਤ ਅਤੇ ਸਿੱਖ ਧਾਰਮਿਕ ਰੰਗਣ ਏਨੀ ਸਫ਼ਲਤਾ ਨਾਲ਼ ਦੇ ਦਿਤੀ ਕਿ ਉਹਨਾਂ ਦੇ ਬੋਲਣ ਢੰਗ ਨੂੰ ਤਕਰੀਬਨ ਸਾਰੇ ਸਿੱਖ ਸਟੇਜ ਦੇ ਬੁਲਾਰਿਆਂ ਨੇ ਅਪਣਾ ਲਿਆ। ਮਸਕੀਨ ਦੀ ਅਦਾਇਗੀ ਨਾਲ਼ ਇਹ ਸ਼ੈਲੀ ਏਨੀ ਪਸੰਦੀਦਾ ਬਣ ਗਈ ਕਿ ਕਿ ਤਿੰਨ ਸਦੀਆਂ ਪੁਰਾਣੀ ਦਮਦਮੀ ਟਕਸਾਲ ਦੇ ਕਥਾਕਾਰ ਵੀ ਇਸ ਸ਼ੈਲੀ ਤੋਂ ਪ੍ਰਭਾਵਤ ਹੋਣੋ ਨਾ ਰਹਿ ਸਕੇ। ਸਿੱਖ ਸੰਸਾਰ ਵਿਚ ਮਸਕੀਨ ਜੀ ਦੀ ਸਰਬਪੱਖੀ ਸਫ਼ਲਤਾ ਵੇਖ ਕੇ, ਕਈ ਬੁਲਾਰੇ ਤਾਂ ਉਹਨਾਂ ਵਰਗੇ ਬਸਤਰ ਵੀ ਪਹਿਨਣ ਲੱਗ ਪਏ ਹਨ। ਇਕੋ ਰੰਗ ਦਾ ਕੁਰਤਾ ਪਜਾਮਾ ਅਤੇ ਜੈਕਟ ਵਾਲ਼ੇ ਥ੍ਰੀ ਪੀਸ ਸੂਟ ਦਾ ਪ੍ਰਚੱਲਣ ਗਿਆਨੀ ਮਸਕੀਨ ਜੀ ਤੋਂ ਹੀ ਤੁਰਿਆ ਸੀ। ਦਸਤਾਰ ਦਾ ਕਾਲ਼ਾ ਰੰਗ ਭੀ ਕਥਾਵਾਚਕਾਂ ਨੇ, ਉਹਨਾਂ ਤੋਂ ਹੀ ਪ੍ਰਭਾਵਤ ਹੋ ਕੇ ਅਪਨਾਇਆ। ਏਥੋਂ ਤੱਕ ਕਿ ਕੁਝ ਬੁਲਾਰੇ ਤਾਂ ਆਪਣੀ ਦਾਹੜੀ ਵਿਚ ਵਲ਼ ਵੀ ਓਨੇ ਹੀ ਪਾਉਣ ਲੱਗ ਪਏ ਜਿੰਨੇ ਗਿਆਨੀ ਮਸਕੀਨ ਜੀ ਦੀ ਦਾਹੜੀ ਵਿਚ ਹੁੰਦੇ ਸਨ।

ਅਜਿਹਾ ਹੋ ਜਾਣਾ ਸੁਭਾਵਕ ਹੀ ਹੈ ਤੇ ਇਸ ਵਿਚ ਕੋਈ ਗੁਰਮਤਿ ਤੋਂ ਉਲ਼ਟ ਜਾਂ ਗ਼ਲਤ ਗੱਲ ਵੀ ਨਹੀਂ। ਕਿਸੇ ਵਿਅਕਤੀ ਦੀਆਂ ਚੰਗਿਆਈਆਂ ਨੂੰ ਅਪਨਾਉਣਾ, ਉਸ ਵਰਗੇ ਬਣਨ ਦਾ ਯਤਨ ਕਰਨਾ ਬਿਲਕੁਲ ਕੁਦਰਤੀ ਵਰਤਾਰਾ ਹੈ।

ਇਸ ਲੇਖ ਦੁਆਰਾ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵਕਤੇ ਅਤੇ ਸਰੋਤੇ ਦੇ ਗੁਣਾਂ ਦਾ ਜੋ ਗਿਆਨ, ਆਪਣੇ ਸ਼ਰਧਾਲੂ ਸਿੱਖਾਂ ਨੂੰ ਬਖ਼ਸ਼ਿਆ ਸੀ, ਉਸ ਦਾ ਸੰਖੇਪ ਵਿਚ ਜ਼ਿਕਰ ਕੀਤਾ ਜਾ ਰਿਹਾ ਹੈ। "ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥" (੬੪੭) ਵਾਲ਼ੇ ਮਹਾਵਾਕ ਅਨੁਸਾਰ, ਗੁਰੂ ਸਾਹਿਬਾਨ ਦੇ ਬਚਨ ਸਦੀਵ ਕਾਲ ਵਾਸਤੇ ਹੀ ਮਨੁਖਤਾ ਲਈ ਚਾਨਣ ਮੁਨਾਰਾ ਹੁੰਦੇ ਹਨ।

ਭਾਈ ਤੁਲਸੀਆ, ਭਾਈ ਦਰਗਾਹ, ਭਾਈ ਤਖਤੂ ਧੀਰ ਅਤੇ ਭਾਈ ਤੀਰਥ ਉਪਲ ਚਾਰ ਸਿੱਖ ਮਨਸ਼ਾ ਧਾਰ ਕੇ ਇਕੱਠੇ ਹੋ ਕੇ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਬੰਦਨਾ ਕਰਕੇ ਸਾਰੇ ਗੁਰੂ ਜੀ ਪਾਸ ਬੈਠ ਗਏ। ਹੱਥ ਜੋੜ ਕੇ ਉਹਨਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਇਉਂ ਬੇਨਤੀ ਕੀਤੀ, "ਹੇ ਸੱਚੇ ਪਾਤਿਸ਼ਾਹ ਜੀ! ਜੇਹੜੇ ਅਨੇਕ ਸਿੱਖ ਕਥਾ, ਵਿਖਿਆਨ ਅਤੇ ਗੁਰਬਾਣੀ ਦੇ ਅਰਥ ਕਰਦੇ ਹਨ, ਅਸੀਂ ਉਹ ਸੁਣਦੇ ਹਾਂ। ਸੁਣ ਕੇ ਕਿਸੇ ਦੇ ਵੀ ਮਨ ਨੂੰ ਸ਼ਾਤੀ ਨਹੀਂ ਆਉਂਦੀ। ਏਧਰ ਓਧਰ ਤੋਂ ਹਟ ਕੇ ਬਿਰਤੀ ਸਥਿਰ ਨਹੀਂ ਰਹਿੰਦੀ ਹੈ ਪਰ ਜਦੋ ਭਾਈ ਨਿਵਲਾ ਅਤੇ ਨਿਹਾਲੂ ਦੋਵੇਂ ਕਥਾ ਕਰਦੇ ਹਨ ਤਾਂ ਉਹਨਾਂ ਦੇ ਮੁਖੋਂ

ਕਥਾ ਸੁਣ ਕੇ ਮਨ ਪ੍ਰਭਾਵਤ ਹੁੰਦਾ ਤੇ ਵਿਕਾਰਾਂ ਤੋਂ ਡਰ ਲੱਗਣ ਲੱਗਦਾ ਹੈ। ਹਿਰਦੇ ਵਿਚੋਂ ਦੁਰਮਤਿ ਦਾ ਨਾਸ ਤੇ ਗੁਰਮਤਿ ਦਾ ਪ੍ਰਕਾਸ਼ ਹੁੰਦਾ ਹੈ। ਅਨੇਕਾਂ ਗੁਣ ਹਿਰਦੇ ਵਿਚ ਪਰਗਟ ਹੋ ਜਾਂਦੇ ਹਨ ਤੇ ਮਨ ਵਿਚ ਪਰਉਪਕਾਰ ਕਰਨ ਦਾ ਉਮਾਹ ਪੈਦਾ ਹੁੰਦਾ ਹੈ।"

ਸਿਖਾਂ ਦੀ ਇਹ ਬੇਨਤੀ ਸੁਣ ਕੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਮੁਖੋਂ ਉਚਾਰਿਆ ਕਿ ਸਤਿਗੁਰੂ ਜੀ ਦਾ ਸ਼ਬਦ ਅੰਮ੍ਰਿਤ ਸਮਾਨ ਮਹਾਨ ਹੈ। ਇਸ ਦੀ ਕਥਾ ਕਰਨ ਵਾਲ਼ੇ ਬੁਲਾਰੇ ਵਿਚ ਚੌਦਾਂ ਗੁਣ ਹੋਣੇ ਚਾਹੀਦੇ ਹਨ। ਜਿਸ ਵਿਚ ਇਹ ਚੌਦਾਂ ਗੁਣ ਹੋਣ ਉਸ ਤੋਂ ਗੁਰਬਾਣੀ ਦੀ ਕਥਾ ਸੁਣ ਕੇ ਗੁਰਸਿੱਖ ਗਿਆਨ ਪਰਾਪਤ ਕਰ ਲੈਂਦੇ ਹਨ। ਜਿਵੇਂ ਵਕਤੇ ਵਿਚ ਚੌਦਾਂ ਗੁਣ ਚਾਹੀਦੇ ਹਨ ਓਸੇ ਤਰ੍ਹਾਂ ਸਰੋਤੇ ਵਿਚ ਵੀ ਚੌਦਾਂ ਗੁਣ ਹੋਣ ਤਾਂ ਸੋਨੇ ਤੇ ਸੁਹਾਗੇ ਵਾਲ਼ੀ ਗੱਲ ਬਣ ਜਾਂਦੀ ਹੈ। ਅਜਿਹਾ ਸਰੋਤਾ ਗੁਣਵਾਨ ਵਕਤੇ ਤੋਂ ਸੁਣ ਕੇ ਤੁਰਤ ਗਿਆਨ ਪਰਾਪਤ ਕਰ ਲੈਂਦਾ ਹੈ। ਜੇ ਦੋਹਾਂ ਵਿਚ ਚੌਦਾਂ ਗੁਣ ਨਾ ਹੋਣ ਤਾਂ ਫਿਰ ਤੁਰਤ ਗਿਆਨ ਪਰਾਪਤ ਨਹੀਂ ਹੁੰਦਾ। ਜੇਕਰ ਵਕਤਾ ਵਿਚ ਵੀ ਸਾਰੇ ਗੁਣ ਹੋਣ ਤਾਂ ਉਸ ਨੂੰ ਸੁਣ ਕੇ ਸਰੋਤਿਆਂ ਨੂੰ ਵੀ ਅਜਿਹੇ ਗੁਣ ਪਰਾਪਤ ਹੋ ਜਾਂਦੇ ਹਨ।

ਸਤਿਗੁਰੂ ਜੀ ਦੇ ਮੁਖਰਬਿੰਦ ਤੋਂ ਅਜਿਹੇ ਬਚਨ ਸੁਣ ਕੇ ਫਿਰ ਸਿੱਖਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਜੇਹੜੇ ਚੌਦਾਂ ਗੁਣ ਆਪ ਜੀ ਨੇ ਦੱਸੇ ਹਨ ਉਹਨਾਂ ਬਾਰੇ ਸਾਨੂੰ ਵਿਸਥਾਰ ਸਹਿਤ ਦੱਸਣ ਦੀ ਕਿਰਪਾ ਕਰੋ। ਆਪਣੇ ਸੇਵਕ ਜਾਣ ਕੇ ਸਾਡੇ ਤੇ ਇਹ ਕਿਰਪਾ ਕਰੋ। ਉਹਨਾਂ ਸਾਰੇ ਗੁਣਾਂ ਬਾਰੇ ਇਕੱਲੇ ਇਕੱਲੇ ਤੇ ਚਾਨਣਾ ਪਾਓ ਜੀ।

ਤਦੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸੁਣਾਇਆ:

ਸਿੱਖੋ ਇਹ ਸੁਣੋ ਤੇ ਸਾਰੇ ਧਾਰਨ ਕਰੋ। ਚੰਗੇ ਵਕਤੇ ਦਾ ਪਹਿਲਾ (੧) ਗੁਣ ਇਹ ਹੈ ਕਿ ਉਸ ਦੀ ਆਵਾਜ਼ ਅਤੇ ਬਾਣੀ ਸੁੰਦਰ ਹੋਵੇ। ਉਹ ਸਮੂਹ ਬੋਲੇ ਜਾਣ ਵਾਲ਼ੇ ਸ਼ਬਦਾਂ ਦਾ ਸਰੂਪ ਜਾਣਦਾ ਹੋਵੇ। ਹਾਜਰ ਸਰੋਤਿਆਂ ਦੀ ਗਿਣਤੀ ਅਨੁਸਾਰ ਹੀ ਆਪਣੀ ਆਵਾਜ਼ ਦੀ ਸੁਰ ਰੱਖੇ; ਇਹ ਨਾ ਹੋਵੇ ਕਿ ਸਰੋਤੇ ਥੋਹੜੇ ਹੋਣ ਪਰ ਆਵਾਜ਼ ਬਹੁਤ ਉਚੀ ਹੋਵੇ ਤੇ ਨਾ ਹੀ ਭਾਰੀ ਗਿਣਤੀ ਵਿਚ ਸਰੋਤਿਆਂ ਦੀ ਹਾਜਰੀ ਵਿਚ ਏਨਾ ਹੌਲ਼ੀ ਬੋਲੇ ਕਿ ਸਾਰੇ ਸਰੋਤੇ ਸੁਣ ਹੀ ਨਾ ਸਕਣ। ਅਰਥਾਤ ਸਮਾ ਵਿਚਾਰ ਕੇ ਆਪਣੀ ਆਵਾਜ਼ ਦਾ ਪਧਰ ਲੋੜ ਅਨੁਸਾਰ ਰੱਖੇ। ਫਿਰ ਜਿਸ ਗ੍ਰੰਥ ਦੀ ਕਥਾ ਕਰਨੀ ਹੋਵੇ ਉਸ ਦਾ ਉਚਾਰਣ ਉਸ ਦੇ ਛੰਦ ਅਨੁਸਾਰ ਕਰੇ। ਭਾਵ ਕਿ ਚੌਪਈ ਨੂੰ ਚੌਪਈ ਵਾਂਙ, ਸਵੱਈਏ ਨੂੰ ਸਵੱਈਏ, ਕਬਿੱਤ ਨੂੰ ਕਬਿੱਤ, ਦੋਹਰੇ ਨੂੰ ਦੋਹਰੇ, ਸੋਰਠੇ ਆਦਿ ਨੂੰ, ਉਹਨਾਂ ਦੇ ਤੋਲ, ਚਾਲ ਆਦਿ ਅਨੁਸਾਰ ਉਚਾਰੇ ਜਿਵੇਂ ਛੰਦ ਦਾ ਬਹਿਰ ਹੋਵੇ।

ਦੂਸਰਾ (੨) ਗੁਣ ਵਕਤੇ ਦਾ ਇਹ ਹੈ ਕਿ ਉਹ ਕਥਾ ਦੇ ਵਿਸਥਾਰ ਤੇ ਸੰਕੋਚ ਦਾ ਜਾਣੂ ਹੋਵੇ; ਕਿਸ ਸਮੇ ਵਿਖਿਆਨ ਨੂੰ ਵਧਾਉਣਾ ਹੈ ਜਾਂ ਸਮੇ ਤੇ ਸਰੋਤਿਆਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਉਸ ਨੂੰ ਕਦੋਂ ਸਮੇਟਣਾ ਹੈ। ਇਹ ਵੀ ਵੇਖ ਲਵੇ ਕਿ ਉਸ ਦੇ ਵਿਖਿਆਨ ਤੋਂ ਸਰੋਤੇ ਕਿਸ ਤਰ੍ਹਾਂ ਪ੍ਰਭਾਵਤ ਹੋ ਰਹੇ ਹਨ। ਤੀਜਾ (੩) ਗੁਣ ਇਹ ਹੈ ਕਿ ਸਰੋਤਿਆਂ ਦੀ ਬਿਰਤੀ ਜਦ ਉਤਮ ਰੂਪ ਵਿਚ ਠਹਿਰੀ ਹੋਵੇ, ਓਥੇ ਉਹ ਅਰਥਾਂ ਦਾ ਵਿਸਥਾਰ ਕਰੇ। ਜਿਸ ਥਾਂ ਬਿਰਤੀ ਉਦਾਸ ਹੋਵੇ, ਓਥੇ ਸੰਖੇਪ ਵਿਚ ਉਚਾਰਣ ਕਰੇ। ਕਥਾ ਦੇ ਪ੍ਰਸੰਗ ਨੂੰ ਰੌਚਕ ਬਣਾ ਕੇ ਆਖਣਾ ਜਾਣਦਾ ਹੋਵੇ; ਇਹ ਵਕਤੇ ਦਾ ਚੌਥਾ (੪) ਗੁਣ ਸਮਝੋ। ਮਿੱਠੀ ਆਵਾਜ਼ ਨਾਲ਼ ਆਪਣੇ ਸ਼ਬਦਾਂ ਨੂੰ ਇਸ ਤਰ੍ਹਾਂ ਉਚਾਰੇ ਕਿ ਉਸ ਦੇ ਬੋਲ ਸਭ ਨੂੰ ਪਿਆਰੇ ਲੱਗਣ। ਪੰਜਵਾਂ (੫) ਗੁਣ ਵਕਤੇ ਦਾ ਇਹ ਹੈ ਕਿ ਸੱਚੇ ਬਚਨ ਉਹ ਕਹੇ ਜੇਹੜੇ ਕਰਮ, ਉਪਾਸਨਾ ਅਤੇ ਗਿਆਨ ਨਾਲ਼ ਸਬੰਧਤ ਹੋਣ। ਸ਼ਬਦ ਦੇ ਸਿਧਾਂਤ ਨੂੰ ਵਰਨਣ ਕਰੇ। ਨਿਰਣੇ ਕਰ ਕਰ ਕੇ ਅਰਥ ਕਰੇ। ਛੇਵਾਂ (੬) ਗੁਣ ਵਕਤੇ ਦਾ ਇਹ ਹੈ ਕਿ ਉਹ ਸਰੋਤੇ ਦੇ ਸ਼ੰਕੇ ਦੀ ਨਵਿਰਤੀ ਕਰ ਸਕਦਾ ਹੋਵੇ। ਜੇ ਕੋਈ ਪ੍ਰਸ਼ਨ ਕਰੇ ਤਾਂ ਢੁਕਵਾਂ ਉਤਰ ਦੇਣ ਜਾਣਦਾ ਹੋਵੇ। ਜਿਵੇਂ ਸ਼ਬਦ ਦਾ ਆਸ਼ਾ ਹੋਵੇ, ਉਸ ਤਰ੍ਹਾਂ ਹੀ ਸਾਖੀ ਦਾ ਪ੍ਰਮਾਣ ਦੇਵੇ। ਜਿਸ ਤਰ੍ਹਾਂ ਸਰੋਤਾ, ਸਤਿਗੁਰਾਂ ਦੀ ਸਿੱਖਿਆ ਨੂੰ ਚੰਗੀ ਤਰ੍ਹਾਂ ਸਮਝ ਸਕੇ। ਆਪਣੇ ਵਿਖਿਆਨ ਦੌਰਾਨ ਵਕਤਾ ਉਦਾਹਰਣ ਵੀ ਪ੍ਰਸੰਗ ਅਨੁਸਾਰ ਦੇਵੇ। ਸੱਤਵਾਂ (੭) ਗੁਣ ਵਕਤੇ ਦਾ ਇਹ ਹੈ ਕਿ ਉਹ ਸਾਰੇ ਮੱਤਾਂ ਦਾ ਜਾਣੂ ਹੋਵੇ: ਸ਼ਾਸਤਰਾਂ ਵਿਚਲੇ ਗਿਆਨ ਤੇ ਵਿਰੋਧਾਂ ਬਾਰੇ ਵੀ ਜਾਣਕਾਰੀ ਰੱਖਦਾ ਹੋਵੇ। ਅੱਠਵਾਂ (੮) ਗੁਣ ਇਹ ਹੈ ਕਿ ਕਥਾ ਵਿਚ ਵਿਖੇਪ ਨਾ ਕਰੇ। ਅਰਥਾਤ ਜੇ ਕਥਾ ਹੋਰ ਹੋਵੇ ਤਾਂ ਸਾਖੀ ਹੋਰ ਪ੍ਰਸੰਗ ਦੀ ਨਾ ਸੁਣਾਵੇ ਬਲਕਿ ਪ੍ਰਸੰਗ ਨੂੰ ਹੋਰ ਸਪੱਸ਼ਟ ਕਰਨ ਵਾਲ਼ੀ ਸਾਖੀ ਹੀ ਸੁਣਾਵੇ। ਕਥਾ ਦੇ ਪ੍ਰਸੰਗੋਂ ਬਾਹਰ ਨਾ ਜਾਵੇ। ਹੋਰਨਾਂ ਮੱਤਾਂ ਦੇ ਜੇ ਪ੍ਰਮਾਣ ਦੇਣ ਦੀ ਲੋੜ ਹੋਵੇ ਤਾਂ ਉਹਨਾਂ ਦਾ ਆਸ਼ਾ ਸਮਝ ਕੇ ਆਪਣੀ ਕਥਾ ਵਿਚ ਵਰਨਣ ਕਰੇ।

ਨੌਵੇਂ (੯) ਗੁਣ ਦਾ ਨਾਂ ਅਵਿੰਗ ਹੈ। ਭਾਵ ਕਿ ਚੰਗੀ ਤਰ੍ਹਾਂ ਸੋਹਣਾ ਸਿਧਾ ਬੈਠੇ ਤੇ ਮਨ ਦੀ ਵਿਧੀ ਵੀ ਓਸੇ ਤਰ੍ਹਾਂ ਸਰਲ ਰੱਖੇ। ਦਸਵਾਂ (੧੦) ਜਨ ਰੰਜਕ ਪਛਾਣੇ ਭਾਵ ਸਰੋਤਿਆਂ ਦੇ ਦਿਲਾਂ ਨੂੰ ਪ੍ਰਸੰਨ ਕਰਨਾ ਜਾਣਦਾ ਹੋਵੇ। ਜਿਵੇਂ ਜਿਵੇਂ ਸਰੋਤੇ ਕੰਨ ਦੇ ਕੇ ਸੁਣਨ ਤਿਵੇਂ ਤਿਵੇਂ ਉਹਨਾਂ ਵਿਚ ਪ੍ਰੀਤ ਦਾ ਰੰਗ ਚੜ੍ਹੇ। ਇਸ ਤਰ੍ਹਾਂ ਕਹਿ ਕੇ ਸਾਰੀ ਸਭਾ ਵੱਸ ਕਰ ਲਵੇ। ਗਿਆਰਵਾਂ (੧੧) ਗੁਣ ਹੈ ਸਭਾ ਨੂੰ ਜਿੱਤਣਾ। ਸਰੋਤਿਆਂ ਨੂੰ ਮੋਹਤ ਕਰ ਲੈਣ ਵਾਲਾ ਹੋਵੇ। ਸਾਰੇ ਸਰੋਤੇ ਸਾਹਮਣੇ ਮੁਖ ਕਰਕੇ ਸਾਵਧਾਨ ਹੋ ਕੇ ਸੁਣ ਰਹੇ ਹੋਣ। ਉਹਨਾਂ ਦੇ ਕੰਨ ਤੇ ਅੱਖਾਂ ਵਕਤੇ ਵੱਲ ਹੋਣ। ਉਹ ਇਹ ਚਾਹੁਣ ਕਿ ਵਕਤਾ ਅੱਗੇ ਕੀ ਕਹੇਗਾ। ਅੱਗੇ ਕੀ ਉਚਾਰਣ ਕਰੇਗਾ? ਬਾਰਵਾਂ (੧੨) ਗੁਣ ਹੈ ਇਹ ਹੈ ਕਿ ਵਕਤਾ ਹੰਕਾਰ ਰਹਿਤ ਹੋਵੇ। ਹਿਰਦੇ ਦੇ ਸਾਰੇ ਹੰਕਾਰ ਦੂਰ ਕਰੇ। ਸਾਰਿਆਂ ਦੇ ਨਾਲ਼ ਮਨ ਨੂੰ ਨੀਵਾਂ ਰੱਖੇ। ਆਪਣੇ ਵਿਚ ਵੱਡੇ ਗੁਣ ਜਾਣ ਕੇ ਕਿਸੇ ਦੇ ਚਿੱਤ ਨੂੰ ਨਾ ਦੁਖਾਵੇ। ਤੇਰਵਾਂ (੧੩) ਗੁਣ ਇਹ ਹੈ ਕਿ ਵਕਤਾ ਧਾਰਮਿਕ ਵਿਚਾਰਾਂ ਵਾਲਾ ਹੋਵੇ। ਜੋ ਕਹੇ ਉਹ ਆਪ ਵੀ ਕਮਾਉਣ ਵਾਲਾ ਹੋਵੇ। ਵਕਤੇ ਦਾ ਆਸਤਕ ਹੋਣਾ ਜਰੂਰੀ ਹੈ; ਉਹ ਨਾਸਤਕ ਨਾ ਹੋਵੇ। ਚੌਦਵਾਂ (੧੪) ਗੁਣ ਵਕਤੇ ਦਾ ਸੰਤੋਖੀ ਹੋਣਾ ਹੈ। ਜੋ ਕੁਝ ਸਤਿਕਾਰ ਸਹਿਤ ਸੰਗਤ ਵੱਲੋਂ ਪਰਾਪਤ ਹੋਵੇ ਉਸ ਨੂੰ ਆਪਣਾ ਭਾਗ ਹੀ ਸਮਝੇ। ਜੋ ਕੁਝ ਵੀ ਪਾਵੇ ਉਹ ਅਨੰਦ ਸਹਿਤ ਲੈ ਲਵੇ। ਇਹ ਸਮਝੇ ਕਿ ਬਿਨਾ ਮੰਗੇ ਜੋ ਕੋਈ ਕਥਾ ਦੀ ਭੇਟਾ ਕਰੇ ਸੋ ਅੰਮ੍ਰਿਤ ਸਮਾਨ ਹੈ। ਵਾਧੂ ਪਦਾਰਥਾਂ ਦੀ ਚਾਹਤ ਨਾ ਧਾਰਨ ਕਰੇ। ਜੋ ਕੁਝ ਪਾਸ ਹੋਵੇ ਉਸ ਨੂੰ ਹੀ ਵਰਤ ਲਵੇ। "ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਇ॥" (੧੦੧੩)

ਇਕ ਚੰਗੇ ਵਕਤਾ ਦੇ ਇਹ ਚੌਦਾਂ ਗੁਣ ਹੁੰਦੇ ਹਨ। ਜੇਹੜਾ ਸਿੱਖ ਅਜਿਹੇ ਵਕਤੇ ਪਾਸੋਂ ਕਥਾ ਸੁਣਦਾ ਹੈ ਉਸ ਵਿਚ ਵੀ ਇਹਨਾਂ ਗੁਣਾਂ ਦਾ ਪ੍ਰਵੇਸ਼ ਹੋ ਜਾਂਦਾ ਹੈ।

ਹੁਣ ਸਰੋਤਾ ਦੇ ਗੁਣ ਸੁਣੋ ਕਿ ਉਹ ਵਕਤਾ ਦੀ ਕਰਨੀ ਦਾ ਮਨ, ਬਚਨ ਅਤੇ ਕਰਮ ਕਰਕੇ ਪ੍ਰਸੰਸਕ ਹੋਵੇ। ਇਸ ਨੂੰ ਸਰੋਤੇ ਦਾ ਪਹਿਲਾ ਗੁਣ ਜਾਣੋ। ਉਸ ਦੇ ਮਨ ਵਿਚ ਕੋਈ ਹੰਕਾਰ ਨਾ ਹੋਵੇ। ਇਹ ਜਾਣੇ ਕਿ ਮੈਂ ਵਡੀ ਸੇਵਾ ਧਾਰਨ ਕੀਤੀ ਹੈ। ਤੀਸਰਾ ਗੁਣ ਸੁਣਨ ਦੀ ਸ਼ਰਧਾ ਹੋਵੇ। ਮਨ ਨੂੰ ਉਚਾਟ ਨਾ ਕਰੇ। ਚੌਥਾ ਆਪਣੇ ਚਿੱਤ ਦੀ ਚਤਰਾਈ ਵਕਤੇ ਉਪਰ ਲਾਗੂ ਨਾ ਕਰੇ। ਪੰਜਵਾਂ ਵਕਤਾ ਜੇਹੜੇ ਅਰਥ ਕਰੇ, ਉਹਨਾ ਨੂੰ ਸਮਝਣ ਦੇ ਸਮਰਥ ਹੋਵੇ। ਛੇਵਾਂ ਗੁਣ ਵਕਤੇ ਨੂੰ ਪ੍ਰਸੰਨ ਕਰਨੇ ਜਾਣਦਾ ਹੋਵੇ। ਸੱਤਵਾਂ ਗ੍ਰੰਥ ਨੂੰ ਕੰਨ ਦੇ ਕੇ ਬਹੁਤ ਧਿਆਨ ਨਾਲ ਸੁਣੇ। ਅੱਠਵਾਂ ਆਲਸ ਨਾ ਧਾਰਨ ਕਰੇ। ਨੌਂਵਾਂ ਨੀਂਦ ਨੂੰ ਵੱਸ ਵਿਚ ਰੱਖੇ। ਦਸਵਾਂ ਜੋ ਸੁਣੇ ਉਸ ਨੂੰ ਹਿਰਦੇ ਵਿਚ ਧਾਰਨ ਕਰੇ। ਜੋ ਪਾਸ ਹੋਵੇ ਉਸ ਨੂੰ ਵੰਡ ਕੇ ਖਾਵੇ। ਜੋ ਗੱਲ ਸਿਧਾਂਤ ਅਨੁਸਾਰ ਹੋਵੇ ਉਸ ਅਨੁਸਾਰ ਚਿੱਤ ਸ਼ਾਂਤ ਕਰਕੇ ਸੁਣੇ। ਜੇ ਵਿਖਿਆਨ ਗੁਰੂ ਸਿਧਾਂਤ ਦੇ ਉਲ਼ਟ ਹੋਵੇ ਤਾਂ ਉਸ ਨੁ ਤਿਆਗ ਦੇਵੇ। ਤੇਹਰਵਾਂ, ਤਨ ਵਿਚ ਸੁੱਚਮ ਧਾਰਨ ਕਰੇ ਤੇ ਚੌਧਵਾਂ ਸਭ ਪਖੰਡਾਂ ਦਾ ਤਿਆਗ ਕਰੇ। ਮਨ ਨੂੰ ਪ੍ਰਭੂ ਦੇ ਸ਼ਬਦ ਨਾਲ਼ ਜੋੜੇ ਤੇ ਅਖੰਡ ਚਿੱਤ ਹੋ ਕੇ ਅਨਹਦ ਨਾਦ ਸੁਣੇ। ਇਸ ਤਰ੍ਹਾਂ ਦੇ ਸਰੋਤਾ ਤੇ ਵਕਤਾ ਜੇਹੜੇ ਹੁੰਦੇ ਹਨ ਉਹ ਦੋਵੇਂ ਗਿਆਨ ਨੂੰ ਪਰਾਪਤ ਕਰ ਲੈਂਦੇ ਹਨ।

ਜੇਹੜਾ ਸਿੱਖ ਇਹ ਲੱਛਣ ਧਾਰਨ ਕਰਦਾ ਹੈ, ਉਹ ਨਿਹਾਲ ਹੋ ਜਾਂਦਾ ਹੈ। ਉਸ ਸਿੱਖ ਦੀ ਹਮੇਸ਼ਾਂ ਸੰਗਤ ਕਰੋ। ਤੁਹਾਡੇ ਵਿਚ ਵੀ ਉਸ ਦੇ ਬਹੁਤ ਗੁਣ ਆ ਜਾਣਗੇ। ਉਸ ਦੇ ਮੁਖ ਤੋਂ ਸੁੰਦਰ ਕਥਾ ਸੁਣੋ। ਤੁਹਾਡੇ ਜੀ ਦੀ ਫਿਰ ਕਿਉਂ ਮੁਕਤੀ ਨਹੀਂ ਹੋਵੇਗੀ? ਗੁਰੂ ਜੀ ਦੇ ਮੁਖ ਤੋਂ ਅਜਿਹਾ ਉਪਦੇਸ਼ ਸੁਣ ਕੇ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ।

ਨੋਟ: ਇਹਨਾਂ ਚੌਦਾਂ ਗੁਣਾਂ ਦੇ ਅਰਥ ਇਸ ਪ੍ਰਕਾਰ ਹਨ:

੧੫. ਵਾਗਮੀ, ਭਾਵ ਰਸੀਲੀ ਆਵਾਜ਼ ਅਤੇ ਸੁਰ ਨਾਲ ਬੋਲ ਸਕਣਾ।

੧੬. ਵਿਆਸ: ਭਾਵ ਸਰੋਤਿਆ ਦੀ ਪਸੰਦ ਅਨੁਸਾਰ ਵਿਸਥਾਰ ਨਾਲ਼ ਸਮਝਾ ਸਕਣਾ।

੧੭. ਸਮਾਸ ਵਤ: ਭਾਵ ਲੋੜ ਅਨੁਸਾਰ ਸੰਖੇਪ ਕਰ ਸਕਣਾ।

੧੮. ਪ੍ਰਿਯ ਕਥਾ ਦਾ ਪ੍ਰਸਤਾਵ: ਭਾਵ ਦਿਲ ਲੁਭਾਉਣ ਵਾਲ਼ੀਆਂ ਕਥਾਵਾਂ ਕਹਿਣਾ।

੧੯. ਸਪੱਸ਼ਟ ਵਾਕ: ਭਾਵ ਸਾਫ ਬੋਲਣਾ ਤੇ ਸਪੱਸ਼ਟ ਕਰਕੇ ਸਮਝਾ ਸਕਣਾ।

੨੦. ਸੰਦੇਹ ਛਿਦਰ: ਭਾਵ ਸ਼ੰਕਿਆਂ ਨੂੰ ਦੂਰ ਕਰ ਸਕਣਾ।

੨੧. ਅਸ਼ੇਖ ਸ਼ਾਸਤਰ ਕੁਸ਼ਲ: ਭਾਵ ਸਾਰੇ ਸ਼ਾਸਤਰਾਂ ਦਾ ਜਾਣਕਾਰ ਹੋਣਾ।

੨੨. ਨਖਯਾਤ ਵਿਖੇਪ ਕ੍ਰਿਤ: ਭਾਵ ਕਥਾ ਦੇ ਪ੍ਰਸੰਗ ਵਿਚ ਹੋਰ ਪ੍ਰਸੰਗ ਤੋਂ ਉਲਟ ਪ੍ਰਮਾਣ ਦਾ ਦੇਣਾ।

੨੩. ਅਵਯੰਗੋ: ਭਾਵ ਸੋਹਣੀ ਤਰ੍ਹਾਂ ਸਿਧਾ ਬੈਠਣਾ।

੨੪. ਜਨ ਰੰਜਕੋ: ਭਾਵ ਸਰੋਤਿਆ ਦੇ ਦਿਲਾਂ ਨੂੰ ਪ੍ਰਸੰਨ ਕਰਨਾ।

੨੫. ਜਿਤ ਸਭੋ: ਸਭ ਨੂੰ ਜਿੱਤਣਾ ਭਾਵ ਸਰੋਤਿਆਂ ਨੂੰ ਆਪਣੇ ਤੇ ਮੋਹਤ ਕਰ ਲੈਣਾ।

੨੬. ਨਾ ਹੰਕ੍ਰਤੋ: ਭਾਵ ਹੰਕਾਰ ਰਹਿਤ ਹੋਣਾ।

੨੭. ਧਾਰਮਿਕੋ: ਜੋ ਕਹੇ ਉਹ ਆਪ ਵੀ ਕਮਾਉਣ ਵਾਲ਼ਾ ਹੋਵੇ।

੨੮. ਸੰਤੋਖੀ: ਭਾਵ ਸੰਤੋਖ ਵਾਲਾ ਹੋਵੇ।

(ਪੰਜਵੀਂ ਰਾਸ ਦੇ ਬਤਾਲੀਵੇ ਅਧਿਆਇ ਦੀਆਂ ੧ ਤੋਂ ੩੦ ਪਉੜੀਆਂ ਵਿਚ ਆਏ ਉਪਦੇਸ਼ ਉਪਰ ਆਧਾਰਤ) ਨਵੰਬਰ ੨੦੧੪

## ਚਰਚਾ ਚਾਰ ਪ੍ਰਕਾਰ ਦੀ

ਸਤਿਗੁਰੂ ਸਾਹਿਬਾਨ ਸਮੇ ਕਿਸੇ ਵਾਪਰੀ ਖਾਸ ਘਟਨਾ ਜਾਂ ਕਿਸੇ ਜਗਿਆਸੂ ਵੱਲੋਂ ਪੁੱਛੇ ਗਏ ਪ੍ਰਸ਼ਨ ਦੇ ਉਤਰ ਵਿਚ ਜੋ ਸਤਿਗੁਰੂ ਜੀ ਫੁਰਮਾਇਆ ਕਰਦੇ ਸਨ ਉਹ, "ਪ੍ਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ॥" (ਪੰਨਾ ੬੪੭) ਦੇ ਕਥਨ ਅਨੁਸਾਰ, ਸਦੀਵ ਕਾਲ ਵਾਸਤੇ ਮਨੁਖਤਾ ਦੀ ਭਲਾਈ ਹਿਤ ਉਪਦੇਸ਼ ਹੁੰਦਾ ਸੀ ਤੇ ਹੈ।

ਅਜਿਹਾ ਹੀ ਇਕ ਵਾਕਿਆ ਛੇਵੇਂ ਪਾਤਿਸ਼ਾਹ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇ ਵਾਪਰਿਆ। ਗੁਰੂ ਘਰ ਦੇ ਸੂਝਵਾਨ, ਧੀਰਜਵਾਨ, ਅਨਿਨ ਸੇਵਕ, ਗੁਰੂ ਦਰਬਾਰ ਦੀ ਭਰਪੂਰ ਸੇਵਾ ਕਰਨ ਵਾਲ਼ੇ, ਭਾਈ ਦਰਗਾਹਾ ਭੰਡਾਰੀਆ ਨੇ ਗੁਰੂ ਜੀ ਪਾਸੋਂ ਪੁੱਛਿਆ ਕਿ ਕਈ ਵਾਰ ਸਿੱਖ ਗੁਰਬਾਣੀ ਦੀ ਚਰਚਾ ਕਰਨ ਸਮੇ, ਕਈ ਆਪਸ ਵਿਚ ਲੜ ਪੈਂਦੇ ਹਨ। ਆਪਣੀ ਆਪਣੀ ਸਮਝ ਵਿਚ ਆਏ ਗੁਰਬਾਣੀ ਦੇ ਅਰਥਾਂ ਉਪਰ ਅੜ ਕੇ, ਝਗੜ ਪੈਂਦੇ ਹਨ ਪਰ ਆਪੋ ਆਪਣੇ ਵਿਚਾਰਾਂ ਉਪਰ ਡਟੇ ਰਹਿੰਦੇ ਹਨ। ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਉਪਦੇਸ਼ ਬਖ਼ਸ਼ਦਿਆਂ ਫੁਰਮਾਇਆ ਕਿ ਚਰਚਾ ਚਾਰ ਪ੍ਰਕਾਰ ਦੀ ਹੁੰਦੀ ਹੈ; ਸਿੱਖਾਂ ਨੂੰ ਦੋ ਪ੍ਰਕਾਰ ਦੀ ਚਰਚਾ ਕਰਨੀ ਚਾਹੀਏ ਤੇ ਦੋ ਤੋਂ ਸਦਾ ਹੀ ਬਚਣਾ ਚਾਹੀਏ:

ਪਹਿਲੀ ਹੈ ਵਾਦ ਚਰਚਾ:

ਗੁਰਮਖ ਜਨ ਗੁਰਬਾਣੀ ਦੇ ਜੇਹੜੇ ਅਰਥਾਂ ਦੀ ਸਮਝ ਨਾ ਲੱਗੇ ਤਾਂ ਪਰੇਮ ਅਤੇ ਸਤਿਕਾਰ ਸਹਿਤ ਦੂਸਰੇ ਕੋਲ਼ੋਂ ਪੁੱਛ ਲੈਂਦੇ ਹਨ ਤੇ ਸੁਣ ਕੇ ਪ੍ਰੇਮ ਸਹਿਤ ਧਾਰਨ ਕਰਦੇ ਹਨ।

ਦੂਜੀ ਹੈ ਹੇਤ ਚਰਚਾ:

ਜੋ ਖ਼ੁਦ ਨੂੰ ਪਤਾ ਹੈ ਉਸ ਦਾ ਬਿਆਨ ਕਰਨਾ ਤੇ ਜੋ ਦੂਜਾ ਕਹੇ ਉਸ ਨੂੰ ਪ੍ਰੇਮ ਸਹਿਤ ਧਿਆਨ ਦੇ ਕੇ ਸੁਣਨਾ। ਪਰਸਪਰ ਵਿਚਾਰ ਵਟਾਂਦਰੇ ਤੋਂ ਬਾਅਦ ਜੋ ਸਹੀ ਲੱਗੇ, ਬਿਨਾ ਸ਼ੰਕਾ ਉਸ ਨੂੰ ਮੰਨ ਲੈਣਾ। ਆਪ ਵਰਗੇ ਜਾਂ ਆਪ ਤੋਂ ਵਧੇਰੇ ਸਮਝਦਾਰ ਦੇ ਵਿਚਾਰਾਂ ਨੂੰ, ਜਿਵੇਂ ਉਹ ਸੁਣਾਵੇ ਭਲੀ ਪ੍ਰਕਾਰ ਸੁਣਨਾ ਚਾਹੀਦਾ ਹੈ। ਹਉਮੈ, ਪੱਖਵਾਦ ਆਦਿ ਨੂੰ ਤਜ ਕੇ, ਸਹੀ ਨਿਰਨਾ ਕਰਕੇ, ਯਥਾਰਥਕ ਗਿਆਨ ਨੂੰ ਹਿਰਦੇ ਵਿਚ ਧਾਰਨਾ। ਇਕ ਨੂੰ ਅਰਥ ਸਮਝ ਨਾ ਆਇਆ ਤੇ ਦੂਜੇ ਤੋਂ ਸੁਣ ਲਿਆ; ਦੋਵਾਂ ਨੇ ਮਿਲ਼ ਕੇ, ਬਹੁਤ ਪਰੇਮ ਨਾਲ਼ ਆਪਣੀ ਆਪਣੀ ਸਮਝ ਅਨੁਸਾਰ, ਆਪਣਾ ਵਿਚਾਰ ਪਰਗਟ ਕਰ ਦਿਤਾ। ਇਉਂ ਦੋਹਾਂ ਦੇ ਗਿਆਨ ਵਿਚ ਵਾਧਾ ਹੋਇਆ। ਜਿਵੇਂ ਦੀਵੇ ਦੇ ਥੱਲੇ ਹਨੇਰਾ ਰਹਿ ਜਾਂਦਾ ਹੈ ਪਰ ਦੂਜੇ ਦੀਵੇ ਨਾਲ਼ ਦੋਹਾਂ ਦਾ ਹਨੇਰਾ ਦੂਰ ਹੋ ਜਾਂਦਾ ਹੈ। ਏਸੇ ਤਰ੍ਹਾਂ ਦੋਵੇਂ ਸ਼ਰਧਾਵਾਨ ਗੁਰਸਿੱਖ ਇਕ ਦੂਜੇ ਦਾ ਅਗਿਆਨ ਰੂਪੀ ਹਨੇਰਾ ਦੂਰ ਕਰ ਦਿੰਦੇ ਹਨ। ਦੂਜੇ ਦੀ ਗੱਲ ਨਾ ਸੁਣਨ ਵਾਲ਼ਾ ਇਕੱਲਾ ਆਪਣੀ ਵਿਦਵਤਾ ਦੇ ਹੰਕਾਰ ਵਿਚ ਰਹਿੰਦਾ ਹੈ ਤੇ ਉਸ ਦੇ ਗਿਆਨ ਵਿਚ ਵਾਧਾ ਨਹੀਂ ਹੁੰਦਾ ਪਰ ਦੋਵੇਂ ਮਿਲ਼ ਕੇ ਸ਼ਬਦ ਦਾ ਸਹੀ ਅਨੰਦ ਲੈਂਦੇ ਹਨ। ਇਸ ਪ੍ਰਕਾਰ ਮਹਾਂ ਫਲ ਪ੍ਰਾਪਤ ਹੁੰਦਾ ਹੈ।

ਤੀਜੀ ਹੈ ਜਲਪਾ ਚਰਚਾ:

ਜੋ ਆਪਣੀ ਗੱਲ ਹੀ ਸੁਣਾਉਂਦਾ ਹੈ ਤੇ ਦੂਸਰੇ ਦੀ ਨਹੀਂ ਸੁਣਦਾ। ਆਪਣੀ ਗ਼ਲਤ ਗੱਲ ਤੇ ਵੀ ਅੜਿਆ ਰਹਿੰਦਾ ਹੈ। ਸਹੀ ਗੱਲ ਨੂੰ ਸਮਝ ਕੇ ਮੰਨਣ ਦੀ ਬਜਾਇ ਦੋਵੇਂ ਆਪਣੀ ਆਪਣੀ ਗੱਲ ਤੇ ਅੜੇ ਰਹਿੰਦੇ ਹਨ। ਉਕਤੀਆਂ ਜੁਗਤੀਆਂ ਕਰਕੇ ਦੋਵੇਂ ਆਪਣੇ ਆਪਣੇ ਪੱਖ ਨੂੰ, ਭਾਵੇਂ ਗ਼ਲਤ ਹੀ ਹੋਵੇ, ਸਿਧ ਕਰਨ ਦਾ ਯਤਨ ਕਰਦੇ ਹਨ। ਜਿਉਂ ਤਿਉਂ ਕਰਕੇ ਆਪਣੇ ਆਪਣੇ ਅਰਥਾਂ ਉਪਰ ਜਿਦ ਨਾਲ਼ ਦ੍ਰਿੜ੍ਹ ਰਹਿ ਕੇ, ਦੂਜੇ ਦੀ ਗੱਲ ਨੂੰ, ਭਾਵੇਂ ਸਹੀ ਹੀ ਹੋਵੇ, ਰੱਦ ਕਰਨ ਲਈ ਬਹਿਸ ਕਰਦੇ ਹਨ। ਇਉਂ ਆਪਣੇ ਕ੍ਰੋਧ ਵਿਚ ਵਾਧਾ ਕਰਦੇ ਹਨ। ਕਚਹਿਰੀ ਵਿਚਲੇ ਵਕੀਲਾਂ ਵਾਂਙ, ਅਨੇਕਾਂ ਦਲੀਲਾਂ ਦੇ ਦੇ ਕੇ, ਦੂਜੇ ਨੂੰ ਗ਼ਲਤ ਸਾਬਤ ਕਰਨ ਦੀ ਕੁਚੇਸ਼ਟਾ ਕਰਦੇ ਹਨ। ਇਸ ਤਰ੍ਹਾਂ ਕ੍ਰੋਧ ਦੇ ਵਸ ਹੋ ਕੇ, ਆਪਸ ਵਿਚ ਵੈਰ ਵਧਾਉਂਦੇ ਹਨ। ਇਕ ਦੂਜੇ ਨੂੰ ਜਰਦੇ ਨਹੀਂ ਤੇ ਨਾ ਹੀ ਇਕ ਨੂੰ ਦੂਜੇ ਦਾ ਜਸ ਭਾਉਂਦਾ ਹੈ। ਅਜਿਹਾ ਕਰਨ ਨਾਲ਼ ਵੈਰ ਭਾਵ ਉਪਜਦਾ ਹੈ।

ਚੌਥੀ ਵਿਤੰਡਾ ਚਰਚਾ ਹੈ:

ਇਸ ਚਰਚਾ ਅਨੁਸਾਰ ਆਪ ਨੂੰ ਕੁਝ ਸਮਝ ਨਹੀਂ ਤੇ ਦੂਜਾ ਜੋ ਆਖੇ ਉਸ ਨੂੰ ਮੰਨਣਾ ਨਹੀਂ। ਵਿਦਵਾਨ ਲੋਕ ਅਜਿਹੇ ਵਿਅਕਤੀ ਦੇ ਰਵਈਏ ਤੋਂ ਦੁਖੀ ਹੁੰਦੇ ਹਨ। ਅਜਿਹੀ ਚਰਚਾ ਵੀ ਸਿੱਖ ਨੇ ਤਿਆਗਣੀ ਹੈ।

ਸਿੱਖ ਨੂੰ ਚਾਹੀਦਾ ਹੈ ਕਿ ਉਹ ਪਰੇਮ ਸਹਿਤ ਸਾਰ ਨੂੰ ਗ੍ਰਹਿਣ ਕਰੇ। ਕਿਸੇ ਦਾ ਵੀ ਮਨ ਬਹਿਸ ਕਰਕੇ ਦੁਖਾਵੇ ਨਾ। ਪਰੇਮ ਸਹਿਤ ਗੁਰਬਾਣੀ, ਗੁਰੂ ਕੀ ਸਾਖੀ ਉਚਾਰ ਕੇ ਸਭ ਹਿਰਦਿਆਂ ਵਿਚ ਪ੍ਰਸੰਨਤਾ ਉਪਜਾਵੇ।

ਗੁਰੂ ਜੀ ਦੇ ਮੁਖੋਂ ਇਹ ਬਚਨ ਸੁਣ ਕੇ ਸਭ ਨੇ ਹਿਰਦੇ ਵਿਚ ਸ਼ਰਧਾ ਧਾਰੀ।

(ਭਾਈ ਸੰਤੋਖ ਸਿੰਘ ਜੀ ਲਿਖਤ ਗੁਰਪ੍ਰਤਾਪ ਸੂਰਜ ਗ੍ਰੰਥ, ਦੇ ਅਧਿਆਇ ਇਕਤਾਲੀਵਾਂ, ਰਾਸ ਪੰਜਵੀਂ, ਬੰਦ ੧ ਤੋਂ ੧੨ ਤੱਕ, ਉਪਰ ਆਧਾਰਤ) ਨਵੰਬਰ ੨੦੦੧੪

*ਗੁਰਦੁਆਰਾ ਗੁਰੂ ਨਾਨਕ ਦਰਬਾਰ ਐਡੀਲੇਡ ਵਿਖੇ ਵੀਹ ਸੌ ਤੇਰਾਂ ਨੂੰ ਦਿਤਾ*

# ਦੀਵਾਲੀ ਤੇ ਵਿਖਿਆਨ

ਸਤਿਕਾਰ ਯੋਗ ਸਾਧ ਸੰਗਤ ਜੀਓ

ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫ਼ਤਿਹ॥

ਅਕਾਲ ਦਾ ਸਾਜਿਆ ਹੋਇਆ ਕਾਲ, ਅਰਥਾਤ ਸਮਾ ਧੁਰ ਤੋਂ ਹੀ ਸਦਾ ਇਕਸਾਰ ਚੱਲਦਾ ਆ ਰਿਹਾ ਹੈ। ਮਨੁਖ ਨੇ ਆਪਣੀ ਸਹੂਲਤ ਵਾਸਤੇ, ਇਸ ਨੂੰ ਦਹਿ ਸਦੀਆਂ, ਸਦੀਆਂ, ਸਾਲਾਂ, ਮਹੀਨਿਆਂ, ਹਫ਼ਤਿਆਂ, ਦਿਨਾਂ ਘੰਟਿਆਂ, ਮਿੰਟਾਂ ਆਦਿ ਵਿਚ ਵੰਡਿਆ ਹੈ।

ਏਸੇ ਤਰ੍ਹਾਂ ਮਨੁਖ ਨੇ ਹੀ ਦਿਨ ਦਿਹਾਰ ਨਿਸਚਤ ਕਰਕੇ, ਉਹਨਾਂ ਦਾ ਵੱਖ ਵੱਖ ਮਹੱਤਵ ਮੰਨਿਆਂ ਹੈ। ਮੱਸਿਆ, ਸੰਗ੍ਰਾਂਦ, ਚੌਦੇਂ, ਪੁੰਨਿਆਂ, ਪੰਚਮੀ ਆਦਿ ਨੂੰ ਮੰਨ ਕੇ, ਇਹਨਾਂ ਦਿਨਾਂ ਤੇ ਉਤਸ਼ਾਹ ਭਰਪੂਰ ਧਾਰਮਿਕ ਰਸਮਾਂ ਕੀਤੀਆ ਜਾਂਦੀਆਂ ਹਨ। ਏਸੇ ਤਰ੍ਹਾਂ ਵੈਸਾਖੀ, ਦਿਵਾਲੀ, ਹੋਲੀ, ਦੁਸਹਿਰਾ ਆਦਿ ਤਿਉਹਾਰ ਵੀ ਮਨਾਏ ਜਾਂਦੇ ਹਨ। ਇਹਨਾਂ ਤਿਉਹਾਰਾਂ ਤੋਂ ਇਲਾਵਾ ਵੱਖ ਵੱਖ ਧਰਮਾਂ, ਸੰਪਰਦਾਵਾਂ, ਜਥੇਬੰਦੀਆਂ, ਡੇਰਿਆਂ ਆਦਿ ਦੇ ਸ਼ਰਧਾਲੂ ਵੀ ਆਪਣੇ ਆਪਣੇ ਮਹਾਂਪੁਰਸ਼ਾਂ ਨਾਲ਼ ਸਬੰਧਤ ਦਿਹਾੜਿਆਂ ਨੂੰ ਉਤਸ਼ਾਹ ਸਹਿਤ ਮਨਾਉਂਦੇ ਹਨ।

ਸਿੱਖ ਸਮਾਜ ਵੀ ਦੇਸਾਂ ਪਰਦੇਸਾਂ ਵਿਚ ਆਪਣੇ ਗੁਰੂ ਸਾਹਿਬਾਨ, ਸ਼ਹੀਦਾਂ, ਮਹਾਂ ਪੁਰਸ਼ਾਂ ਆਦਿ ਨਾਲ਼ ਸਬੰਧਤ ਦਿਨਾਂ ਉਪਰ, ਗੁਰੂ ਘਰਾਂ ਵਿਚ ਉਚੇਚੇ ਸਮਾਗਮ ਰਚਦੇ ਹਨ। ਅਜਿਹਾ ਕੁਝ ਕਰਨ ਵਿਚ ਮੈਨੂੰ ਤਾਂ ਕੋਈ ਵੀ ਇਤਰਾਜ਼ ਯੋਗ ਗੱਲ ਨਹੀਂ ਲੱਗਦੀ ਪਰ ਕੁਝ ਸਮੇ ਤੋਂ ਮੈਂ ਪੜ੍ਹ ਅਤੇ ਸੁਣ ਰਿਹਾ ਹਾਂ ਕਿ ਕੁਝ ਨਵੀ ਵਿੱਦਿਆ ਦੇ ਵਿਦਵਾਨ, ਅਜਿਹੇ ਦਿਨ ਦਿਹਾਰਾਂ ਉਪਰ ਉਚੇਚੇ ਦੀਵਾਨ ਸਜਾਉਣ ਦੀ ਵਿਰੋਧਤਾ ਕਰ ਰਹੇ ਹਨ। ਪਹਿਲਾਂ ਪਹਿਲਾਂ ਤਾਂ ਹੋਰ ਕਈ ਸੱਜਣਾਂ ਵਾਂਙ, ਮੇਰੇ ਉਪਰ ਵੀ ਇਹਨਾਂ ਵਿਦਵਾਨਾਂ ਦੀਆਂ ਦਲੀਲਾਂ ਦਾ ਵਾਹਵਾ ਈ ਅਸਰ ਹੋ ਜਾਂਦਾ ਸੀ ਪਰ ਕੁਝ ਸਾਲਾਂ ਤੋਂ ਮੈਂ ਮੁਕੰਮਲ ਤੌਰ ਤੇ ਇਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਨਹੀਂ, ਭਾਵੇਂ ਕਿ ਕਈ ਗੱਲਾਂ ਇਹਨਾਂ ਦੀਆਂ ਗੁਰਮਤਿ ਦੀ ਕਸਵਟੀ ਅਨੁਸਾਰ ਠੀਕ ਵੀ ਹਨ।

ਗੁਰੂ ਸਾਹਿਬਾਨ ਜੀ ਦੇ ਇਸ ਸੰਸਾਰ ਅੰਦਰ, ਪੰਜ ਭੂਤਕ ਸਰੀਰ ਧਾਰ ਕੇ ਪਧਾਰਨ ਤੋਂ ਵੀ ਬਹੁਤ ਪਹਿਲਾਂ, ਕਈ ਤਿਉਹਾਰ ਭਾਰਤੀ ਲੋਕਾਂ ਵੱਲੋਂ ਮਨਾਏ ਜਾਂਦੇ ਸਨ ਤੇ ਅੱਜ ਵੀ ਮਨਾਏ ਜਾ ਰਹੇ ਹਨ। ਇਹਨਾਂ ਦੀ ਵੰਡ ਵੀ ਬ੍ਰਾਹਮਣ ਨੇ ਵਰਨਾਂ ਅਨੁਸਾਰ ਕੀਤੀ ਹੋਈ ਸੀ। ਜਿਵੇਂ ਕਿ ਵੈਸਾਖੀ ਬ੍ਰਾਹਮਣਾਂ ਦਾ, ਦੁਸਹਿਰਾ ਖਤਰੀਆਂ ਦਾ, ਦੀਵਾਲੀ ਵੈਸ਼ਾਂ ਦਾ, ਲੋਹੜੀ ਤੇ ਹੋਲੀ ਸ਼ੂਦਰਾਂ ਦੇ ਤਿਉਹਾਰ ਹੋਣੇ ਮਿਥ ਲਏ ਗਏ। ਸ਼ੁਰੂ ਵਿਚ ਤਾਂ ਇਹ ਤਿਉਹਾਰ ਮਨੁਖੀ ਸਮਾਜ ਦੀ ਭਲਾਈ ਵਾਸਤੇ ਨਿਸਚਤ ਕੀਤੇ ਗਏ ਸਨ ਪਰ ਸਮਾ ਬੀਤਣ ਨਾਲ ਇਹਨਾਂ ਤਿਉਹਾਰਾਂ ਵਿਚ ਬਹੁਤ ਸਾਰੀਆਂ ਹਾਨੀਕਾਰਕ ਰਸਮਾਂ ਵੀ ਸ਼ਾਮਲ ਹੋ ਗਈਆਂ। ਗੁਰੂ ਸਾਹਿਬਾਨ ਜੀ ਨੇ ਆਪਣੇ ਸਮਾਜ ਨੂੰ ਇਹਨਾਂ ਮਾੜੀਆਂ ਰਸਮਾਂ ਨੂੰ ਤਿਆਗ ਕੇ, ਇਹਨਾਂ ਤਿਉਹਾਰਾਂ ਨੂੰ ਸਰਬ ਪੱਖੀ ਮਨੁਖੀ ਚਰਿੱਤਰ ਦੀ ਉਸਾਰੀ ਵਾਸਤੇ ਵਰਤਿਆ। ਮਿਸਾਲ ਵਜੋਂ: ਲੋਹੜੀ ਸਮੇ ਮਾਘੀ ਦੇ ਰੂਪ ਵਿਚ, ਹੋਲੀ ਸਮੇ ਹੋਲਾ ਆਦਿ ਦੇ ਰੂਪ ਵਿਚ, ਬਾਕੀ ਭਾਰਤੀ ਸਮਾਜ ਨਾਲ਼ੋਂ ਵੱਖਰੇ ਰੂਪ ਵਿਚ ਮਨਾਏ ਜਾਂਦੇ ਹਨ।

ਸੂਰਜ ਪ੍ਰਕਾਸ਼ ਗ੍ਰੰਥ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਅਮਰਦਾਸ ਜੀ ਦੇ ਸਮੇ ਤੋਂ ਹੀ ਗੁਰੂ ਘਰ ਵਿਚ ਵੈਸਾਖੀ ਦੇ ਤਿਉਹਾਰ ਸਮੇ ਸੰਗਤਾਂ ਦੇ ਉਚੇਚੇ ਇਕੱਠ ਹੁੰਦੇ ਆ ਰਹੇ ਹਨ। ਉਸ ਸਮੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ, ਦੂਰ ਦੁਰਾਡੇ ਦੇਸਾਂ ਵਿਚ ਫੈਲ ਗਈ ਹੋਈ ਸੀ; ਇਸ ਕਰਕੇ ਹਰ ਰੋਜ ਸੰਗਤਾਂ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜਰ ਨਹੀਂ ਸਨ ਹੋ ਸਕਦੀਆਂ। ਇਸ ਕਾਰਨ, ਭਾਈ ਪਾਰੋ ਜੀ ਦੀ ਬੇਨਤੀ ਮੰਨ ਕੇ, ਸ੍ਰੀ ਗੁਰੂ ਅਮਰ ਦਾਸ ਜੀ ਨੇ, ਵੈਸਾਖੀ ਅਤੇ ਦੀਵਾਲੀ ਦੇ ਸਮੇ ਸੰਗਤਾਂ ਨੂੰ ਹਜ਼ੂਰ ਹਾਜ਼ਰ ਹੋਣ ਦੀ ਆਗਿਆ ਕੀਤੀ। ਇਹਨਾਂ ਪੁਰਬਾਂ ਸਮੇ, ਵੱਖ ਵੱਖ ਇਲਾਕਿਆਂ ਦੀਆਂ ਸੰਗਤਾਂ, ਆਪੋ ਆਪਣੇ ਇਲਾਕੇ ਦੇ ਮੁਖੀਆਂ ਦੀ ਅਗਵਾਈ ਹੇਠ, ਗੁਰੂ ਦਰਬਾਰ ਵਿਚ ਹਾਜਰ ਹੋ ਕੇ, ਗੁਰੂ ਕੀਆਂ ਖ਼ੁਸ਼ੀਆਂ ਪਰਾਪਤ ਕਰਿਆ ਕਰਦੀਆਂ ਸਨ। ਇਸ ਕਰਕੇ ਅਜਿਹੇ ਤਿਉਹਾਰ ਗੁਰੂ ਸਾਹਿਬਾਨ ਦੇ ਸਮੇ ਤੋਂ ਹੀ

ਗੁਰੂ ਘਰਾਂ ਵਿਚ ਉਚੇਚੇ ਉਤਸ਼ਾਹ ਨਾਲ਼ ਮਨਾਏ ਜਾਂਦੇ ਰਹੇ ਸਨ ਤੇ ਹਨ। ਕਲਗੀਧਰ ਪਾਤਿਸ਼ਾਹ ਜੀ ਨੇ ਵੀ ਖ਼ਾਲਸਾ ਸਜਾਉਣ ਦਾ ਫੈਸਲਾ ਵੈਸਾਖੀ ਦੇ ਸਮੇ ਹੀ ਕੀਤਾ ਸੀ ਅਤੇ ੧੬੯੯ ਦੀ ਵੈਸਾਖੀ ਸਮੇ ਉਚੇਚੇ ਹੁਕਨਾਮੇ ਭੇਜ ਕੇ, ਸੰਗਤਾਂ ਦਾ ਆਮ ਨਾਲ਼ੋਂ ਵਧ ਇਕੱਠ ਕੀਤਾ। ਕੁਝ ਵਿਦਵਾਨਾਂ ਅਨੁਸਾਰ ੮੦ ਹਜ਼ਾਰ ਦੇ ਕਰੀਬ ਇਸ ਵੈਸਾਖੀ ਤੇ ਉਸ ਸਮੇ ਇਕੱਤਰ ਹੋਈ ਜਦੋਂ ਕਿ ਨਾ ਏਨੀ ਆਬਾਦੀ ਸੀ ਤੇ ਨਾ ਹੀ ਹੁਣ ਵਾਂਙ ਸੰਪਰਕ ਅਤੇ ਆਵਾਜਾਈ ਦੇ ਸਾਧਨ ਸਨ। ਅਜਿਹੇ ਤਿਉਹਾਰਾਂ ਦੇ ਸਮੇ, ਉਚੇਚੇ ਉਤਸ਼ਾਹ ਸਹਿਤ, ਗੁਰੂ ਘਰਾਂ ਵਿਚ ਦੀਵਾਨ ਸਜਾਉਣ ਨਾਲ਼ ਗੁਰਮਤਿ ਦਾ ਕੋਈ ਵੀ ਅਸੂਲ ਭੰਗ ਹੁੰਦਾ ਮੈਨੂੰ ਨਹੀਂ ਦਿਸਦਾ।

ਇਹ ਦਲੀਲ ਵਿਦਵਾਨਾਂ ਦੀ ਠੀਕ ਹੈ ਕਿ ਗੁਰਮਤਿ ਅਨੁਸਾਰ ਕੋਈ ਦਿਨ ਜਾਂ ਸਮਾ ਨਾ ਸ਼ੁਭ ਹੈ ਤੇ ਨਾ ਹੀ ਅਸ਼ੁਭ। ਇਸ ਬਾਰੇ ਕੋਈ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ। ਇਕ ਤਿਉਹਾਰ ਆਪਾਂ ਜੇ ਸੰਗ੍ਰਾਂਦ ਬਾਰੇ ਹੀ ਵਿਚਾਰ ਕਰੀਏ ਤਾਂ ਇਉਂ ਸਮਝਣਾ ਕਿ ਸੰਗ੍ਰਾਂਦ ਦਾ ਦਿਹਾੜਾ ਕੋਈ ਉਚੇਚਾ ਪਵਿਤਰ ਅਤੇ ਦੂਜੇ ਦਿਨ ਅਪਵਿਤਰ ਹਨ; ਪਰ ਇਹ ਵੀ ਤਾਂ ਗੁਰਬਾਣੀ ਆਖਦੀ ਹੈ. "ਸਾਈ ਘੜੀ ਸੁਲਖਣੀ ਸਹੁ ਨਾਲਿ ਵਿਹਾਵੈ॥" ਇਸ ਉਪਦੇਸ਼ ਅਨੁਸਾਰ, ਪੁਰਾਤਨ ਭਾਰਤੀ ਪ੍ਰੰਪਰਾ ਮੁਤਾਬਿਕ ਚੱਲੇ ਆ ਰਹੇ ਇਹ ਵਿਸ਼ਵਾਸ਼ ਕਿ ਇਹ ਪਵਿਤਰ ਦਿਹਾੜਾ ਹੈ ਅਤੇ ਇਸ ਦਿਨ ਧਰਮ ਸਥਾਨ ਉਪਰ ਜਾਣਾ ਹੈ ਤੇ ਕੁਝ ਧਰਮ ਅਰਥ ਆਪਣੀ ਕਮਾਈ ਵਿਚੋਂ ਅਰਪਣ ਕਰਨਾ ਹੈ ਤਾਂ ਇਸ ਵਿਚ ਗੁਰਮਤਿ ਵਿਰੋਧੀ ਗਲ ਕੇਹੜੀ ਹੋਈ! ਹਾਂ, ਇਹ ਜਰੂਰ ਹੈ ਕਿ ਸੰਗ੍ਰਾਂਦ ਤੋਂ ਇਕ ਦਿਨ ਪਹਿਲਾਂ ਤੇ ਇਕ ਦਿਨ ਪਿਛੋਂ ਵਾਲ਼ੇ ਦਿਨ ਅਪਵਿਤਰ ਨਹੀਂ ਹਨ ਤੇ ਸੰਗ੍ਰਾਂਦ ਵਾਲ਼ਾ ਦਿਨ ਆਪਣੇ ਆਪ ਵਿਚ ਕੋਈ ਖਾਸ ਪਵਿਤਰ ਹੋਣ ਦਾ ਦਾਹਵਾ ਨਹੀਂ ਕਰ ਸਕਦਾ। ਪਰ ਜਦੋਂ ਕਿਸੇ ਵਹਿਮ, ਜਾਂ ਸ਼ਰਧਾ ਅਧੀਨ ਅਸੀਂ ਭਾਵੇਂ ਸੰਗ੍ਰਾਂਦ ਦਾ ਦਿਹਾੜਾ ਜਾਣ ਕੇ ਹੀ ਗੁਰਦੁਆਰੇ ਵਿਚ ਆ ਕੇ, ਆਪਣੀ ਕਿਰਤ ਕਮਾਈ ਵਿਚੋਂ ਸ਼ਰਧਾ ਸਹਿਤ ਕੁਝ ਗੁਰੂ ਜੀ ਦੇ ਚਰਨਾਂ ਵਿਚ ਅਰਪਣ ਕਰਦੇ ਹਾਂ, ਗੁਰੂ ਦਾ ਸ਼ਬਦ, ਗੁਰੂ ਦੀ ਸਾਖੀ ਆਦਿ ਸੁਣਦੇ ਹਾਂ, ਸਾਡੇ ਵਿਚ ਗੁਰਸਿੱਖੀ ਪ੍ਰਤੀ ਪਿਆਰ ਅਤੇ ਗੁਰੂ ਪ੍ਰਤੀ ਸ਼ਰਧਾ ਪੈਦਾ ਹੁੰਦੀ ਹੈ ਅਤੇ ਅਜਿਹਾ ਕਰਦੇ ਸਮੇ ਜੋ ਸਾਡਾ ਸਮਾ ਬੀਤਦਾ ਹੈ, ਉਹ ਗੁਰੂ ਲੇਖੇ ਲੱਗਦਾ ਹੈ। ਮਾੜੀ ਸੋਚ, ਮਾੜੇ ਕਰਮ, ਮਾੜਾ ਖਾਣਾ, ਘਰੋਗੀ ਅਸ਼ਾਂਤ ਵਾਤਾਵਰਣ ਆਦਿ ਤੋਂ ਬਚ ਕੇ, ਅਸੀਂ ਗੁਰੂ ਦੀ ਹਾਜਰੀ ਵਿਚ ਹਾਜਰ ਹੁੰਦੇ ਹਾਂ ਤਾਂ ਇਸ ਵਿਚ ਮਾੜਾ ਕੀ ਹੈ ਤੇ ਗੁਰਮਤਿ ਵਿਰੋਧੀ ਕੀ ਹੈ! ਭਾਵੇ ਕਿ ਗੁਰਸਿੱਖ ਨੂੰ ਹਰ ਰੋਜ ਗੁਰੂ ਘਰ ਵਿਖੇ ਹਾਜਰੀ ਭਰਨੀ ਚਾਹੀਦੀ ਹੈ ਪਰ ਸਾਰੇ ਕਿਰਤੀ ਸਿੱਖ ਅਜਿਹਾ ਨਹੀਂ ਕਰ ਸਕਦੇ। ਉਹਨਾਂ ਨੂੰ ਗੁਰੂ ਘਰ ਵਿਚ ਆਉਣ ਲਈ ਕੋਈ ਬਹਾਨਾ ਚਾਹੀਦਾ ਹੈ। ਬਹਾਨਾ ਚਾਹੇ ਸੰਗ੍ਰਾਂਦ ਦਾ ਹੋਵੇ ਚਾਹੇ ਕਿਸੇ ਹੋਰ ਤਿਉਹਾਰ ਦਾ ਜਾਂ ਕਿਸੇ ਗੁਰਪੁਰਬ ਦਾ। ਬਚਪਨ ਵਿਚ ਮੈਂ ਵੇਖਦਾ ਸਾਂ ਕਿ ੨੯ ਦਿਨ ਗੁਰਦੁਆਰੇ ਵਿਚ ਨਾ ਵੜਨ ਵਾਲ਼ੇ ਵੀ ਸੰਗ੍ਰਾਂਦ ਵਾਲ਼ੇ ਦਿਨ ਗੁਰਦੁਆਰੇ ਮੱਥਾ ਟੇਕਣ ਜਾਇਆ ਕਰਦੇ ਸਨ। ਮਾਈਆਂ ਬੀਬੀਆਂ ਥਾਲ਼ੀਆਂ ਵਿਚ ਦਾਣੇ ਜਾਂ ਆਟਾ ਆਦਿ ਵਸਤੂਆਂ ਭੇਟਾ ਹਿਤ ਲਿਜਾਇਆ ਕਰਦੀਆਂ ਸਨ। ਸੰਗ੍ਰਾਂਦ ਦੇ ਵਿਰੁਧ ਪ੍ਰਚਾਰ ਕਰਨ ਵਾਲ਼ੇ ਕੀ ਉਹਨਾਂ ਨੂੰ ਇਸ ਦਿਨ ਵੀ ਗੁਰਦੁਆਰੇ ਵੜਨ ਤੋਂ ਹਟਾਉਣਾ ਚਾਹੁੰਦੇ ਹਨ?

ਇਹਨੀਂ ਦਿਨੀਂ ਦੀਵਾਲੀ ਦੇ ਖ਼ਿਲਾਫ਼ ਬਹੁਤ ਸਾਰੇ ਨਵੀਨ ਵਿਦਵਾਨ ਆਪਣੀਆਂ ਕਲਮਾਂ ਨੂੰ ਡਾਂਗਾਂ ਵਾਂਙ ਵਰਤ ਕੇ ਦੀਵਾਲ਼ੀ ਦੀ ਯਹੀ ਤਹੀ ਫੇਰ ਰਹੇ ਹਨ। ਆਖਦੇ ਹਨ ਕਿ ਦੀਵਾਲ਼ੀ ਦਾ ਸਿੱਖ ਧਰਮ ਨਾਲ਼ ਕੋਈ ਸਰੋਕਾਰ ਨਹੀਂ। ਇਦ ਹਿੰਦੂਆਂ ਦਾ ਤਿਉਹਾਰ ਹੈ। ਇਹ ਸਿੱਖਾਂ ਨੂੰ ਨਹੀਂ ਮਨਾਉਣਾ ਚਾਹੀਦਾ। ੧੯੮੪ ਦੀਆਂ ਮੰਦਭਾਗੀਆਂ ਘਟਨਾਵਾਂ ਤੋਂ ਪਿੱਛੋਂ ਤਾਂ ਸਿੱਖ ਵਿਦਵਾਨਾਂ ਵਿਚ ਬਹੁਤ ਹੀ ਗੁੱਸਾ ਹੈ ਤੇ ਉਹ ਹਰੇਕ ਉਸ ਵਸਤੂ ਤੋਂ ਸਬੰਧ ਤੋੜਨੇ ਚਾਹੁੰਦੇ ਹਨ ਜਿਨ੍ਹਾਂ ਦਾ ਹਿੰਦੂ ਧਰਮ ਜਾਂ ਸਮਾਜ ਨਾਲ਼ ਕੋਈ ਸਬੰਧ ਹੋਵੇ। ਇੰਦਰਾ ਗਾਂਧੀ ਵਲੋਂ ਸਿੱਖਾਂ ਨਾਲ਼ ਜੋ ਜਗੋਂ ਤੇਰਹਵੀਂ ਕੀਤੀ ਗਈ ਹੈ, ਉਸ ਬਾਰੇ ਗੁੱਸਾ ਬੜਾ ਜਾਇਜ਼ ਹੈ। ਇਸ ਜ਼ੁਲਮ ਦੇ ਖ਼ਿਲਾਫ਼ ਰੋਹ ਹੋਣਾ ਸਾਡੇ ਜੀਂਦੇ ਹੋਣ ਦੀ ਨਿਸ਼ਾਨੀ ਹੈ ਪਰ ਇਸ ਗੁੱਸੇ ਅਧੀਨ, ਜੇ ਹਿੰਦੂ ਸੱਜੇ ਹੱਥ ਨਾਲ਼ ਰੋਟੀ ਖਾਂਦੇ ਹਨ ਤਾਂ ਕੀ ਉਹਨਾਂ ਨਾਲ਼ੋਂ ਵੱਖਰੇ ਹੋਣ ਲਈ ਅਸੀਂ ਖੱਬੇ ਹਥ ਨਾਲ਼ ਖਾਣੀ ਇਸ ਲਈ ਸ਼ੁਰੂ ਕਰ ਦਿਆਂਗੇ ਕਿ ਅਸੀਂ ਉਹ ਕੁਝ ਨਹੀਂ ਕਰਨਾ ਜੋ ਹਿੰਦੂ ਕਰਦੇ ਹਨ! ਅਖੇ, ਦੀਵਾਲ਼ੀ ਨਹੀਂ ਮਨਾਉਣੀ। ਦੀਵਾਲ਼ੀ ਸਾਡੇ ਨਾਲ਼ ਰੁੱਸੀ ਹੀ ਕਦੋਂ ਸੀ ਜੋ ਅਸੀਂ ਇਸ ਨੂੰ ਮਨਾਉਣ ਤੁਰੀਏ! ਗੁਰੂ ਸਾਹਿਬਾਨ ਦੇ ਸਮੇ ਤੋਂ ਇਸ ਦਿਨ ਸਿੱਖ ਇਕੱਤਰ ਹੁੰਦੇ ਰਹੇ ਸਨ ਤੇ ਅੱਜ ਵੀ ਹੁੰਦੇ ਹਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਸ ਦਿਨ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ, ਚੰਦੂ ਦੀ ਸਾਜਸ਼ ਅਤੇ ਜਹਾਂਗੀਰ ਬਾਦਸ਼ਾਹ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤੇ ਗਏ ਸਨ। ਉਸ ਕੈਦ ਵਿਚੋਂ ੫੨ ਰਾਜਿਆਂ ਨੂੰ ਰਿਹਾ ਕਰਵਾ ਕੇ, ਇਸ ਦਿਨ ਸ੍ਰੀ ਅੰਮ੍ਰਿਤਸਰ ਆਏ ਸਨ ਤੇ ਸੰਗਤਾਂ ਨੇ ਇਸ ਖ਼ੁਸ਼ੀ ਵਿਚ ਦੀਪਮਾਲ਼ਾ ਕੀਤੀ ਅਤੇ ਆਤਿਸ਼ਬਾਜੀ ਚਲਾ ਕੇ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ। ਨਵੀਨ ਖੋਜਕਾਰ ਦੱਸਦੇ ਹਨ ਕਿ ਗੁਰੂ ਜੀ ਅੰਮ੍ਰਿਤਸਰ ਵਿਚ ਇਸ ਦਿਨ ਨਹੀਂ ਸਨ ਆਏ ਤੇ ਕਿਸੇ ਹੋਰ ਦਿਨ ਆਏ ਸਨ। ਜੇਕਰ ਇਹ ਨੁਕਤਾ ਅਸੀਂ ਸਹੀ ਵੀ ਸਾਬਤ ਕਰ ਲਈਏ ਤਾਂ ਫਿਰ ਅਸੀਂ ਕੀ ਕੱਦੂ ਵਿਚ ਤੀਰ ਮਾਰ ਲਿਆ?

ਦੀਵਾਲੀ ਦਾ ਤਿਉਹਾਰ ਵੀ ਇਕ ਮੌਸਮੀ ਤਿਉਹਾਰ ਹੈ। ਇਸ ਸਮੇ ਗਰਮੀ ਮੁੱਕ ਚੁੱਕੀ ਹੁੰਦੀ ਹੈ ਅਤੇ ਸੁੰਗੜਵੀਂ ਸਰਦੀ ਅਜੇ ਪਧਾਰੀ ਨਹੀਂ ਹੁੰਦੀ। ਇਸ ਉਤਸ਼ਵ ਤੇ ਸਾਰੇ ਦੁਕਾਨਦਾਰ ਆਪੋ ਆਪਣੇ ਕਾਰਾਂ ਵਿਹਾਰਾਂ ਵਾਲੇ ਸਥਾਨਾਂ ਅਤੇ ਘਰਾਂ ਦੀ ਸਫਾਈ ਕਰਦੇ ਹਨ। ਘਰਾਂ ਅਤੇ ਦੁਕਾਨਾਂ ਨੂੰ ਕਲੀ ਕਰਵਾਉਂਦੇ ਹਨ। ਵਪਾਰੀ ਲੋਕ ਇਸ ਦਿਨ ਨਵੇਂ ਵਹੀ ਖਾਤੇ ਸ਼ੁਰੂ ਕਰਦੇ ਹਨ। ਸ਼ਾਇਦ ਇਸ ਕਰਕੇ ਹੀ ਇਸ ਨੂੰ ਵੈਸ਼ਾਂ ਦਾ ਤਿਉਹਾਰ ਆਖਿਆ ਜਾਂਦਾ ਹੋਵੇ! ਜੇ ਸਿੱਖ ਘਰਬਾਰੀ ਅਤੇ ਵਾਪਾਰੀ ਵੀ ਇਹੋ ਕੁਝ ਕਰਦੇ ਹੋਣ ਤਾਂ ਇਸ ਨਾਲ਼ ਗੁਰਮਤਿ ਦੇ ਕਿਹੜੇ ਨਿਯਮ ਨੂੰ ਨੁਕਸਾਨ ਪੁੱਜਦਾ ਹੈ!

ਭਾਵੇਂ ਨਵੇਂ ਵਿਦਵਾਨ ਜਿੰਨੀ ਮਰਜੀ ਦੀਵਾਲੀ ਨੂੰ ਨਕਾਰਨ ਲਈ ਜ਼ਬਾਨੀ ਤੇ ਕਲਮੀ ਸ਼ਕਤੀ ਜ਼ਾਇਆ ਕਰੀ ਜਾਣ ਤੇ ਰੌਲ਼ਾ ਰੱਪਾ ਪਾਈ ਜਾਣ, ਸਿੱਖਾਂ ਦਾ ਅੱਜ ਵੀ ਸਭ ਤੋਂ ਵੱਡਾ ਜੇਕਰ ਕੋਈ ਸਰਬਪੱਖੀ ਅਰਥਾਤ ਧਾਰਮਿਕ, ਸਮਾਜਕ, ਵਪਾਰਕ, ਆਰਥਿਕ, ਰਾਜਨੀਤਕ, ਸਭ ਤੋਂ ਵੱਡਾ ਸਮਾਗਮ ਹੁੰਦਾ ਹੈ ਤਾਂ ਉਹ ਅੰਮ੍ਰਿਤਸਰ ਵਿਚ ਦੀਵਾਲੀ ਸਮੇ ਹੀ ਹੁੰਦਾ ਹੈ। ਲੋਕੋਕਤੀ ਵੀ ਬਣ ਚੁੱਕੀ ਹੋਈ ਹੈ, "ਦਾਲ਼ ਰੋਟੀ ਘਰ ਦੀ। ਦੀਵਾਲ਼ੀ ਅੰਮ੍ਰਿਤਸਰ ਦੀ।" ਸਿੱਖ ਸਾਇਕੀ ਵਿਚ ਦੀਵਾਲੀ ਦਾ ਸਭ ਤੋਂ ਵੱਡਾ ਤਿਉਹਾਰ ਬਣ ਕੇ ਬੈਠਾ ਹੋਇਆ ਹੈ; ਇਸ ਨੂੰ ਕੋਈ ਵੀ ਓਥੋਂ ਕਢ ਨਹੀਂ ਸਕਦਾ।

ਭਾਈ ਮਨੀ ਸਿੰਘ ਜੀ ਨੇ ਵੀ ਜਦੋਂ ਇਹ ਸੋਚਿਆ ਕਿ ਬਹੁਤ ਸਮਾ ਹੋ ਗਿਆ ਹੈ ਸਿੱਖ ਪੰਥ ਇਕ ਥਾਂ ਇਕੱਤਰ ਨਹੀਂ ਹੋ ਸਕਿਆ ਤਾਂ ਉਸ ਨੇ ਲਾਹੌਰ ਦੇ ਸੂਬੇ ਪਾਸੋਂ, ਪੰਜ ਹਜ਼ਾਰ ਰੁਪਏ, ਮੇਲੇ ਸਮੇ ਦੇ ਚੜ੍ਹਾਵੇ ਵਿਚੋਂ ਟੈਕਸ ਰੂਪ ਦੇਣੇ ਕਰਕੇ, ਜਦੋਂ ਆਗਿਆ ਪ੍ਰਾਪਤ ਕੀਤੀ ਤਾਂ ਇਸ ਇਕੱਠ ਨੂੰ ਕਰਨ ਸਮੇ ਉਸ ਨੇ ਦੀਵਾਲੀ ਦਾ ਦਿਨ ਹੀ ਚੁਣਿਆ ਜਦੋਂ ਕਿ ਉਹ ਵੈਸਾਖੀ, ਗੁਰੂ ਨਾਨਕ ਸਾਹਿਬ ਜੀ ਦਾ ਅਵਤਾਰ ਦਿਵਸ ਜਾਂ ਹੋਰ ਕੋਈ ਸਮਾ ਵੀ ਚੁਣ ਸਕਦਾ ਸੀ। ਉਸ ਨੇ ਕਿਉਂ ਦੀਵਾਲ਼ੀ ਦਾ ਹੀ ਸਮਾ ਚੁਣਿਆਂ? ਇਸ ੧੭੩੪ ਦੀ ਦੀਵਾਲ਼ੀ ਦੇ ਉਤਸ਼ਵ ਨੂੰ ਮਨਾਉਣ ਦੇ ਉਦਮ ਸਦਕਾ ਹੀ ਭਾਈ ਸਾਹਿਬ ਜੀ ਨੂੰ ਨਾ ਕੇਵਲ ਆਪਣਾ ਬੰਦ ਬੰਦ ਹੀ ਕਟਵਾਉਣਾ ਪਿਆ ਬਲਕਿ ਉਹਨਾ ਦੇ ਦੋ ਪੁੱਤਰਾਂ ਭਤੀਜਿਆਂ, ਭਰਾ ਤੇ ਚਚੇਰੇ ਭਰਤੇ ਸਮੇਤ, ਪੰਝੀ ਸਿੰਘਾਂ ਸਮੇਤ ਸ਼ਹੀਦੀ ਦੇਣੀ ਪਈ। ਉਹਨਾਂ ਪੰਝੀ ਸ਼ਹੀਦ ਹੋਣ ਵਾਲ਼ੇ ਸਿੰਘਾਂ ਵਿਚੋਂ ਇਕ ਭਾਈ ਗੁਲਜ਼ਾਰ ਸਿੰਘ ਦੇ ਜੀਂਦੇ ਦੀ ਖੱਲ ਉਤਾਰੀ ਗਈ ਸੀ ਜਦੋਂ ਕਿ ਦੂਸਰੇ ਸਿੰਘਾਂ ਨੂੰ ਵੀ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਹ ਵੀ ਸਾਕਾ ਦੀਵਾਲ਼ੀ ਦੀ ਇਕੱਤਰਤਾ ਕਰਨ ਦਾ ਉਦਮ ਕਰਕੇ ਹੀ ਹੋਇਆ। ਇਸ ਤੋਂ ਸਿਧ ਹੁੰਦਾ ਹੈ ਕਿ ਉਸ ਸਮੇ ਅਤੇ ਉਸ ਤੋਂ ਪਹਿਲਾਂ ਵੀ ਦੀਵਾਲ਼ੀ ਦਾ ਉਤਸ਼ਵ ਸਿੱਖ ਪੰਥ ਵਿਚ ਸਭ ਤੋਂ ਵਧ ਮਹੱਤਵਪੂਰਨ ਸਮਝਿਆ ਜਾਂਦਾ ਸੀ। ਫਿਰ ਇਹ ਵੀ ਜ਼ਿਕਰ ਆਉਂਦਾ ਹੈ ਇਤਿਹਾਸ ਵਿਚ ਕਿ ੧੭੮੩ ਵਿਚ, ਦਿੱਲੀ ਫ਼ਤਿਹ ਕਰਨ ਉਪ੍ਰੰਤ ਵੀ ਸਿੱਖ ਦਿੱਲੀ, ਇਹ ਆਖ ਕੇ ਛੱਡ ਆਏ ਕਿ ਦਿੱਲੀ ਬਿਲੀ ਦਾ ਕੀ ਹੈ, ਜਦੋਂ ਚਾਹਾਂਗੇ ਫਿਰ ਇਸ ਨੂੰ ਮਾਰ ਲਵਾਂਗੇ; ਚੱਲੋ ਖਾਲਸਾ ਜੀ, ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲ਼ੀ ਦਾ ਤਿਉਹਾਰ ਮਨਾਈਏ!

ਇਹ ਗੱਲ ਠੀਕ ਹੈ ਕਿ ਇਹਨੀ ਦਿਨੀਂ ਜਦੋਂ ਕਿ ਵਾਤਾਵਰਣ ਦੇ ਗੰਧਲੇਪਣ ਦਾ ਪੰਜਾਬ ਸ਼ਿਕਾਰ ਹੈ, ਤਾਂ ਪਹਿਰਾਂ ਤੱਕ ਆਤਿਸ਼ਬਾਜੀ, ਦੀਪਮਾਲ਼ਾ ਆਦਿ ਕਰਕੇ, ਵਾਤਾਵਰਣ ਦੇ ਗੰਧਲੇਪਣ ਵਿਚ ਹੋਰ ਵਾਧਾ ਕਰਨਾ ਕੋਈ ਸਿਆਪਣਪ ਵਾਲ਼ੀ ਗੱਲ ਨਹੀਂ। ਅਜਿਹਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਪਾਸ ਸਮੇ ਸਮੇ ਸੂਝਵਾਨ ਸਿੱਖਾਂ ਵੱਲੋਂ ਬੇਨਤੀ ਕਰਕੇ, ਇਸ ਨੁਕਸਾਨਦਾਇਕ ਕਾਰਜ ਨੂੰ ਰੋਕਣ ਲਈ ਆਖਿਆ ਜਾਂਦਾ ਹੈ ਪਰ ਇਸ ਸਦੀਆਂ ਤੋਂ ਚਲੀ ਆ ਰਹੀ ਪ੍ਰੰਪਰਾ ਨੂੰ ਤੋੜਨ ਦਾ ਕੋਈ ਹੌਸਲਾ ਨਹੀਂ ਕਰਦਾ। ਇਸ ਤਰ੍ਹਾਂ ਕਰਨ ਨਾਲ਼ ਸਿੱਖ ਸੰਗਤਾਂ ਦੀ ਕਰੋਪੀ ਦਾ ਸ਼ਿਕਾਰ ਬਣਨ ਦਾ ਜੋਖਮ ਕੋਈ ਨਹੀ ਉਠਾਉਣਾ ਚਾਹੁੰਦਾ। ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਜੀ ਕਰ ਚੁੱਕੇ ਹਨ। ਹਾਂ, ਉਹਨਾਂ ਨੇ ਇਹ ਜ਼ਰੂਰ ਆਖਿਆ ਹੈ ਕਿ ਆਤਿਸ਼ਬਾਜੀ ਚਲਾਉਣ ਦੇ ਸਮੇ ਵਿਚ ਕਟੌਤੀ ਕੀਤੀ ਜਾ ਸਕਦੀ ਹੈ ਤੇ ਕੀਤੀ ਵੀ ਗਈ ਹੈ। ਹੋ ਸਕਦਾ ਹੈ ਕਿ ਹੌਲ਼ੀ ਹੌਲ਼ੀ ਸੰਗਤਾਂ ਇਸ ਦੀ ਜ਼ਰੂਰਤ ਸਮਝਣੋ ਹਟ ਜਾਣ ਅਤੇ ਸਮਾ ਆਉਣ ਤੇ ਇਹ ਬੰਦ ਹੋ ਹੀ ਜਾਵੇ ਪਰ ਅਜਿਹੀਆਂ ਮਾਮੂਲੀ ਦਲੀਲਾਂ ਦੇ ਦੇ ਕੇ, ਇਸ ਮਹਾਨ ਉਤਸ਼ਵ ਦੇ ਸਮੇ ਮਨਾਈਆਂ ਜਾ ਰਹੀਆਂ ਖ਼ੁਸ਼ੀਆਂ ਨੂੰ, ਸਿੱਖ ਸੰਗਤਾਂ ਪਾਸੋਂ ਖੋਹਣ ਦਾ ਯਤਨ ਕਰਨਾ, ਕੋਈ ਸਿਆਣਪ ਵਾਲ਼ੀ ਗੱਲ ਨਹੀਂ। ਤਕਰੀਬਨ ਦੋ ਹਜ਼ਾਰ ਸਾਲ ਤੋਂ ੨੫ ਦਸੰਬਰ ਨੂੰ, ਈਸਾ ਜੀ ਦਾ ਜਨਮ ਦਿਨ ਸਮਝ ਕੇ, ਸਾਰਾ ਈਸਾਈ ਸੰਸਾਰ, ਕ੍ਰਿਸਮਿਸ ਦਾ ਦਿਨ ਮਨਾਉਂਦਾ ਆ ਰਿਹਾ ਹੈ। ਹੁਣ ਕੁਝ ਸਮੇ ਤੋਂ, ਨਵੇਂ ਈਸਾਈ ਇਤਿਹਾਸ ਖੋਜੀ ਆਖ ਰਹੇ ਹਨ ਕਿ ੨੫ ਦਸੰਬਰ ਵਾਲ਼ੇ ਦਿਨ ਈਸਾ ਜੀ ਦਾ ਜਨਮ ਨਹੀਂ ਹੋਇਆ, ਓਵੇਂ ਹੀ ਜਿਵੇਂ ਸਿੱਖ ਸਕਾਲਰ ਆਖ ਰਹੇ ਹਨ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀਵਾਲ਼ੀ ਵਾਲ਼ੇ ਦਿਨ ਸ੍ਰੀ ਅੰਮ੍ਰਿਤਸਰ ਵਿਚ ਨਹੀਂ ਆਏ।

ਗੁਰਦੁਆਰਿਆਂ ਵਿਚ ਇਹਨਾਂ ਦਿਨ ਦਿਹਾਰਾਂ, ਪੁਰਬਾਂ ਸਮੇ ਹੀ ਸੰਗਤ ਜੁੜਦੀ ਹੈ ਤੇ ਗੁਰੂ ਦਾ ਸ਼ਬਦ ਤੇ ਸਾਖੀਆਂ ਸੁਣਦੀ ਹੈ। ਇਹ ਕਿਸੇ ਬਹੁਤ ਹੀ ਸ਼ਾਤਰ ਦਿਮਾਗ ਦੀ ਕਾਢ ਹੈ ਕਿ ਸੰਗਤਾਂ ਨੂੰ ਗੁਰੂ ਘਰਾਂ ਵਿਚ ਜੁੜਨੋ ਰੋਕਿਆ ਜਾਵੇ। ਪਹਿਲਾਂ ਮੱਸਿਆ, ਸੰਗ੍ਰਾਂਦ, ਪੁੰਨਿਆਂ, ਦੀਵਾਲੀ ਆਦਿ ਦੇ ਦੀਵਾਨ ਬੰਦ ਕਰਵਾਏ ਜਾਣ। ਫਿਰ ਆਸਤੇ ਆਸਤੇ ਗੁਰਪੁਰਬਾਂ ਦੇ ਉਤਸ਼ਵ ਵੀ ਬੰਦ ਕੀਤੇ ਜਾਣ। ਅਜਿਹਾ ਕਰਨ ਲਈ ਗੁਰਬਾਣੀ ਦੇ ਪ੍ਰਮਾਣ ਵੀ ਉਹ ਦੇ ਸਕਦੇ ਨੇ। ਪ੍ਰਕਾਸ਼ ਪੁਰਬ ਨੂੰ ਇਹ ਤੁਕ ਸੁਣਾ ਕੇ ਰੱਦ ਕਰਨਗੇ, "ਪਿਤਾ ਕਾ ਜਨਮੁ ਕਿ ਜਾਨੈ ਪੂਤੁ॥" (ਪੰਨਾ ੨੮੪) ਅਰਥਾਤ ਅਸੀਂ ਕਦੋਂ ਜਾਣ ਸਕਦੇ ਹਾਂ ਕਿ ਸਾਡੇ ਗੁਰੂ ਜੀ ਕਦੋਂ ਜਨਮੇ ਸਨ! ਜੋਤੀ ਜੋਤ ਸਮਾਉਣ ਦੇ ਦਿਨਾਂ ਬਾਰੇ ਇਹ ਦਲੀਲ ਦੇ ਸਕਦੇ ਹਨ, "ਕਉਣ ਕਹੈ ਸ੍ਰੀ ਗੁਰੁ ਮੋਯੋ॥" ਇਸ ਲਈ ਸੰਗਤਾਂ ਨੂੰ ਇਹਨਾਂ ਦੀਆਂ ਲੱਛੇਦਾਰ ਭਾਸ਼ਾ ਵਿਚ ਦਿਤੀਆਂ ਜਾ ਰਹੀਆਂ ਦਲੀਲਾਂ ਨੂੰ ਸੁਣਨ ਸਮੇ ਸਾਵਧਾਨੀ ਵਰਤਣੀ ਚਾਹੀਦੀ ਹੈ।

ਸਾਰੇ ਸੰਸਾਰ ਵਿਚ ਇਸ ਅਵਸਰ ਤੇ ਜੋ ਲੋਕਾਂ ਵਿਚ ਉਤਸ਼ਾਹ ਭਰਦਾ ਹੈ ਤੇ ਇਸ ਤੋਂ ਪ੍ਰਭਾਵਤ ਹੋ ਕੇ, ਵਾਪਾਰਕ ਅਦਾਰੇ ਜੋ ਲਾਭ ਪ੍ਰਾਪਤ ਕਰਦੇ ਹਨ ਉਹ ਸਾਰਾ ਸਮਾਪਤ ਹੋ ਜਾਵੇਗਾ ਪਰ ਅੰਗ੍ਰੇਜ਼ੀ ਦੇ ਇਤਿਹਾਸਕਾਰ ਜਿੰਨਾ ਮਰਜੀ ਜੋਰ ਲਾਈ ਜਾਣ, ਉਹ ਲੋਕਾਂ ਨੂੰ ੨੫ ਦਸੰਬਰ ਵਾਲ਼ੇ ਦਿਨ ਕ੍ਰਿਸਮਿਸ ਦਾ ਮੇਲਾ ਮਨਾਉਣੋ ਹਟਾ ਨਹੀਂ ਸਕਦੇ। ਲੋਕ ਖ਼ੁਸ਼ਕ ਖੜੋਤ ਵਾਲ਼ੇ ਰੋਜ਼ਾਨਾ ਜੀਵਨ ਵਿਚ ਖ਼ੁਸ਼ਗਵਾਰ ਤਬਦੀਲੀ ਲੋਚਦੇ ਹਨ ਤੇ ਅਜਿਹੇ ਤਿਉਹਾਰ ਅਜਿਹੀ ਤਬਦੀਲੀ ਲੈ ਕੇ ਆਉਂਦੇ ਹਨ। ਲੋਕ ਇਹਨਾਂ ਉਤਸ਼ਵਾਂ ਤੋਂ ਆਰਜ਼ੀ ਖ਼ੁਸ਼ੀ ਦਾ ਅਨਭਵ ਕਰਦੇ ਹਨ ਅਤੇ ਭਾਰਤੀ ਲੋਕਾਂ ਵਾਸਤੇ, ਕ੍ਰਿਸਮਿਸ ਵਾਂਙ ਹੀ, ਦੀਵਾਲ਼ੀ ਵੀ ਸਭ ਤੋਂ ਵਧ ਅਜਿਹੀਆਂ ਖ਼ੁਸ਼ੀਆਂ ਲੈ ਕੇ ਹਰ ਸਾਲ ਆਉਂਦੀ ਹੈ। ਏਸੇ ਤਰ੍ਹਾਂ ਜਿਨਾ ਮਰਜੀ ਟਿੱਲ ਨਵੇਂ ਸਿੱਖ ਇਤਿਹਾਸ ਖੋਜੀ ਲਾ ਲੈਣ, ਸਿੱਖ ਸੰਗਤਾਂ ਦੀਵਾਲ਼ੀ ਨੂੰ ਉਤਸ਼ਾਹ ਸਹਿਤ ਉਡੀਕਣੋ ਅਤੇ ਇਸ ਅਵਸਰ ਤੇ ਖ਼ੁਸ਼ੀਆਂ ਮਨਾਉਣੋ ਨਹੀਂ ਹਟ ਸਕਦੀਆਂ।

# ਸਚੇ ਦਾ ਸਚਾ ਢੋਆ

'ਢੋਆ' ਪਦ ਚਾਰ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੱਖ ਵੱਖ ਸਥਾਨਾਂ ਉਪਰ ਆਇਆ ਹੈ। ਇਸਦਾ ਅਰਥ ਹੈ ਆਸਰਾ।

ਆਪਿ ਸਹਾਈ ਹੋਆ॥ ਸਚੇ ਦਾ ਸਚਾ ਢੋਆ॥ *(੬੨੮)*

ਉਪ੍ਰੋਕਤ ਦੋ ਲਾਈਨਾਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੀਆਂ ਗਈਆਂ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੋਰਠਿ ਰਾਗ ਦੇ ਸਿਰਲੇਖ ਵਾਲੀ ਬਾਣੀ ਦੇ ਅੰਦਰ ਸੁਸ਼ੋਭਤ ਹਨ। ਮੋਟੇ ਤੌਰ 'ਤੇ ਇਹਨਾਂ ਦਾ ਅਰਥ ਇਉਂ ਸਮਝ ਸਕਦੇ ਹਾਂ ਕਿ ਸੱਚੇ ਧਰਮੀ ਪੁਰਸ਼ ਦਾ ਰਖਵਾਲਾ ਉਹ ਆਪ ਸੱਚਾ ਰੱਬ ਹੁੰਦਾ ਹੈ ਤੇ ਸੱਚੇ ਪੁਰਸ਼ ਨੂੰ ਕੇਵਲ ਓਸੇ ਦਾ ਹੀ ਆਸਰਾ ਹੁੰਦਾ ਹੈ।

ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚ ਥਾਂ ਪਰ ਥਾਂ ਗੁਰੂ ਸਾਹਿਬਾਨ ਦੇ ਸਮੇ ਦੇ ਅਤੇ ਪੁਰਾਤਨ ਧਾਰਮਿਕ ਗ੍ਰੰਥਾਂ ਵਿਚ ਅੰਕਤ ਵਾਕਿਆਤ ਦਾ ਜ਼ਿਕਰ ਪੜ੍ਹਨ ਵਿਚ ਆਉਂਦਾ ਹੈ ਕਿ ਰੱਬ ਆਪਣੇ ਸੇਵਕਾਂ ਦੀ ਸਦਾ ਹੀ ਸਹਾਇਤਾ ਕਰਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਤਾਂ ਬਹੁਤ ਸਾਰੇ ਪੁਰਾਤਨ ਧਾਰਮਿਕ ਗ੍ਰੰਥਾਂ ਵਿਚੋਂ ਅਜਿਹੀਆਂ ਸਾਖੀਆਂ ਦੇ ਹਵਾਲੇ ਦੇ ਕੇ ਮਨੁੱਖਾਂ ਨੂੰ ਉਸਦੀ 'ਭਗਤ ਵਛਲ' ਵਾਲੀ ਸਿਫ਼ਤ ਦਾ ਅਹਿਸਾਸ ਕਰਵਾਇਆ ਗਿਆ ਹੈ। ਅਜਾਮਲ ਪਾਪੀ, ਗਨਿਕਾ ਪਾਪਣ, ਗ੍ਰਾਹ ਤੋਂ ਗਜ ਦਾ ਛੁਟਕਾਰਾ, ਭਗਤ ਪ੍ਰਹਿਲਾਦ, ਧ੍ਰੂ ਆਦਿ ਦੀਆਂ ਸਾਖੀਆਂ ਸਾਨੂੰ ਦਰਸਾਉਂਦੀਆਂ ਹਨ ਕਿ ਰੱਬ ਸੱਚਾ ਆਪਣੇ ਭਗਤਾਂ ਦਾ ਆਸਰਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਫ਼ਰਮਾਨ ਹੈ ਕਿ ਕਿਸੇ ਨੇ ਧੜਾ ਬਣਾ ਕੇ ਆਸਰਾ ਤੱਕਿਆ ਆਪਣੇ ਮਿੱਤਰ ਦਾ, ਕਿਸੇ ਨੇ ਆਸ ਰੱਖੀ ਆਪਣੇ ਪੁੱਤਰ 'ਤੇ, ਕਿਸੇ ਨੇ ਕੁੜਮ ਦਾ, ਕਿਸੇ ਨੇ ਜਵਾਈ 'ਤੇ ਟੇਕ ਰੱਖੀ ਪਰ ਸਾਡਾ ਧੜਾ ਆਸਰਾ ਇਕੋ ਇਕ ਹਰੀ ਹੀ ਹੈ। ਗੁਰੂ ਜੀ ਦਾ ਫ਼ਰਮਾਨ ਇਸ ਪ੍ਰਕਾਰ ਹੈ:

ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥
ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥
ਹਮਾਰਾ ਧੜਾ ਹਰਿ ਰਹਿਆ ਸਮਾਈ॥੧॥

ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ॥
ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ਹਉ
ਹਰਿ ਗੁਣ ਗਾਵਾ ਅਸੰਖ ਅਨੇਕ॥੧॥ਰਹਾਉ॥
ਜਿਨ੍ ਸਿਉ ਧੜੇ ਕਰਹਿ ਸੇ ਜਾਹਿ॥
ਝੂਠੁ ਧੜੇ ਕਰਿ ਪਛੋਤਾਹਿ॥
ਥਿਰੁ ਨ ਰਹਹਿ ਮਨਿ ਖੋਟੁ ਕਮਾਹਿ॥
ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ॥੨॥
ਏਹ ਸਭਿ ਧੜੇ ਮਾਇਆ ਮੋਹ ਪਸਾਰੀ॥
ਮਾਇਆ ਕਉ ਲੂਝਹਿ ਗਾਵਾਰੀ॥
ਜਨਮਿ ਮਰਹਿ ਜੂਐ ਬਾਜੀ ਹਾਰੀ॥
ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ॥੩॥
ਕਲਿਜੁਗ ਮਹਿ ਧੜੇ ਪੰਚ ਚੋਰ ਝਗੜਾਏ॥
ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਵਧਾਏ॥
ਜਿਸ ਨੋ ਕ੍ਰਿਪਾ ਕਰੇ ਤਿਸੁ ਸਤਸੰਗਿ ਮਿਲਾਏ॥
ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ॥੪॥
ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥
ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ॥
ਜੈਸਾ ਬੀਜੈ ਤੈਸਾ ਖਾਵੈ॥
ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ॥੫॥੨॥੫੪॥ (੩੬੬)

ਅਸੀਂ ਵੇਖਦੇ ਹਾਂ ਕਿ ਦੁਨੀਆ ਵਿਚ ਬੜੇ ਹੀ ਵੱਡੇ ਵੱਡੇ ਤਾਨਾਸ਼ਾਹ, ਧੱਕੇਖ਼ੋਰ, ਹੈਂਕੜਬਾਜ਼ ਵਿਅਕਤੀ ਹੋ ਗੁਜ਼ਰੇ ਹਨ ਅਤੇ ਹੁਣ ਵੀ ਕੋਈ ਤਾਨਾਸ਼ਾਹ ਜੰਮਣੋਂ ਬੰਦ ਨਹੀਂ ਹੋ ਗਏ। ਨਿਰੰਕਾਰ ਦੀ ਸਾਜੀ ਸ੍ਰਿਸ਼ਟੀ ਅੰਦਰ ਧੁਰ ਤੋਂ ਹੀ ਹਰ ਪ੍ਰਕਾਰ ਦੇ ਜੀ ਜੰਤ ਜੰਮਦੇ ਮਰਦੇ ਤੇ ਫਿਰ ਫਿਰ ਅਜਿਹੇ ਚੱਕਰਾਂ ਵਿਚ ਆਈ ਤੇ ਤੁਰੀ ਜਾਂਦੇ ਹਨ। ਦਸਮ ਪਾਤਿਸ਼ਾਹ ਦਾ ਇਸ ਪ੍ਰਥਾਇ ਇਉਂ ਫ਼ਰਮਾਨ ਹੈ:

ਮਾਨ ਸੇ ਮਹੀਪ ਔ ਦਿਲੀਪ ਕੈਸੇ ਛਤ੍ਰਧਾਰੀ
ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥
ਦਾਰਾ ਸੇ ਦਿਲੀਸਰ ਦ੍ਰੁਜੋਧਨ ਸੇ ਮਾਨਧਾਰੀ
ਭੋਗ ਭੋਗ ਭੂਮਿ ਅੰਤ ਭੂਮਿ ਮੈ ਮਿਲਤ ਹੈਂ॥

## ਭਾਈ ਤ੍ਰਿਲੋਕੇ ਦੀ ਸਾਖੀ

ਭਾਈ ਤ੍ਰਿਲੋਕਾ ਗ਼ਜ਼ਨੀ ਦੇ ਹਾਕਮ ਦੇ ਹਿਫ਼ਾਜ਼ਤੀ ਦਸਤੇ ਵਿਚ ਸਿਪਾਹਗੀਰੀ ਦੀ ਨੌਕਰੀ ਕਰਦਾ ਸੀ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨੀ ਆਇਆ। ਉਸ ਨੇ ਉਪਦੇਸ਼ ਦੀ ਪ੍ਰਾਪਤੀ ਲਈ ਬੇਨਤੀ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੁੱਛਿਆ ਕਿ ਉਹ ਕੈਸੀ ਕਿਰਤ ਕਰਦਾ ਹੈ। ਭਾਈ ਤ੍ਰਿਲੋਕੇ ਨੇ ਦੱਸਿਆ ਕਿ ਉਹ ਬਾਦਸ਼ਾਹ ਪਾਸ ਸਿਪਾਹਗੀਰੀ ਦੀ ਨੌਕਰੀ ਕਰਦਾ ਹੈ ਤੇ ਉਸ ਦੇ ਖ਼ਾਸ ਹਿਫ਼ਾਜ਼ਤੀ ਦਸਤੇ ਵਿਚ ਹੈ। ਉਸ ਦੇ ਇਹ ਦੱਸਣ ’ਤੇ ਮਹਾਰਾਜ ਜੀ ਨੇ ਉਸ ਨੂੰ ਜੋ ਉਪਦੇਸ਼ ਰਾਹੀਂ ਛੇ ਸਿੱਖਿਆਵਾਂ ਬਖ਼ਸ਼ਿਸ਼ ਕੀਤੀਆਂ, ਉਹ ਸਿੱਖ ਇਤਿਹਾਸ ਵਿਚ ਇਸ ਪ੍ਰਕਾਰ ਅੰਕਤ ਹਨ:

੧. ਪਰਮੇਸ਼ਰ ਦੇ ਦਿੱਤੇ ’ਤੇ ਸੰਤੋਖ ਕਰਨਾ;
੨. ਜੀਵਾਂ ’ਤੇ ਦਇਆ ਕਰਨੀ;
੩. ਕ੍ਰੋਧ ਦਾ ਤਿਆਗ ਕਰਨਾ;

੪. ਬਾਣੀ ਦਾ ਪਾਠ ਤੇ ਸਿਮਰਨ ਕਰਨਾ;

੫. ਭਾਣਾ ਮੰਨਣਾ;

੬. ਅਹੰਕਾਰ ਦਾ ਤਿਆਗ ਕਰਨਾ।

ਭਾਈ ਤ੍ਰਿਲੋਕੇ ਨੇ ਇਹ ਇਸ ਛੇਆਂ ਸਿੱਖਿਆਵਾਂ ਵਾਲਾ ਉਪਦੇਸ਼ ਹਿਰਦੇ ਵਿਚ ਵਸਾ ਲਿਆ ਤੇ ਗੁਰੂ ਦੀ ਕਿਰਪਾ ਸਦਕਾ ਇਸ 'ਤੇ ਅਮਲ ਕਰਨਾ ਆਰੰਭ ਕਰ ਦਿੱਤਾ।

ਬਾਦਸ਼ਾਹ ਦੇ ਹਿਫ਼ਾਜ਼ਤੀ ਦਸਤੇ ਵਿਚ ਸਿਪਾਹੀ ਹੋਣ ਕਰਕੇ ਹਰ ਸਮੇ ਉਸ ਦੇ ਨਾਲ ਹੀ ਰਹਿਣਾ ਪੈਂਦਾ ਸੀ ਤੇ ਸ਼ਿਕਾਰ ਆਦਿ ਸਮੇ ਵੀ ਸਾਥ ਦੇਣਾ ਹੀ ਪੈਂਦਾ ਸੀ। ਇਕ ਦਿਨ ਸ਼ਿਕਾਰ ਖੇਡਦਿਆਂ ਝਾੜੀ ਵਿਚੋਂ ਇਕ ਹਿਰਨੀ ਨਿਕਲ ਕੇ ਅੱਗੇ ਭੱਜ ਤੁਰੀ। ਭਾਈ ਤ੍ਰਿਲੋਕਾ, ਜੋ ਕਿ ਬਾਦਸ਼ਾਹ ਦੇ ਨਾਲ ਹੀ ਘੋੜੇ ਉਪਰ ਸਵਾਰ ਸੀ, ਉਸ ਨੇ ਉਸ ਦੇ ਪਿੱਛੇ ਘੋੜਾ ਦੌੜਾ ਕੇ, ਉਸ ਭੱਜ ਰਹੀ ਹਿਰਨੀ 'ਤੇ ਤਲਵਾਰ ਦਾ ਵਾਰ ਕਰ ਦਿੱਤਾ ਜਿਸ ਨਾਲ ਹਿਰਨੀ ਦਾ ਪੇਟ ਚਾਕ ਹੋ ਗਿਆ। ਗਰਭਵਤੀ ਹੋਣ ਕਰਕੇ ਉਸ ਦੇ ਪੇਟ ਵਿਚੋਂ ਦੋ ਬੱਚੇ ਨਿਕਲੇ ਤੇ ਭਾਈ ਤ੍ਰਿਲੋਕੇ ਦੀਆਂ ਅੱਖਾਂ ਦੇ ਸਾਹਮਣੇ ਉਹਨਾਂ ਬੱਚਿਆਂ ਦੇ ਤੜਫ਼ ਤੜਫ਼ ਕੇ ਪਰਾਣ ਨਿਕਲ ਗਏ। ਹਿਰਨੀ ਦੇ ਬੱਚਿਆਂ ਦੀ ਇਸ ਪ੍ਰਕਾਰ ਹੋਈ ਦਰਦਨਾਕ ਮੌਤ ਦਾ ਕਰੁਣਾਮਈ ਦ੍ਰਿਸ਼ ਵੇਖ ਕੇ ਭਾਈ ਜੀ ਦਾ ਹਿਰਦਾ ਦ੍ਰਵ ਗਿਆ ਤੇ ਮਨ ਵਿਚ ਸੋਚ ਵੀ ਆਈ ਕਿ ਗੁਰੂ ਜੀ ਦਾ ਦੂਜਾ ਬਚਨ ਭੰਗ ਹੋ ਗਿਆ ਹੈ।

ਭਾਈ ਜੀ ਦੀ ਨੌਕਰੀ ਐਸੀ ਸੀ ਕਿ ਬਾਦਸ਼ਾਹ ਦੇ ਹਿਫ਼ਾਜ਼ਤੀ ਦਸਤੇ ਦਾ ਮੈਂਬਰ ਹੋਣ ਕਰਕੇ ਉਸ ਦੇ ਨਾਲ ਹੀ ਹਰ ਸਮੇ ਰਹਿਣਾ ਪੈਂਦਾ ਸੀ ਤੇ ਇਸ ਦੌਰਾਨ ਸ਼ਿਕਾਰ ਸਮੇ ਵੀ ਉਸ ਦੇ ਨਾਲ ਹੀ ਜਾਣਾ ਹੁੰਦਾ ਸੀ। ਉਸ ਨੇ ਸੋਚ ਕੇ ਲੋਹੇ ਦੀ ਤਲਵਾਰ ਦੇ ਥਾਂ ਲੱਕੜ ਦੀ ਤਲਵਾਰ ਮਿਆਨ ਵਿਚ ਪਾਉਣੀ ਸ਼ੁਰੂ ਕਰ ਦਿੱਤੀ ਤਾਂ ਕਿ ਤਲਵਾਰ ਨਾਲ ਕਿਸੇ ਮਾਸੂਮ ਜੀਵ ਦੀ ਹੱਤਿਆ ਨਾ ਹੋ ਜਾਵੇ। ਕਿਸੇ ਸਾਥੀ ਨੇ ਇਹ ਗੱਲ ਬਾਦਸ਼ਾਹ ਤੱਕ ਵੀ ਪੁਚਾ ਦਿੱਤੀ ਕਿ ਭਾਈ ਤ੍ਰਿਲੋਕਾ ਆਪਣੇ ਪਾਸ ਲੋਹੇ ਦੀ ਥਾਂ ਲੱਕੜ ਦੀ ਤਲਵਾਰ ਰੱਖਦਾ ਹੈ। ਬਾਦਸ਼ਾਹ ਦੇ ਮਨ ਉਪਰ ਭਾਈ ਤ੍ਰਿਲੋਕੇ ਦੀ ਦਿਆਨਤਦਾਰੀ, ਵਫ਼ਾਦਾਰੀ ਤੇ ਉਚੇ ਜੀਵਨ ਦਾ ਚੰਗਾ ਪ੍ਰਭਾਵ ਸੀ। ਇਸ ਕਰਕੇ ਬਾਦਸ਼ਾਹ ਨੇ ਇਕੱਲੇ ਭਾਈ ਤ੍ਰਿਲੋਕੇ ਦੀ ਤਲਵਾਰ ਪਰਖਣ ਦੀ ਥਾਂ ਸਾਰੇ ਸਿਪਾਹੀਆਂ ਦੀਆਂ ਤਲਵਾਰਾਂ ਦਾ ਮੁਆਇਨਾ ਕਰਨ ਦਾ ਪ੍ਰੋਗਰਾਮ ਬਣਾ ਲਿਆ ਤਾਂ ਕਿ ਭਾਈ ਤ੍ਰਿਲੋਕਾ ਜੀ ਆਪਣੇ ਉਪਰ ਸ਼ੱਕ ਕੀਤਾ ਗਿਆ ਨਾ ਸਮਝਣ ਤੇ ਇਸ ਨੂੰ ਆਮ ਹੀ ਸਾਰਿਆਂ ਵਾਸਤੇ ਸਾਂਝੀ ਘਟਨਾ ਹੀ ਸਮਝਣ। ਭਰੇ ਦਰਬਾਰ ਵਿਚ ਵਾਰੀ ਵਾਰੀ ਸਾਰਿਆਂ ਦੀਆਂ ਤਲਵਾਰਾਂ ਪਰਖੀਆਂ ਜਾ ਰਹੀਆਂ ਸਨ। ਇਸ ਦੌਰਾਨ ਭਾਈ ਸਾਹਿਬ ਜੀ ਗੁਰੂ ਚਰਨਾਂ ਵਿਚ ਆਪਣੇ ਸਿੱਖ ਦੀ ਪੈਜ ਰੱਖਣ ਲਈ ਅਰਜ਼ੋਈ ਕਰਦੇ ਰਹੇ। "ਅਪਨੇ ਸੇਵਕ ਕੀ ਆਪੇ ਰਾਖੈ" ਅਨੁਸਾਰ, ਵਾਰੀ ਆਈ ਤੇ ਜਦੋਂ ਪਰਖ ਵਾਸਤੇ ਭਾਈ ਸਾਹਿਬ ਦੀ ਤਲਵਾਰ ਮਿਆਨ ਵਿਚੋਂ ਬਾਹਰ ਨਿਕਲੀ ਤਾਂ ਬਾਦਸ਼ਾਹ ਨੂੰ ਉਸ ਦੀ ਅਨੋਖੀ ਲਿਸ਼ਕਾਰ ਨੇ ਅਤੀ ਪ੍ਰਭਾਵਤ ਕੀਤਾ।

ਅਜਿਹੀਆਂ ਹੋਰ ਵੀ ਬੇਅੰਤ ਸਾਖੀਆਂ ਦਾ ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ। ਗੁਰੂ ਕੇ ਸ਼ਰਧਾਵਾਨ ਤੇ ਭਰੋਸੇ ਵਾਲੇ ਸਿੱਖਾਂ ਦਾ ਇਹ ਪੂਰਨ ਵਿਸ਼ਵਾਸ ਹੈ ਕਿ ਨਿਰੰਕਾਰ ਤੇ ਸਤਿਗੁਰੂ ਆਪਣੇ ਸੇਵਕਾਂ ਦੀ ਪੈਜ ਆਪ ਰੱਖਦਾ ਹੈ। ਇਸ ਤਰ੍ਹਾਂ ਸ਼ਰਧਾਵਾਨਾਂ ਵਾਸਤੇ ਉਹਨਾਂ ਦਾ 'ਢੋਆ' ਬਣ ਕੇ ਬਹੁੜਦਾ ਹੈ। (੧੫.੧੧.੧੨੧੧)